ਗੁਰੂ ਰਾਮਦਾਸ ਜੀ

ਦੇ

ਜੀਵਨ ਅਤੇ ਰਚਨਾ ਦਾ ਆਲੋਚਨਾਤਮਕ ਅਧਿਐਨ

P.U. LIBRARY

ਮਨਮੋਹਨ ਸਿੰਘ ਕੋਹਲੀ

# CHAPTER I.

## Introduction.

### The nature and scope of the work.

GURU RAM DASS

A CRITICAL STUDY OF HIS LIFE AND WORKS.


1. CHAPTER I. INTRODUCTION. 1-9.

The nature and scope of the work.

2. CHAPTER II. BACKGROUND. 10-64

Religious, Social, Political and Economic conditions of the time.

3. CHAPTER III. THE MAN. 65-87

Family traditions, Formative years, Different periods and stages, His personality.

4. CHAPER IV. AS A LEADER OF THE COMMUNITY. 88-155

His accession, Contributions, Influences.

5. CHAPTER V. AS A MAN OF LETTERS. 156-204.

Literary traditions of the age, His experience, Inspirations, Poetic talent, Heritage, Out-put.

6. CHAPTER VI. A STUDY OF HIS WORKS. 205-250

Thought-contents and Analysis of themes, Philosophy, Various influences, Poetic art, Style & Language and its aspects, Prosody, Rythem, Music, Image and symbols. A comparative study with the works of earlier Gurus and contemporary sufi saints etc.

7. CHAPTER VII. A SUM UP. 251-254.

His place in an influence on the life and Literature of the Land of Five Rivers.


-;-;-;-;-;-;-;-;-;-

## ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦਾ ਵੇਰਵਾ।

| ਰਾਗਾਂ ਤੋਂ ਬਾਹਰ ਬਾਣੀ | ਸ਼ਬਦਾਂ ਦੀ ਗਿਣਤੀ |
|---|---|
| ੧. ਸੋਦਰ ਦੇ ਸ਼ਬਦ | ੧ |
| ੨. ਸੋ ਪੁਰਖ ਦੇ ਸ਼ਬਦ | ੨ |
| ੩. ਸੋਹਲੇ ਦੇ ਸ਼ਬਦ | ੧ |
| ਰਾਗਾਂ ਵਿਚਲੀ ਬਾਣੀ। | |
| ੪. ਦੁਪਦੇ | ੫੬ |
| ੫. ਤਿਪਦੇ | ੬ |
| ੬. ਚਉਪਦੇ | ੧੭੩ |
| ੭. ਪੰਚਪਦੇ | ੧੨ |
| ੮. ਛਿਪਦੇ | ੨ |
| ੯. ਦੁਪਦੇ (ਪੜਤਾਲ) | ੧੨ |
| ੧੦. ਚਉਪਦੇ (ਪੜਤਾਲ) | ੧ |
| ੧੧. ਚਉਪਦੇ(ਕਾਫ਼ੀ) | ੨ |
| ੧੨. ਅਸ਼ਟਪਦੀਆਂ | ੪੬ |
| ੧੩. ਛੰਤ (ਛੰਤ) | ੩੮ |
| ੧੪. ਸਲੋਕ (ਛੰਤ) | ੧ |
| ੧੫. ਪਹਿਰੇ | ੧ |
| ੧੬. ਵਣਜਾਰਾ | ੧ |
| ੧੭. ਕਰਹਲੇ | ੨ |
| ੧੮. ਘੋੜੀਆਂ | ੨ |
| ੧੯. ਮਹਲੇ | ੨ |
| ੨੦. ਸਲੋਕ ਵਾਰਾਂ ਤੋ ਵਧੀਕ | ੩੦ |
| ੨੧. ਸਲੋਕ (ਵਾਰਾਂ ਵਿੱਚ) | ੫੦ |
| ੨੨. ਮਹਲੇ (ਵਾਰਾਂ ਵਿੱਚ) | ੫੫ |
| ੨੩. ਪਉੜੀਆਂ (ਵਾਰਾਂ ਵਿੱਚ) | ੧੮੩ |
| ਕੁਲ ਜੋੜ | ੬੭੯ |

## ਅਧਿਆਏ ਪਹਿਲਾ

### ਭੂਮਕਾ

**ਵਿਸ਼ੇ ਦੀ ਲੋੜ ਅਤੇ ਸੀਮਾ।**

ਐਸਾ ਮੇਰਾ ਰਾਮੁ ਰਹਿਆ ਭਰਪੂਰਿ॥
ਨਿਕਟਿ ਵਸੈ ਨਾਹੀ ਹਰਿ ਦੂਰਿ॥
ਗਉੜੀ ਗੁਆਰੇਰੀ ਮਹਲਾ ੪(ਪੰਨਾਂ ੧੬੫)

ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ
ਹਰਿ ਆਪਿ ਰਹਿਆ ਭਰਪੂਰੀ ਜੀਉ॥
ਹਰਿ ਆਤਮਰਾਮੁ ਪਸਾਰਿਆ ਮੇਰੇ ਗੋਵਿਦਾ
ਹਰਿ ਵੇਖੈ ਆਪਿ ਹਦੂਰੀ ਜੀਉ॥
ਗਉੜੀ ਮਾਝ ਮਹਲਾ ੪(ਪੰਨਾਂ ੧੭੪)

ਧਰਮ ਵਿੱਚ ਯਕੀਨ ਕਰਨ ਵਾਲੇ, ਧਰਮ ਦੇ ਪ੍ਰਚਾਰ ਅਤੇ ਫਲਸਫੇ ਦੇ ਅਨੁਸਾਰੀ ਹੁੰਦੇ ਹੋਏ ਇਸ ਅੰਤਰ ਬਾਹਰ ਭਰਪੂਰ ਅਤੇ ਹਰ ਥਾਂ ਪਸਰਿਆ ਨੂੰ ਇੱਕ ਅਪਾਰ, ਅਨਾਦ ਅਤੇ ਅਨੰਤ ਦੇ ਰੂਪ ਵਿੱਚ ਵੇਖਦਿਆਂ ਹੋਇਆਂ, ਰੱਬ ਦਾ ਨਾਂ ਦਿੰਦੇ ਹਨ। ਉਨ੍ਹਾਂ ਅਨੁਸਾਰ ਕਦੀ ਤਾਂ ਇਹ ਤਾਕਤ ਸਰਗੁਣ ਅਤੇ ਕਦੀ ਨਿਰਗੁਣ ਬਣ ਜਾਂਦੀ ਹੈ। ਇਸਦੇ ਉਲਟ ਵਿਗਿਆਨ ਵਿੱਚ ਯਕੀਨ ਕਰਨ ਵਾਲੇ ਅਤੇ ਇਸ ਦੇ ਸਿਧਾਂਤਾਂ ਦੇ ਅਨੁਆਈ ਹੁੰਦੇ ਹੋਏ ਇਸ ਤਾਕਤ ਨੂੰ ਨਿਰਾ ਤਾਕਤ ਹੀ ਮੰਨਦੇ ਹਨ। ਉਨ੍ਹਾਂ ਨੂੰ ਨ ਤਾਂ ਇਹ ਤਾਕਤ ਸਰਗੁਣ ਦਾ ਰੂਪ ਧਾਰਦੀ ਹੋਈ ਦਿਸਦੀ ਹੈ ਅਤੇ ਨ ਹੀ ਨਿਰਗੁਣ ਦਾ ਰੂਪ। ਵਿਗਿਆਨ ਅਨੁਸਾਰ ਇਹ ਇੱਕ ਕਾਨੂੰਨ ਹੈ ਜਿਸ ਦੇ ਪ੍ਰਬੰਧ ਹੇਠ ਸਾਰਾ ਸੰਸਾਰ ਚਲ ਰਹਿਆ ਹੈ। ਸੰਸਾਰ ਦੀ ਥਾਂ ਜੇ "ਵਿਸ਼ਵ" ਦਾ ਸ਼ਬਦ ਵੀ ਵਰਤ ਲਇਆ ਜਾਵੇ ਤਾਂ ਅਤਕੱਥਨੀ ਨਹੀਂ ਹੋਵੇਗੀ। ਉਹ ਧਰਮ ਅਤੇ ਧਰਮ ਦੇ ਅਨੁਆਈਆਂ ਨੂੰ ਆਮ ਤੌਰ ਉਤੇ ਦੋ ਕਾਰਨਾਂ(ਦੋਸ਼ਾਂ) ਕਰਕੇ ਗਲਤ ਸਾਬਤ ਕਰਦੇ ਹਨ ਅਤੇ ਹੋ ਸਕਦਾ ਹੈ ਕਿ ਅਗੋਂ ਵੀ ਇਹਨਾਂ ਹੀ ਕਾਰਨਾਂ ਕਰਕੇ ਗਲਤ ਸਾਬਤ ਕਰਦੇ ਰਹਿਣ। ਉਹ ਧਰਮ ਦੇ ਅਵਲੰਭੀਆਂ ਵਿੱਚ ਇੱਕ ਦੋਸ਼ ਤਾਂ ਇਹ ਲਭਦੇ ਹਨ ਕਿ ਧਰਮ ਅੰਧਵਿਸ਼ਵਾਸ਼ ਦਾ ਦੂਜਾ ਨਾਂ ਹੈ ਅਤੇ ਧਰਮ ਵਿੱਚ ਯਕੀਨ ਕਰਨ ਵਾਲੇ ਅੰਧਵਿਸ਼ਵਾਸ਼ੀ ਹਨ। ਦੂਜਾ ਦੋਸ਼ ਇਹ ਕਿ ਧਰਮ ਅਜੋਕੇ ਯੁਗ ਦੀ ਪ੍ਰਗਤੀ ਨਾਲ ਕਦਮ ਮਿਲਾ ਕੇ ਨਹੀਂ ਟੁਰ ਸਕਦਾ।

ਸਾਡਾ ਵਿਚਾਰ ਇਹ ਹੈ ਕਿ ਵਿਗਿਆਨ ਜਿਨਾਂ ਮਾਦਾਪ੍ਰਸਤ ਹੈ ਧਰਮ

ਉਨਾਂ ਹੀ ਮਾਦੇ ਨੂੰ ਸੁਪਨਾਂ ਸਾਬਤ ਕਰਕੇ ਇਸਦੀ ਦੀ ਨਿੰਦਾ ਕਰਦਾ ਹੈ। ਅਸਲ ਵਿੱਚ ਧਰਮ ਇਸ ਦੀ ਨਿੰਦਾ ਨਹੀਂ ਕਰਦਾ ਸਗੋਂ ਇਸਦੀ ਅਸਥਿਰਤਾ ਨੂੰ ਨਿੰਦਦਾ ਹੈ। ਧਰਮ ਅਨੁਸਾਰ ਮਨੁੱਖ ਨੂੰ ਨਿਰਾ ਮਾਦਾਪ੍ਰਸਤ ਨਹੀਂ ਹੋ ਜਾਣਾ ਚਾਹੀਦਾ। ਵਿਗਿਆਨ ਅਨੁਸਾਰ ਮਨੁੱਖ ਮਾਦਾਪ੍ਰਸਤ ਤਾਂ ਬਣ ਜਾਂਦਾ ਹੈ ਕਿ ਇਸ ਦਾ ਬਹੁਤਾ ਅਧਿਐਨ ਭੌਤਕ ਸੰਸਾਰ ਤੱਕ ਹੀ ਸੀਮਤ ਰਹਿ ਜਾਂਦਾ ਹੈ। ਧਰਮ ਇਸਦੇ ਮੁਕਾਬਲੇ ਭੌਤਕ ਸੰਸਾਰ ਦੀਆਂ ਡੂੰਘੀਆਂ ਸਚਾਈਆਂ ਤੱਕ ਪੁਜਦਾ ਹੈ। ਮਾਦਾਪ੍ਰਸਤੀ ਵਾਲਾ ਦ੍ਰਿਸ਼ਟੀ-ਕੋਨ ਰਖਣ ਵਾਲੇ ਇਹ ਕਹਿੰਦੇ ਹਨ ਕਿ ਜੇਕਰ ਅਜਿਹੀ ਸਥਿਤੀ ਵਿੱਚ ਧਰਮ ਅਤੇ ਵਿਗਿਆਨ ਇੱਕੱਠੇ ਨਹੀਂ ਚਲ ਸਕਦੇ ਤਾਂ ਧਰਮ ਦੇ ਸੰਚਾਲਕਾਂ ਦੇ ਪਿੱਛੇ ਤੁਰਨਾਂ ਐਵੇਂ ਸਮਾਂ ਹੀ ਗਵਾਉਣਾ ਹੈ। ਉਨ੍ਹਾਂ ਅਨੁਸਾਰ ਤਾਂ

"ਇਹ ਜਗ ਮਿੱਠਾ ਅਗਲਾ ਕਿਨੇ ਡਿੱਠਾ"

ਇਹ ਜੀਵਨ ਥੋੜੀ ਦੇਰ ਦਾ ਹੈ ਤਾਂ ਕਿਉਂ ਨਾਂ ਇਸ ਨੂੰ ਵੱਧ ਤੋਂ ਵੱਧ (ਜ) ਖੁਸ਼ੀ ਤੇ ਭੋਗ-ਵਿਲਾਸ ਲਈ ਵਰਤਿਆ ਜਾਵੇ। ਧਰਮ ਇਸ ਰਾਹ ਵਿੱਚ ਇੱਕ ਬਾਧਾ ਸਾਬਤ ਹੁੰਦਾ ਹੈ। ਕਿਉਂਜੋ ਧਰਮ ਅਨੁਸਾਰ ਜੇ ਮਨੁੱਖ ਆਪਣੀ ਹਰ ਇੱਛਾ ਨੂੰ ਆਪਣੀ ਹੀ ਮਰਜ਼ੀ ਨਾਲ ਪੂਰਾ ਕਰਨ ਲਗ ਜਾਵੇ ਤਾਂ ਕਿਸੇ ਹੱਦ ਤੱਕ ਤਾਂ ਕੀ ਉਹ ਨਿਰਾ ਹੀ ਖੁਦਗਰਜ਼, ਕਮੀਨਾਂ, ਨੀਚ ਅਤੇ ਹੰਕਾਰੀ ਬਣ ਜਾਂਦਾ ਹੈ। ਜਦੋਂ ਮਨੁੱਖ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਦੇ ਜਾਲ ਵਿੱਚ ਫਸ ਜਾਂਦਾ ਹੈ ਤਾਂ ਸੰਸਾਰ ਦਾ ਹਰ ਮਾੜਾ ਚੰਗਾ ਕੰਮ ਉਸ ਲਈ ਇੱਕੋ ਜਿਹਾ ਸਹਿਆ ਹੋ ਜਾਂਦਾ ਹੈ। ਉਸ ਸਮੇਂ ਉਹ ਚੰਗੇ ਜਾਂ ਮਾੜੇ ਵਿੱਚ ਕੋਈ ਪਛਾਣ ਨਹੀਂ ਕਰ ਸਕਦਾ। ਡਾਕਟਰ ਸ਼ੇਰ ਸਿੰਘ ਜੀ ਅਨੁਸਾਰ ਉਸ ਸਮੇਂ ਅਜਿਹੇ ਮਨੁਖ ਵਿੱਚੋਂ ਤਰਕ ਅਤੇ ਨਿਆਏ ਸ਼ਕਤੀ ਅਲੋਪ ਹੋ ਜਾਂਦੀ ਹੈ ਅਤੇ ਇਸ ਪ੍ਰਥਾਏਂ ਪਸ਼ੂ ਬ੍ਰਿਤੀ ਪ੍ਰਵੇਸ਼ ਕਰ ਜਾਂਦੀ ਹੈ। ਇਸੇ ਕਾਰਨ ਕਰਕੇ ਇਸ ਭਾਂਤ ਦਾ ਮਨੁੱਖ ਹਰ ਚੰਗੇ ਜਾਂ ਮਾੜੇ ਕਰਮ ਨੂੰ ਚੰਗਾ ਹੀ ਸਮਝ ਕੇ ਅਪਣਾਉਂਦਾ ਹੈ।

ਸੋ ਮਾਦਾਪ੍ਰਸਤ ਰੁਚੀ ਦੇ ਮੁਕਾਬਲੇ ਧਰਮ ਮਨੁੱਖ ਨੂੰ ਮੁਢ ਤੋਂ ਹੀ ਇਹਨਾਂ ਵਿਸ਼ਿਆਂ ਵਿਕਾਰਾਂ ਦੇ ਜਾਲ ਵਿੱਚੋਂ ਬਾਹਰ ਨਿਕਲਣ ਲਈ ਪ੍ਰੇਰਦਾ ਰਹਿਆ ਹੈ। ਪਰ ਇੱਕ ਗਲ ਯਾਦ ਰਖਣ ਵਾਲੀ ਹੈ ਕਿ ਨੇਕੀ ਅਤੇ ਬੱਦੀ ਦੋ ਮਹਾਨ ਤਾਕਤਾਂ ਮੁੱਢ ਤੋਂ ਹੀ ਆਪਣੀ ਆਪਣੀ ਤਾਕਤ ਦਾ ਸਿਕਾ ਜਮਾਣ ਲਈ ਲੜਦੀਆਂ ਚਲੀਆਂ ਆ ਰਹੀਆਂ ਹਨ। ਸਤਿਜੁਗ ਵਿੱਚ ਨੇਕੀ ਦਾ ਜ਼ੋਰ ਰਹਿਆ। ਜਦੋਂ ਤ੍ਰੇਤਾ ਜੁਗ ਆਇਆ ਤਾਂ ਨੇਕੀ ਦਾ ਜੋਰ ਕੁਝ ਘੱਟ ਗਇਆ। ਜਿਸ ਸਮੇਂ ਦੁਆਪਰ ਆਇਆ

ਤਾਂ ਨੇਕੀ ਅਤੇ ਬਦੀ ਆਹਮੋਂ ਸਾਹਮਣੇ ਆ ਗਈਆਂ, ਪਰ ਕਲਜੁਗ ਦੇ ਆਉਣ ਦੀ ਦੇਰ ਸੀ ਕਿ ਨੇਕੀ ਜੋ ਧਰਮ ਦਾ ਦੂਜਾ ਰੂਪ ਸੀ ਬਿਲਕੁਲ ਨਿਰਬਲ ਹੋ ਕੇ ਰਹਿ ਗਈ।

ਧਰਮ ਦੀ ਨਿਰਬਲਤਾ ਕਾਰਨ ਅਤੇ ਪਾਪ ਜਾਂ ਬੱਦੀ ਦੀ ਤਾਕਤ ਕਾਰਨ ਮਨੁੱਖ ਦੀ, ਬਿਬੇਕ ਬੁਧੀ ਅਤੇ ਆਤਮਾਂ ਦੀ ਆਵਾਜ਼ ਨੂੰ ਪਛਾਨਣ ਵਾਲੀ ਅੱਖ ਬਿਲਕੁਲ ਬੰਦ ਹੋ ਗਈ। ਹੁਣ ਮਨੁੱਖ ਨੇਂ ਬਾਹਰਮੁਖੀ ਹੋ ਕੇ ਹਰ ਵਸਤੂ ਦੀ ਸਥਿੱਰਤਾ ਜਾਂ ਅਸਿਥੱਰਤਾ ਨੂੰ ਜਾਚਣਾ ਸ਼ੁਰੂ ਕੀਤਾ। ਕਲਜੁਗ ਦੇ ਇਹਨਾਂ ਲਛਣਾਂ ( ਮਨੁੱਖ ਦਾ ਬਦੀਆਂ, ਵਿਸ਼ਿਆਂ-ਵਿਕਾਰਾਂ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਵੱਸ ਹੋਣਾ ਅਤੇ ਤਰਕ ਤੇ ਨਿਆਏ ਨੂੰ ਖੋਹ ਬੈਠਣਾ ) ਬਾਰੇ ਸਾਨੂੰ ਇਹ ਦਸਿਆਂ ਗਇਆ ਹੈ ਕਿ ਮਨੁੱਖ ਦਾ ਉਧਾਰ ਕੇਵਲ ਨਾਮ ਦੇ ਆਸਰੇ ਹੀ ਹੈ। ਜਿਵੇਂ ਕਿ

੧) ਸਤਜੁਗ ਸਤ ਸੰਤੋਖ ਸਰੀਰਾ॥
....ਕਲੀ ਕਾਲ ਮਹਿ ਇਕ ਕਲ ਰਾਖੀ॥
ਬਿਨੁ ਗੁਰ ਪੂਰੇ ਕਿਨੈ ਨ ਭਾਖੀ॥
....ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ
ਸਤਿਗੁਰ ਭਰਮੁ ਨ ਜਾਈ ਹੇ॥

ਮਾਰੂ ਮਹਲਾ ੧(ਪੰਨਾਂ ੧੦੨੩)
ਆਦਿ ਗ੍ਰੰਥ

੨) ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥

ਆਸਾ ਦੀ ਵਾਰ ਸਲੋਕ ਮ:੧
(ਪੰਨਾਂ ੪੭੦ ਆਦਿ ਗ੍ਰੰਥ)

੩) ਸਤਿਜੁਗਿ ਸਤੁ ਤ੍ਰੇਤਾ ਜਗੀ ਦੁਆਪਰਿ ਪੂਜਾ ਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥

ਰਵਿਦਾਸ ਜੀ (ਪੰਨਾਂ ੩੪੬)
ਆਦਿ ਗ੍ਰੰਥ

੪) ਕਲਜੁਗਿ ਧਰਮਿ ਕਲਾ ਇਕ ਰਹਾਏ॥
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥

ਰਾਮਕਲੀ ਮਹਲਾ ੩, ਘਰ ੧
(ਪੰਨਾਂ ੮੮੦ ਆਦਿ ਗ੍ਰੰਥ)

੫) ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ
ਸਭੁ ਲਾਹਾ ਮੂਲ ਗਵਾਇਆ॥
ਜਨ ਨਾਨਕਿ ਗੁਰੁ ਪੂਰਾ ਪਾਇਆ
ਮਨਿ ਹਿਰਦੈ ਨਾਮੁ ਲਖਾਇ ਜੀਉ॥

ਆਸਾ ਮਹਲਾ ੪( ਪੰਨਾਂ੪੪੬ )
ਆਦਿ ਗ੍ਰੰਥ

ਕਿਉਂ ਜੋ ਇਹਨਾਂ ਲਛਣਾਂ ਨਾਲ ਮਨੁੱਖ ਬਾਹਰਮੁਖੀ ਹੁੰਦਾ ਹੋਇਆ ਸੁਆਰਥ ਦੀ ਲਪੇਟ ਵਿੱਚ ਆ ਜਾਂਦਾ ਹੈ, ਇਸੇ ਹੀ ਸੁਆਰਥੀ ਝੁਕਾ ਦਾ ਇਹ ਨਤੀਜਾ ਸੀ ਕਿ ਮਨੁੱਖ ਧਰਮ ਵਿੱਚ ਅਵਿਸ਼ਵਾਸ਼ੀ ਹੋ ਗਇਆ। ਪਛਮੀਂ ਦੇਸ਼ਾਂ ਵਿੱਚ ਇਹ ਅਵਿਸ਼ਵਾਸ਼ ਦਾ ਵਿਚਾਰ ਲੋਕਾਂ ਉਤੇ ਈਸਾਈ ਮੱਤ ਦੇ ਠੋਸੇ ਜਾਣ ਦੇ ਨਤੀਜੇ ਵਜੋਂ ਅਤੇ ਵਿਗਿਆਨ ਦੀ ਉਨਤੀ ਦੇ ਕਾਰਨ ਪੈਦਾ ਹੋਇਆ ਪਰ ਸਾਡੇ ਦੇਸ਼ ਵਿੱਚ ਬ੍ਰਹਮਣੀ ਮੱਤ ਦੇ ਠੋਸੇ ਜਾਣ ਅਤੇ ਉਸਦੀ ਕਰੜਾਈ ਕਾਰਨ ਪੈਦਾ ਹੋਇਆ ਜਾਪਦਾ ਹੈ। ਬ੍ਰਾਹਮਣਾ ਅਨੁਸਾਰ ਹਿੰਦੂ ਧਰਮ ਵਿੱਚ ਉਹ ਸਾਰਿਆਂ ਨਾਲੋਂ ਬੁਧੀ ਅਤੇ ਜ਼ਾਤ ਦੇ ਖੇਤਰ ਵਿੱਚ ਸਭ ਤੋਂ ਉਚਤਮ ਸਥਾਨ ਦੇ ਅਧਿਕਾਰੀ ਸਨ। ਆਮ ਮਨੁੱਖ ਉਨ੍ਹਾਂ ਵਾਸਤੇ ਹਦੋਂ ਵੱਧ ਨੀਵਾਂ ਅਤੇ ਬਊ ਦੇ ਪੈਰਾਂ ਵਿੱਚੋਂ ਦੀ ਜਨਮਿਆ ਹੋਇਆ ਸੀ। ਇੱਥੋਂ ਤੱਕ ਕਿ ਸ਼ੂਦਰਾਂ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ, ਤਾਂ ਜੋ ਉਹ ਅਭਾਗੇ ਲੋਕ ਵੇਦਾਂ ਦੀ ਬਾਣੀ ਨੂੰ ਸਰਵਣ ਨ ਕਰ ਸਕਣ। ਕਿਸੇ ਵੀ ਹਾਲਤ ਵਿੱਚ ਵੇਦਾਂ ਦੀ ਬਾਣੀ ਦਾ ਸ਼ੂਦਰਾਂ ਦੇ ਕੰਨਾਂ ਵਿੱਚ ਪੈ ਜਾਣਾ, ਉਸ ਬਾਣੀ ਨੂੰ ਭ੍ਰਿਸ਼ਟਾ ਜਾਣਾ ਸੀ। ਸਰੀਰਕ ਤੌਰ ਉਤੇ ਵੀ ਹਰ ਬ੍ਰਾਹਮਣ ਸ਼ੂਦਰ ਦੇ ਪਰਛਾਵੇਂ ਤੋਂ ਆਪਣੇ ਆਪ ਦਾ ਬਚਾ ਕਰਿਆ ਕਰਦਾ ਸੀ।

ਅਜਿਹੀ ਹਾਲਤ ਵਿੱਚ ਆਮ ਮਨੁੱਖ ਦਾ ਸਾਹ ਘੁਟਿਆ ਹੋਇਆ ਸੀ। ਉਹ ਇਸ ਵਾਤਾਵਰਣ ਤੋਂ ਕਿਸੇ ਨ ਕਿਸੇ ਹਾਲਤ ਵਿੱਚ ਛੁਟਕਾਰਾ ਪਾਉਣਾ ਚਾਹੁੰਦਾ ਸੀ। ਵਿਗਿਆਨਕ ਖੇਤਰ ਵਿੱਚ ਦੇਸ਼ ਨੇ ਅਜੇ ਉਨਤੀ ਨਹੀਂ ਸੀ ਕੀਤੀ ਤਾਂ ਜੋ ਮਨੁੱਖ ਪੂਰਨ ਤੌਰ ਉਤੇ ਮਾਦਾਪ੍ਰਸਤ ਹੋ ਸਕਦਾ। ਸੋ ਨ ਤਾਂ ਮਨੁੱਖ ਨਾਸਤਕ ਬਣ ਸਕਿਆ ਅਤੇ ਨ ਹੀ ਧਰਮ ਦੀਆਂ ਧਾਰਾਵਾਂ ਵਿੱਚ ਪੂਰਨ ਤੌਰ ਉਤੇ ਲੀਨ ਹੋ ਸਕਿਆ। ਧਰਮ ਨੂੰ ਉਹ ਕਿਸੇ ਨ ਕਿਸੇ ਰੂਪ ਵਿੱਚ ਜ਼ਰੂਰ ਮੰਨਦਾ ਸੀ ਪਰ ਉਹ ਇੱਕ ਅਜਿਹੇ ਖਿਲਾਉ ਵਿੱਚ ਗਵਾਚਿਆ ਹੋਇਆ ਸੀ ਕਿ ਜਿਸ ਕਾਰਨ ਨ ਤਾਂ ਉਹ ਕਿਸੇ ਟੀਚੇ ਨੂੰ ਸਾਹਮਣੇ ਰੱਖ ਕੇ ਜੀਵਨ ਦੀ ਰਾਹ ਲਭ ਸਕਦਾ ਸੀ ਅਤੇ ਨ ਹੀ ਕੋਈ ਸਹਾਰਾ

ਮਹਾਨ ਆਤਮਾ ਦਾ ਆਗੂ ਬਣਨਾਂ ਅਤੇ ਜਨਤਾ ਨੂੰ ਇੱਕ ਗਾਡੀ ਰਾਹ ਦਿਖਾਣਾ ਆਵਸ਼ਕ ਸੀ। ਧਰਮ ਨੂੰ ਸਾਦਾ ਅਤੇ ਪੰਡਤਾਈ ਚਕਰਾਂ ਵਿੱਚੋਂ ਕਢਕੇ ਆਮ ਮਨੁੱਖ ਦੀ ਪਹੁੰਚ ਗੋਚਰਾ ਬਣਾਉਣਾ ਸਮੇਂ ਦੀ ਪ੍ਰਥਮ ਮੰਗ ਸੀ। ਜਿਵੇਂ ਕਿ ਪਾਣੀ ਵਿੱਚ ਡੁਬਦੇ ਮਨੁੱਖ ਨੂੰ ਤਾਂ ਬਾਹਰ ਨਿਕਲਣ ਲਈ ਕਿਸੇ ਸਹਾਰੇ ਦੀ ਲੋੜ ਹੁੰਦੀ ਹੈ ਨ ਕਿ ਉਸ ਸਮੇਂ ਉਸ ਨੂੰ ਤਾਰੀ ਤਰਨ ਦੇ ਵੱਖਰੇ ਵੱਖਰੇ ਤਰੀਕੇ ਸਿੱਖਣ ਦੀ।

ਅਜਿਹੀ ਕਿਸਮ ਦੇ ਧਰਮ ਨੂੰ ਸਾਕਾਰ ਕਰਨ ਵਾਲਾ ਮਨੁੱਖ ਜਾਂ ਵਿਅਕਤੀ ਵੀ ਤਾਂ ਬੇਗ਼ਰਜ਼, ਬੇਲਾਗ, ਉਚ ਆਚਾਰ ਦਾ ਮਾਲਕ ਅਤੇ ਪਰ-ਸੁਆਰਥੀ ਹੋਣਾ ਚਾਹੀਦਾ ਸੀ, ਨਹੀਂ ਤਾਂ ਅਜਿਹੀ ਕਿਸਮ ਦੇ ਧਰਮ ਨੂੰ ਪ੍ਰਚਾਰਿਆ ਨਹੀਂ ਸੀ ਜਾ ਸਕਦਾ। ਸੋ ਇਸ ਕੰਮ ਨੂੰ ਗੁਰੂ ਨਾਨਕ ਦੇਵ ਜੀ ਨੇ ਆਰੰਭਿਆ। ਜ਼ਾਤ-ਪਾਤ ਅਤੇ ਉਚ-ਨੀਚ ਦੇ ਝਗੜਿਆਂ ਝੇੜਿਆਂ ਨੂੰ ਨਿਪਟਾਉਣ ਵਾਸਤੇ ਆਪ ਜੀ ਨੇ "ਨ ਕੋ ਹਿੰਦੂ ਨ ਕੋ ਮੁਸਲਮਾਨ" ਦੀ ਲਹਿਰ ਚਲਾਈ। ਕੁਝ ਵਿਚਾਰਵਾਨ ਇਸ " ਨ ਕੋ ਹਿੰਦੂ ਨ ਕੋ ਮੁਸਲਮਾਨ" ਦੇ ਸ਼ਬਦਾਂ ਨੂੰ ਨਾਹਰੇ ਦਾ ਨਾਂ ਵੀ ਦਿੰਦੇ ਹਨ। ਇਹ ਸਾਰਾ ਸ਼ਬਦਾਂ ਦਾ ਹੇਰ ਫੇਰ ਹੈ। ਇਸ ਲਹਿਰ ਦਾ ਮੰਤਵ ਸੀ" ਮਾਨਸ ਕੀ ਜਾਤ ਸਭੁ ਏਕੈ ਪਹਿਚਾਨਬੋ"। ਮਨੁੱਖ ਮਨੁੱਖ ਹੈ ਹੋਰ ਕੁਝ ਨਹੀਂ। ਸਰਬ ਵਿਆਪੀ ਪ੍ਰਭੂ ਇਕੋ ਹੀ ਹੈ ਹੋਰ ਕੋਈ ਦੂਜਾ ਸਰਬ ਵਿਆਪੀ ਨਹੀਂ ਹੋ ਸਕਦਾ। ਆਪ ਜੀ ਠਾਕੁਰਦੁਆਰਿਆਂ, ਮੰਦਰਾਂ ਅਤੇ ਮਸੀਤਾਂ ਵਿੱਚ ਗਏ। ਭਜਨ ਅਤੇ ਨਮਾਜ਼ਾਂ ਪੜ੍ਹੀਆਂ। ਕਾਰਨ ਕੇਵਲ ਇਹ ਸੀ ਕਿ ਜਨਤਾ ਨੂੰ ਪ੍ਰਭੂ ਭਗਤੀ ਅਤੇ ਪ੍ਰਭੂ ਪ੍ਰਾਪਤੀ ਲਈ ਜਨਤਾ ਵਿੱਚ ਵਰਤੇ ਜਾ ਰਹੇ ਇਹਨਾਂ ਸਾਧਨਾਂ ਦੀ ਠੀਕ ਵਰਤੋਂ ਦਾ ਗਿਆਨ ਦਿੱਤਾ ਜਾਵੇ। ਉਹ ਇਹਨਾਂ ਨੂੰ ਸਾਧਨ ਹੀ ਮਨਣ ਸਾਧਿਯ ਨਹੀਂ। ਆਪ ਜੀ ਨੇ ਸਾਧਨਾਂ ਨੂੰ ਕੇਵਲ ਸਾਧਨ ਹੀ ਦਸਿਆ ਅਤੇ ਇਸ ਸਾਰੇ ਅਡੰਬਰ ਨੂੰ ਕੱਚਾ ਝੂਠਾ ਅਤੇ ਪ੍ਰਾਪਤੀ ਦਾ ਅੰਤਮ ਸਿਖਰ ਮੰਨਣੋ ਇਨਕਾਰ ਕਰ ਦਿੱਤਾ।

ਇਸ ਨਵ ਜੰਮੀ ਲਹਿਰ ਨੂੰ ਸਿਰੇ ਚੜ੍ਹਾਉਣ ਅਤੇ ਇਸ ਮੰਤਵ ਦੀ ਪੂਰਤੀ ਲਈ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਸਾਹਿਬ ਨੇ ਆਪਣੇ ਆਤਮਕ ਬਲ ਤੋਂ ਪੂਰਾ ਪੂਰਾ ਕੰਮ ਲਇਆ ਅਤੇ ਸਫਲਤਾ ਦੀ ਟੀਸੀ ਉਤੇ ਪੁਜੇ। ਪਰ ਘਾਟ ਇੱਕ ਇਹ ਰਹਿ ਗਈ ਕਿ ਉਹ ਕੋਈ ਕੇਂਦਰੀ ਸਥਾਨ ਦੀ ਸਥਾਪਨਾ ਨ ਕਰ ਸਕੇ ਜਿਹੜੀ ਪ੍ਰਚਾਰ ਦੇ ਰਸਤੇ ਵਿੱਚ ਇੱਕ ਵਡੀ ਘਾਟ ਮਹਿਸੂਸ ਹੋ ਰਹੀ ਸੀ। ਭਾਵੇਂ ਗੁਰੂ ਅਮਰਦਾਸ ਸਾਹਿਬ ਜੀ ਇਸ ਵਿਚਾਰ ਦੇ ਹਾਮੀ ਸਨ ਪਰ ਸਰਬ ਵਿਆਪੀ ਪ੍ਰਭੂ

ਨੂੰ ਇਹ ਮੰਨਜ਼ੂਰ ਨਹੀਂ ਸੀ ਕਿ ਉਹ ਕਿਸੇ ਅਜਿਹੇ ਸਥਾਨ ਦੀ ਸਥਾਪਨਾ ਕਰ ਸਕਦੇ। ਅਸਲੋਂ ਇਹ ਕੰਮ ਕੁਦਰਤ ਨੇਂ ਗੁਰੂ ਰਾਮਦਾਸ ਸਾਹਿਬ ਵਾਸਤੇ ਰੱਖਿਆ ਹੋਇਆ ਸੀ। ਸੋ ਅੰਤ ਇਹ ਕੰਮ ਗੁਰੂ ਰਾਮਦਾਸ ਸਾਹਿਬ ਨੂੰ ਭਾਈ ਜੇਠਾ ਜੀ ਦੇ ਰੂਪ ਵਿੱਚ ਹੀ ਸੌਂਪ ਦਿੱਤਾ ਗਇਆ ਜਿਸ ਨੂੰ ਆਪ ਜੀ ਨੇਂ ਪੂਰਨ ਸਫ਼ਲਤਾ ਨਾਲ ਨੇਪਰੇ ਚਾੜ੍ਹਿਆ। ਆਪ ਜੀ ਨੇਂ ੨੨ ਮੰਜੀਆਂ ਕਾਇਮ ਕੀਤੀਆਂ। ਇਹ ਮੰਜੀਆਂ ਅਸਲ ਵਿੱਚ ਆਮ ਜਨਤਾ ਵਿੱਚ ਹੱਕ ਹਲਾਲ ਅਤੇ ਇਸ਼ਕੇ-ਹਕੀਕੀ ਦੀ ਆਵਾਜ਼ ਉਚੀ ਕਰਨ ਲਈ ਸਥਾਪਨ ਕੀਤੀਆਂ ਗਈਆਂ ਸਨ। ਇਹਨਾਂ ਮੰਜੀਆਂ ਦਾ ਦੂਜਾ ਮੰਤਵ ਨਵੇਂ ਵੱਸ ਰਹੇ ਸ਼ਹਿਰ ਦੇ ਖ਼ਰਚਾਂ ਆਦਿਕ ਲਈ ਮਾਇਕ ਤਰੁਟੀ ਨੂੰ ਵੀ ਪੂਰਨਾ ਸੀ।

ਸੋ ਇੱਕ ਤਾਂ ਆਪ ਜੀ ਅਨਪੜ੍ਹ, ਅਲੂੜ ਅਤੇ ਭੁਲੀ ਭਟਕੀ ਜਨਤਾ ਨੂੰ ਆਪਣਾ ਸੱਚ, ਸਬਰ-ਸੰਤੋਖ, ਸ਼ਾਂਤੀ ਅਤੇ ਇੱਕ ਰੱਬ ਦਾ ਸੁਨੇਹਾ ਪੁਚਾ ਸਕਦੇ ਸਨ ਅਤੇ ਦੂਜੇ ਕੇਂਦਰੀ ਸਥਾਨ ਦੀ ਸਥਾਪਨਾ ਦੇ ਮੰਤਵ ਨੂੰ ਸਿਰੇ ਚੜ੍ਹਾ ਸਕਦੇ ਸਨ। ਆਪ ਜੀ ਦਾ ਮੰਤਵ ਕੇਵਲ ਇੱਕ ਮੰਦਰ ਦੀ ਸਥਾਪਨਾ ਕਰਨਾਂ ਹੀ ਨਹੀਂ ਸੀ ਸਗੋਂ ਇੱਕ ਅਜਿਹੇ ਸਥਾਨ ਨੂੰ ਅਧਿਆਤਮਵਾਦੀ ਸਪੱਰਸ਼ ਦੇਣਾ ਸੀ ਕਿ ਜਿਥੇ ਸੰਸਾਰ ਭਰ ਦੇ ਕਿਸੇ ਵੀ ਧਰਮ ਦੇ ਅਣੁਆਈ ਨੂੰ ਠਹੁਰ ਮਿਲ ਸਕਣੀ ਸੀ। ਕਿਉਂਜੋ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਨੇਂ ਜ਼ਾਤ ਪਾਤ ਦਾ ਭੇਦ ਮਿੱਟਾ ਕੇ ਇੱਕ ਲੋਕ-ਰਾਜੀ ਅਤੇ ਬਹੁ-ਪੱਖੀ ਧਰਮ ਦਾ ਪਹਿਰਾ ਕਾਇਮ ਕੀਤਾ ਸੀ। ਅਤੇ ਇਹੋ ਹੀ ਗੁੜਤੀ ਆਪ ਜੀ ਨੂੰ ਵੀ ਵਿਰਸੇ ਵਿੱਚ ਮਿਲੀ ਸੀ। ਆਪ ਜੀ ਨੇਂ ਇਸੇ ਨੂੰ ਹੀ ਵਧਾਉਂਦਿਆਂ ਅਤੇ ਪ੍ਰਗਤੀਸ਼ੀਲ ਕਰਦਿਆਂ ਹੋਇਆਂ ਇੱਕ ਪੰਗਤ ਵਿੱਚ ਰਾਜਾ ਰੰਕ ਬਰਾਬਰੀ ਦੀ ਨਵੀਂ ਰੀਤ ਚਲਾਈ। ਆਪ ਜੀ ਨੇ ਨਿਰਪੱਖ, ਨਿਰਮਾਣ, ਨਿਰਹੰਕਾਰ ਅਤੇ ਜਨਤਾ ਦਾ ਸੇਵਕ ਹੋਣ ਦਾ ਸਬੂਤ ਦਿੱਤਾ। ਅਜਿਹੇ ਮਹਾਨ ਮਨੁੱਖ ਨੇਂ ਹਰ ਕਿਤੇ ਅਤੇ ਹਰ ਜ਼ਾਤ ਦੇ ਲੋਕ ਇਥੇ ਲਿਆਕੇ ਵਸਾਏ। ਜੇਕਰ ਆਪ ਜੀ ਨੂੰ ਇੱਕ ਸਿਹਤ-ਮੰਦ ਧਰਮ ਦਾ ਆਗੂ, ਸ਼ਮਾਜ ਉਸਰੈਈਏ ਅਤੇ ਏਕਾਤਮਕ-ਵਾਦੀ ਹੋਣ ਦੇ ਨਾਲ ਨਾਲ ਭਵਨ ਨਿਰਮਾਣ ਕਲਾ ਦਾ ਦਾਤਾ ਵੀ ਆਖ ਲਇਆ ਜਾਵੇ ਤਾਂ ਕੋਈ ਅੱਤ ਕਥਨੀ ਨਹੀਂ ਹੋਵੇਗੀ। ਇਹਨਾਂ ਗੁਣਾ ਤੋਂ ਉਪ੍ਰੰਤ ਆਪ ਸੰਗੀਤ ਦੇ ਵੀ ਮਾਹਰ ਸਨ। ਰਾਗਾਂ ਦੀ ਜਿਤਨੀ ਵਿਲਖਣਤਾ ਆਪ ਜੀ ਦੀ ਕਵਿਤਾ ਵਿੱਚ ਮਿਲਦੀ ਹੈ ਹੋਰ ਕਿਸੇ ਵੀ ਗੁਰੂ ਸਾਹਿਬਾਂ ਦੀ ਰਚਨਾਂ ਵਿੱਚ ਨਹੀਂ ਮਿਲਦੀ।

ਰਾਗਾਂ ਬਾਰੇ ਗੁਰੂ ਰਾਮਦਾਸ ਸਾਹਿਬ ਜੀ ਦਾ ਆਪਣਾ ਵਿਚਾਰ ਇਸ ਪ੍ਰਕਾਰ ਹੈ:-

ਸਭਨਾਂ ਰਾਗਾਂ ਵਿੱਚਿ ਸੋ ਭਲਾ ਭਾਈ
ਜਿਤੁ ਵਸਿਆ ਮਨਿ ਆਇ॥

ਸਲੋਕ ਮਹਲਾ ੪ (ਪੰਨਾਂ ੧੪੨੩) ਆਦਿ ਗ੍ਰੰਥ

ਆਪ ਜੀ ਦੇ ਬਚਪਨ, ਜਵਾਨੀ, ਵਿਵਾਹ ਅਤੇ ਗੁਰਗਦੀ ਬਾਰੇ ਅਨੇਕ ਪ੍ਰਕਾਰ ਦੀਆਂ ਮਨਘੜਤ ਕਹਾਣੀਆਂ ਹਨ ਜਿਵੇਂ ਕਿ ਆਪ ਜੀ ਦੇ ਮਾਪੇ ਆਪ ਦੀ ਛੋਟੀ ਉਮਰ ਵਿੱਚ ਸੁਰਗਵਾਸ ਨਹੀਂ ਹੋਏ। ਬਚਪਨ ਵਿੱਚ ਆਪ ਜੀ ਘੁੰਗਣੀਆਂ ਵੇਚ ਕੇ ਆਪਣਾ, ਆਪਣੇ ਮਾਪਿਆਂ ਦਾ ਅਤੇ ਯਤੀਮ ਹੋਣ ਮਗਰੋਂ ਆਪਣੇ ਨਾਨਕੇ ਪ੍ਰਵਾਰ ਦਾ ਪੇਟ ਪਾਲਿਆ ਕਰਦੇ ਸਨ। ਕੁੜਮਾਈ ਦੇ ਮਗਰੋਂ ਆਪ ਜੀ ਨੂੰ ਵਾਪਸ ਲਾਹੌਰ ਵਿਖੇ ਬਰਾਤ ਲਿਆ ਕੇ ਸ਼ਾਦੀ ਕਰਨ ਲਈ ਆਖਿਆ ਗਇਆ ਸੀ। ਆਪ ਜੀ ਦਾ ਬੀਬੀ ਭਾਨੀ ਜੀ ਨਾਲ ਪਿਆਰ ਹੋ ਗਇਆ, ਜਿਸਦਾ ਨਤੀਜਾ ਪ੍ਰੀਤ ਵਿਵਾਹ ਨਿਕਲਿਆ। ਇਸ ਤੋਂ ਮਗਰੋਂ ਗੁਰਗਦੀ ਸੇਵਾਦਾਰ ਨੂੰ ਨਹੀਂ ਦਾਹਵੇਦਾਰ ਨੂੰ ਦਿੱਤੀ ਗਈ ਸੀ। ਗੁਰਗਦੀ ਦਾ ਵਰ ਪ੍ਰਾਪਤ ਕਰਨ ਤੋਂ ਪਹਿਲਾਂ ਬੀਬੀ ਭਾਨੀ, ਗੁਰੂ ਅਮਰਦਾਸ ਸਾਹਿਬ ਨੂੰ ਇਸ਼ਨਾਨ ਕਰਵਾ ਰਹੀ ਸੀ ਅਤੇ ਜਿਸ ਚੌਕੀ ਉਤੇ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਬਿਰਾਜਮਾਨ ਸਨ, ਦਾ ਪਾਵਾ ਟੁੱਟ ਗਇਆ। ਪਾਵਾ ਟੁੱਟਣ ਦੀ ਦੇਰ ਸੀ ਕਿ ਬੀਬੀ ਜੀ ਨੇ ਚੌਕੀ ਨੂੰ ਡੋਲਣ ਤੋਂ ਬਚਾਣ ਲਈ ਪਾਵੇ ਦੀ ਥਾਂ ਝੱਟ ਆਪਣਾ ਪੈਰ ਦੇ ਦਿੱਤਾ। ਪਾਵੇ ਦਾ ਕਿਲ ਆਪ ਜੀ ਦੇ ਪੈਰ ਵਿੱਚ ਖੁਭ ਗਇਆ ਅਤੇ ਫ਼ਰਸ਼ ਉਤੇ ਖੂਨ ਦੀ ਧਾਰਾ ਵਗ ਤੁਰੀ। ਇਸਦਾ ਕਾਰਨ ਆਦਿਕ ਪੁਛਣ ਤੋਂ ਮਗਰੋਂ ਗੁਰੂ ਸਾਹਿਬ ਨੇ ਬੀਬੀ ਨੂੰ ਵਰ ਮੰਗਣ ਲਈ ਆਖਿਆ। ਪਿਤਾ ਗੁਰੂ ਅਤੇ ਗੁਰੂ ਪਿਤਾ ਦੇ ਬਚਨਾਂ ਨੂੰ ਸੁਣ ਕੇ ਬੀਬੀ ਜੀ ਨੇ ਆਪਣੇ ਪਤੀ ਲਈ ਗੁਰਿਆਈ ਮੰਗ ਲਈ। ਸੋ ਸੇਵਾਦਾਰ ਦੀ ਥਾਂ ਗੁਰਗਦੀ ਦਾਹਵੇਦਾਰ ਨੂੰ ਦੇ ਦਿੱਤੀ ਗਈ।

ਇਹਨਾਂ ਸਾਰੀਆਂ ਕਥਾਵਾਂ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਅਮਰਦਾਸ ਸਾਹਿਬ ਨੇ ਗੁਰੂਘਰ ਦੀ ਗੁਰਗਦੀ ਦੀ ਪ੍ਰਥਾ ਨੂੰ ਤੋੜਿਆ। ਜਿਥੇ ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਜੀ ਗੁਰਗਦੀ ਸੇਵਾਦਾਰ ਨੂੰ ਦਿੱਤੀ ਉਥੇ ਗੁਰੂ ਅਮਰਦਾਸ ਜੀ ਨੇ ਦਾਹਵੇਦਾਰ ਨੂੰ ਦੇ ਦਿੱਤੀ। ਸੋ ਭਾਈ ਜੇਠਾ ਜੀ ਨੂੰ ਹੱਕੀ ਵਸਤ ਪ੍ਰਾਪਤ ਨਹੀਂ ਹੋਈ। ਇਸ ਪੱਧਰ ਉਤੇ ਦੋਨੋਂ ਹੀ ਗੁਰੂ ਘਰ ਦੇ ਚੋਰ ਸਾਬਤ ਹੁੰਦੇ ਹਨ। ਇਹਨਾਂ ਮਨ-ਘੜਤ ਕਹਾਣੀਆਂ ਜਾਂ ਕਥਾਵਾਂ ਦਾ ਨਿਰਣਾ ਕਰਨਾਂ ਅਤਿ ਜ਼ਰੂਰੀ ਹੈ। ਅਜਿਹੀਆਂ

ਤੋਂ

ਕਹਾਣੀਆਂ/ਅੱਜ ਦੇ ਤਰਕ-ਵਾਦੀ ਯੁਗ ਵਿੱਚ ਕਈ ਹਾਨੀਕਾਰਕ ਨਤੀਜੇ ਨਿਕਲ ਸਕਦੇ ਹਨ, ਜਿਹੜੇ ਸਿਖ ਜਗਤ ਵਾਸਤੇ ਘਾਤਕ ਸਾਬਤ ਹੋ ਸਕਦੇ ਹਨ। ਸੋ ਇਹਨਾਂ ਦੀ ਹੰਸਾਤਮਕ ਬ੍ਰਿਤੀ ਨਾਲ ਜਾਂਚ ਪੜਤਾਲ ਕਰਨੀ ਚਾਹੀਦੀ ਹੈ।ਇਹ ਸਮੇਂ ਦੀ ਮਹਾਨ ਮੰਗ ਹੈ।

ਇਸਦੇ ਨਾਲ ਹੀ ਗੁਰੂ ਰਾਮਦਾਸ ਸਾਹਿਬ ਜੀ ਦੀ ਆਪਣੇ ਗੁਰਿਆਈ ਸਮੇਂ ਭਾਰਤੀ ਸਮਾਜ,ਧਰਮ ਅਤੇ ਸਾਹਿਤ( ਪੰਜਾਬੀ ਸਾਹਿਤ) ਨੂੰ ਜੋ ਦੇਣ ਹੈ ਉਸਦਾ ਗਿਆਨ ਕਿਸ ਹੱਦ ਤੱਕ ਸਾਡੇ ਬੀਤ ਚੁਕੇ ਯੁਗ ਦੀ ਕੀਮਤ ਅਤੇ ਆਉਂਦੇ ਯੁਗ ਦੀ ਅਗਵਾਈ ਦਾ ਕੰਮ ਕਰਦਾ ਹੈ,ਵੀ ਵੇਖਣਾ ਇੱਕ ਅਮੋੜਵੀਂ ਲੋੜ ਹੈ।

ਅਜਿਹੀ ਮਹਾਨ ਆਤਮਾ ਦਾ ਸੰਸਾਰ ਭਰ ਦੇ ਵਖੋ ਵੱਖਰੇ ਧਰਮਾਂ ਤੇ ਧਰਮਾਂ ਦੇ ਸ਼ਿਸ਼ਾਂ, ਕਾਸ਼ਤਕਾਰਾਂ, ਵਪਾਰੀਆਂ ਅਤੇ ਲੇਖਕਾਂ ਆਦਿਕ ਨੂੰ ਪੂਰਾ ਪੂਰਾ ਦਰਸ਼ਨ ਕਰਵਾਉਣਾ ਚਾਹੀਦਾ ਹੈ। ਸੋ ਇਸ ਖੋਜਪੱਤ੍ਰ ਵਿੱਚ ਗੁਰੂ ਸਾਹਿਬ ਦੇ ਜੀਵਨ ਅਤੇ ਓਹਨਾਂ ਦੀ ਰਚਨਾਂ ਦੇ ਹਰ ਵਿਸ਼ੇ ਉਤੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਪੰਜਾਬੀ ਦੇ ਸ਼ਬਦ-ਜੋੜ ਕੁਝ ਅਜਿਹੀ ਸਥਿਤੀ ਵਿੱਚੋਂ ਲੰਘ ਰਹੇ ਹਨ ਕਿ ਨਿਸਚਤ ਰੂਪ ਕੁਝ ਕੁ ਸ਼ਬਦ-ਜੋੜਾਂ ਬਾਰੇ ਤਾਂ ਕੁਝ ਕਹਿਆ ਹੀ ਨਹੀਂ ਜਾ ਸਕਦਾ। ਇਹਨਾਂ ਸ਼ਬਦ ਜੋੜਾਂ ਬਾਰੇ ਭਾਸ਼ਾ ਵਿਭਾਗ ਪੰਜਾਬ ਤਾਂ ਕੁਝ ਕਹਿੰਦਾ ਹੈ ਅਤੇ ਵਿਸ਼ਵ-ਵਿਦਿਆਲੇ ਕੁਝ ਹੋਰ ਕਹਿੰਦੇ ਹਨ। ਝਗੜੇ-ਵਸ ਹੋਏ ਸ਼ਬਦ-ਜੋੜਾਂ ਦੇ ਪਹਿਲੇ ਸਰੂਪ ਅਤੇ ਅਪਣਾਏ ਗਏ ਸਰੂਪਾਂ ਦੀ ਲੜੀ ਇਸ ਪ੍ਰਕਾਰ ਹੈ ਤਾਂ ਜੋ ਅਗਲੇ ਪੰਨਿਆਂ ਵਿੱਚ ਇਹਨਾਂ ਸ਼ਬਦ-ਜੋੜਾਂ ਬਾਰੇ ਕੋਈ ਸ਼ੰਕਾ ਪੈਦਾ ਹੋਣ ਦੀ ਕੋਈ ਸੰਭਾਵਨਾਂ ਨ ਰਹਿ ਜਾਵੇ।

| ਪ੍ਰਚਲਤ ਸ਼ਬਦ-ਜੋੜ | ਅਰਥ | ਸ੍ਵੀਕ੍ਰਿਤ ਸ਼ਬਦ ਜੋੜ |
|---|---|---|
| ਜਿਹਾ | ਵਰਗਾ (ਤੇਰੇ ਜਿਹਾ ਕੌਣ ਹੈ) | ਜਹਿਆ |
| ਜਿਹਾ | ਜੈਸਾ(ਜਿਹਾ ਕਰੋਗੇ ਤਿਹਾ ਭਰੋਗੇ) | ਜਿਹਾ |
| ਕਿਹਾ | ਆਖਿਆ(ਉਸਦਾ ਜਿਹਾ ਕੰਮ ਕਰਦੇ) | ਕਹਿਆ |
| ਕਿਹਾ | ਕੈਸਾ (ਤੂੰ ਕਿਹਾ ਚੰਗਾ ਮੁੰਡਾ ਏਂ) | ਕਿਹਾ |
| ਲਿਆ | ਖ਼ਤਮ(ਮੈਂ ਆਪਣਾ ਕੰਮ ਕਰ ਲਿਆ ਹੈ) | ਲਇਆ |
| ਲਿਆ | ਲਿਆਣਾ(ਬਾਹਰੋਂ ਫੂਲ ਚੁਕ ਲਿਆ) | ਲਿਆ |

| ਪ੍ਰਚਲਤ ਸ਼ਬਦ-ਜੋੜ | ਅਰਥ | ਸ੍ਵੀਕ੍ਰਿਤ ਸ਼ਬਦ-ਜੋੜ |
|---|---|---|
| ਰਿਹਾ | ਜਾਰੀ(ਉਹ ਕੰਮ ਕਰਦਾ ਰਿਹਾ) | ਰਹਿਆ |
| ਰਿਹਾ | ਬਰੀ( ਉਹ ਕੈਦ ਤੋਂ ਰਿਹਾ ਹੋ ਗਇਆ) | ਰਿਹਾ |

ਇਸੇ ਹੀ ਅਸੂਲ ਅਨੁਸਾਰ " ਗਿਆ" ਨੂੰ ਗਇਆ ਲਿਖਿਆ ਗਇਆ ਹੈ।

ਸ਼ਬਦ ਜੋੜਾਂ ਬਾਰੇ ਕੁਝ ਹੋਰ ਅਸੂਲ ਇਸ ਪ੍ਰਕਾਰ ਅਪਣਾਏ ਗਏ ਹਨ:-

(੧) ਜੇਕਰ ਕਿਸੇ ਸ਼ਬਦ ਵਿੱਚ (ਹ) ਅੱਖਰ ਤੋਂ ਪਹਿਲਾਂ ਵਾਲੇ ਅੱਖਰ ਉਤੇ (ੇ) ਦੀ ਮਾਤਰਾ ਲਗਦੀ ਹੋਵੇ ਤਾਂ ਉਸ ਅੱਖਰ ਨੂੰ (ਿ) ਦੀ ਮਾਤਰਾ ਲਗਾ ਦਿੱਤੀ ਜਾਵੇ। ਜਿਵੇਂ ਕਿ ( ਸੇਹਰਾ ) ਦੀ ਥਾਂ (ਸਿਹਰਾ) ਲਿਖਿਆ ਜਾਵੇ।

(੨) ਜੇਕਰ ਕਿਸੇ ਸ਼ਬਦ ਵਿੱਚ ( ਹ) ਅੱਖਰ ਤੋਂ ਪਹਿਲਾਂ ਵਾਲੇ ਅੱਖਰ ਉਤੇ (ੇ) ਦੀ ਮਾਤਰਾ ਲਗਦੀ ਹੋਵੇ ਤਾਂ ਉਸ ਅੱਖਰ ਨੂੰ (ੁ) ਦੀ ਮਾਤਰਾ ਲਗਾ ਦਿੱਤੀ ਜਾਵੇ। ਜਿਵੇਂ ਕਿ ( ਸੋਹਜ ) ਦੀ ਥਾਂ (ਸੁਹਜ ) ਲਿਖਿਆ ਜਾਵੇ।

(੩) ਜੇਕਰ ਕਿਸੇ ਸ਼ਬਦ ਵਿੱਚ (ਹ) ਅੱਖਰ ਤੋਂ ਪਹਿਲਾਂ ਵਾਲੇ ਅੱਖਰ ਉਤੇ (ੈ) ਦੀ ਮਾਤਰਾ ਲਗਦੀ ਹੋਵੇ ਤਾਂ ਉਸ ਅੱਖਰ ਤੋਂ ਅਗਲੇ (ਹ) ਨੂੰ (ਿ) ਦੀ ਮਾਤਰਾ ਲਗਾ ਦਿੱਤੀ ਜਾਵੇ। ਜਿਵੇਂ ਕਿ ( ਸ਼ੈਹਰ )ਦੀ ਥਾਂ (ਸ਼ਹਿਰ) ਲਿਖਿਆ ਜਾਵੇ।

ਦੁਤ ਅਖਰਾਂ ਨਾਲ ਲਗੀਆਂ ਹੋਈਆਂ ਲਗਾਂ ਮਾਤਰਾਂ ਨੂੰ ਪੰਜਾਬੀ ਵਿਆਕਰਣ ਦੇ ਅਸੂਲਾਂ ਅਨੁਸਾਰ ਹੀ ਅਪਣਾਇਆ ਗਇਆ ਹੈ।

# CHAPTER II.

## Background

Religious, Social, political
and Economic conditions
of the time.

## ਅਧਿਆਏ ਦੂਜਾ

<u>ਪਿਛੋਕੜ।</u>

ਸਮੇਂ ਦੀਆਂ ਧਾਰਮਕ, ਸਮਾਜਕ, ਰਾਜਨੀਤਕ ਅਤੇ ਆਰਥਕ ਹਾਲਤਾਂ।

<u>ਧਾਰਮਕ ਹਾਲਤ</u> ( **Religéous conditions**)

ਭਾਰਤ ਦੀ ਧਰਤੀ ਉਤੇ ਗੁਰ ਕਾਲ ਤੋਂ ਪਹਿਲਾਂ ਦੋ ਮੋਟੇ ਧਰਮ, ਹਿੰਦੂ ਅਤੇ ਮੁਸਲਮਾਨ ਆਪਣੇ ਆਪਣੇ ਘੇਰੇ ਵਿੱਚ ਪਲ ਰਹੇ ਸਨ। ਦੋਵੇਂ ਧਰਮ ਮੁਢਲੇ ਤੌਰ ਉਤੇ ਅਨੁਭਵੀ ਤੱਤ ਦੀ ਅਣਹੋਂਦ ਕਾਰਨ ਕਿਸੇ ਨ ਕਿਸੇ ਵਿਧੀ ਅਨੁਸਾਰ ਆਪਣੇ ਆਪ ਨੂੰ ਇੱਕ ਦੂਜੇ ਤੋਂ ਚੰਗਾ ਸਾਬਤ ਕਰਨ ਅਤੇ ਦੂਜੇ ਨੂੰ ਛੁਟਿਆਉਣ ਵਿੱਚ ਲਗੇ ਹੋਏ ਸਨ। ਜਿਸ ਵਿੱਧੀ ਅਨੁਸਾਰ ਉਹ ਅਲਾਹ ਜਾਂ ਰਾਮ ਨੂੰ ਪ੍ਰਾਪਤ ਕਰ ਸਕਦੇ ਸਨ ਉਸ ਨੂੰ ਵਿੱਧੀ ਨਹੀਂ ਸਗੋਂ ਅੰਤ ਹੀ ਸਮਝ ਬੈਠੇ ਸਨ। ਕਰਮ ਕਾਂਡ ਦੋਨਾਂ ਧਰਮਾਂ ਵਿੱਚ ਹੀ ਪ੍ਰਧਾਨ ਹੋ ਗਇਆ ਸੀ। ਧਰਮ ਦੇ ਅਸਲੀ ਧੁਰੇ ਨੂੰ ਤਾਂ ਭੁਲਾ ਹੀ ਦਿੱਤਾ ਗਇਆ ਸੀ। ਧਰਮ ਕੀ ਹੈ ਅਤੇ ਧਰਮ ਦੀ ਮਨੁਸ਼ ਨੂੰ ਜੀਵਨ ਵਿੱਚ ਕੀ ਲੋੜ ਹੈ? ਦੀ ਥਾਂ ਜੀਵਨ ਨੂੰ ਧਰਮ ਦੇ ਹਵਾਲੇ ਕਰ ਦਿੱਤਾ ਗਇਆ। ਮਨੁੱਖ ਇਹ ਨ ਸਮਝ ਸਕਿਆ ਕਿ ਧਰਮ ਜੀਵਨ ਲਈ ਹੈ ਜਾਂ ਜੀਵਨ ਧਰਮ ਲਈ। ਇਸ ਪੜਾ ਉਤੇ ਚੇਤੰਨ ਭਾਂਤ ਦੇ ਪੁਰਸ਼ਾਂ ( ਹਿੰਦੂਆਂ ਵਿੱਚ ਪੰਡਤ ਆਦਿਕ ਅਤੇ ਮੁਸਲਮਾਨਾਂ ਵਿੱਚ ਮੌਲਵੀ ਆਦਿਕ) ਨੇਂ ਰੱਬ ਨੂੰ ਇੱਕ ਡਰਾਉਣਾ, ਬਦਲਾ ਲੈਣ ਵਾਲਾ, ਦੋਜ਼ਕ ਅਤੇ ਸਵਰਗ ਦਾ ਮਾਲਕ, ਮਨੁੱਖਤਾ ਤੋਂ ਬਹੁਤ ਪਰੇ ਅਤੇ ਆਪਣੀ ਐਸ਼ ਇਸ਼ਰਤ ਵਿੱਚ ਰੁਝਿਆ ਹੋਇਆ ? ਦਸਣ ਲਗੇ। ਉਸਨੂੰ ਖੁਸ਼ ਕਰਨ ਲਈ ਮਨੁੱਖ ਨੂੰ ਕਿਧਰੇ ਪਸ਼ੂਆਂ ਦੀਆਂ ਅਤੇ ਕਿਧਰੇ ਮਨੁੱਖਾਂ ਦੀਆਂ ਆਹੁਤੀਆਂ ਦੇਣ ਲਈ ਪ੍ਰੇਰਿਆ ਗਇਆ। ਇਹ ਕੁਰਬਾਨੀਆਂ ਕੇਵਲ ਪੰਡਤਾਂ ਆਦਿਕ ਦੇ ਰਾਹੀਂ ਹੀ ਦਿੱਤੀਆਂ ਹੋਈਆਂ ਪ੍ਰਵਾਨਤ ਸਮਝੀਆਂ ਜਾਂਦੀਆਂ ਸਨ। ਆਮ ਮਨੁੱਖ ਲਈ ਇਹ ਧਰਮ ਦੇ ਠੇਕੇਦਾਰ ਰੱਬ ਦਾ ਦੂਜਾ ਰੂਪ ਧਾਰਨ ਕਰ ਬੈਠੇ ਸਨ।

ਭਾਵ ਇਹ ਕਿ ਅੰਧ ਵਿਸ਼ਵਾਸ਼ੀ ਮਨੁੱਖ ਨੂੰ ਉਸਦੇ ਸੁਖ ਆਰਾਮ ਤੋਂ ਪਰ੍ਹੇ ਕਰਕੇ ਅਜਿਹੇ ਲੋਕ ਆਪਣਾ ਘਰ ਪੂਰਾ ਕਰਦੇ ਰਹੇ। ਹੁਣ ਅਸੀਂ ਇਨ੍ਹਾਂ

ਦੋਹਾਂ ਧਰਮਾਂ ਨੂੰ ਵੱਖਰਿਆਂ ਵੱਖਰਿਆਂ ਕਰਕੇ ਵੇਖਾਂਗੇ।

ਹਿੰਦੂ ਧਰਮ।

ਹਿੰਦੂ ਧਰਮ ਕੋਈ ਕੇਂਦਰੀ ਧਰਮ ਨਹੀਂ ਸੀ। ਭਾਰਤ ਦੇ ਹਰ ਹਿਸੇ ਵਿੱਚ ਰਹਿਣ ਵਾਲੇ ਲੋਕ ਆਪਣੇ ਇਲਾਕੇ ਦੇ ਹੀ ਦੇਵੀ ਦੇਵਤਿਆਂ ਨੂੰ ਆਪਣੀ ਹੀ ਮਰਜ਼ੀ ਮੁਤਾਬਕ ਪੂਜਿਆ ਕਰਦੇ ਸਨ।*੧*। ਮੰਨੂੰ ਦੇ ਬਣਾਏ ਹੋਏ ਚਾਰ ਵਰਣਾਂ ਦਾ ਡਟਵਾਂ ਪ੍ਰਚਾਰ ਕੀਤਾ ਜਾਣ ਲਗ ਪਇਆ। ਪੰਡਤ ਸ਼੍ਰੇਣੀ ਤੋਂ ਬਿਨਾਂ ਹਰ ਕਿਸੇ ਨੂੰ ਨੀਵਾਂ ਹੀ ਸਮਝਿਆ ਜਾਂਦਾ ਸੀ। ਅਤੇ ਇਥੋਂ ਤੱਕ ਕਿ ਪੰਡਤ ਸ਼੍ਰੇਣੀ ਵਿੱਚ ਵਿਚਰਨ ਵਾਲਾ ਮਨੁਖ ਹਰ ਕਿਸੇ ਦਾ ਹਾਕਮ ਅਤੇ ਦੂਜਾ ਹਰ ਕੋਈ ਉਸਦਾ ਗੁਲਾਮ ਹੀ ਗਿਣਿਆ ਜਾਂਦਾ ਸੀ। ਇਹਨਾਂ ਚਾਰੇ ਵਰਣਾਂ ਦੇ ਕੰਮਾਂ ਦੀ ਵੰਡ ਇਸ ਪ੍ਰਕਾਰ ਸੀ।

| | | |
|---|---|---|
| ੧. | ਬ੍ਰਾਹਮਣ ਸ਼੍ਰੇਣੀ | ਪੜ੍ਹਨਾਂ ਅਤੇ ਪੜ੍ਹਾਉਣਾਂ (ਸ਼ਿਸ਼ੂ ਅਤੇ ਗੁਰੂ) |
| ੨. | ਕਸ਼ੱਤ੍ਰੀ ਸ਼੍ਰੇਣੀ | ਦੇਸ਼ ਦੀ ਹਰ ਸਮੇਂ ਰੱਖਿਆ ਕਰਨੀ। |
| ੩. | ਵੈਸ਼ ਸ਼੍ਰੇਣੀ | ਸ੍ਵਦੇਸ਼ੀ ਅਤੇ ਅੰਤਰਦੇਸ਼ੀ ਵਪਾਰ ਕਰਨਾਂ। |
| ੪. | ਸ਼ੂਦਰ ਸ਼੍ਰੇਣੀ | ਸਾਰੀਆਂ ਸ਼੍ਰੇਣੀਆਂ ਦੀ ਸੇਵਾ ਕਰਨੀ। ਓਹਨਾਂ ਦੇ ਘਰਾਂ ਆਦਿਕ ਵਿੱਚੋਂ ਗੋਹਾ ਕੂੜਾ ਆਦਿਕ ਚੁਕਣਾ। |

ਇਸ ਵੰਡ ਨੂੰ ਵਿਸ਼ਲੇਸ਼ਣਾਤਮਕ ਰੁਚੀ ਨਾਲ ਵੇਖਿਆਂ ਸਾਨੂੰ ਭਲੀ ਪ੍ਰਕਾਰ ਪੱਤਾ ਲਗ ਜਾਂਦਾ ਹੈ ਕਿ ਸਭ ਤੋਂ ਘੱਟ ਅਤੇ ਉਤਮ ਕੰਮ ਪੰਡਤ ਸ਼੍ਰੇਣੀ ਨੇਂ ਆਪਣੇ ਹੀ ਹੱਥ ਵਿੱਚ ਲਇਆ। ਪੜ੍ਹਨ ਵਾਲੇ ਨੂੰ ਉਸ ਸਮੇਂ ਸ਼ਿਸ਼ੂ ਅਤੇ ਪੜ੍ਹਾਉਣ ਵਾਲੇ ਨੂੰ ਗੁਰੂ ਸ਼ਬਦ ਪ੍ਰਦਾਨ ਸਨ। ਇਹ ਹੁਣ ਵੀ ਸਾਡੀ ਆਮ ਭਾਸ਼ਾ ਵਿੱਚ ਪ੍ਰਚਲਤ ਹਨ। ਉਸ ਸਮੇਂ ਗੁਰੂ ਦਾ ਹਰ ਸ਼ਬਦ ਸ਼ਿਸ਼ੂ ਲਈ ਇੱਕ ਅਲਾਹੀ ਹੁਕਮ ਸੀ, ਭਾਵੇਂ ਅੱਜ ਇਸਦੀ ਕੀਮਤ ਉਤਨੀ ਨਹੀਂ ਰਹੀ। ਪਰ ਦੁਖ ਭਰੀ

---

*੧* SOURCES OF INDIAN TRADITION compiled by Wm.THEODRE DE BARY ETC. P. 205

Hinduism is devided intø innumerable sects and has no well-defined, large sclae ecclesiastic organisation.

ਗਲ ਇਹ ਹੈ ਕਿ ਉਸ ਸਮੇਂ ਦਾ ਗੁਰੂ ਕੇਵਲ ਸ਼ਿਸ਼ਾਂ ਦਾ ਹੀ ਗੁਰੂ ਨਹੀਂ ਸਗੋਂ ਸਾਰੀ ਜਨਤਾ ਦਾ ਹੀ ਗੁਰੂ ਬਣ ਬੈਠਾ ਸੀ। ਇਸ ਪ੍ਰਮੁਖਤਾ ਦੀ ਪ੍ਰੌੜ੍ਹਤਾ ਵਿੱਚ ਸ੍ਰੀ ਮਦ ਭਾਗਵਤ ਗੀਤਾ ਵਿੱਚ ਬ੍ਰਾਹਮਣਾਂ ਨੂੰ ਪ੍ਰਭੂ ਦੇ ਸਿਰ ਵਿੱਚੋਂ ਦੀ ਪੈਦਾ ਹੋਇਆ ਦਸਿਆ ਗਇਆ ਹੈ।*੧*।

ਬ੍ਰਾਹਮਣ ਸ਼੍ਰੇਣੀ ਨੇਂ ਆਪਣੀ ਕਮਾਈ ਦਾ ਵੀ ਸਾਧਨ ਸਾਰੀਆਂ ਸ਼੍ਰੇਣੀਆਂ ਨਾਲੋਂ ਵੱਖਰਾ ਹੀ ਰੱਖਿਆ ਹੋਇਆ ਸੀ। ਬਾਕੀ ਦੀਆਂ ਤਿਨਾਂ ਸ਼੍ਰੇਣੀਆਂ ਵਿੱਚ ਵਗਲੇ ਹੋਏ ਲੋਕਾਂ ਵਾਸਤੇ ਤਾਂ ਯਥਾ ਸ਼ਕਤ ਮਿਹਨਤ ਕਰਕੇ ਰੋਜ਼ੀ ਕਮਾਣਾਂ ਸੀ ਪਰ ਇਸ ਉਚਤਮ ਸ਼੍ਰੇਣੀ ਦਾ ਦਾਨ ਆਦਿਕ ਉਤੇ ਹੀ ਜੀਵਨ ਨਿਰਬਾਹ ਚਲਣਾ ਉਚਿਤ ਸੀ।*੨*। ਇਸਦੇ ਨਾਲ ਹੀ ਦਾਨ ਉਸ ਸਮੇਂ ਦੇ ਧਰਮ ਦਾ ਇੱਕ ਵਿਸ਼ੇਸ਼ ਅੰਗ ਸੀ। ਇਹ ਦਾਨ ਅਸਲ ਵਿੱਚ ਦੇਵੀ ਕੇਵਤਿਆਂ ਨੂੰ ਖ਼ੁਸ਼ ਕਰਨ ਲਈ ਦਿੱਤਾ ਜਾਂਦਾ ਸਲ। ਭਾਵੇਂ ਇਹ ਦਾਨ ਕਿਸੇ ਹਵਨ ਦੀ ਸ਼ਕਲ ਵਿੱਚ ਦਿੱਤਾ ਜਾਵੇ ਤੇ ਭਾਵੇਂ ਕੁਰਬਾਨੀ ਦੀ ਸ਼ਕਲ ਵਿੱਚ। ਇਸ ਦਾਨ ਰਾਹੀਂ ਜਿਥੇ ਦੇਵੀ ਦੇਵਤਿਆਂ ਦੀ ਖ਼ੁਸ਼ੀ ਪ੍ਰਾਪਤੀ ਕੀਤੀ ਜਾਂਦੀ ਉਥੇ ਇਹ ਸਵਰਗਾਂ ਦੀ ਪ੍ਰਾਪਤੀ ਦਾ ਵੀ ਇੱਕ ਸਾਧਨ ਸੀ।*੩*।

---

*1* ALBERUNI'S INDIA EDITED BY DR. EDWARD C. SACHAN VOL.I

Chapter IX Pp100-01

The highest caste are the Brahmana of whom the books of the Hindu tell that they were created from the head of Brahman............
......Therefore the Hindus consider them as the very best of mankind.
The next caste are the Kshatriya who were created as they say from the shoulders and hands of Brahman.
After them follow the Vaisyas who were created from the thigh of Brahman.
The Sudra, who were created from his feet.

*2* SOURCES OF INDIAN TRADITION COMPILED by Wm.THEODORE DE BARY ETC.

P.260 After acquisition of learning, a person should with the help of the material resources obtained by him through gifts from others personal gain, commerce or service( These four means of acquiring wealth-acceptance as gift, personal gain, commerce, and service apply to the four classes, Brahaman, Kshatriya, Vaishya and Shudra.) may and set up a home, and then follow the ways of the man of taste and culture ( Nagaraka).

*3*) IBID P. 320

He who desires heaven shall perform the sacrifice and so on.

*3*A) AIN-I-AKBARI OF ABUL FAZL-I-ALLAMI VOL.III. TRANSLATED BY COLONEL H.S. JARRETT.

P.303 Yajna or Sacrifice.

By this the favour of the dieties is obtained and it becomes the means(P.161) of securing the blessing of God.

ਹਿੰਦੂ ਧਰਮ ਦੇ ਕੇਂਦਰੀ ਧਰਮ ਨ ਹੋਣ ਦੇ ਕਾਰਨ ਭਾਰਤ ਦੇ ਹਰ ਹਿਸੇ ਵਿੱਚ ਰਹਿਣ ਵਾਲੇ ਲੋਕ ਆਪਣੇ ਅਖੌਤੀ ਦੇਵੀ ਦੇਵਤਿਆਂ ਨੂੰ ਆਪਣੇ ਮਾਨਸਕ ਵਿਚਾਰਾਂ ਅਨੁਸਾਰ ਹੀ ਪੂਜਣ ਲਗ ਪਏ। ਭਾਵੇਂ ਇਹ ਸਾਰੇ ਲੋਕ ਆਪਣੇ ਆਪ ਨੂੰ ਹਿੰਦੂ ਸਮਝਦੇ ਸਨ ਪਰ ਫਿਰ ਵੀ ਇੱਕ ਦੂਜੇ ਤੋਂ ਵੱਖਰੇ ਰਹਿਣਾ ਪਸੰਦ ਕਰਦੇ ਸਨ। ਇਹੋ ਹੀ ਕਾਰਨ ਹੈ ਕਿ ਬੋਧੀ, ਜੈਨੀ, ਸਨਾਤਨੀ, ਆਰੀਆ-ਸਮਾਜੀ, ਸ਼ਿਵਾ ਅਤੇ ਸ਼ਾਕਤ ( ਪਾਰਬਤੀ ਦੀ ਪੂਜਾ ਕਰਨ ਵਾਲੇ) ਰਹੁ ਰੀਤੀ ਵਿੱਚ ਹਿੰਦੂ ਧਰਮ ਤੋਂ ਬਾਹਰਾ ਪਰ ਮੁਢਲੇ ਤੌਰ ਉਤੇ ਹਿੰਦੂ ਹੀ ਸਮਝਦੇ ਸਨ।

ਇਸ ਵੰਡ ਦਾ ਸਭ ਤੋਂ ਘਾਤਕ ਨਤੀਜਾ ਇਹ ਨਿਕਲਿਆ ਕਿ ਹਰ ਪ੍ਰਾਂਤ ਵਿੱਚ ਕੁਝ ਛੋਟੀਆਂ ਛੋਟੀਆਂ ਲੜਾਈਆਂ ਹੋਈਆਂ ਅਤੇ ਉਥੋਂ ਦੇ ਰਾਜਿਆਂ ਦੀ ਥਾਂ ਮੁਸਲਮਾਨ ਰਾਜੇ ਸਥਾਪਤ ਹੋ ਗਏ ਅਤੇ ਮੰਦਰਾਂ ਦੀ ਥਾਂ ਮਸੀਤਾਂ ਅਤੇ ਪੁਰਾਣਾਂ ਦੀ ਥਾਂ ਕੁਰਾਨ ਨੇਂ ਜਨਮ ਲਇਆ। *੧*। ਮੁਸਲਮਾਨ ਧਰਮ ( ਇਸਲਾਮ) ਇੱਕ ਜਾਬਰ ਧਰਮ ਸੀ। ਇਹ ਓਹਨਾਂ ਵਿਦੇਸ਼ੀਆਂ ਦਾ ਧਰਮ ਸੀ ਸੀ ਜੋ ਅਫ਼ਗਾਨਿਸਤਾਨ ਤੋਂ ਹਾਰ ਖਾ ਕੇ ਹੁਣ ਭਾਰਤ ਦੀ ਧਰਤੀ ਨੂੰ ਆਪਣੇ ਦਬਾ ਹੇਠਾਂ ਕਰਨਾਂ ਚਾਹੁੰਦਾ ਸੀ। ਬਾਬਰ ਦੇ ਜ਼ੁਲਮ ਅਤੇ ਤਸ਼ਦਦ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇਂ ਭਲੀ ਪ੍ਰਕਾਰ ਬਿਆਨ ਕੀਤਾ ਹੈ।

ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥

ਆਸਾ ਮਹਲਾ ੧ ਅਸਟਪਦੀਆ ਘਰੁ ੩

( ਪੰਨਾ੪੧੭ ਆਦਿ ਗ੍ਰੰਥ )

ਇਸਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮੁਸਲਮਾਨ ਖਾਸ ਕਰਕੇ ਬਾਬਰ ਦੇ ਸਮੇਂ ਆਪਣੇ ਧਰਮ ਨੂੰ ਜ਼ੁਬਰਦਸਤੀ ਫੈਲਾਉਣਾ ਚਾਹੁੰਦੇ ਸਨ। ਓਹਨਾਂ ਦਾ ਮੰਤਵ ਕੋਈ ਸਿਹਤਮੰਦ ਧਰਮ ਫੈਲਾਉਣਾ ਨਹੀਂ ਸੀ। ਜਿਥੇ ਕਿ ਬਾਬਾ ਫ਼ਰੀਦ ਜੀ ਨੇਂ ਪਿਆਰ ਮੁਹੱਬਤ ਨਾਲ ਲੋਕਾਂ ਨੂੰ ਇਸਲਾਮ ਦੀ ਮਹਾਨਤਾ ਅਤੇ ਸਿਫ਼ਤਾਂ ਦਸ

---

*1* THE GOSPEL OF THE GURU-GRANTH SAHIB BY DUNCAN GREENLEES.
(P. XVII)

In each province a few battles, a few secret betrayals were enough; indigenous rulers were replaced by Muslims, temples by mosques, the Puranas by the Quran.

ਦਸ ਕੇ ਅਤੇ ਹਿੰਦੂ ਧਰਮ ਦੀਆਂ ਕਠੋਰਤਾ ਭਰੀਆਂ ਕਹਾਣੀਆਂ ਦਸਦਿਆਂ ਹੋਇਆਂ ਓਹਨਾਂ ਨੂੰ ਬੜੇ ਪਿਆਰ ਨਾਲ ਆਪਣੇ ਧਰਮ ਵਲ ਖਿਚਿਆ। ਅਸੀਂ ਇਹ ਨਹੀਂ ਕਹਿ ਸਕਦੇ ਕਿ ਬਾਬਾ ਫ਼ਰੀਦ ਜੀ ਦਾ ਮੰਤਵ ਆਪਣੇ ਧਰਮ ਨੂੰ ਪ੍ਰਚਾਰਨਾਂ ਸੀ ਪਰ ਇਹ ਜ਼ਰੂਰ ਕਹਿ ਸਕਦੇ ਹਾਂ ਕਿ ਉਨ੍ਹਾਂ ਦੇ ਸਮੇਂ ਵਿੱਚ ਬੇਹੱਦ ਹਿੰਦੂ ਗਿਣਤੀ ਨੇਂ ਓਹਨਾਂ ਦੇ ਧਰਮ (ਇਸਲਾਮ) ਨੂੰ ਕਬੂਲਿਆ। ਮੁਸਲਮਾਨ ਰਾਜਿਆਂ ਦਾ ਜਬਰ ਉਨ੍ਹਾਂ ਦੇ ਰਾਜ ਦੇ ਮੁਢ ਤੋਂ ਲੈ ਕੇ ਅੰਤ ਤੱਕ ਹੀ ਚਲਦਾ ਰਹਿਆ, ਭਾਵੇਂ ਵਿਚਕਾਰ ਕੁਝ ਥੋੜਾ ਜਹਿਆ ਸਮਾਂ ਘੱਟ ਗਇਆ ਸੀ।

ਸੋ ਇਸ ਘਾਤਕ ਨਤੀਜੇ ਵਜੋਂ ਹਿੰਦੂ ਧਰਮ ਆਪਣੀਆਂ ਜੜ੍ਹਾਂ ਤੋਂ ਹਿਲ ਗਇਆ। ਨਿਰਬਲ ਅਤੇ ਹੀਣਾ ਹੋ ਚੁਕਿਆ ਧਰਮ ਹੁਣ ਮੁਸਲਮਾਨੀ ਰਾਜ ਧਰਮ ਦੇ ਆਸਰੇ ਕੇਵਲ ਬਾਹਰਲੇ ਰੂਪ ਨੂੰ ਹੀ ਲਈ ਖੜਾ ਸੀ। ਨਿਸੱਤਾ ਧਰਮ ਹੁਣ ਆਪਣੇ ਪੱਥਰ, ਸੋਨੇ ਅਤੇ ਚਾਂਦੀ ਦੇ ਬਣਾਏ ਹੋਏ ਠਾਕਰਾਂ ਅਤੇ ਦੇਵੀ ਦੇਵਤਿਆਂ ਦੀ ਆਪਣੇ ਮੰਦਰਾਂ ਅਤੇ ਮੱਠਾਂ ਆਦਿਕ ਦੀ ਵੀ ਰੱਖਿਆ ਨਹੀਂ ਸੀ ਕਰ ਸਕਦਾ। ਜੇ ਕਿਸੇ ਰਾਜੇ ਦਾ ਚਿਤ ਕੀਤਾ ਤਾਂ ਉਹ ਕਿਸੇ ਮੰਦਰ ਵਿੱਚੋਂ ਕੋਈ ਸੋਨੇਂ ਦੀ ਮੂਰਤੀ ਉਠਾ ਕੇ ਲੈ ਗਇਆ ਜਾਂ ਫ਼ਿਰ ਕਿਸੇ ਮੰਦਰ ਜਾਂ ਠਾਕੁਰਦਵਾਰੇ ਦਾ ਦਰਵਾਜ਼ਾ ਉਤਾਰ ਕੇ ਲੈ ਗਇਆ।

ਮੰਦਰਾਂ ਅਤੇ ਠਾਕੁਰਦੁਆਰਿਆਂ ਦੀ ਇਸ ਅਧੋਗਤੀ ਤੋਂ ਮਗਰੋਂ ਅਸੀਂ ਓਹਨੇਂ ਵਿੱਚ ਪੜ੍ਹੀ ਜਾਂਦੀ ਦੇਵ ਬਾਣੀ ਜਾਂ ਵੇਦਾਂ ਦੀ ਬਾਣੀ ਦਾ ਸਤਿਕਾਰ, ਪਿਆਰ ਅਤੇ ਲੋਕਾਂ ਤੱਕ ਪਹੁੰਚ ਬਾਰੇ ਵੀ ਵਿਚਾਰ ਕਰਦੇ ਹਾਂ। ਚਾਲਾਕ ਬ੍ਰਾਹਮਣ ਸ੍ਰੇਣੀ ਨੇਂ ਇਸ ਬਾਣੀ ਨੂੰ ਇਸ ਪ੍ਰਕਾਰ ਆਪਣੇ ਕਬਜ਼ੇ ਵਿੱਚ ਕੀਤਾ ਕਿ ਇਸ ਨੂੰ ਉਹ ਮੁਠ ਕੁ ਲੋਕ ਹੀ ਪੜ੍ਹ, ਸਮਝ ਅਤੇ ਵਿਚਾਰ ਸਕਦੇ ਸਨ। ਇਹ ਕਿਉਂ ? ਕਿਉਂਕਿ ਇਸ ਬਾਣੀ ਇੱਕ ਅਜਿਹੀ ਭਾਸ਼ਾ ( ਸੰਸਕ੍ਰਿਤ) ਵਿੱਚ ਲਿਖੀ ਹੋਈ ਸੀ ਕਿ ਜਿਸ ਨੂੰ ਚੰਗੀ ਤਕੜੇ ਅਧਿਐਨ ਮਗਰੋਂ ਹੀ ਸਮਝਿਆ ਜਾ ਸਕਦਾ ਸੀ। ਆਮ ਲੋਕੀਂ ਇਸ ਬੋਲੀ ਤੋਂ ਵਾਕਿਫ਼ ਨਹੀਂ ਸਨ। ਜੇ ਉਹ ਵਾਕਿਫ਼ ਹੋਣਾ ਵੀ ਚਾਹੁੰਦੇ ਸਨ ਤਾਂ ਜਾਤੀ ਵਿਤਕਰਾ ਪਾ ਕੇ ਸਿਵਾਏ ਬ੍ਰਾਹਮਣਾਂ ਤੋਂ ਕਿਸੇ ਹੋਰ ਨੂੰ ਨੇੜੇ ਨਹੀਂ ਸਨ ਲਗਣ ਦਿੰਦੇ। ਸੋ ਇਹੀ ਕਾਰਨ ਸੀ ਕਿ ਆਮ ਲੋਕਾਂ ਨੂੰ ਇਸ ਬੋਲੀ ਦਾ ਕੋਈ ਗਿਆਨ ਨਹੀਂ ਸੀ। ਸੋ ਅਜਿਹੇ ਲੋਕਾਂ ਨੂੰ ਚਾਲਾਕ ਬ੍ਰਾਹਮਣਾਂ ਨੇਂ

ਜੋ ਵੀ ਦਸ ਦੇਣਾ ਉਸ ਨੂੰ ਸੱਚਾ ਮੰਨ ਕੇ ਉਹ ਓਹਨਾਂ ਹੀ ਲੀਹਾਂ ਉਤੇ ਤੁਰਨਾਂ ਸ਼ੁਰੂ ਕਰ ਦਿੰਦੇ ਸਨ।*੧*।ਇਹ ਕਿਵੇਂ ਹੋ ਸਕਦਾ ਹੈ? ਇਸਤਰ੍ਹਾਂ ਕਿ ਸੰਸਕ੍ਰਿਤ ਦੇ ਇੱਕੋ ਹੀ ਸ਼ਬਦ ( ਸ਼ਬਦ-ਜੋੜ) ਕਈ ਅਰਥਾਂ ਵਾਸਤੇ ਵਰਤਿਆ ਜਾ ਸਕਦਾ ਹੈ।*੨*। ਸੋ ਇਹ ਸੁਭਾਵਕ ਹੈ ਕਿ ਅਨਪੜ੍ਹ ਲੋਕਾਂ ਨੂੰ ਸਹਿਜੇ ਹੀ ਉਲਝਾਇਆ ਜਾਂਦਾ ਸੀ। ਅਰਥਾਂ ਤੋਂ ਬਿਨਾਂ ਲੋਕਾਂ ਤੋਂ ਆਪਣੀ ਚਾਲਾਕੀ ਨੂੰ ਲੁਕਾਉਣ ਲਈ ਇਹ ਵੀ ਪ੍ਰਭਾਵ ਪਾਇਆ ਜਾਂਦਾ ਸੀ ਕਿ ਅਸਲ ਵਿੱਚ ਉਹ ਉਸ ਬੋਲੀ ਦਾ ਇੱਕ ਮਹਾਨ ਗੁਣ ਸੀ। ਅਲਬਰੂਨੀ ਅਨੁਸਾਰ ਸੰਸਕ੍ਰਿਤ ਦਾ ਇਹ ਸਭ ਤੋਂ ਵਡਾ ਦੋਸ਼ ਸੀ।*੩*।

ਵੇਦਾਂ ਨੂੰ ਦੇਵ ਬਾਣੀ ਮੰਨਣ ਤੋਂ ਅਸੀਂ ਇਸ ਕਰਕੇ ਵੀ ਇਨਕਾਰ ਕਰਦੇ ਹਾਂ ਕਿ ਪ੍ਰਾਪਤ ਗਵਾਹੀਆਂ ਤਾਂ ਇਨ੍ਹਾਂ ਦੇ ਲਿਖੇ ਜਾਣ ਦੇ ਸਮੇਂ ਬਾਰੇ ਵੀ ਸਹੀ ਬਿਆਨ ਦੇਣ ਤੋਂ ਇਨਕਾਰ ਕਰਦੀਆਂ ਹਨ। ਦਾਸ ਗੁਪਤਾ ਅਨੁਸਾਰ "ਸਾਰੇ ਵੇਦ ਕਿਸੇ ਇੱਕ ਇੱਕ ਦੇਵਤੇ ਜਾਂ ਪੀਰ ਪੈਗੰਬਰ ਦੇ ਆਪਣੇ ਨਹੀਂ ਰੱਚੇ ਹੋਏ।" ਇਹੋ ਵਡਾ ਕਾਰਨ ਹੈ ਕਿ ਅਸੀਂ ਇਹਨਾਂ ਵੇਦਾਂ ਦੀ ਬਾਣੀ ਨੂੰ ਦੇਵ ਬਾਣੀ ਨਹੀਂ ਕਹਿ ਸਕਦੇ। ਦਾਸ ਗੁਪਤਾ ਇਸ ਤੋਂ ਅਗੇ ਚਲ ਕੇ ਲਿਖਦਾ ਹੈ ਕਿ ਇਹ ਵੇਦ ਪਹਿਲਾਂ ਤਾ ਜ਼ੁਬਾਨੋਂ ਜ਼ੁਬਾਨੀ ਹੀ ਚਲਦੇ ਰਹੇ ਅਤੇ ਜਦੋਂ ਲਿਖਤੀ ਰੂਪ ਵਿੱਚ ਆਏ ਤਾਂ ਇਹਨਾਂ ਦੇ ਲਿਖੇ ਜਾਣ ਦਾ ਸਮਾਂ

---

*੧* ਆਦ ਸ੍ਰੀ ਗੁਰ ਗ੍ਰੰਥ ਸਾਹਿਬ ਪੰਨਾਂ ੪੬੯

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥

*੨* ਮਹਾਨ ਕੋਸ਼ ਭਾਈ ਸਾਹਿਬ ਕਾਹਨ ਸਿੰਘ ਨਾਭਾ। ਭੂਮਿਕਾ

*3* AlBERUNI'S INDIA VOL.I. EDITED BY Dr.EDWARD C. SACHAN.

Chapter I. P.18 Talking about Sanskrit.

The Hindus, like other people, boast of this enormous range of their language, whilst in reality it is a defect.

(A) A COMPREHENSIVE HISTORY OF INDIA By HENRY BEVERIDGE ESQ. ADVOCATE.

P.17 ..... They are chiefly composed of four works, distinguished by the names of Rig-Veda, Yajur Veda, Sama Veda, and Atharva Veda, written in a form of sanscrit so ancient and so different from its more modern form. that only the more learned of the Brahmins understand them.

ਪਤਾ ਨਹੀਂ ਕਿਹੜਾ ਸੀ। *੧*।

ਸੋ ਵੇਦਾਂ ਦੇ ਫ਼ਲਸਫ਼ੇ ਨੂੰ ਸਾਹਮਣੇ ਰਖਿਆਂ ਸਾਨੂੰ ਪੱਤਾ ਲਗਦਾ ਹੈ ਕਿ ਜੋ ਵਹਿਮਾਂ ਭਰਮਾਂ ਦੀ ਮਾਤਰਾ ਵੇਦਾਂ ਦੇ ਨਾਂ ਉਤੇ ਪ੍ਰਚਾਰੀ ਜਾਂਦੀ ਹੈ ਉਹ ਬਾਅਦ ਵਿੱਚ ਖ਼ੁਦਗਰਜ਼ ਬ੍ਰਾਹਮਣ ਸ਼੍ਰੇਣੀ ਨੇਂ ਹੀ ਜੋੜੀ ਸੀ। ਇਸ ਦੇ ਜੋੜਨ ਦਾ ਕਾਰਨ ਕੀ ਸੀ? ਕਾਰਨ ਅਸੀਂ ਜਿਵੇਂ ਪਹਿਲਾਂ ਵੀ ਦਸ ਚੁਕੇ ਹਾਂ ਕਿ ਉਹ ਬ੍ਰਾਹਮਣ ਸ਼੍ਰੇਣੀ ਦਾ ਰੋਟੀ ਕਮਾਣਾ ਸੀ। ਜੀਵਨ ਦੇ ਹਰ ਪੜਾ ਉਤੇ ਜਨਤਾ ਨੂੰ ਦਾਨ ਦੇਣਾ ਪੈਂਦਾ ਸੀ। ਜਿਵੇਂ ਕਿ ਅਬੁਲ ਫ਼ਜ਼ਲ ਦੇ ਆਈਨ-ਏ-ਅਕੱਬਰੀ ਦੇ ਪੰਨਾਂ ੩੦੧ ਤੋਂ ੩੦੮ ਤੱਕ ਦਾਨ ਨੂੰ ਮੋਟੀਆਂ ਮੋਟੀਆਂ ੪ ਸ਼ੁਕਲਾਂ ਵਿੱਚ ਵੰਡਿਆ ਗਇਆ ਹੈ। ੧) ਈਸ਼ਵਰ ਪੂਜਾ, ੨) ਯੱਗ, ੩) ਦਾਨ ਅਤੇ ੪) ਸ਼ਰਾਧ। ਇਹਨਾਂ ਚਾਰੇ ਤਰੀਕਿਆਂ ਦੇ ਅਗੇ ਅਨੇਕ ਭਾਂਤ ਛੋਟੇ ਛੋਟੇ ਤਰੀਕੇ ਹਨ। ਪਰ ਮੁਦਾ ਸਾਰਿਆਂ ਦਾ ਦਾਨ ਹੀ ਦੇਣਾ ਹੈ। ਉਹ ਦਾਨ ਬ੍ਰਾਹਮਣਾਂ ਦੇ ਹੱਥੋਂ ਹੀ ਦਿੱਤਾ ਗਇਆ ਅਤੇ ਬ੍ਰਾਹਮਣਾਂ ਨੂੰ ਹੀ ਪ੍ਰਾਪਤ, ਭਗਵਾਨ ਨੂੰ ਪ੍ਰਵਾਨ ਸਮਝਿਆ ਜਾਂਦਾ ਸੀ। *੨*।

## ੧. ਈਸ਼ਵਰ ਪੂਜਾ।

ਇਹ ਪੂਜਾ ਚਾਵਲਾਂ, ਫ਼ੁਲਾਂ, ਸੰਦਲ ਦੀ ਲਕੜ ਅਤੇ ਵਧੀਆ ਤੋਂ ਵੱਧੀਆ ਕਿਸਮ ਦੀ ਧੂਪ ਆਦਿਕ ਰਾਹੀਂ ਹੀ ਕੀਤੀ ਜਾਂਦੀ ਸੀ। ਪੂਜਾ ਵਿੱਚ ਸ਼ਾਮਲ ਕੀਤੇ ਜਾ ਚੁਕੇ ਚਾਵਲ ਅਤੇ ਹੋਰ ਸਾਮੱਗਰੀ ਦਾਨ ਵਜੋਂ ਕਿਸੇ ਬ੍ਰਾਹਮਣ ਨੂੰ ਹੀ ਦੇਣੀ ਯੋਗ ਸੀ ਨਹੀਂ ਤਾਂ ਭਗਵਾਨ ਦੇ ਪੂਜਾ ਨੂੰ ਠੁਕਰਾ ਦੇਣ ਦਾ ਖੁਲਮੰਖੁਲਾ ਡਰ ਸੀ।

---

*1* A HISTORY OF INDIAN PHILOSOPHY BY SURINDERANATH DAS GUPTA VOL.I. P.10 VEDAS.

The sacred books of India, the Vedas, are generally believed to be the earliest record of the Indo-European race. It is indeed difficult to say when the earliest portion of these compositions came into existance. Many shrewed guesses have been offered, but none of them can be proved to be incontestably true.

*2* AIN-I-AKBARI OF ABUL FAZL-I-ALLAMI VOL.III. TRANSLATED BY COLONEL H.S. JARRETT.

(Contents of Pages 301 to 308)

In all cases Brahmins and none else.

੨. ਯੱਗ

ਦਾਨ ਦੀ ਇਸ ਵਿੱਧੀ ਅਨੁਸਾਰ ਕਈ ਛੋਟੇ ਛੋਟੇ ਹਵਨ ਆਦਿਕ ਕੀਤੇ ਜਾਂਦੇ ਸਨ। ਇਹਨਾਂ ਯੱਗਾਂ ਦੀ ਸਫ਼ਲਤਾ ਪ੍ਰਾਪਤੀ ਲਈ ਸਮਾਪਤੀ ਸਮੇਂ ਜਾਨਵਰਾਂ ਆਦਿਕ ਦੀਆਂ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਸਨ। ਜਿਵੇਂ ਕਿ ਅਸ੍ਵਮੇਦਵ ਯੱਗ ਦੇ ਸਮੇਂ ਘੋੜੇ ਦੀ ਕੁਰਬਾਨੀ ਦਿੱਤੀ ਜਾਂਦੀ ਸੀ। ਕੁਰਬਾਨ ਕੀਤਾ ਹੋਇਆ ਘੋੜਾ ਕਾਰੀਆ ਕਰਤਾ ਬ੍ਰਾਹਮਣ ਅਤੇ ਉਸਦੇ ਮਾਲਕ ਦੀ ਖੁਰਾਕ ਬਣਿਆ ਕਰਦਾ ਸੀ। *੧*

੩. ਦਾਨ

ਵੱਖੋ ਵੱਖਰੇ ਗਮੀ ਸ਼ਾਦੀਆਂ ਸਮੇਂ ਭਾਂਤ ਭਾਂਤ ਦੀਆਂ ਅਜਿਹੀਆਂ ਰੀਤਾਂ ਸਨ ਕਿ ਜਿਨ੍ਹਾਂ ਰਾਹੀਂ ਅਨੇਕ ਪ੍ਰਕਾਰ ਦੇ ਛੋਟੇ ਮੋਟੇ ਦਾਨ ਦਿੱਤੇ ਜਾਂਦੇ ਸਨ। ਜਿਵੇਂ ਕਿ ਸੋਨਾਂ, ਚਾਂਦੀ, ਕਪੜਾ ਅਤੇ ਅਨਾਜ ਆਦਿਕ। ਤੁਲਾ ਦਾਨ ਉਸ ਸਮੇਂ ਬਹੁਤ ਹੀ ਮਸ਼ਹੂਰ ਸੀ।

੪. ਸ੍ਰਾਧ

ਮਰ ਚੁਕੇ ਪ੍ਰਾਣੀਆਂ ਦੀਆਂ ਆਤਮਾਵਾਂ ਦੀ ਸ਼ਾਂਤੀ ਪ੍ਰਾਪਤੀ ਲਈ ਹਰ ਮਨੁੱਖ ਆਪਣੇ ਆਪਣੇ ਵਿੱਤ ਅਨੁਸਾਰ ਬ੍ਰਾਹਮਣਾਂ ਨੂੰ ਬੁਲਾ ਕੇ ਰੋਟੀ ਖਵਾਇਆ ਕਰਦਾ ਸੀ ਅਤੇ ਖਾਣਾ ਖਵਾਣ ਮਗਰੋਂ ਬਸਤਰ ਅਤੇ ਰੁਪਈਆਂ ਆਦਿਕ ਦੀ ਸਮੱਗਰੀ ਦਾਨ ਵਜੋਂ ਦਿੱਤਾ ਕਰਦਾ ਸੀ।

ਉਪਰ ਦਸੇ ਚਾਰੇ ਕਿਸਮ ਦੇ ਦਾਨ ਬ੍ਰਾਹਮਣਾਂ ਨੂੰ ਬ੍ਰਾਹਮਣਾਂ ਰਾਹੀਂ ਹੀ ਦਿੱਤੇ ਜਾਂਦੇ ਸਨ। *੨*

---

*1* ALBERUNI'S INDIA EDITED BY Dr. EDWARD C. SACHAN
VOL.I. Chapter IXV P.139

A Chapter on the sacrifice.

So, e.g. the Asvamedha, A mare is let freely to wander about in the country grazing, without any body's hindering her. Soldiers follow her, drive her, and cryout before her:" She is the king of the world. He who does not agree let him come forward. The Brahamns ~~xx~~ walk behind her and perform sacrifices to the fire where she casts dung. When she thus wandered about through all parts of the world, she becomes food for the Brahmans and for him whose property she is.

*2* AIN-I-AKBARI OF ABUL FAZL-I-ALLAMI TRANSLATED By COLONEL H.S.JARRETT. VOL.III. Contents of pages 301 to 308

In all cases Brahmins and none else.

ਸੋ ਇਸ ਵਿਚਾਰ ਅਨੁਸਾਰ ਇਹ ਸਾਬਤ ਹੁੰਦਾ ਹੈ ਕਿ ਬ੍ਰਾਹਮਣ ਸ੍ਰੇਣੀ ਨੇਂ ਆਪਣੇ ਆਪ ਨੂੰ ਸਭ ਤੋਂ ਉਚਾ ਰਖਿਆ। ਦੂਜੇ ਸ੍ਰੇਣੀਆਂ ਵਾਲੇ ਸਾਰੇ ਲੋਕ ਆਪਣੇ ਆਪਣੇ ਵਿਤ ਅਨੁਸਾਰ ਤਾਂ ਕਮਾਈ ਕਰਨ ਅਤੇ ਉਸ ਕਮਾਈ ਦਾ ਫ਼ਾਇਦਾ ਬ੍ਰਾਹਮਣ ਸ੍ਰੇਣੀ ਨੂੰ ਹੀ ਪੁਜੇ। ਐਲਬਰੂਨੀ ਤੋਂ ਸਾਨੂੰ ਇਹ ਵੀ ਪੱਤਾ ਲਗਦਾ ਹੈ ਕਿ ਬ੍ਰਾਹਮਣੀਕ ਸਮੇਂ ਵਿੱਚ ਇੱਕ ਬ੍ਰਹਾਮਣ ਵੱਧ ਤੋਂ ਵੱਧ ਚਾਰ ਇਸਤ੍ਰੀਆਂ ਰੱਖ ਸਕਦਾ ਸੀ, ਇੱਕ ਕੁਸ਼ਤ੍ਰੀ ਤਿੰਨ, ਇੱਕ ਵੈਸ਼ ਦੋ ਅਤੇ ਇੱਕ ਸੂਧਰ ਕੇਵਲ ਇੱਕ ਹੀ ਇਸਤ੍ਰੀ ਰੱਖ ਸਕਦਾ ਸੀ।*੧*। ਇਸਦੇ ਨਾਲ ਹੀ ਬੱਚਾ ਪੈਦਾ ਹੋਣ ਮਗਰੋਂ ਉਸ ਘਰ ਵਿੱਚ ਕੋਈ ਦੀਵਾ, ਬੱਤੀ ਆਦਿਕ ਨਹੀਂ ਬਲਣਾ ਚਾਹੀਦਾ। ਅਤੇ ਨ ਹੀ ਉਸ ਘਰ ਵਿੱਚ ਕੁਝ ਖਾਧਾ ਪੀਤਾ ਜਾਣਾ ਚਾਹੀਦਾ ਹੈ। ਇਹ ਸਮਾਂ ਇੱਕ ਬ੍ਰਾਹਮਣ ਲਈ ੮ ਦਿੰਨ, ਇੱਕ ਕਸ਼ਤਰੀ ਲਈ ੧੨ ਦਿੰਨ ਇੱਕ ਵੈਸ਼ ਲਈ ੧੫ ਦਿੰਨ ਅਤੇ ਇੱਕ ਸੂਧਰ ਲਈ ੩੦ ਦਿੰਨ ਦਾ ਮਿਥਿਆ ਹੋਇਆ ਸੀ। *੨*।

ਸੋ ਇਸ ਸਾਰੀ ਵਿਚਾਰ ਤੋਂ ਇਹ ਭਲੀ ਪ੍ਰਕਾਰ ਸਿਧ ਹੋ ਜਾਂਦਾ ਹੈ ਕਿ ਬ੍ਰਾਹਮਣ ਨੇਂ ਧਰਮ ਨੂੰ ਆਪਣੇ ਸਵਾਰਥ ਅਨੁਸਾਰ ਹੀ ਢਾਲਿਆ ਹੋਇਆ ਸੀ।

ਜਦੋਂ ਇਸ ਪ੍ਰਕਾਰ ਸਾਰੀ ਜਨਤਾ ਧਰਮ ਨੂੰ ਇੱਕ ਹਊਆ ਸਮਝਣ ਲਗੀ ਅਤੇ ਮਾਨਸਕ ਹੀਣਤਾ ਕਾਰਨ ਧਰਮ ਦੇ ਵਡੇ ਖ਼ਲਜਗਣ ਵਿੱਚ ਫ਼ਸ ਗਈ ਤਾਂ ਇਹਨਾਂ ਪ੍ਰਚਾਰਕ ਲੋਕਾਂ ਨੇਂ ਧਰਮ ਨੂੰ ਇੱਕ ਖਿਡੌਣਾ ਬਣਾ ਲਇਆ।

---

*1* ALBERUNI'S INDIA VOL.I EDITED BY DR. EDWARD C. SACHAN CHAPTER LXIX. P.155

Some hindus think that the number of the wives depends upon the caste; that, accordingly a Brahaman may take four, a Kshatriya three, a Vaisya two wives and a Sudra one.

*2* Ibid CHAPTER OXIX. P.156

As long as woman ia in childbed, she does not touch any vessel, and nothing is eaten in her house nor does the Brahman light there a fire. These days are eight for the Brahman, twelve for the Kshatriya, fifteen for the Vaisya and thirty for the Sudra.

ਸੋ ਧਰਮ ਦੋ ਤਰ੍ਹਾਂ ਕੁਮਸ਼ੀਲ ਹੋਇਆ:- ਆਮ ਜਨਤਾ ਲਈ ਤਾਂ ਇਹ ਧਰਮ ਹਾਕਮ ਬਣ ਗਇਆ ਪਰ ਪੁਜਾਰੀ ਸ਼੍ਰੇਣੀ ਲਈ ਇਹ ਧਰਮ ਇੱਕ ਗੁਲਾਮ ਦੀ ਸ਼ਕਲ ਧਾਰਨ ਕਰ ਗਇਆ। ਇਸ ਸ਼੍ਰੇਣੀ ਦਾ ਇਸ ਅਨੁਸਾਰ ਆਰਾਮ ਅਤੇ ਐਸ਼ ਵਿੱਚ ਰਹਿਣਾ ਹੀ ਧਰਮ ਸੀ, ਜਿਸ ਦੀ ਪੇਟ ਪੂਰਤੀ, ਉਪਰ ਦਸੀ ਜਾ ਚੁਕੀ ਭੁਲੀ ਭਟਕੀ ਹੋਈ ਜਨਤਾ ਹੀ ਕਰਿਆ ਕਰਦੀ ਸੀ। ਗੁਰੂ ਨਾਨਕ ਸਾਹਿਬ ਦੇ ਇਸ ਵਿਚਾਰ ਅਨੁਸਾਰ ਸਾਨੂੰ ਪੂਰੀ ਤਸਵੀਰ ਮਿਲ ਜਾਂਦੀ ਹੈ ਕਿ:-

ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆਂ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ॥

ਮ:੧ (ਪੰਨਾਂ ੪੬੫)
ਆਦਿ ਗ੍ਰੰਥ

ਇਸ ਪੜਾ ਉਤੇ ਧਰਮ ਨੂੰ ਪ੍ਰਚਾਰਨ ਵਾਲੇ ਖ਼ੁਦਗਰਜ਼ ਅਤੇ ਨੀਚ ਸਾਬਤ ਹੋਏ ਅਤੇ ਧਰਮ ਦੇ ਪਿਛੇ ਟੁਰਨ ਵਾਲੇ ਅਨਪੜ੍ਹ, ਜਾਹਲ, ਗਵਾਰ ਅਤੇ ਵਹਿਮਾਂ ਭਰਮਾਂ ਦੇ ਮਾਰੇ ਹੋਏ। ਸੋ ਦੋਵੇਂ ਹੀ ਆਪਣੇ ਠੀਕ ਰਸਤੇ ਤੋਂ ਖੁੰਝੇ ਹੋਏ ਸਨ।*੧*। ਖ਼ੁਦਗਰਜ਼ੀ ਦੀ ਲਪੇਟ ਵਿੱਚ ਹੋਣ ਕਾਰਨ ਧਰਮ ਦੀ ਠੇਕੇਦਾਰ ਸ਼੍ਰੇਣੀ ( ਬ੍ਰਾਹਮਣ) ਨੂੰ ਮੁਸਲਮਾਨਾਂ ਦੇ ਵਿਸ਼ੇ ਵਿਕਾਰਾਂ ਦੇ ਸਾਹਮਣੇ ਝੁਕਣਾ ਹੀ ਪੈਂਦਾ ਸੀ। ਇਸਦਾ ਫਲ ਸਰੂਪ ਉਹ ਮੁੜਕੇ ਸੂਦਰਾਂ ਨੂੰ ਲਤਾੜਦੇ ਸਨ।*੨*।

---

*1* THE GOSPEL OF THE GUGU-GRANTH SAHIB By DUNCAN GREENLEES.
P.XVIII

Thus the people were ignorant and indifferent, their priests selfish and careless; both alike were sunk in meaningless rites and superstitions.

*2* Ibid P.XIX.

As the Muslim treated them, so the upper castes in turn treated the Sudras and untouchables; they had no swords or the right to slay at will, but they murdered them with hatred, contempt and social exclusion.

-.-.-.-.-

ਸੋ ਇਹ ਸਿਧ ਹੋ ਜਾਂਦਾ ਹੈ ਕਿ ਧਰਮ ਨੂੰ ਗਲਤ ਤਰੀਕਿਆਂ ਰਾਹੀਂ ਪ੍ਰਚਾਰਿਆ ਜਾਂਦਾ ਸੀ। ਧਰਮ ਦੀ ਹਰ ਹਰਕਤ ਚੰਦ ਕੁ ਲੋਕਾਂ ਦੇ ਹਿਤਾਂ ਦੀ ਹੀ ਪਾਲਣਾ ਕਰਦੀ ਸੀ। ਜਿਨ੍ਹਾਂ ਦੀ ਕਟੜਤਾ*੧*) ਤੋਂ ਲੋਕਾਂ ਨੂੰ ਛੁਟਕਾਰੇ ਦੀ ਲੋੜ ਸੀ। ਇਸ ਸਾਰੇ ਵਾਰਤਾਲਾਪ ਨੂੰ ਗੁਰੂ ਨਾਨਕ ਸਾਹਿਬ ਨੇ ਝੂਠ ਦਸਿਆ ਹੈ।*੨*।

## ਇਸਲਾਮ।

ਹਿੰਦੂ ਧਰਮ ਦੀ ਅਧੋਗਤੀ ਦੇ ਮੁਕਾਬਲੇ ਇਸਲਾਮ ਦੀ ਵੀ ਕੋਈ ਚੰਗੀ ਹਾਲਤ ਨਹੀਂ ਸੀ। ਦੋਸ਼ਾਂ ਦੀ ਗਿਣਤੀ ਤਕਰੀਬਨ ਦੋਹਾਂ ਹੀ ਧਰਮਾਂ ਵਿੱਚ ਬਰਾਬਰ ਦੀ ਸੀ। ਮੁਸਲਮਾਨ ਲੋਕ ਜੋ ਬਾਹਰੋਂ ਜੇਤੂ ਦੇ ਰੂਪ ਵਿੱਚ ਆਏ ਸਨ ਉਹ ਆਪਣੀ ਥਾਂ ਬਣਾਣ ਦੀ ਖ਼ਾਤਰ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਧਰਮ ਦੀ ਵਲਗਣ ਵਿੱਚ ਲਿਆਣਾ ਚਾਹੁੰਦੇ ਸਨ ਤਾਂ ਜੋ ਉਹਨਾਂ ਦਾ ਰਾਜ ਸੁਰਖਿਅਤ ਹੋ ਸਕੇ। ਉਹ ਇਹ ਕਦਾਚਿਤ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਮੁਸਲਮਾਨੀ ਧਰਮ (ਇਸਲਾਮ) ਦੇ ਰੂ-ਬਰੂ ਕੋਈ ਹੋਰ ਧਰਮ ਵੀ ਕੁਦਰਤ ਦੀਆਂ ਬਾਰਾਂ ਵਿੱਚ ਫਲੇ ਫੁਲੇ। ਉਹ ਕੱਟੜ-ਪੰਥੀ ਸਨ। *੩*। ਰਾਜ ਦਰਬਾਰ ਵਿੱਚ ਨਿਆਂ ਕੁਰਾਨ ਦੀਆਂ ਆਇਤਾਂ ਦੇ ਆਧਾਰ ਉਤੇ ਕੀਤਾ ਜਾਂਦਾ ਸੀ। ਹਰ ਦੂਜੇ ਧਰਮ ਦੇ

---

*1* WORLD RELIGIONS BY BENSON Y. LANDIS

Pp. 118-19

..... Nanok's parents were orthodox Hindus, and as a boy he found himself protesting against the rigidities of Brahaminism and the whole caste system.

*1A** A SHORT HISTORY OF INDIA BY W.H.MORELAND & A.C.CHATTERJEE.

P.195

..... which at any rate familiarised them with an outlook different in essentials from the orthodox teaching of the Brahmans.

*2* A HISTORY OF THE SIKHS. BY J.D. CANNAINGHAM.

P. 37 .....Similarly, the heart of the pious Nanak sought hopelessly for a resting-place amid the conflicting creeds and practices of men. All was error, he said.

*3* THE GOSPEL OF THE GURU-GRANTH SAHIB BY DUNCAN GREENLEES.

P.XXI. The Muslims.

They were excessively intolerant and fanatical, to such an extent that Alaudin would allow Hindus to keep only enough corn and coarse cloth for six months;

ਅਣੁਆਈ ਨੂੰ ਉਹ ਆਪਣਾ ਗੁਲਾਮ ਸਮਝਿਆ ਕਰਦੇ ਸਨ। ਜਿਵੇਂ ਕਿ ਹਿੰਦੂ ਧਰਮ ਬਾਰੇ ਵਿਚਾਰ ਕਰਦਿਆਂ ਹੋਇਆਂ ਅਸੀਂ ਕਹਿ ਚੁਕੇ ਹਾਂ ਕਿ ਮੁਸਲਮਾਨ ਧਰਮ (ਇਸਲਾਮ) ਇੱਕ ਜਾਬਰ ਧਰਮ ਸੀ। ਮੰਦਰਾਂ ਅਤੇ ਠਾਕੁਰਦੁਆਰਿਆਂ ਦੀ ਥਾਂ ਉਨ੍ਹਾਂ ਨੇਂ ਮਸੀਤਾਂ ਉਸਾਰ ਦਿੱਤੀਆਂ ਅਤੇ ਵੇਦਾਂ ਅਤੇ ਹੋਰ ਧਾਰਮਕ ਪੋਥੀਆਂ ਦੀ ਥਾਂ ਉਨ੍ਹਾਂ ਦੇ ਕੁਰਾਨ ਨੇਂ ਲੈ ਲਈ। ਇਨਾਂ ਹੀ ਨਹੀਂ ਮੁਸਲਮਾਨ ਰਾਜੇ ਲਗਦੀ ਵਾਹ ਇਥੇ ਤੱਕ ਵੀ ਕੋਸ਼ਿਸ਼ ਕਰਿਆ ਕਰਦੇ ਸਨ ਕਿ ਉਹਨਾਂ ਦੇ ਰਾਜ ਵਿੱਚ ਵਸਦੇ ਹੋਏ ਲੋਕ ਉਨ੍ਹਾਂ ਦੀਆਂ ਰਸਮਾਂ ਰੀਤਾਂ ਅਤੇ ਪਹਿਰਾਵਾ ਅਪਨਾਉਣ।

ਸੂਫ਼ੀ ਮੱਤ ਦੇ ਪੈਦਾ ਹੋਣ ਦਾ ਸਿਧਾ ਕਾਰਨ ਹੀ ਇਹੋ ਸੀ। ਮੁਗਲ ਅਤੇ ਅਫ਼ਗਾਨ ਰਾਜੇ ਜਿਥੇ ਜੁਲਮ ਅਤੇ ਜਬਰ ਦਾ ਸਹਾਰਾ ਲੈਣਾ ਚਾਹੁੰਦੇ ਸਨ ਉਥੇ ਸੂਫ਼ੀ ਮੱਤ ਦੇ ਸਚੰਾਲਕ ਅਤੇ ਪੈਰੋਕਾਰ ਧਰਮ ਅਤੇ ਪਿਆਰ ਦਾ ਸਹਾਰਾ ਲੈਣਾ ਚਾਹੁੰਦੇ ਸਨ।

ਇਕੁ ਫਿਕਾ ਨਾ ਗਾਲਾਇ ਸਭਨਾਂ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥੧੨੯॥

ਬਾਬਾ ਫ਼ਰੀਦ(ਪੰਨਾਂ ੧੩੮੪)
ਆਦਿ ਗ੍ਰੰਥ

ਇਸ ਤੁਕ ਤੋਂ ਸਪੱਸ਼ਟ ਹੋ ਜਾਂਦਾ ਹੈ, ਕਿ ਮੁਗਲ ਰਾਜ, ਆਪਣੇ ਅਧੀਨ ਵਸਣ ਵਾਲੇ ਹੋਰ ਧਰਮਾਂ ਦੇ, ਪੈਰੋਕਾਰਾਂ ਨੂੰ ਕਰੜੀ ਨਜ਼ਰ ਨਾਲ ਵੇਖਿਆ ਕਰਦਾ ਸੀ ਅਤੇ ਬ੍ਰਾਹਮਣਾਂ ਵਾਂਗੂੰ, ਮੁਲਾਂ ਮੁਲਾਂਣਿਆਂ ਦੀਆਂ ਦਸੀਆਂ ਹੋਈਆਂ ਗਲਤ ਗਲਾਂ ਅਨੁਸਾਰ ਉਨ੍ਹਾਂ ਧਰਮਾਂ ਨੂੰ ਆਪਣਾ, ਵਿਰੋਧੀ ਅਤੇ ਗਲਤ ਸਮਝਿਆ ਕਰਦਾ ਸੀ।*੧*

ਸੋ ਮੁਗਲ ਰਾਜੇ [redacted] ਆਪਣੇ ਆਪ ਨੂੰ ਬਹੁਤ ਉਚੇਰਾ ਸਮਝਦੇ ਸਨ ਅਤੇ ਦੂਜਿਆਂ ਲੋਕਾਂ ਨੂੰ ਨੀਵਾਂ। ਇਹਨਾਂ ਦੇ ਨਾਲ ਲਗਦੀ ਅਮੀਰ ਸ਼੍ਰੇਣੀ ਵੀ ਗਰੀਬਾਂ ਨੂੰ ਉਵੇਂ ਹੀ ਘਿਰਣਤ ਨਜ਼ਰਾਂ ਨਾਲ ਵੇਖਿਆ ਕਰਦੀ ਸੀ। ਗੁਰੂ ਸਾਹਿਬ ਦੀ ਬਾਣੀ

---

*1* THE GOSPEL OF THE GURU-GRANTH SAHIB BY DUNCAN GREENLEES.
P. ________

... .their mullas being in no way more spiritual or religious than the Brahmins of their neighbours, and ignoring both the principle of the Quran and all the human laws of the Shariat. They throve on on the self-assertion which their own brutality had made possible for them, regarded the non-Muslims as existing solely for their own pleasure as slaves, or worse, and so themselves degenerated swiftly.

ਇਸ ਦਾ ਜੀਉਂਦਾ ਜਾਗਦਾ ਪ੍ਰਮਾਣ ਹੈ। *੧*। ਉਸ ਸਮੇਂ ਦੀ ਇਹ ਉਚ ਸ੍ਰੇਣੀ ਆਪਣੇ ਅਸਲੇ ਨੂੰ ਭੁਲ ਕੇ ਅਸਥਿੱਰ ਨੂੰ ਸਥਿੱਰ ਅਤੇ ਨਾਸ੍ਵਮਾਨ ਨੂੰ ਅਵਿਨਾਸ੍ਵਕਾਰੀ ਜਾਣ ਕੇ ਆਪਣਾ ਜੀਵਨ ਜੀਅ ਰਹੀ ਸੀ।

ਗੁਰੂਆਂ ਅਤੇ ਭਗਤਾਂ ਦੀ ਅਗਵਾਈ ਵਿੱਚ ਧਰਮ।

ਪੰਜਾਬ ਵਿੱਚ ਬ੍ਰਾਹਮਣਾਂ ਅਤੇ ਮੁਗਲ ਰਾਜ ਦੇ ਕ੍ਰਮਚਾਰੀਆਂ ਨੇਂ ਜਨਤਾ ਨੂੰ ਵਹਿਮਾਂ ਭਰਮਾਂ ਅਤੇ ਦੁੱਖਾਂ ਕਲੇਸ੍ਹਾਂ ਦੀ ਭੱਠੀ ਵਿੱਚ ਝੋਕਿਆ ਹੋਇਆ ਸੀ। ਇਹ ਲੋਕ ਆਪੋ ਆਪਣੇ ਨੀਚ ਢੰਗਾਂ ਦੁਆਰਾ ਆਪਣੀ ਪੇਟ ਪੂਰਤੀ ਕਰ ਰਹੇ ਸਨ। ਓਹਨਾਂ ਲਈ ਮਨੁੱਖ ਦੀ ਕੀਮਤ ਖਤਮ ਹੋ ਚੁਕੀ ਸੀ। ਜੋ ਮਾੜਾ ਜਾਂ ਚੰਗਾ ਨਿਜੀ ਕ੍ਰਮ ਉਨ੍ਹਾਂ ਦੀ ਹਵਸ ਨੂੰ ਮਿੱਟਾ ਸਕਿਆ ਓਹੀ ਉਤਮ ਸੀ। *੨*। ਖ਼ੁਦਗਰਜ਼ੀ ਅਤੇ ਹੰਕਾਰ ਦੀ ਲਪੇਟ ਵਿੱਚ ਆਕੇ ਅਸਲੋਂ ਉਹ

ਦੁਖੁ ਖਾਵਹਿ ਦੁਖੁ ਸੰਚਹਿ, ਭੋਗਹਿ ਦੁਖ ਕੀ ਬਿਰਧਿ ਵਧਾਈ॥
ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ॥੨॥
ਰਾਗੁ ਆਸਾ ਛੰਤ ਮਹਲਾ ੪ ਘਰੁ ੧
( ਪੰਨਾਂ੪੪੨ ) ਆਦਿ ਗ੍ਰੰਥ

ਮਿੱਠਾ ਮਹੁਰਾ ਅਤੇ ਸੁਖਾਂ ਦੀ ਲਪੇਟ ਵਿੱਚ ਦੁਖਾਂ ਦਾ ਜੀਵਨ ਜੀਅ ਰਹੇ ਸਨ। ਗੁਰੂ ਅਤੇ ਸੂਫ਼ੀ ਭਗਤ ਇਹ ਚਾਹੁੰਦੇ ਸਨ ਕਿ ਜਦੋਂ ਇਹ ਲੋਕ ਧਰਮ ਦੀਆਂ

---

*੧* ਰਾਗੁ ਆਸਾ ਛੰਤੁ ਮਹਲਾ ੪ ਮਰੁ ੧ ਆਦਿ ਗ੍ਰੰਥ ਪੰਨਾਂ ੪੪੨.

ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ॥ ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ॥ ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ॥ ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰਿ ਭਵਾਇਆ॥

*੨* "ਪੰਜਾਬ" ਸੰਪਾਦਕ ਮਹਿੰਦਰ ਸਿੰਘ ਰੰਧਾਵਾ ਪੰਨਾਂ ੩੩੩

....ਪ੍ਰਮਾਣ ਵਜੋਂ ਗੁਰੂਆਂ ਤੇ ਸੂਫੀਆਂ ਨੇਂ ਲਗਾਤਾਰ ਪਰੇਰਨਾਂ ਦਿਤੀ ਕਿ ਪੰਜਾਬ ਵਿਚ ਵਸਣ ਵਾਲੇ ਵਖੋ ਵਖ ਮਜ਼ਹਬਾਂ ਦੇ ਪੈਰੋਕਾਰ ਆਪਣੇ ਅਸਲ ਹਿਤਾਂ ਦੀ ਸਾਂਝ ਨੂੰ ਮੁਖ ਰਖਦੇ ਹੋਏ, ਪਰਸਪਰ ਵੈਰ-ਵਿਰੋਧਾਂ ਤੋਂ ਉਤਾਂਹ ਉਠਣ ਤੇ ਰਲ-ਮਿਲ ਕੇ ਅਮਨ ਨਾਲ ਜੀਉਣ।

*੨*(ੳ) ਉਪਰਲੀ ਪੁਸਤਕ ਪੰਨਾਂ ੩੪੭) ...ਹਿੰਦੂਆਂ ਮੁਸਲਮਾਨਾਂ ਦੀ ਪਰਸਪਰ ਖਿਚੋਤਾਣ ਤੇ ਤਅਸਬ ਦੋਹਾਂ ਸ੍ਰੇਣੀਆਂ ਤੇ ਆਗੂਆਂ ਦੇ ਹਿਤਾਂ ਨੂੰ ਪਾਲਦੀ ਸੀ।

ਗਲਤ ਲੀਹਾਂ ਤੋਰਨ ਤੋਂ ਮੁੜ ਜਾਣ। ਗੁਰੂਆਂ ਅਤੇ ਸੂਫ਼ੀ ਭਗਤਾਂ ਦਾ ਇਹ ਟੀਚਾ ਸੀ ਕਿ ਰਾਜ, ਮੁਸਲਮਾਨ ਅਤੇ ਬ੍ਰਾਹਮਣ ਸ਼੍ਰੇਣੀਆਂ ਵਿੱਚੋਂ, ਖਿਚੋਤਾਣ ਕਢ ਕੇ ਉਨ੍ਹਾਂ ਨੂੰ ਇੱਕ ਅਜਿਹਾ ਸਿਹਤਮੰਦ ਸਰਤਾ ਦਿੱਤਾ ਜਾਵੇ ਕਿ ਜਿਸ ਨਾਲ ਉਨ੍ਹਾਂ ਦੇ ਜੀਵਨ ਅਤੇ ਸਮਾਜ ਵਿੱਚ ਖ਼ੁਸ਼ਹਾਲੀ ਆਵੇ।*੧*।

ਸੋ ਹਿੰਦੂ ਜਨਤਾ ਵਿੱਚ ਇਸ ਸੁਧਾਰ ਦੀ ਲਹਿਰ ਨੂੰ, ਗੁਰੂ ਸਾਹਿਬਾਂ ਨੇਂ ਆਪਣੇ ਸਾਹਿਤ ਅਤੇ ਨਿਜੀ ਜੀਵਨ ਅਤੇ ਮੁਸਲਮਾਨ ਜਨਤਾ ਵਿੱਚ ਸੂਫ਼ੀ ਭਗਤਾਂ ਨੇਂ ਆਪਣੇ ਸਾਹਿਤ ਅਤੇ ਨਿਜੀ ਜੀਵਨ ਦੁਆਰਾ ਪ੍ਰਬਲ ਕੀਤਾ।*੨*

---

*੧*"ਪੰਜਾਬ" ਸੰਪਾਦਕ ਮਹਿੰਦਰ ਸਿੰਘ ਰੰਧਾਵਾ ਪੰਨਾਂ੩੩੩

.....ਗੁਰੂ ਅਤੇ ਸੂਫ਼ੀ ਆਪਣੇ ਸਮੇਂ ਦੇ ਕੱਟਰ ਪੰਥੀ ਲੋਕਾਂ ਦਾ, ਜਿਨ੍ਹਾਂ ਦਾ ਕਰਤੱਵ ਜਨਤਾ ਵਿੱਚ ਖਿਚੋਤਾਣ ਵਧਾ ਕੇ ਅਮਨ ਨੂੰ ਡੁਲਾਉਣਾ ਹੁੰਦਾ ਸੀ, ਅਜਿਹੇ ਜ਼ੋਰ ਅਤੇ ਦਲੇਰੀ ਨਾਲ ਖੰਡਨ ਕਰਦੇ ਰਹੇ ਹਨ ਕਿ ਅਜ ਦੇ ਕੱਟਰਪੰਥੀਆਂ ਦੀ ਨਿਖੇਧੀ ਕਰਨ ਵਾਸਤੇ ਉਨ੍ਹਾਂ ਨੂੰ ਗੁਰੂਆਂ ਤੇ ਸੂਫੀਆਂ ਦੀ ਕਸੌਟੀ ਤੇ ਪਰਖਣਾ ਉਨ੍ਹਾਂ ਦਾ ਵਕਾਰ ਘਟਾਉਣ ਵਿੱਚ ਨਿਹਾਇਤ ਮੁਫੀਦ ਸਾਬਤ ਹੋ ਚੁਕਾ ਹੈ।

*੨* ਉਪਰਲੀ ਪੁਸਤਕ ਪੰਨਾਂ ੩੪੭

.... ਪੰਜਾਬ ਦੇ ਮੁਸਲਮਾਨ ਬਣ ਚੁਕੇ ਲੋਕਾਂ ਵਿੱਚ ਜੋ ਮੌਲਵੀ, ਕਾਜ਼ੀ ਰੱਬ ਨਾਲ ਇਸ਼ਕ ਤੇ ਇਨਸਾਨਾਂ ਨਾਲ ਰਵਾਦਾਰੀ ਦੀ ਬਜਾਏ ਫੋਕਾ ਕ੍ਰਮ ਕਾਂਡ ਤੇ ਕੱਟੜਪੁਣਾ ਫੈਲਾ ਰਹੇ ਸਨ ਉਨ੍ਹਾਂ ਦੇ ਦੰਭ ਨੂੰ ਉਘਾੜਨ ਲਈ ਮੁਸਲਮਾਨ ਸੂਫੀ ਹੀ ਭਲੀ ਭਾਂਤ ਸਫਲ ਹੋ ਸਕਦੇ ਸਨ। ਦੂਜੇ ਪਾਸੇ ਹਿੰਦੂ ਧਾਰਮਕ ਅਧਿਕਾਰੀਆਂ, ਬ੍ਰਾਹਮਣਾਂ, ਜੋਗੀਆਂ ਜੈਨੀਆਂ ਆਦਿਕ ਦੇ ਪੰਜਿਆਂ ਵਿੱਚੋਂ ਗੈਰ ਮੁਸਲਮ ਜਨਤਾ ਨੂੰ ਕਢਣ ਦੀ ਜ਼ਿਮੇਵਾਰੀ ਸਿਖ ਗੁਰੂਆਂ ਨੇਂ ਆਪਣੇ ਸਿਰ ਲਈ।

ਗੁਰੂ ਰਾਮਦਾਸ ਸਾਹਿਬ ਜੀ ਨੇ ਵੀ ਪਹਿਲੇ ਗੁਰੂਆਂ ਵਾਂਗ ਜਨਤਾ ਸਾਹਮਣੇ ਇਹ ਸਿਧ ਕੀਤਾ ਕਿ ਗੁਰੂ ਅਤੇ ਉਸਦਾ ਸਿੱਖਇੱਕ ਸਰੂਪ ਹਨ ਦੋ ਨਹੀਂ।

ਗੁਰੁ ਸਿਖੁ ਸਿਖੁ ਗੁਰੁ ਹੈ ਏਕੋ ਗੁਰ ਉਪਦੇਸੁ ਚਲਾਏ॥
ਰਾਮਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥

ਰਾਗੁ ਆਸਾ ਛੰਤ ਮਹਲਾ ੪ ਘਰੁ ੧
(ਪੰਨਾਂ ੪੪੪)ਆਦਿ ਗ੍ਰੰਥ

ਦੂਜੇ ਪਾਸੇ ਸੂਫੀ ਭਗਤਾਂ ਨੇ ਜਨਤਾ ਨੂੰ ਦ੍ਰਿੜ ਕਰਵਾਇਆ ਕਿ ਪ੍ਰਭੂ ਤਾਂ ਆਪ ਕਹਿੰਦਾ ਹੈ,, "ਤੁਸੀਂ ਮੇਰੇ ਹੋ ਸਕਦੇ ਹੋ।"

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥੯੫॥

ਬਾਬਾ ਫ਼ਰੀਦ (ਪੰਨਾਂ ੧੩੮੨ )
ਆਦਿ ਗ੍ਰੰਥ

ਅਤੇ

ਇਹ ਵੀ ਪ੍ਰਚਾਰ ਕੀਤਾ ਕਿ ਪ੍ਰਭੂ ਤੋਂ ਬਿਨਾਂ ਸੰਸਾਰ ਵਿੱਚ ਕੁਝ ਵੀ ਨਹੀਂ। ਹਰ ਸੁਜੀਵ ਜਾਂ ਨਿਰਜੀਵ ਵਸਤੂ ਵਿੱਚ ਪ੍ਰਭੂ ਸਮਾਇਆ ਹੋਇਆ ਹੈ।

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥੭੫॥

ਬਾਬਾ ਫ਼ਰੀਦ(ਪੰਨਾਂ ੧੩੮੧ )
ਆਦਿ ਗ੍ਰੰਥ

ਸੂਫੀ ਭਗਤਾਂ ਨੇ ਜਨਤਾ ਨੂੰ ਇਹ ਵੀ ਦ੍ਰਿੜ ਕਰਵਾ ਦਿੱਤਾ ਕਿ ਉਹ ਅਪਾਰ, ਅਨੰਤ, ਅਨਾਦ, ਅਗਾਧ, ਅਸੀਮ,ਅਤੇ ਅਥਾਹ ਸ਼ਕਤੀ ਪ੍ਰਭੂ ਨੂੰ ਬਿਨਾਂ ਕਿਸੇ ਅਸਾਧਾਰਣ ਆਸਣ ਅਤੇ ਕਰਮ ਕਾਂਡ ਦੇ ਪ੍ਰਾਪਤ ਕੀਤਾ ਜਾ ਸਕਦਾ ਹੈ। ਲੋੜ ਕੇਵਲ ਆਪਣੇ ਹਿਰਦੇ ਨੂੰ ਸਵੱਛ ਕਰਨ ਅਤੇ ਉਸਦੀਆਂ ਡੂੰਘਾਈਆਂ ਵਿੱਚ ਉਤਰਨ ਦੀ ਲੋੜ ਹੈ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥੧੯॥

ਬਾਬਾ ਫ਼ਰੀਦ ( ਪੰਨਾਂ ੧੩੭੮)
ਆਦਿ ਗ੍ਰੰਥ

ਸੋ ਗੁਰੂਆਂ ਅਤੇ ਸੂਫ਼ੀ ਭਗਤਾਂ ਨੇ ਧਰਮ ਨੂੰ ਸਹਿਲਾ ਅਤੇ ਆਮ ਲੋਕਾਂ

ਦੀ ਪਹੁੰਚ ਗੋਚਰਾ ਕੀਤਾ। ਇਹਨਾਂ ਸੁਧਾਰਕਾਂ ਨੇਂ ਕਿਸੇ ਧਰਮ ਨੂੰ ਨਿੰਦਿਆ ਨਹੀਂ/ਸਗੋਂ ਦੋਨਾਂ ਧਰਮਾਂ ਵਿੱਚ ਚਲ ਰਹੇ ਕੱਟੜਪਣੇ ਨੂੰ ਕਢ ਕੇ ਸਹੀਂ ਰਸਤਾ ਦਸਣ ਦੀ ਕੋਸ਼ਿਸ਼ ਕੀਤੀ। ਲੋਕਾਂ ਨੂੰ ਚੇਤੰਨ ਕੀਤਾ ਕਿ ਧਰਮ ਕੀ ਹੈ ਅਤੇ ਧਰਮ ਦੀ ਸਾਡੇ ਜੀਵਨ ਵਿੱਚ ਕੀ ਲੋੜ ਹੈ? ਧਰਮ ਦੀ ਪੂਜਾ ਮੁਕਤੀ ਪ੍ਰਾਪਤੀ ਦਾ ਇੱਕ ਸਾਧਨ ਹੋ ਸਕਦਾ ਹੈ ਪਰ ਆਪਣੇ ਆਪ ਵਿੱਚ ਕੋਈ ਮੁਕਤੀ ਨਹੀਂ।

ਇਸ ਉਪ੍ਰੋਕਤ ਵਿਚਾਰ ਦੇ ਆਧਾਰ ਉਤੇ ਅਸੀਂ ਕਹਿ ਸਕਦੇ ਹਾਂ ਕਿ ਸਿਖ ਧਰਮ ਹਿੰਦੂ ਅਤੇ ਇਸਲਾਮ ਦੇ ਚੰਗੇ ਅਸੂਲਾਂ ਦਾ ਇੱਕ ਗੁਲਦਸਤਾ ਨਹੀਂ ਸਗੋਂ ਉਸ ਪੁਰਾਣੀ ਧਰਤੀ ਉਤੇ ਇੱਕ ਨਵੀਂ ਫੁਲਵਾੜੀ ਪੈਦਾ ਹੋਈ ਹੈ। ਇਹ ਹਿੰਦੂ ਅਤੇ ਇਸਲਾਮ ਦਾ ਸੁਮੇਲ ਨਹੀਂ ਸਗੋਂ ਮਨੁੱਖਤਾ ਨੂੰ ਸਿਧੇ ਰਸਤੇ ਲਿਆਉਣ ਲਈ ਇੱਕ ਨਵੀਂ ਲੀਹ ਹੈ। *੧*।

## ਸਮਾਜਕ ਹਾਲਤ । (Social conditions)

ਜਿਵੇਂ ਕਿ ਅਸੀਂ ਧਾਰਮਕ ਹਾਲਤਾਂ ਵਿੱਚ ਭਲੀ ਪ੍ਰਕਾਰ ਵਿਚਾਰ ਆਏ ਹਾਂ ਕਿ ਜਨਤਾ ਧਰਮ ਦੇ ਪ੍ਰਚਾਰਕਾਂ ਅਤੇ ਧਰਮ ਆਪ ਓਹਨਾਂ ਪ੍ਰਚਾਰਕਾਂ ਦੇ ਹੱਥਾਂ ਵਿੱਚ ਇੱਕ ਖਿਡੌਣਾਂ ਬਣ ਰਹਿਆ ਸੀ। ਸੋ ਸਮਾਜ ਇੱਕੋ ਅੱਧੋਗਤੀ ਵਿੱਚੋਂ ਦੀ ਲੰਘ ਰਹਿਆ ਸੀ। ਹਰ ਮਨੁੱਖ ਦੂਜੇ ਮਨੁੱਖ ਨੂੰ ਆਪਣੇ ਤੋਂ ਨੀਵਾਂ ਅਤੇ ਹੀਣਾ ਸਮਝਦਾ ਸੀ। ਸਮਾਜ ਪ੍ਰਮੁੱਖ ਤੌਰ ਉਤੇ ਦੋ ਭਾਗਾਂ ਵਿੱਚ ਵੰਡਿਆ ਹੋਇਆ ਸੀ:- ਅਮੀਰ ਅਤੇ ਗਰੀਬ। ਅਮੀਰਾਂ ਦੀਆਂ ਅੱਗੇ ਫਿਰ ਵੰਡੀਆਂ ਪਈਆਂ ਹੋਈਆਂ ਸਨ। ਮੁਗਲ ਰਾਜ ਦੇ ਕਰਤਾ ਧਰਤਾ ਭਾਵ ਮੌਲਵੀ ਆਦਿਕ ਮੁਸਲਮਾਨਾਂ ਵਿੱਚ ਅਤੇ ਬ੍ਰਾਹਮਣ ਹਿੰਦੂਆਂ ਪ੍ਰਧਾਨ ਸਨ। ਬਾਕੀ ਦੇ ਸਾਰੇ ਲੋਕ ਆਮ ਸ਼੍ਰੇਣੀ ਜਾਂ ਦੂਜੇ ਦਰਜੇ ਉਤੇ ਗਿਣੇ ਜਾਂਦੇ ਸਨ। ਇਹਨਾਂ ਦੋਨਾਂ ਸ਼੍ਰੇਣੀਆਂ ਵਿੱਚੋਂ ਅਮੀਰ ਸ਼੍ਰੇਣੀ ਆਪਣੇ ਭੋਗ-ਵਿਲਾਸਾਂ ਵਿੱਚ ਰੁਝੀ ਹੋਈ ਸੀ ਅਤੇ ਦੂਜੀ ਸ਼੍ਰੇਣੀ ਇਹਨਾਂ ਦੇ ਵਿਸ਼ਿਆਂ ਦਾ ਸ਼ਿਕਾਰ ਬਣੀ ਹੋਈ ਸੀ। ਅਮੀਰਾਂ ਨੂੰ ਕੋਈ ਰੋਕਣ ਵਾਲਾ ਨਹੀਂ ਸੀ।

---

*1*MAN'S RELIGIONS BY JOHN B.NOSS.

P. 310

..... on the other hand; Sikhism is not simly two old religions made one, it is rather a genuinely fresh start. Its followers believe it to have been authenticated by a new divine revelation to the founder, Nanak.

ਗਰੀਬ ਅਮੀਰ ਦੇ ਹੱਥੋਂ ਇਸ ਹੱਦ ਤੱਕ ਸਤਿਆ ਹੋਇਆ ਸੀ ਕਿ ਉਹ ਹਰ ਅਮੀਰ ਲਈ ਤਾਂ ਇੱਕ ਕੀੜੇ ਦੀ ਨਿਆਈਂ ਸੀ ਅਤੇ ਹਰ ਅਮੀਰ ਉਸ ਲਈ ਰੱਬ ਤੋਂ ਵੀ ਉਪਰ ਪੂਜਣ ਯੋਗ ਹਸਤੀ ਸੀ।*੧*। ਸਾਰੇ ਪਾਸੇ ਆਪਾ ਧਾਪੀ ਮੱਚੀ ਹੋਈ ਸੀ। ਹਰ ਕੋਈ ਕਿਸੇ ਨ ਕਿਸੇ ਧੜੇ ਵਿੱਚ ਰਲਿਆ ਹੋਇਆ ਸੀ। ਬਾਬਰ ਦੇ ਸਮੇਂ ਤੋਂ ਲੈ ਕੇ ਅਕਬੱਰ ਦੇ ਸਮੇਂ ਤੱਕ ਸਾਨੂੰ ਭਾਰਤੀ ਇਤਿਹਾਸ ਵਿੱਚੋਂ ਧੜੇਬਾਜ਼ੀ ਦੀਆਂ ਅਨੇਕਾਂ ਹੀ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਦਾ ਇਥੇ ਵਰਨਣ ਕਰਨਾਂ ਅਜਾਈਂ ਹੋਵੇਗਾ। ਪਰ ਸਮਾਜਕ ਪ੍ਰਕਰਣ ਵਿੱਚ ਗੁਰੂ ਸਾਹਿਬ ਦੀ ਗਵਾਹੀ ਦਰਜ ਕਰਨੀ ਉਚਿਤ ਹੈ:-

ਕਿਸਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥
ਕਿਸਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥
ਕਿਸਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥
ਹਮਾਰਾ ਧੜਾ ਹਰਿ ਰਹਿਆ ਸਮਾਈ॥੧॥
....... ਏਹਿ ਸਭਿ ਧੜੇ ਮਾਇਆ ਮੋਹ ਪਸਾਰੀ॥
ਮਾਇਆ ਕਉ ਲੂਝਹਿ ਗਾਵਾਰੀ॥

ਰਾਗੁ ਆਸਾ ਘਰੁ ੨ ਮਹਲਾ ੪
ਪੰਨਾਂ ੩੯੯੯ ( ਆਦਿ ਗ੍ਰੰਥ)

ਸੋ ਜਿਸ ਸਮਾਜ ਵਿੱਚ ਥਾਂ ਥਾਂ ਧੜੇਬਾਜ਼ੀ ਹੋਵੇ ਉਸ ਸਮਾਜ ਵਿੱਚ ਕੋਈ ਕਿਵੇਂ ਸੁਖ ਦਾ ਸਾਹ ਲੈ ਸਕਦਾ ਸੀ।

ਇਸ ਧੜੇਬਾਜ਼ੀ ਨੇ ਅਸਲੋਂ ਖ਼ੁਦਗਰਜ਼ੀ ਤੋਂ ਹੀ ਜਨਮ ਲਇਆ ਸੀ। ਛੋਟੇ ਛੋਟੇ ਮਤਾਂ ਦਾ ਜਨਮ ਲੈਣ ਦਾ ਕਾਰਨ ਹੀ ਖ਼ੁਦਗਰਜ਼ੀ ਸੀ। ਭਾਵੇਂ

---

*1* AN ADVANCED HISTORY OF INDIA BY R.C.MAJUMDAR AND K.DUTTA ETC. (P.566)

A structure of Society.

Next in rank to the King were the official nobles, who enjoyed special honours and privileges, which never fall to the lot of the common people. This naturally produced a difference in their standard of living. The former rolled in wealth and comforts, while the condition of the latter was comparatively pitiable.

ਉਸ ਸਮੇਂ ( ਮੱਧ ਕਾਲੀਨ ਯੁਗ) ਮੋਟੇ ਤੌਰ ਉਤੇ ਭਗਤੀ ਦੀਆਂ ਦੋ ਹੀ ਧਾਰਾਵਾਂ ( ਨਿਰਗੁਣ ਅਤੇ ਸਰਗੁਣ) ਚਲ ਰਹੀਆਂ ਸਨ ਪਰ ਫ਼ਿਰ ਵੀ ਇਹਨਾਂ ਹੀ ਧਾਰਾਵਾਂ ਦੀਆਂ ਅੱਗੇ ਕਈ ਪਰਕਾਰ ਦੀਆਂ ਸੰਪਰਦਾਵਾਂ ਕਾਇਮ ਹੋ ਚੁਕੀਆਂ ਸਨ। ਸੋ ਇਹ ਸੰਪਰਦਾਵਾਂ ਆਪਣੇ ਮੁੱਢਲੇ ਧਰਮ ਨੂੰ ਛੱਡ ਕੇ ਆਪਣੀ ਹੀ ਮਨ ਭਾਉਂਦੀ ਵਿੱਧੀ ਅਨੁਸਾਰ ਧਰਮ ਨੂੰ ਪਰਚਾਰਦੀਆਂ ਸਨ।

ਵਿਣੁ ਨਾਵੈ ਹੋਰ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ॥
ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ॥
ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ॥
ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ॥

ਸਲੋਕ ਮਃ ੪
(ਪੰਨਾਂ ੩੦੧ )ਆਦਿ ਗ੍ਰੰਥ

ਇਹਨਾਂ ਧਰਮਾਂ ਦੀ ਇਹ ਵੀ ਆਦਤ ਸੀ ਕਿ ਦੂਜੇ ਧਰਮ ਨੂੰ ਅਤੇ ਉਸਦੇ ਅਣਆਈਆਂ ਨੂੰ ਨਿੰਦਿਆ ਜਾਵੇ ਅਤੇ ਆਪਣੇ ਧਰਮ ਦੀ ਬਹੁਲਤਾ ਦਰਸਾਈ ਜਾਵੇ ਤਾਂ ਜੋ ਉਨ੍ਹਾਂ ਦਾ ਧਰਮ ਪ੍ਰਫੁਲਤ ਹੋ ਸਕੇ। ਇਸਦਾ ਵਡਾ ਕਾਰਨ ਇਹ ਸੀ ਕਿ ਧਰਮ ,ਕਿਸੇ ਸਚਾਈ ਦੇ ਸਹਾਰੇ ਤਾਂ ਚਲ ਨਹੀਂ ਸੀ ਰਹਿਆ, ਤਾਂ ਫ਼ਿਰ ਅਜਿਹੀ ਹਾਲਤ ਵਿੱਚ ਹੋਛੇ ਹੱਥਿਆਰਾਂ ਉਤੇ ਉਤਰਨਾਂ ਹੀ ਪੈਣਾ ਸੀ।

.... ਕੋਈ ਨਿੰਦਾ ਕਰੇ ਪੁਜੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ
ਕਹੈ ਸਭੁ ਸੰਸਾਰੁ ॥

ਸਲੋਕ ਮਃ ੪
(ਪੰਨਾਂ ੩੦੨ ) ਆਦਿ ਗ੍ਰੰਥ

ਨਿਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ॥

ਸਲੋਕ ਮਃ ੪
( ਪੰਨਾਂ ੩੧੬) ਆਦਿ ਗ੍ਰੰਥ

ਅਜਿਹੇ ਫ਼ੋਕਟ ਧਰਮੀ ਪ੍ਰਚਾਰਕਾਂ ਨੇਂ ਆਪਣੇ ਸਿਧਾਂਤ ਨੂੰ ਠੀਕ ਸਾਬਤ ਕਰਨ ਲਈ ਗਿਆਨ ਵਿਹੂਣੀ ਜਨਤਾ ਨੂੰ ਕਰਮ ਕਾਂਡਾਂ ਦੀ ਭੱਠੀ ਵਿੱਚ ਝੋਕ ਦਿੱਤਾ ਤਾਂ ਜੋ ਓਹਨਾਂ ਦੀ ਪੇਟ ਪੂਰਤੀ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਨ ਪਵੇ।

ਗੁਰੂ ਸਾਹਿਬ ਦੇ ਇਹ ਸ਼ਬਦ

੧. ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ॥
ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਆ॥

ਮਃ੪

(ਪੰਨਾਂ ੩੧੩)ਆਦਿ ਗ੍ਰੰਥ

੨. ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ॥
ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ॥

ਮਃ ੪

(ਪੰਨਾਂ ੧੩੧੮) ਆਦਿ ਗ੍ਰੰਥ

ਕਿ ਗੁਰਮੁਖਾਂ ਨੇਂ ਪ੍ਰਭੂ ਨੇਂ ਆਪਣੇ ਅੰਦਰੋਂ ਹੀ ਖੋਜ ਕੇ ਲਭ ਲਇਆ ਹੈ ਅਤੇ ਪ੍ਰਭੂ ਸਾਡੇ ਨਾਲ ਹੀ ਹੈ, ਇਹ ਸਾਬਤ ਕਰਦਾ ਹੈ ਕਿ ਉਸ ਸਮੇਂ ਪ੍ਰਭੂ ਪ੍ਰਾਪਤੀ ਦੀਆਂ ਅਨੇਕ ਪ੍ਰਕਾਰ ਦੀਆਂ ਵਿੱਧੀਆਂ ਪ੍ਰਚਾਰੀਆਂ ਜਾਂਦੀਆਂ ਸਨ।

ਇਸ ਕਰਮ ਕਾਂਡੀ ਧਰਮ ਦੇ ਮੋਢੀ ਆਪ ਤਾਂ ਮਾਇਆ ਜਾਲ ਵਿੱਚ ਫ੍ਰੰਸੇ ਹੋਏ ਸਨ ਪਰ ਦੂਜਿਆਂ ਨੂੰ ਤਾਰਨ ਦਾ ਦਾਹਵਾ ਕਰਦੇ ਸਨ। ਇਹ ਗਲ ਸਾਡੇ ਪੰਜਾਬੀ ਸੁਭਾ ਅਨੁਸਾਰ ਇਸਤਰ੍ਹਾਂ ਬਿਆਨ ਕੀਤੀ ਜਾ ਸਕਦੀ ਹੈ ਕਿ " ਨਾਂ ਤਾਂ ਕਰੋੜੀ ਮਲ ਪਰ ਕਪੜਾ ਪਾਉਣ ਨੂੰ ਨਹੀਂ ਜੁੜਦਾ।" ਇਸ ਭਵ-ਸਾਗਰ ਵਿੱਚੋਂ ਤਾਂ ਓਹੀ ਤਰ ਸਕਦਾ ਹੈ ਜਿਹੜਾ ਇਸ ਸੰਸਾਰ ਵਿੱਚ ਵਿਚਰਦਾ ਹੋਇਆ, ਪ੍ਰਮੁਖ ਪੰਜ ਦੁਸ਼ਟਾਂ, ਕਾਮ, ਕਰੋਧ, ਲੋਭ, ਮੋਹ, ਅਤੇ ਹੰਕਾਰ ਦੀ ਲਪੇਟ ਵਿੱਚ ਨ ਹੋਵੇ। ਇਹੀ ਤਾਂ ਪੰਜ ਸ਼ਕਤੀਆਂ ਹਨ ਜਿਹੜੀਆਂ ਮਨੁੱਖੀ ਆਤਮਾਂ ਨੂੰ ਉਸਦੇ ਅਸਲ ਨਿਸ਼ਾਨੇ ਤੋਂ ਹੱਟਾ ਕੇ ਭਟਕਾਉਂਦੀਆਂ ਹਨ।

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥

ਸਲੋਕ ਮਃ ੪

(ਪੰਨਾਂ ੩੧੫ ) ਆਦਿ ਗ੍ਰੰਥ

ਜੋਗੀਆਂ ਦਾ ਪੰਥ ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਰਿਧੀਆਂ ਸਿਧੀਆਂ ਨੂੰ ਵੱਸ ਕਰੀਂ ਆਪਣੇ ਪੂਰੇ ਜੋਬਨ ਉਤੇ ਸੀ, ਗੁਰੂ ਰਾਮਦਾਸ ਸਾਹਿਬ ਦੇ ਜੀਵਨ ਸਮੇਂ ਵਿੱਚ ਵੀ ਬੜੀ ਤੇਜ਼ੀ ਨਾਲ ਕੰਮ ਕਰੀ ਜਾ ਰਹਿਆ ਸੀ। ਓਹਨਾਂ ਦਾ ਮੰਤਵ ਆਪਣੀਆਂ ਰਿਧੀਆਂ ਸਿਧੀਆਂ ਅਨੁਸਾਰ ਕੁਦਰਤੀ ਤਾਕਤਾਂ

ਨੂੰ ਵਸ ਕਰਨਾਂ ਅਤੇ ਫ਼ਿਰ ਲੋਕਾਂ ਨੂੰ ਓਹਨਾਂ ਦਾ ਵਖਾਲਾ ਕਰਕੇ ਡਰਾਉਣਾ, ਧਮਕਾਉਣਾ ਅਤੇ ਉਨ੍ਹਾਂ ਪਾਸੋਂ ਉਪਜੀਵਕਾ ਕਮਾਣਾ ਹੁੰਦਾ ਸੀ। ਸ਼ਾਕਤ ਮਤੀਏ ਵੀ ਆਪਣੇ ਪੂਰੇ ਤਾਲ ਨਾਲ ਉਨ੍ਹਾਂ ਦੀਆਂ ਲੀਹਾਂ ਉਤੇ ਗਾਏ ਜਾ ਰਹੇ ਸ਼ਬਦਾਂ ਨੂੰ ਅਲਾਪ ਰਹੇ ਸਨ।

ੳ) ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ।। ਮ:੪
(ਪੰਨਾਂ੩੬੮)ਆਦਿ ਗ੍ਰੰਥ

ਅ) ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ।।
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ
ਭਾਗੁ ਮੰਦੇਰਾ।। ਰਾਗੁ ਟੋਡੀ ਮਹਲਾ ੪ ਘਰੁ ੧
( ਪੰਨਾਂ ੭੧੧) ਆਦਿ ਗ੍ਰੰਥ

ੲ) ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ।।
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ।।
ਸੂਹੀ ਮਹਲਾ ੪
( ਪੰਨਾਂ ੭੩੨) ਆਦਿ ਗ੍ਰੰਥ

ਸ) ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ।।
ਸੂਹੀ ਮਹਲਾ ੪
(ਪੰਨਾਂ ੭੩੪) ਆਦਿ ਗ੍ਰੰਥ

ਲੋਕੀਂ ਇਸ ਸਮੇਂ ਅਸਥਿੱਰਤਾ ਨੂੰ ਸਥਿੱਰਤਾ ਅਤੇ ਝੂਠ ਨੂੰ ਸੱਚ ਵਿੱਚ ਬਦਲ ਚੁਕੇ ਸਨ ਜਾਂ ਦੂਜੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਜਨਤਾ ਮਾਦਾ-ਪ੍ਰਸਤ ਬਣ ਚੁਕੀ ਸੀ। ਜਨਤਾ ਦੀ ਇਹ ਹਾਲਤ, ਅਸਲ ਵਿੱਚ ਧਰਮ ਦੇ ਉਪਰ ਦਸੇ ਜਾ ਚੁਕੇ, ਗਲਤ ਪ੍ਰਚਾਰ ਦਾ ਹੀ ਨਤੀਜਾ ਸੀ। ਧਰਮ ਦੇ ਅਸਲੇ ਨੂੰ ਨ ਤਾਂ ਪ੍ਰਚਾਰਕ ਜਾਣਦੇ ਸਨ ਅਤੇ ਨ ਹੀ ਉਹ ਲੋਕੀਂ ਜਿਨ੍ਹਾਂ ਵਿੱਚ ਧਰਮ ਦਾ ਪ੍ਰਚਾਰ ਕੀਤਾ ਜਾ ਰਹਿਆ ਸੀ। ਜੇ ਕੋਈ ਇਸ ਗਲਤ ਰਵੱਈਏ ਨੂੰ ਸਮਝਦਾ ਵੀ ਸੀ ਤਾਂ ਵੀ ਉਹ ਜ਼ਾਲਮ ਪ੍ਰਚਾਰਕਾਂ ਦੇ ਸਾਹਮਣੇ ਬੋਲਣ ਦਾ ਹੀਆ ਨਹੀਂ ਸੀ ਕਰਦਾ। ਅਜਿਹੇ ਕੁਝ ਕੁ ਲੋਕਾਂ ਨੇ ਬਸਤੀਆਂ ਨੂੰ ਛਡ ਕੇ ਜੰਗਲਾਂ ਵਿੱਚ

ਡੇਰੇ ਲਾਏ। ਸੋ ਇਹ ਗਲ ਸੱਚੀ ਹੈ ਕਿ " ਯਥਾ ਰਾਜਾ ਤੱਥਾ ਪਰਜਾ"। ਰਾਜੇ ਆਪ ਵਿਦੇਸ਼ੀ ਹੋਣ ਕਾਰਣ ਪੈਸੇ, ਝੂਠੀ ਸ਼ਾਨ ਅਤੇ ਹਵਸ ਦੇ ਮਾਰੇ ਹੋਏ ਸਨ। ਇਤਿਹਾਸ ਦੇ ਵਿਦਿਆਰਥੀਆਂ ਨੂੰ, ਇਹ ਭਲੀ ਪ੍ਰਕਾਰ ਪੱਤਾ ਹੋਣਾ ਹੈ ਕਿ ਬਾਬਰ ਦੇ ੧੫੨੬ ਤੋਂ ਪਹਿਲਾਂ ਦੇ ਹਲੇ, ਕੇਵਲ ਪੈਸੇ ਦੀ ਲਾਲਸਾ ਨੂੰ ਵਧਾਉਣ ਕਾਰਨ ਹੀ ਸਨ। ਇਸ ਤੋਂ ਵੱਧ ਇਹ ਕਿ ਜਦ ਉਸਨੇਂ ਭਾਰਤ ਉਤੇ ਕਬਜ਼ਾ ਕਰ ਲੈ ਲਇਆ, ਤਾਂ ਵੀ ਆਖਿਆ ਜਾਂਦਾ ਹੈ ਕਿ ਉਸ ਨੂੰ ਸਾਡੀ ਸਮਾਜਕ ਜਾਂ ਆਰਥਕ ਹਾਲਤ ਸੁਧਾਰਨ ਵਾਸਤੇ ਕੋਈ ਸਮਾਂ ਨਹੀਂ ਸੀ ਮਿਲਿਆ । ਇਥੇ ਇਹ ਵੀ ਹੋ ਸਕਦਾ ਹੈ ਕਿ ਉਸ ਨੇਂ ਪੈਸਾ ਇੱਕਠੱਾ ਕਰਨ ਤੋਂ ਬਿਨਾਂ ਹੋਰ ਕੁਝ ਕੀਤਾ ਹੀ ਨ ਹੋਵੇ। ਪਰ ਜਦੋਂ ਉਹ ਆਪਣੀਆਂ Memoirs. ਵਿੱਚ ਸਾਡੀ ਬੁਰੀ ਹਾਲਤ ਬਾਰੇ ਵਿਸਤਰਤ ਰੂਪ ਸ਼ਬਦ ਚਿਤਰ ਪੇਸ਼ ਕਰ ਸਕਦਾ ਹੈ ਤਾਂ ਉਥੇ ਉਸ ਨੇਂ ਆਪਣੇ ਪਿੱਛੋਂ ਆਉਣ ਵਾਲਿਆ ਰਾਜਿਆਂ ਨੂੰ ਇਸਦਾ ਸੁਧਾਰ ਕਰਨ ਬਾਰੇ ਕੋਈ ਚੇਤਾਵਨੀ ਕਿਉਂ ਨ ਦਿੱਤੀ? ਅਸਲ ਵਿੱਚ ਉਸ ਨੇਂ ਇਸ ਪਾਸੇ ਵਲ ਕੋਈ ਧਿਆਨ ਹੀ ਨਹੀਂ ਸੀ ਦਿੱਤਾ ।

ਸੋ ਇੱਕ ਰਾਜਾ ਜਦੋਂ ਆਪ ਜੀਵਨ ਦੀ ਅਸਲੀਅਤ (ਕੀਮਤ) ਨੂੰ ਨਹੀਂ ਸੀ ਜਾਣਦਾ ਤਾਂ ਉਸ ਦੇ ਹੇਠ ਵਸਣ ਵਾਲੇ ਲੋਕ ਜੀਵਨ ਦੀਆਂ ਸਹੀ ਕੀਮਤਾਂ ਨੂੰ ਕਿਵੇਂ ਜਾਣ ਸਕਦੇ ਸਨ। ਧਾਰਮਕ ਆਗੂਆਂ ਦੀ ਹਾਲਤ ਤਾਂ ਅਸੀਂ ਪਹਿਲਾਂ ਹੀ ਵਿਚਾਰ ਚੁਕੇ ਹਾਂ। ਸੋ ਆਮ ਮਨੁੱਖ ਇਹਨਾਂ ਰਾਜਿਆਂ ਅਤੇ ਧਰਮ ਪ੍ਰਚਾਰਕਾਂ ਦੀ ਮਾਨਸਕ ਪੱਧਰ ਵਿੱਚ ਨੀਵਾਂ ਸੀ ਅਤੇ ਇਸੇ ਹੀ ਸ਼ਕਤੀ ਕਾਰਨ ਉਹ ਵਿਨਾਸ਼ਕਾਰੀ ਵਸਤਾਂ ਨੂੰ ਅਵਿਨਾਸ਼ਕਾਰੀ ਸਮਝ ਬੈਠਾ ਸੀ।

੧. ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥ ਗੋਂਡ ਮਹਲਾ ੪
(ਪੰਨਾਂ ੮੬੦) ਆਦਿ ਗ੍ਰੰਥ

੨. ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ ਪਟਣ ਬਾਜਾਰ ਹੁਕਮੀ ਢਹਸੀਓ॥
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥ ਮਹਲਾ ੪
(ਪੰਨਾਂ ੧੪੧) ਆਦਿ ਗ੍ਰੰਥ

੩. ਖਾਨ ਮਲੁਕ ਕਹਾਇਦੇ ਕੋ ਰਹਣੁ ਨ ਪਾਈ॥
ਗੜ੍ਹ ਮੰਦਰ ਗਚਗੀਰੀਆ ਕਿਛੁ ਸਾਥਿ ਨ ਜਾਈ॥
ਸੋਇਨ ਸਾਖਤਿ ਪਉਣਵੇਗ ਧ੍ਰਿਗੁ ਧ੍ਰਿਗੁ ਚਤੁਰਾਈ॥
ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ॥
ਨਾਨਕ ਜੋ ਦੇਵੈ ਤਿਸਹਿ ਨ ਜਾਣਨੀ ਮਨਮੁਖਿ ਦੁਖੁ ਪਾਈ॥ ਮ:੪
(ਪੰਨਾਂ ੧੨੪੯) ਆਦਿ ਗ੍ਰੰਥ

ਗੁਰੂ ਸਾਹਿਬ ਨੇਂ ਇਸ ਰਚੀ ਦਾ ਖੰਡਨ ਕੀਤਾ ਅਤੇ ਜਨਤਾ ਨੂੰ ਸੋਝੀ ਦਿੱਤੀ ਕਿ ਜਿਸ ਨੂੰ ,ਉਹ ਅਵਿਨਾਸ਼ਕਾਰੀ ਸਮਝਦੇ ਹਨ ਉਹ ਅਸਲੋਂ ਵਿਨਾਸ਼ਕਾਰੀ ਹੈ। ਅਵਿਨਾਸ਼ਕਾਰੀ ਤਾਂ ਕੇਵਲ ਪ੍ਰਭੂ ਦਾ ਨਾਮ ਹੀ ਹੈ, ਹੋਰ ਕੁਝ ਵੀ ਨਹੀਂ।

ਇਥੇ ਹੀ ਬਸ ਨਹੀਂ, ਇਹਨਾਂ ਭੁਲੇਖਿਆਂ ਅਤੇ ਗਲਤ-ਫਹਿਮੀਆਂ ਨੇਂ ਲੋਕਾਂ ਵਿੱਚ ਤੀਰਥਾਂ ਆਦਿਕ ਦੇ ਇਸ਼ਨਾਨਾਂ ਦਾ ਮਹੱਤਵ ਕਾਇਮ ਕੀਤਾ ਹੋਇਆ ਸੀ। ਆਵਾਜਾਈ ਦੇ ਸਾਧਨ ਔਖੇ ਹੋਣ ਕਾਰਨ ਹਰ ਆਦਮੀ ਤਾਂ ਸਹਿਜੇ ਤੀਰਥਾਂ ਉਤੇ ਜਾ ਨਹੀਂ ਸੀ ਸਕਦਾ, ਸੋ ਉਹ ਆਪਣੀ ਪੂੰਜੀ ਇੱਕਠੀ ਕਰਕੇ ਦੋ ਜਾਂ ਚਾਰ ਤੀਰਥ ਯਾਤਰਾ ਲਈ ਜਾ ਰਹੇ ਮਨੁੱਖਾਂ ਦੇ ਹਵਾਲੇ ਕਰ ਦਇਆ ਕਰਦੇ ਸਨ ਤਾਂ ਜੋ ਭਗਵਾਨ ਉਹਨਾਂ ਉਤੇ ਕਰੋਪੀ ਨ ਹੋ ਜਾਵੇ। ਇਸ ਪ੍ਰਕਾਰ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਰੁਪਈਆ ਤੀਰਥਾਂ ਉਤੇ ਭੇਜਿਆ ਜਾਂਦਾ ਸੀ। ਗੁਰੂ ਸਾਹਿਬ ਸਮਾਜ ਉਸਰੇਈਏ ਅਤੇ ਮਨੁੱਖ-ਵਾਦੀ ਹੁੰਦੇ ਹੋਏ ਇਹਨਾਂ ਵਹਿਮਾਂ ਭਰਮਾਂ ਨੂੰ ਤੋੜਨਾ ਚਾਹੁੰਦੇ ਸਨ। ਆਪ ਜੀ ਨੇਂ ਜਨਤਾ ਨੂੰ ਦਸਿਆ ਕਿ ਇਹਨਾਂ ਤੀਰਥਾਂ ਦੀ ਪਵਿਤਰਤਾ ਨਾਲੋਂ ਸਾਧੂ ਦੀ ਧੂੜ ਵਧੇਰੇ ਪਵਿਤਰ ਹੈ।

ਗੰਗਾ ਜਮੁਨਾ ਗੋਦਾਵਰੀ ਸਰਸਤੀ ਤੇ ਕਰਹਿ
ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ
ਮੈਲੁ ਸਾਧੂ ਕੀ ਧੂਰਿ ਗਵਾਈ॥ ਮਲਾਰੁ ਮਹਲਾ ੪
(ਪੰਨਾਂ ੧੨੬੩) ਆਦਿ ਗ੍ਰੰਥ

ਇਹਨਾਂ ਤੀਰਥਾਂ ਉਤੇ ਆਪਣੇ ਆਪਣੇ ਨਿਸਚੇ ਅਨੁਸਾਰ ਪ੍ਰਭੂ ਦੇ ਅਨੇਕ ਪ੍ਰਕਾਰ ਦੇ ਵੱਖਰੇ ਵੱਖਰੇ ਬੁਤ ਬਣਾ ਕੇ ਪੂਜੇ ਜਾਂਦੇ ਸਨ। ਜਦੋਂ ਗੁਰੂ

ਸਾਹਿਬ, ਨਿਰਗੁਣ ਧਾਰਾ ਅਨੁਸਾਰ ਇਹ ਕਹਿੰਦੇ ਹਨ ਕਿ ਰੱਬ ਦਾ ਕੋਈ ਰੂਪ ਨਹੀਂ ਤਾਂ ਇਸ ਦਾ ਅਰਥ ਹੈ ਕਿ ਸ਼ਾਕਤ ਮੱਤੀਆਂ ਨੇਂ, ਉਸ ਸਮੇਂ ਸਰਗੁਣ ਧਾਰਾ ਅਨੁਸਾਰ ਪੂਜਾ ਲਈ ਅਨੇਕ ਪ੍ਰਕਾਰ ਦੇ ਬੁਤ ਬਣਾਏ ਹੋਏ ਸਨ।

੧. ਭਜੁ ਰਾਮੋ ਮਨਿ ਰਾਮ॥ ਜਿਸੁ ਰੂਪ ਨ ਰੇਖ ਵਡਾਮ॥
ਸਤ ਸੰਗਤਿ ਮਿਲੁ ਭਜੁ ਰਾਮ॥ ਬਡ ਹੋ ਹੋ ਭਾਗ ਮਥਾਮ॥

ਕਾਨੜਾ ਮਹਲਾ ੪
(ਪੰਨਾਂ ੧੨੯੭) ਆਦਿ ਗ੍ਰੰਥ

੨. ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥
ਏਕੋ ਰੂਪੁ ਏਕੋ ਬਹੁਰੰਗੀ ਸਭੁ ਏਕਤੁ ਬਚਨਿ ਚਲਾਵੈਗੋ॥

ਕਾਨੜਾ ਮਹਲਾ ੪
(ਪੰਨਾਂ ੧੩੧੦) ਆਦਿ ਗ੍ਰੰਥ

ਜਿਥੇ ਪ੍ਰਭੂ ਦੇ ਝੂਠੇ ਰੂਪ ਪੂਜੇ ਜਾਂਦੇ ਸਨ ਉਥੇ ਪ੍ਰਚਾਰ ਵੀ ਤਾਂ ਝੂਠ ਦਾ ਹੀ ਕੀਤਾ ਜਾਂਦਾ ਸੀ। ਪੁਜਾਰੀ ਲੋਕ ਮਸ਼ੀਨ ਦੀ ਨਿਆਈਂ ਅਸਲੀਅਤ ਨੂੰ ਬਿਨਾਂ ਪਰਖੇ ਝੂਠ ਦੀ ਪੂਜਾ ਕਰੀ ਜਾਂਦੇ ਸਨ ਅਤੇ ਆਪਣੇ ਵੱਸ ਪਏ ਲੋਕਾਂ ਨੂੰ ਪਿਛੇ ਟੁਰਾਈ ਜਾ ਰਹੇ ਸਨ। ਉਹਨਾਂ ਦਾ ਜਪ, ਤਪ ਆਦਿਕ ਇੱਕ ਵਡੇ ਝੂਠ ਦਾ ਪਰਛਾਵਾਂ ਹੀ ਸਨ। ਉਹ ਪ੍ਰਭੂ ਦੀ ਪੂਜਾ ਹੀ ਕੀ ਹੋਈ ਜਿਸ ਵਿੱਚ ਪਿਆਰ ਨਹੀਂ, ਆਪਣੇ ਪਿਆਰੇ ਨੂੰ ਮਿਲਣ ਦੀ ਤਾਂਘ ਨਹੀਂ ਜਾਂ ਜਿਸ ਵਿੱਚ ਬਿਰਹਾ ਦੀ ਹੂਕ ਨਹੀਂ। ਬਾਬਾ ਫ਼ਰੀਦ ਜੀ ਨੇਂ ਸੱਚ ਹੀ ਕਹਿਆ ਹੈ ਕਿ

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥

ਬਾਬਾ ਫ਼ਰੀਦ
( ਪੰਨਾਂ ੧੩੭੮) ਆਦਿ ਗ੍ਰੰਥ

ਗੁਰੂ ਰਾਮਦਾਸ ਸਾਹਿਬ ਨੇਂ ਵੀ ਇਸੇ ਸਮੇਂ ਨੂੰ ਉਲੀਕਦਿਆਂ ਹੋਇਆਂ ਇਸਤਰ੍ਹਾਂ ਲਿਖਿਆ ਹੈ ਕਿ ਪ੍ਰਭੂ ਆਰਾਧਨਾ ਉਹ ਜਿਥੇ ਸੱਚਾ ਪਿਆਰ ਹੈ। ਪਿਆਰ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ। ਜਿਹੜੀ ਭਗਤੀ ਜਿਸੇ ਲਾਲਚ ਦੇ ਅਧੀਨ ਹੋ ਕੇ ਕੀਤੀ

ਓਹ ਭਗਤੀ ਨਹੀਂ ਸੋਦਾ ਹੈ। ਜਿਵੇਂ ਕਿ:-

੧. ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ॥
ਬੈਰਾੜੀ ਮਹਲਾ ੪
(ਪੰਨਾਂ ੭੨੦) ਆਦਿ ਗ੍ਰੰਥ

੨. ਸੰਤ ਜਨਾ ਕੀ ਧੂਰਿ ਮਸਤਕਿ ਲਾਇਆ॥
ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ॥ ਮ:੪
( ਪੰਨਾਂ ੬੫੨-੫੩)ਆਦਿ ਗ੍ਰੰਥ

ਸੋ ਝੂਠੇ ਤੀਰਥਾਂ ਦੀ ਥਾਂ ਗੁਰੂ ਨੂੰ ਸੱਚਾ ਤੀਰਥ ਦਸਿਆ ਅਤੇ ਤੀਰਥ ਯਾਤਰਾ ਨਾਲੋਂ ਸਾਧੂ ਦੀ ਧੂਰ ਦਾ ਇਸ਼ਨਾਨ ਕਿਧਰੇ ਚੰਗੇਰਾ ਦਸਿਆ ਤਾਂ ਜੋ ਲੋਕੀਂ ਅਸਲ ਤੀਰਥ ਨੂੰ ਪਹਿਚਾਣ ਸਕਣ ਅਤੇ ਧੋਖਿਆਂ ਅਤੇ ਫ਼ਰੇਬਾਂ ਤੋਂ ਬੱਚ ਕੇ ਆਪਣੇ ਜੀਵਨ ਦੀ ਕੋਈ ਸੇਧ ਲਭ ਸਕਣ।

ਜਿਵੇਂ ਕਿ ਅਸੀਂ ਪਿਛਲੇਰੇ ਪੰਨਿਆਂ ਵਿੱਚ ਬਿਆਨ ਕਰ ਚੁਕੇ ਹਾਂ ਕਿ ਝੂਠ, ਕੁਸੱਤ, ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਵਿੱਚ ਗ੍ਰੱਸੇ ਹੋਏ ਲੋਕਾਂ ਨੇਂ ਆਪਣੀ ਪੇਟ ਪੂਰਤੀ ਲਈ ਜਨਤਾ ਸਾਹਮਣੇ ਉਸ ਮਹਾਨ ਸ਼ਕਤੀ (ਪ੍ਰਭੂ) ਨੂੰ ਇੱਕ ਹਊਆ ਜਹਿਆ ਬਣਾਇਆ ਹੋਇਆ ਸੀ। ਇਹਨਾਂ ਲੋਕਾਂ ਦੀ ਵਿਚਾਰਧਾਰਾ ਅਨੁਸਾਰ ਰੱਬ ਬੜਾ ਕਰੋਪੀ ਸੀ। ਉਹ ਹਰ ਸਮੇਂ ਸਾਡੇ ਔਗਣਾਂ ਨੂੰ ਵੇਖਦਾ ਰਹਿੰਦਾ ਸੀ ਅਤੇ ਜਦੋਂ ਵੀ ਉਸ ਨੂੰ ਹੱਥ ਲਗਦਾ ਸਾਨੂੰ ਸਜ਼ਾ ਦੇਣ ਦੀ ਕਰਦਾ ਸੀ। ਜੇ ਇਸ ਤਰ੍ਹਾਂ ਨ ਹੁੰਦਾ ਤਾਂ ਸ਼ਾਇਦ ਹੀ ਗੁਰੂ ਸਾਹਿਬ ਇਹ ਤੁਕ ਆਪਣੀ ਬਾਣੀ ਵਿੱਚ ਅੰਕਤ ਕਰਦੇ:-

ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥ ੧॥
ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥
ਧਨਾਸਰੀ ਮਹਲਾ ੪
(ਪੰਨਾਂ ੬੬੯-੬੭੦) ਆਦਿ ਗ੍ਰੰਥ

ਗੁਰ ਸਾਹਿਬ ਦਾ ਅਜਿਹੀਆਂ ਰੁਕਾਂ ਦਾ ਅੰਕਤ ਕਰਨਾਂ, ਕਿ "ਰੱਬ ਸਾਡੀਆਂ ਸਾਰੀਆਂ ਇਛਿਆਵਾਂ ਨੂੰ ਪਿਰਿਆਂ ਕਰਨ ਵਾਲਾ ਹੈ ਅਤੇ ਇੱਕ ਚੰਗੀ ਸਾਧੂ ਦੀ ਧੂੜ ਵਿੱਚ ਰਹਿਣਾਂ ਤੀਰਥਾਂ ਦੀ ਯਾਤਰਾ ਆਦਿਕ ਨਾਲੋਂ ਕਿਤੇ ਚੰਗੇਰਾ ਹੈ। ਓਹ ਪ੍ਰਭੂ ਡਰਾਉਣਾ ਨਹੀਂ ਸਗੋਂ ਦਿਆਲੂ ਹੈ। ਓਹ ਤਾਂ ਇੱਕ ਕਾਮ-ਧੇਨ ਗਊ ਵਾਂਗਰਾਂ ਹੈ ਜਿਸ ਤੋਂ ਜੋ ਵੀ ਵਰ ਮੰਗਿਆ ਜਾਵੇ ਸਾਨੂੰ ਪ੍ਰਾਪਤ ਹੁੰਦਾ ਹੈ। ਓਹ ਮਹਾਨ ਸ਼ੁਕਤੀ ਜੰਗਲਾਂ ਆਦਿਕ ਵਿੱਚ ਨਹੀਂ ਸਗੋਂ ਸਾਡੇ ਅੰਦਰ ਹੈ" ਸਾਰੀ ਜਨਤਾ ਲਈ ਸੁਖ ਦਾ ਅਟੱਲ ਸਾਇਆ ਬਣ ਗਇਆ।

ਜਿਨ ਗੁਰਮੁਖਿ ਖੋਜਿਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ॥

ਸਲੋਕ ਮ: ੪

(ਪੰਨਾਂ ੩੧੩ )ਆਦਿ ਗ੍ਰੰਥ

ਸੋ ਇਸ ਸਾਰੀ ਵਿਚਾਰ ਤੋਂ ਸਿਧ ਹੁੰਦਾ ਹੈ ਕਿ ਉਸ ਸਮੇਂ ਮਿਥਿਹਾਸਕ ਰੱਬਾਂ*੧* ਦੀਆਂ ਗਲਾਂ ਦਸੀਆਂ ਜਾਂਦੀਆਂ ਸਨ ਅਤੇ ਲੋਕਾਂ ਨੂੰ ਉਲਝਾਇਆ ਜਾਂਦਾ, ਨਿਸੱਤਾ ਅਤੇ ਹੀਣਾ ਕੀਤਾ ਜਾਂਦਾ ਸੀ।

ਧਾਰਮਕ ਸੁਵੇਖਣ ਮਗਰੋਂ ਜ਼ਰੂਰੀ ਹੈ ਕਿ ਭਾਰਤੀ ਸਮਾਜ ਵਿੱਚ ਹਿੰਦੂ ਅਤੇ ਮੁਸਲਮਾਨ ਘੇਰੇ ਵਿੱਚ ਪਲ ਰਹੀ ਇਸਤ੍ਰੀ ਦੀ ਦਸ਼ਾ ਨੂੰ ਵੀ ਵਿਚਾਰਿਆ ਜਾਵੇ। ਭਾਰਤੀ ਸਮਾਜ ਵਿੱਚ ਇਸਤ੍ਰੀ ਦਾ ਸਥਾਨ ਸਮਾਜ ਦੀ ਪੂਰੀ ਤਸਵੀਰ ਤੋਂ ਜਾਣੂ ਕਰਵਾਏਗਾ। ਕਿਉਂਕਿ ਧਰਮ ਤਾਂ ਸਮਾਜ ਦਾ ਇੱਕ ਪੱਖ ਹੈ।

## ਹਿੰਦੂ ਘੇਰੇ ਵਿੱਚ ਇਸਤ੍ਰੀ ਦਾ ਸਥਾਨ।

ਆਰਥਕ, ਸਮਾਜਕ, ਧਾਰਮਕ ਅਤੇ ਮਨੋਵਿਗਿਆਨਕ ਪੱਖ ਤੋਂ ਵੇਖਿਆਂ ਪੱਤਾ ਲਗਦਾ ਹੈ ਕਿ ਇਸਤ੍ਰੀ ਮਨੁੱਖ ਦੇ ਜੀਵਨ ਵਿੱਚ ਇੱਕ ਮਹੱਤਵ ਪੂਰਨ ਸਥਾਨ ਰਖਦੀ ਹੈ। ਪੱਛਮੀ ਸਾਹਿਤਕਾਰਾਂ ਨੇਂ ਤਾਂ ਬਹੁਤ ਸਮਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਇਸਤ੍ਰੀ ਤਾਂ ਮਨੁੱਖ ਦੀ better half ਹੈ। ਭਾਵੇਂ ਅਸੀਂ ਪੂਰਬ ਵਾਲੇ ਇਸ ਨੂੰ " ਧਰਮਪੱਤਨੀ" ਅਤੇ " ਅਰਧੰਗੀ" ਦੇ ਸ਼ਬਦਾਂ ਨਾਲ

---

*1* A History Of Indian Philosophy Vol.I. By Das Gupta. P.20

Gods are all mythological and have no background.

ਸਨਮਾਨਦੇ ਸਾਂ ਪਰ ਇਹ ਸਨਮਾਨ ਕੇਵਲ ਲਿਖਤੀ ਰੂਪ ਵਿੱਚ ਹੀ ਸੀ। ਇਹ ਵਿਚਾਰ ਪੁਸਤਕਾਂ ਦੀ ਹੱਦ ਤੱਕ ਹੀ ਸੀ ਪਰ ਕਰਮਸ਼ੀਲ ਨਹੀਂ ਸੀ ਹੋਇਆ।

" The hand that rocks the cradle
rules the world."

ਇਹ ਗਲਾਂ ਸਾਡੇ ਅਜੋਕੇ ਯੁਗ ਦੀਆਂ ਹਨ।

ਵੈਦਕ ਯੁਗ ਅ-ਤੇ ਬ੍ਰਾਹਮਣੀ ਦਾਰਿਆਂ ਦੇ ਸਾਹਿਤ ਨੂੰ ਪੜਚੋਲਣ ਨਾਲ ਸਾਨੂੰ ਭਲੀ ਪ੍ਰਕਾਰ ਪੱਤਾ ਲਗਦਾ ਹੈ ਕਿ ਇਸਤ੍ਰੀ ਨੂੰ ਬਹੁਤ ਹੀ ਨੀਵਾਂ ਸਮਝਿਆ ਜਾਂਦੀ ਸੀ।*੧*। ਇਸਤ੍ਰੀ ਲਈ ਪੈਰ ਦੀ ਜੁਤੀ ਆਦਿਕ ਵਰਗੇ ਬੁਰੇ ਸ਼ਬਦ ਵਰਤੇ ਜਾਂਦੇ ਸਨ। ਪੁਰਾਣਕ ਸਾਹਿਤ ਵਿੱਚੋਂ ਸਾਨੂੰ ਅਜਿਹੀਆਂ ਅਨੇਕ ਪ੍ਰਕਾਰ ਦੀਆਂ ਕਹਾਣੀਆਂ ਮਿਲ ਜਾਂਦੀਆਂ ਹਨ ਜਿਹੜੀਆਂ ਇਹ ਸਾਬਤ ਕਰਦੀਆਂ ਹਨ ਕਿ ਇੱਕ ਇਸਤ੍ਰੀ ਆਪਣੇ ਪੱਤੀ ਦੀ ਹਰ ਬੁਰੀ ਜਾਂ ਚੰਗੀ ਖਾਹਿਸ਼ ਨੂੰ ਪੂਰਿਆਂ ਕਰਨਾਂ ਆਪਣਾ ਧਰਮ ਸਮਝਦੀ ਸੀ। ਭਾਵੇਂ ਉਹ ਕਿਸੇ ਵੀ ਹਾਲਤ ਵਿੱਚ ਉਸ ਦੇ ਸਾਹਮਣੇ ਕਿਉਂ ਨ ਹੋਵੇ।*੨*। ਕਾਰਨ ਕੇਵਲ ਇਹ ਸੀ ਕਿ ਇੱਕ ਅਜਿਹੀ ਵਿਚਾਰਧਾਰਾ ਪ੍ਰਬੱਲ ਕੀਤੀ ਜਾ ਚੁੱਕੀ ਸੀ ਕਿ ਜਿਸ ਨਾਲ ਆਦਮੀ ਦੀ ਸਮਾਜ ਵਿੱਚ ਬਹੁਤ ਉਚੀ ਥਾਂ ਬਣਾ ਦਿੱਤੀ ਗਈ ਸੀ ਅਤੇ ਇਸਤ੍ਰੀ ਦੀ ਉਸ ਦੇ ਮੁਕਾਬਲੇ ਬਹੁਤ ਹੀ ਨੀਵੀਂ। ਆਦਮੀ ਭਾਵੇਂ ਕਿਸੇ ਵੀ ਹਾਲਤ ਵਿੱਚ ਕਿਉਂ ਨ ਹੋਵੇ ਉਹ ਚੰਗਾ ਹੈ। ਉਹ ਭਾਵੇਂ ਸ਼ੁਰਾਬੀ ਹੋਵੇ, ਮਾੜਾ ਹੋਵੇ, ਬੀਮਾਰ ਹੋਵੇ ਜਾਂ ਕਿਸੇ ਵੀ

---

*1* THE GOSPEL OF THE GUGU-GRANTH SAHIB BY DUNCAN GREENLEES
P.~~XXI~~ P.XIX.

..... Women were held definitely inferior and could not attain to salvation or enter heaven till they had been reborn as men; they were considered to be sensual, natural temptrers and spoilers of men's spiritual life- of which the first condition was their total renouncement.

*2* MARRIAGE AND FAMILY IN INDIA BY K.M.KAPADIA.
P.169

Instances are recorded in Puranic literature where a husband demanded his wife to take him to the house of a prostitute on her shoulders, and the wife willingly did it and proved that she was a sati.

ਬੁਰੀ ਤੋਂ ਬੁਰੀ ਸੰਗਤ ਵਿੱਚ ਕਿਉਂ ਨ ਹੋਵੇ ਉਹ ਸਦਾ ਹੀ ਸੋਨਾਂ ਹੈ ਅਤੇ ਇਸਤ੍ਰੀ ਉਸ ਦੇ ਮੁਕਾਬਲੇ ਭਾਵੇਂ ਕਿਤਨੀ ਹੀ ਨੇਕ ਕਿਉਂ ਨ ਹੋਵੇ, ਉਹ ਭਾਵੇਂ ਰਜ ਕੇ ਪੱਤੀ-ਬ੍ਰਤਾ ਹੋਣ ਦਾ ਸਬੂਤ ਦੇਵੇ, ਆਪਣੇ ਪੱਤੀ ਦੀ ਹਰ ਇਛਾ ਨੂੰ ਆਪਣੇ ਭਗਵਾਨ ਦੀ ਇਛਾ ਕਿਉਂ ਨ ਸਮਝਦੀ ਹੋਵੇ ਉਹ ਨੀਵੀਂ ਹੈ। ਉਸ ਨੂੰ ਆਪਣੀ ਮਰਜ਼ੀ ਦੇ ਖਿਲਾਫ਼ ਵੀ ਆਪਣੇ ਪੱਤੀ ਨੂੰ ਕਬੂਲਣਾ ਹੀ ਪਵੇਗਾ। *੧*

ਇਸੇ ਪ੍ਰਕਾਰ ਦੀਆਂ ਸਾਨੂੰ ਪੁਰਾਣਕ ਸਮੇਂ ਦੀਆਂ ਹੋਰ ਵੀ ਅਨੇਕਾਂ ਕਥਾਵਾਂ ਮਿਲਦੀਆਂ ਹਨ ਜਿਹੜੀਆਂ ਇਸਤ੍ਰੀ ਦੀ ਅਧੋਗਤੀ ਬਾਰੇ ਪੁਕਾਰ ਪੁਕਾਰ ਕੇ ਕਹਿੰਦੀਆਂ ਹਨ ਕਿ ਇਸਤ੍ਰੀ ਮਨੁੱਖ ਦੇ ਹੱਥਾਂ ਦਾ ਇੱਕ ਖਿਡੌਣਾ ਸੀ। ਜੇ ਮਨੁੱਖ ਦੇ ਅੰਦਰ ਪ੍ਰਭੂ ਨੇਂ ਕਾਮ ਵਾਸ਼ਨਾਂ ਭਰੀ ਹੈ ਤਾਂ ਇਸਦਾ ਇਹ ਅਰਥ ਤਾਂ ਨਹੀਂ ਕਿ ਕਾਮ ਦੀ ਪੂਰਤੀ ਲਈ ਬਣਾਈ ਗਈ ਵਸਤ ਨੂੰ ਨਿਰਾ ਕਾਮ ਵਾਸ਼ਨਾਵਾਂ, ਵਿਸ਼ਿਆਂ ਅਤੇ ਵਕਾਰਾਂ ਦਾ ਨਸ਼ਾਨਾਂ ਹੀ ਬਣਾ ਲਇਆ ਜਾਵੇ। ਇਸਤ੍ਰੀ ਕਾਮ ਤੋਂ ਵੱਧ ਮਨੁੱਖ ਦਾ ਜੀਵਨ ਦਾ ਸਾਥ ਵੀ ਹੈ। ਉਸ ਦੀ ਹਰ ਔਕੜ ਸਮੇਂ ਉਸਨੂੰ ਧੀਰਜ ਦੇਣ ਵਾਲੀ ਅਤੇ ਉਸਦਾ ਭਾਰ ਵੰਡਾਉਣ ਵਾਲੀ ਸਾਥਣ ਹੈ। *੨*

K.M.Kapadia ਨੇਂ ਪੁਰਾਤਨ ਵਿਆਹ ਸਮੇਂ ਆਯੂ ਦਾ ਵਿਚਾਰ ਦਿੰਦੇ ਹੋਏ ਸਾਨੂੰ ਇਹ ਦਸਿਆ ਹੈ ਕਿ ਇੱਕ ਲੜਕੀ ਨੂੰ ਪਹਿਲੀ ਰਿਤੂ ਸਮੇਂ ਤੋਂ ਬਾਅਦ ਤਿੰਨ ਸਾਲ ਤੱਕ ਆਪਣੇ ਹੀ ਘਰ ਰਹਿਣਾ ਚਾਹੀਦਾ ਹੈ। ਇਸ ਸਮੇਂ ਦੇ ਗੇੜ ਵਿੱਚ, ਜਿਥੋਂ ਤੱਕ ਕਾਮ ਪੂਰਤੀ ਦਾ ਸਬੰਧ ਹੈ, ਉਸ ਦੇ ਪਿਤਾ ਜਾਂ ਰੱਖਵਾਲੇ ਨੂੰ ਭੋਗਵਿਲਾਸ ਰਾਹੀਂ ਪੂਰਿਆਂ ਕਰਨ ਦਾ ਹੱਕ ਹੈ। ਜੇ ਜਿਧਰੇ ਬਦ-ਕਿਸਮਤੀ ਨਾਲ ਉਸ ਨੂੰ ਹਮਲ ਹੋ ਜਾਵੇ ਤਾਂ ਉਸ ਦੇ

---

*1* MARRIAGE AND FAMILY IN INDIA BY K.M.KAPADIA

P. 169-70

As a husband was the centre of all her activities and interests in life, there was no question of raising a word against him even when he was found to be ill-tempered, vicious, deseased or drunkered.

*2* Ibid P.184

We rather go back to our Vedic ideal embodied in the Saptapadi formula: " I take thee to be my companion in life."

ਗਿਰਾਉਣ ਦੇ ਪਾਪ ਨੂੰ ਪਾਪ ਸਮਝੇ ਬਿਨਾਂ ਹੀ ਗਿਰਾ ਸਕਦੇ ਸਨ। ਉਂਜ ਭਾਵੇਂ ਧਾਰਮਕ ਖ਼ੇਤਰ ਵਿੱਚ ਇਸ ਕਰਮ ਨੂੰ ਪਾਪ ਸਮਝਿਆ ਜਾਂਦਾ ਸੀ। ਪਰ ਇਸ ਹਾਲਤ ਵਿੱਚ ਇਹ ਪਾਪ ਨਹੀਂ ਸੀ ਸਮਝਿਆ ਜਾਂਦਾ। *੧*। ਜਿਸਦਾ ਅਰਥ ਇਹ ਹੋਇਆ ਕਿ ਇਸਤ੍ਰੀ ਜੰਮਦਿਆਂ ਸਾਰ ਹੀ ਕਾਮ ਪੂਰਤੀ ਦੀ ਭੱਠੀ ਵਿੱਚ ਝੋਕ ਦਿੱਤੀ ਜਾਂਦੀ ਸੀ। ਜਦੋਂ ਉਹ ਕੁਝ ਹੋਸ਼ ਸੰਭਾਲਦੀ ਸੀ ਤਾਂ ਉਸ ਗਰੀਬਣੀ ਨੂੰ ,ਜ਼ਿੰਦਗੀ ਦੀ ਅਜਿਹੀ ਤਸਵੀਰ ਦਿਖਾਈ ਜਾਂਦੀ ਸੀ ਕਿ ਜਿਸ ਨਾਲ ਉਸਨੂੰ,ਨਿਸਚਾ ਹੋ ਗਇਆ ਕਿ ਭਗਵਾਨ ਨੇਂ ਉਸ ਨੂੰ ਕੇਵਲ ਮਨੁੱਖ ਦੀ ਕਾਮ-ਵਾਸ਼ਨਾਂ ਦੀ ਪੂਰਤੀ ਲਈ ਹੀ ਸਾਜਿਆ ਸੀ। ਪੌਤੀ ਬੂਤਾ ਹੋਣ ਦਾ ਵਡਾ ਸਬੂਤ ਇਹ ਸੀ ਕਿ ਉਹ ਹਰ ਸਮੇਂ ਆਦਮੀ ਦੇ ਹੱਥਾਂ ਵਿੱਚ ਇੱਕ ਕੱਠ-ਪੁਤਲੀ ਵਾਂਗ ਨੱਚਦੀ ਰਹੇ। ਅਜਿਹੇ ਵਾਤਾਵਰਣ ਵਿੱਚ ਉਸਦੀਆਂ ਸਾਰੀਆਂ [struck out] ਦੀਮਾਗੀ ਸ਼ਕਤਾਂ ਨੂੰ ਖੁੰਡਿਆਂ ਕਰਕੇ "ਕਾਮ ਵਾਸ਼ਨਾਂ ਦੀ ਪੂਰਨਹਾਰੀ ਅਤੇ ਦਾਸੀ" ਭਰ ਦਿੱਤਾ ਜਾਂਦਾ ਸੀ।

ਇਥੇ ਹੀ ਬਸ ਨਹੀਂ ਮਹਾਂਭਾਰਤ ਦੇ ਯੁਗ ਬਾਰੇ ਵੀ ਸਾਨੂੰ ਅਜਿਹੀਆਂ ਘਟਨਾਵਾਂ ਮਿਲਦੀਆਂ ਹਨ ਜਿਹੜੀਆਂ ਇਸ ਨੂੰ ਦ੍ਰਿੜ ਕਰਵਾਉਣ ਵਿੱਚ ਆਪਣਾ ਠੋਸ ਹਿਸਾ ਪਾਂਦੀਆਂ ਹਨ।

ਮਹਾਂਭਾਰਤ ਯੁਗ ਵਿੱਚ ਕੇ ਕੋਈ ਪੰਡਤ ਕਿਸੇ ਰਾਜੇ ਆਦਿਕ ਦੇ ਘਰ ਸਦੇ ਉਤੇ ਜਾਂਦਾ ਸੀ ਤਾਂ ਉਹ ਪੰਡਤ ਕਿਸੇ ਨ ਕਿਸੇ ਰਾਜਕੁਮਾਰੀ ਦੀ ਭੇਟਾ ਨਾਲ ਸਤਿਕਾਰਿਆ ਜਾਂਦਾ ਸੀ। ਜੇ ਉਹ ਭੇਟਾ(ਰਾਜਕੁਮਾਰੀ ਦਾ ਸਰੀਰ) ਪ੍ਰਵਾਨ ਹੋ ਜਾਵੇ ਤਾਂ ਭੇਟਾ ਦੇਣ ਵਾਲਾ ਆਪਣੇ ਆਪ ਨੂੰ ਵਡਭਾਗੀ ਸਮਝਿਆ ਕਰਦਾ ਸੀ। *੨*

---

*1* MARRIAGE AND FAMILY IN INDIA BY K.M.KAPADIA
P. 139 While discussing age at the time of marriage.

But these sacred works also enjoin: A maiden after attaining puberty may wait for three years; after this period she should seek a husband who is similar to her.Only, the father or guardian incurs the sin of destroying an ambryo at each appearance of manses as long as the girl is unmarried after puberty.

*2* Ibid P.174-75

Over and over again we are told in the Mahabharata that a king honours a Brahamin, a penitent, or a holyman by putting a princess into his arms. Very great honour is supposed to be done if the pious man accepts this gift. Gods like Surya, Agni and Indra and sages like Parasara and Dirghatamas are said either to have deflowered a virgin by persuation or under a threat of curse, or to have seduced a married woman under a guise, or have enjoyed intimacy with queens in response to a request from their royal husbands.

ਸੋ ਰਾਜਕੁਮਾਰੀ ਦੇ ਸਰੀਰ ਨੂੰ ਤੋਹਫ਼ੇ ਵਜੋਂ ਵਰਤਿਆ ਜਾਂਦਾ ਸੀ। ਅਸੀਂ ਆਪ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਜਿਹੀ ਕਿਸਮ ਦੀ ਭੇਟਾ ਕਿਉਂ ਦਿੱਤੀ ਜਾਂਦੀ ਸੀ ਅਤੇ ਉਸ ਭੇਟਾ ਨੂੰ ਕਿਵੇਂ ਵਰਤਿਆ ਜਾਂਦਾ ਸੀ।

ਇਸ ਦੇ ਨਾਲ ਹੀ ਜੁੜਦੀਆਂ ਹੋਈਆਂ ਦੇਵੀ ਦੇਵਤਿਆਂ ਦੀਆਂ ਕਹਾਣੀਆਂ ਵੀ ਸੁਣੀਆਂ ਜਾਂਦੀਆਂ ਹਨ। ਸੂਰਜ, ਅਗਨੀ ਅਤੇ ਇੰਦਰ ਵਰਗੇ ਦੇਵਤੇ ਵੀ ਆਪਣੀ ਹਵਸ ਨੂੰ ਪੂਰਿਆਂ ਕਰਨ ਲਈ ਜਾਂ ਤਾਂ ਆਪਣੀ ਤੱਪ ਸਾਧਨਾਂ ਨਾਲ ਲੜਕੀਆਂ ਪੈਦਾ ਕਰਿਆ ਕਰਦੇ ਸਨ ਤੇ ਜਾਂ ਫ਼ਿਰ ਚੋਰੀ ਛਿਪੇ ਇੱਕ ਦੂਜੇ ਦੇ ਘੱਰ ਵਿੱਚ ਪ੍ਰਵੇਸ਼ ਕਰਕੇ ਆਪਣੀ ਅੰਦਰ ਦੀ ਬਲ ਰਹੀ ਅੱਗ ਨੂੰ ਠੰਡਿਆਂ ਕਰਿਆ ਕਰਦੇ ਸਨ। ਜਿਸ ਧਰਤੀ ਉਤੇ, ਰਾਜਿਆਂ ਮਹਾਰਾਜਿਆਂ ਦਾ ਦੂਜੀਆਂ ਇਸਤ੍ਰੀਆਂ ਨੂੰ ,ਆਪਣੀ ਕਾਮਵਾਸ਼ਨਾਵਾਂ ਲਈ ਵਰਤਣਾ ਜਾਂ ਆਪਣੀਆਂ ਇਸਤ੍ਰੀਆਂ ਨੂੰ ,ਦੂਜਿਆਂ ਦੇ ਹਵਾਲੇ ਕਰਨਾਂ ਇੱਕ ਮਾਮੂਲੀ ਜਹਿਆ ਕੰਮ ਸੀ, ਉਸ ਧਰਤੀ ਉਤੇ ਅਸੀਂ, ਆਮ ਜਨਤਾ ਦੀ ਹਾਲਤ ਬਾਰੇ ਕੀ ਕਹਿ ਸਕਦੇ ਹਾਂ। ਸਾਡੇ ਸਮਾਜ ਵਿੱਚ ,ਆਮ ਤੌਰ ਉਤੇ ਵੇਖਿਆ ਗਇਆ ਹੈ ਕਿ ਨੀਵੀਂ ਪੱਧਰ ਦਾ ਮਨੁੱਖ ,ਵਡੇ ਦੀ ਨਕਲ ਕਰ ਕੇ ,ਘਟੋ ਘਟ ਆਪਣੇ ਦਿਲ ਨੂੰ ਤਸੱਲੀ ਦੇਣ ਲਈ,[illegible] ਕੁਝ ਕੁ ਸਮੇਂ ਲਈ ਵਡਾ ਬਣ ਜਾਇਆ ਕਰਦਾ ਹੈ। ਸੋ ਇਸਤ੍ਰੀ ਦਾ ਮਾਣ ਇਸ ਪ੍ਰਕਾਰ ਕੀਤਾ ਜਾਂਦੀ ਸੀ। ਜਿਨ੍ਹਾਂ ਯੁਗਾਂ ਬਾਰੇ ਲੋਕਾਂ ਵਿੱਚ ਧਰਮ ਦਾ ਦਾਹਵਾ ਕੀਤਾ ਜਾਂਦਾ ਹੈ, ਓਹਨਾਂ ਯੁਗਾਂ ਵਿੱਚ ਅਧਰਮ ਦੀ ਇਹ ਹਾਲਤ ਸੀ ਕਿ ਉਹ ਆਪਣੇ ਜੋਬਨ ਦੀਆਂ ਸਿਖਰਾਂ ਛਹੁ ਰਹਿਆ ਸੀ।

ਸੋ ਇਸਤ੍ਰੀ ਕੇਵਲ ਮਾਂ, ਭੈਣ ਜਾਂ ਪੱਤਨੀ ਹੀ ਨਹੀਂ ਸੀ ਬਣਾਈ ਗਈ ਸਗੋਂ ਕਾਮਵਾਸ਼ਨਾਂ ਦੀ ਪੂਰਤੀ ਦੀ ਰੰਗਾ ਬਣਾ ਦਿੱਤੀ/ਗਈ ਸੀ। ਇਸਬਦੀਆਂ ਸਭ ਤੋਂ ਵੱਧ ਗਵਾਹੀਆਂ ਸਾਨੂੰ ਪੁਰਾਣਕ ਸਮੇਂ ਦੀਆਂ ਹੀ ਮਿਲਦੀਆਂ ਹਨ। ਜਦੋਂ ਸਮਾਜ ਕੁਝ ਕੁ ਪੜ੍ਹੇ ਹੋਏ ਲੋਕਾਂ ਦੇ ਹੱਥ ਵਿੱਚ ਸੀ ਤਾਂ ਬਾਕੀ ਦੀ ਜਨਤਾ ਉਨ੍ਹਾਂ ਦੇ ਸਾਹਮਣੇ ਇੱਕ ਇਜੜ ਦੇ ਰੂਪ ਵਿੱਚ ਸੀ। ਓਹਨਾਂ [illegible] ਦਾ ਜਿਧਰ ਜੀ ਆਉਂਦਾ ਇਸ ਇਜੜ ਨੂੰ ਹੱਕ ਕੇ ਲੈ ਤੁਰਦੇ ਸਨ। ਅਤੇ ਉਪਰ ਦਿੱਤੀਆਂ ਜਾ ਚੁਕੀਆਂ ਗਵਾਹੀਆਂ ਤੋਂ ਤਾਂ ਇਹੋ ਹੀ ਸਿਧ ਹੁੰਦਾ ਹੈ ਕਿ ਉਸ ਸਮੇਂ ਦੇ ਆਜੜੀ ਦੇ ਸਿਰ ਕਾਮ ਸਵਾਰ ਹੁੰਦਾ ਸੀ ਅਤੇ ਉਸ ਦੇ ਸਾਹਮਣੇ ਇੱਕੋ ਕਾਮ ਦਾ ਹੀ ਰਸਤਾ ਖੁਲਾ ਹੁੰਦਾ ਸੀ। ਸੋ ਉਹ ਆਪਣੀ ਕਾਮਵਾਸ਼ਨਾ ਨੂੰ ਪੂਰਿਆਂ ਕਰਨ ਲਈ ਸਾਰੇ ਦੇ ਸਾਰੇ ਇਜੜ ਨੂੰ ਇਸ ਸ਼ਾਹੀ ਸੜਕ ਉਤੇ

ਹਕੀਂ ਲਈ ਜਾਂਦਾ ਸੀ। ਜਦੋਂ ਇਹ ਇਜੜ ਆਪਣੇ ਵਾੜੇ ਵਿੱਚ ਪੁਜਦਾ ਸੀ ਤਾਂ ਇੱਕ ਇਸਤ੍ਰੀ ਉਸਦੀ ਖੁਰਾਕ ਬਣਿਆ ਕਰਦੀ ਸੀ।

ਪੁਰਾਣਕ ਸਾਹਿਤ ਵਿੱਚ ਤਾਂ ਇਥੋਂ ਤੱਕ ਵੀ ਅੰਕਤ ਕੀਤਾ ਗਇਆ ਹੈ ਕਿ ਇੱਕ ਵਾਰੀ ਦੀ ਗਲ ਹੈ ਕਿ ਕਿਸੇ ਪੱਤੀ ਨੇਂ ਆਪਣੀ ਪੱਤਨੀ ਨੂੰ ਉਸ ਮੋਢਿਆਂ ਉਤੇ ਚੜ੍ਹ ਕੇ ਇੱਕ ਵੇਸ਼ਵਾ ਦੇ ਘਰ ਜਾਣ ਦੀ ਇਛਾ ਪ੍ਰਗਟ ਕੀਤੀ। ਇਸਤ੍ਰੀ ਜੋ ਕਿ ਆਪਣੇ ਆਪ ਦਾ ਸੱਤੀ ਸਾਵਿਤ੍ਰੀਆਂ ਦੀ ਲੜੀ ਵਿੱਚ ਨਾਂ ਗਿਣਦੀ ਸੀ, ਨੇ ਖੁਸ਼ੀ ਖੁਸ਼ੀ ਆਪਣੇ ਪੱਤੀ ਦੀ ਇਛਾ ਨੂੰ ਪੂਰਿਆਂ ਕਰਨ ਦਾ ਫੈਸਲਾ ਕੀਤਾ। ਸੋ ਉ-ਸ ਨੇਂ ਆਪਣੇ ਪੱਤੀ ਨੂੰ ਮੋਢਿਆਂ ਉਤੇ ਚੁਕ, ਦਸੀ ਗਈ ਵੇਸ਼ਵਾ ਦੇ ਘਰ ਪੁਚਾ ਦਿੱਤਾ। ਇਸ਼ਦਾ ਫ਼ਲ ਸਰੂਪ ਉਸ ਨੂੰ ਸੱਤੀ ਸਮਝਿਆ ਜਾਣ ਲਗਾ। *੧*

ਕੀ ਅਜੋਕੇ ਸਮੇਂ ਵਿੱਚ ਕੋਈ ਸਵਾਣੀ ਇਤਨਾਂ ਕੁਝ ਕਰਨ ਲਈ ਤਿਆਰ ਹੈ? ਉਤਰ ਹੈ ਨਹੀਂ। ਕਿਉਂਕਿ ਉਹ ਆਪਣੇ ਹੱਕਾਂ ਬਾਰੇ ਚੇਤੰਨ ਹੋ ਗਈ ਹੈ। ਉਹ ਆਪਣੀ ਕੀਮਤ ਨੂੰ ਜਾਣਦੀ ਹੈ ਤੇ ਪੰਜਾਬ ਦੀ ਇਸਤ੍ਰੀ ਇਸ ਚੇਤੰਨਤਾ ਲਈ ਗੁਰੂ ਸਾਹਿਬਾਂ ਦੇ ਜੀਵਨ ਅਤੇ ਸਾਹਿਤ ਦੀ ਸਦਾ ਲਈ ਰਿਣੀ ਰਹੇਗੀ। ਇਹ ਕੇਵਲ ਗੁਰੂ ਸਾਹਿਬਾਂ ਦੀ ਹੀ ਜੁਰਅਤ ਸੀ ਕਿ ਕਰੜੇ ਬ੍ਰਾਹਮਣੀ ਸਮਾਜ ਅਤੇ ਜ਼ਾਲਮ ਮੁਗਲ ਰਾਜ ਦੇ ਸਾਹਮਣੇ ਆਪਣੀ ਜ਼ਿੰਦਗੀ ਦੀ ਪਰਵਾਹ ਨ ਕਰਦਿਆਂ ਹੋਇਆਂ ਇਹ ਨਾਹਰਾ ਉਚਾ ਕੀਤਾ ਕਿ ਇਸਤ੍ਰੀ ਜੋ ਸਾਡੇ ਜੀਵਨ ਦੀ ਸਭ ਤੋਂ ਵਡਮੁਲੀ ਵਸਤੂ ਹੈ ਨੂੰ ਇਸ ਬੇਰਹਿਮੀ ਨਾਲ ਨ ਦੁਰਕਾਰਿਆ ਜਾਵੇ। ਸਗੋਂ ਉਸ ਨੂੰ ਮਾਣ ਅਤੇ ਇਜ਼ਤ ਦਿੱਤੀ ਜਾਵੇ।

ਸੋ ਪੁਰਾਣਕ ਸਮੇਂ ਤੋਂ ਇਸਤ੍ਰੀ ਦੇ ਦੀਮਾਗ਼ ਵਿੱਚ ਉਸ ਦੇ ਨਾਲ ਕੀਤੇ ਵਰਤਾ ਰਾਹੀਂ ਇਹ ਭਰ ਦਿੱਤਾ ਗਇਆ ਸੀ ਕਿ ਉਹ ਨੀਚ ਹੈ ਅਤੇ ਉਸਦੀ ਕੋਈ ਕੀਮਤ ਨਹੀਂ। ਜਦੋਂ ਤੱਕ ਤਾਂ ਉਹ ਜੀਉਂਦੀ ਹੈ ਉਸਦਾ ਧਰਮ ਹੈ ਕਿ ਉਹ ਆਦਮੀ ਦੀਆਂ( ਭਾਵੇਂ ਉਹ ਆਪਣਾ ਪੱਤੀ ਹੈ ਜਾਂ ਪਿਤਾ, ਭਾਵੇਂ ਭਰਾ ਹੈ ਜਾਂ ਕੋਈ ਹੋਰ) ਕਾਮ ਵਾਸ਼ਨਾਵਾਂ ਨੂੰ ਪੂਰਿਆਂ ਕਰਦੀ ਰਹੇ ਅਤੇ ਜਦ ਉਸਦਾ ਮਾਲਕ

---

*1* MARRIAGE AND FAMILY IN INDIA BY K.M.KAPADIA.
P.169
Instances are recorded in Puranic literature where a husband demanded his wife to take him to the house of a prostitute on her shoulders, and the wife willingly did it and proved that she was a sati.

R see page 35

ਮਰ ਜਾਏ ਤਾਂ ਆਪਣੇ ਆਪ ਨੂੰ ਉਸਦੀ ਚਿੱਖਾ ਵਿੱਚ ਜੀਉਂਦੇ ਜੀਅ ਸਾੜ ਦੇਵੇ।

ਇਥੋਂ ਤੱਕ ਕਿ ਅਜੋਕੇ ਪ੍ਰਗੱਤੀ ਵਾਦੀ ਯੁਗ ਵਿੱਚ ਹਿੰਦੂ ਇਸਤ੍ਰੀ ਸੱਤੀ ਦੇ ਸੰਸਕਾਰਾਂ ਤੋਂ ਪਿਛਾ ਨਹੀਂ ਸੀ ਛੁੜਾ ਸਕੀ। ਰਾਜਾ ਰਾਮ ਮੋਹਨ ਰਾਏ ਅਤੇ ਵਿਲੀਅਮ ਬੈਂਟਿਕ ਆਦਿਕ ਨੇਂ ਆਪਣਾ ਪੂਰਾ ਜ਼ੋਰ ਲਗਾ ਕੇ ਭਾਰਤੀ ਹਿੰਦੂ ਸਮਾਜ ਵਿੱਚੋਂ ਇਸ ਕੋਹੜ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਪਰ ਫ਼ਿਰ ਵੀ ਇਹ ਅੰਸ਼ ਕਿਸੇ ਨ ਕਿਸੇ ਨੁਕਰੇਂ ਦਬਿਆ ਰਹਿ ਹੀ ਗਇਆ। THE TIMES OF INDIA ਦੀਆਂ ਰੀਪੋਰਟਾਂ ਤੋਂ ਸਾਨੂੰ ਇਸ ਵਿਚਾਰ ਦੀ ਪੁਸ਼ਟੀ ਮਿਲਦੀ ਹੈ ਕਿ ਗਵਾਲੀਅਰ ਵਿੱਚ ਇੱਕ ੨੨ ਸਾਲ ਦੀ ਮੰਗੀ ਲਾਲ ਦੀ ਇਸਤ੍ਰੀ ਨੇਂ ੧੭ ਅਪ੍ਰੈਲ,੧੯੫੧ ਨੂੰ ਆਪਣੇ ਆਪ ਨੂੰ ਪੱਤੀ ਦੀ ਮਿਰਤੂ ਉਤੇ ਅਗਨ ਭੇਟ ਕੀਤਾ। ਇੱਕ ਹੋਰ ਇਸਤ੍ਰੀ ਨੇਂ ਜੈਪੁਰ ਦੇ ਕਿਸੇ ਪਿੰਡ ਵਿੱਚ ਅਤੇ ਦੂਜੀ ਨੇਂ ਸੌਗਰ ਜ਼ਿਲ਼ਾ ਦੇ ਖੀਰੀਆ ਪਿੰਡ ਵਿੱਚ ਇਸੇਤਰ੍ਹਾਂ ਹੀ ਕੀਤਾ। ਇਸਦੇ ਨਾਲ ਹੀ ਸਾਨੂੰ ਇਥੋਂ ਤੱਕ ਵੀ ਪੱਤਾ ਲਗਦਾ ਹੈ ਕਿ ਸਰਕਾਰ ਦੇ ਡਰ ਕਾਰਨ, ਭਾਵੇਂ ਇੱਕ ਇਸਤ੍ਰੀ ਨੂੰ ਸੱਤੀ ਤਾਂ ਨਹੀਂ ਸੀ ਕੀਤਾ ਗਇਆ ਪਰ ਉਹ ਆਪ, ਇਸ ਵਹਿਮ ਦੀ ਸ਼ਿਕਾਰ ਹੋ ਕੇ ਆਪਣੇ ਕਮਰੇ ਵਿੱਚ ਤੇਲ ਪਾ ਕੇ ਸੜ ਮੋਈ ਸੀ। *੧*

ਜੇ ਹਿੰਦੂ ਪੱਤੀ-ਬ੍ਰਤਾ ਪੱਤਨੀ ਦੇ ਦੀਮਾਗ ਵਿੱਚ ਸੱਤੀ ਹੋਣ ਬਾਰੇ

---

*1* MARIAGE AND FAMILY IN INDIA BY K.M.KAPADIA.

Pp.170-71

A lady in Gwalior who was 22 and happened to be a third wife of Manilal became a sati on his death on 17th. April,1951.

..........Another very receint cace was reported from a village in Jaipur district.

..........Another woman of 22 in the village of Khiriya in Saugor district was reported to have committed Satti.

......... A further case was reported of a woman who set fire to herself in a room on the death of her husband.

Each of the last three cases occured in September,1952.

Times of India April 1951, 10 Sept.,1952, 17 Sept. 1952.

ਸ਼ਰਧਾ ਵੇਖਣੀ ਹੋਵੇ ਤਾ ਅਤੇ ਸੱਤੀ ਦੇ ਰੋਕੇ ਜਾਣ ਬਾਰੇ ਉਸਦਾ ਰੋਸ ਵੇਖਣਾ ਹੋਵੇ ਤਾਂ ਸਾਨੂੰ ਦੋਵੇਂ ਹੀ ਅੰਸ਼ ਕਰਨਲ ਸਲੀਮੈਨ ਦੀ ਕਹਾਣੀ ਵਿੱਚੋਂ ਦੀ ਮਿਲ ਜਾਂਦੇ ਹਨ। ਇਹ ਘਟਨਾਂ ਸੰਨ ੧੮੨੯ ਦੀ ਹੀ ਹੈ , ਜਦੋਂ ਕਿ ਰਾਜਾ ਰਾਮ ਮੋਹਨ ਰਾਏ ਅਤੇ ਵਿਲੀਅਮ ਬੈਂਟਿਕ ਸੱਤੀ ਨੂੰ ਬੰਦ ਕਰਨ ਉਤੇ ਤੁਲੇ ਹੋਏ ਸਨ। ਇਸੇ ਐਕਟ ਦੀ ਸ਼ਹਿ ਹੇਠ,ਕਰਨਲ ਸਲੀਮੈਨ ਨੇਂ ਮਾਰਚ ੧੮੨੯ ਨੂੰ,ਇੱਕ ਇਸ਼ਤਿਹਾਰ ਜਾਰੀ ਕੀਤਾ ਸੀ ਕਿ ਸੱਤੀ ਨੂੰ ਬੰਦ ਕੀਤਾ ਜਾਵੇ। ਜੇਕਰ ਇਸ ਕਾਰਜ( ਸੱਤੀ) ਨੂੰ ਸਿਰੇ ਚੜ੍ਹਾਉਣ ਵਿੱਚ ਕਿਸੇ ਨੇਂ ਵੀ ਮਦਦ ਕੀਤੀ ਤਾਂ ਉਹ ਸਜ਼ਾ ਦਾ ਭਾਗੀ ਹੋਵੇਗਾ। ਸੋ ੨੮ ਨਵੰਬਰ, ੧੮੨੯ ਨੂੰ ਇੱਕ ੬੫ ਸਾਲਾਂ ਦੀ ਬੁਢੀ ਇਸਤ੍ਰੀ ਨੇਂ ਸੱਤੀ ਹੋਣ ਦੀ ਇਛਾ ਪ੍ਰਗਟ ਕੀਤੀ। ਕਿਉਂਜੋ (ਕੋਲੀਂ) ਕਾਨੂੰਨ ਤੋਂ ਡਰਦੇ ਸਨ ਸੋ ਓਹਨਾਂ ਨੇਂ ਇਸ ਕਾਰਜ ਵਿੱਚ ਸਹਾਇਤ ਦੇਣ ਤੋਂ ਇਨਕਾਰ ਕਰ ਦਿੱਤਾ। ਕਰਨਲ ਸਲੀਮੈਨ ਨੂੰ ਸੱਤੀ ਦੀ ਇਜਾਜ਼ਤ ਬਾਰੇ ਬੇਨਤੀ ਕੀਤੀ ਗਈ । ਜਦੋਂ ਓਹਨਾਂ ਨੂੰ ਹਾਲਾਤ ਖ਼ਤਰਨਾਕ ਹੋਣ ਬਾਰੇ ਯਕੀਨ ਹੋਇਆ ਤਾਂ ਬੁਢੀ ਦੀ ਰਖਵਾਲੀ ਲਈ ਪੋਲੀਸ ਭੇਜ ਦਿੱਤੀ ਗਈ। ਇਸਤ੍ਰਾਂ ਦੋਵੇਂ ਕੰਮ ਰੋਕੇ ਜਾ ਸਕਦੇ ਸਨ। ਉਧਰ ਉਹ ਹੱਠੀ ਜ਼ਨਾਨੀ ਕਿ ਸੱਤੀ ਹੋ ਕੇ ਹੀ ਰਹੇਗੀ। ਸੋ ਜਦੋਂ ਉਸਨੂੰ ਆਪਣੀ ਆਸ ਪੂਰੀ ਹੁੰਦੀ ਨਜ਼ਰ ਨ ਆਈ ਤਾਂ ਉਹ ਆਪਣੇ ਪੱਤੀ ਦੀ ਚਿਖਾ ਪਾਸ ਹੀ ਬੈਠ ਗਈ। ਪੂਰੇ ਚਾਰ ਦਿੰਨ ਬੀਤ ਗਏ। ਉਸ ਇਸਤ੍ਰੀ ਨੇਂ ਇਹਨਾਂ ਚਾਰ ਦਿੰਨਾਂ ਪੂਰੀ ਭੁਖ ਹੜਤਾਲ ਰੱਖੀ। ਕਰਨਲ ਸਲੀਮੈਨ ਨੇਂ ਆਪ ਵੀ ਅਜਿਹਾ ਕਰਨ ਤੋਂ ਰੋਕਿਆ। ਪਰ ਜਦੋਂ ਉਸ ਨੂੰ ਕੁਛ ਵੀ ਸਿਰੇ ਚੜ੍ਹਦਾ ਨਜ਼ਰ ਨ ਆਇਆ ਤਾਂ ਉਸ ਨੇ ਸੱਤੀ ਦੀ ਇਜਾਜ਼ਤ ਦੇ ਦਿੱਤੀ। ਕਹਿਆ ਜਾਂਦਾ ਹੈ ਕਿ ਜਦੋਂ ਇਹ ਖਬਰ ਉਸ ਇਸਤ੍ਰੀ ਤੱਕ ਪੁਚਾਈ ਗਈ ਤਾਂ ਉਹ ਬਹੁਤ ਹੀ ਖ਼ੁਸ਼ ਹੋਈ ਕਿ ਸੜ ਕੇ ਉਹ ਆਪਣੇ ਪੱਤੀ ਨੂੰ ਮਿਲ ਸਕੇਗੀ। *੧*

---

MARRIAGE AND FAMILY IN INDIA. By K.M.KAPADIA.

(P.170)

On 29 November, 1829 a woman of about 65 years wanted to be a sati on the pyre of her dead husband. Colonel Sleeman, who was bent upon enforcing the Act, had issued a circular in March,1829 to the

(continued P.42)

ਪਰ ਸਵਾਲ ਇਹ ਉਠਦਾ ਹੈ ਕਿ ਪੁਰਾਣੇ ਸਮੇਂ ਵਿੱਚ ਤਾਂ ਇਸਤ੍ਰੀਆਂ ਨੇਂ ਸੱਤੀ ਹੋਣਾ ਹੋ ਸਕਦਾ ਹੈ ਕਿ ਬੇਵਕੂਫੀ ਜਾਂ ਅਨਪੜ੍ਹਤਾ ਕਾਰਨ ਹੀ ਅਪਣਾਇਆ ਹੋਵੇ। ਜਾਂ ਇਹ ਵੀ ਹੋ ਸਕਦਾ ਹੈ ਕਿ ਪੰਡਤਾਂ ਜਾ ਰਿਸ਼ਤੇਦਾਰਾਂ ਨੇਂ ਉਸਦੀ ਜਾਇਦਾਦ ਸੰਭਾਲਣ ਲਈ ਉਸਨੂੰ ਪੱਤੀ ਨਾਲ ਸੜ ਮਰਨ ਮਗਰੋਂ ਸਵਰਗਾਂ ਦੀ ਪ੍ਰਾਪਤੀ ਦੇ ਲਾਰੇ ਦੇ ਕੇ ਸੱਤੀ ਹੋਣ ਲਈ ਮਨਾ ਲਇਆ ਹੋਵੇ। ਹੁਣ ਅਜੋਕੇ ਯੁਗ ਵਿੱਚ ਵੀ ਇਸਤ੍ਰੀ ਇਸ ਹੱਦ ਤੱਕ ਸੱਤੀ ਹੋਣ ਵਾਸਤੇ ਕਿਉਂ ਤਿਆਰ ਹੁੰਦੀ ਰਹੀ।

ਸੋ ਪੁਰਾਣੇ ਅੰਕੜੇ ਇਕੱਠੇ ਕਰਦਿਆਂ ਹੋਇਆਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਸੱਤੀ ਹੋਣ ਦਾ ਵਿਚਾਰ ਇਸ ਲਈ ਅਪਣਾਇਆ ਗਇਆ ਹੋਣਾ ਹੈ ਕਿ ਇਸਤ੍ਰੀ ਮਰਦ ਦੇ ਹੱਥੋਂ ਹਦੋਂ ਵੱਧ ਤੰਗ ਸੀ। ਜਦੋਂ ਉਸ ਨੇਂ ਇਹ ਵੇਖਿਆ ਕਿ ਵੱਖ ਵੱਖ ਮਰਦਾਂ ਦੀ ਹਵਸ ਦੀ ਅੱਗ ਨੂੰ ਹੀ ਠੰਡਾ ਕਰਨਾਂ ਉਸ ਦਾ ਫ਼ਰਜ਼ ਹੈ ਤਾਂ ਕਿਉਂ ਨ ਸਮਾਂ ਪਾਕੇ ਉਹ ਚਿਤਾ ਦੀ ਅੱਗ ਨੂੰ ਹੀ ਠੰਡਾ ਕਰ ਦੇਵੇ। ਜਦੋਂ ਉਹ ਮਰਦ ਦੇ ਘੇਰੇ ਵਿੱਚੋਂ ਕਦੀ ਬਾਹਰ ਹੀ ਨਹੀਂ ਨਿਕਲ ਸਕਦੀ

"ਭੋਜਨ ਭਜਨ ਅਰ ਨਾਰੀ ਤੀਨੋਂ ਪਰਦੇ ਕੇ ਹਿਤਕਾਰੀ"

---

Continued from p.41.

effect that anybody who encouraged a woman to be a Sati in any way would be regarded as an offender. People being afraid of the administrators, no one was prepared to give the Brahmin lady a log of wood. But the woman was firm, and Sleeman was approached and requested to permit her to be a Sati. Sleeman, however, ordered the police to keep a strict watch and prevent her immolation. The old lady sat by the pyre of her dead husband without taking food or water for four days; she had resolved to kill herself in this way and be united with her husband. Sleeman at last approached the old lady and attempted to persuade her to give up her resolve. But temptations and threats were to no purpose; Sleeman had to yield to the inevitable and permission was given. The joy of the lady when his permission was communicated to her, knew no bounds.

W.H.Sleeman Pp19ff.

" ਖੰਡਾ, ਘੋੜਾ, ਇਸਤ੍ਰੀ ਤਿੰਨੇ ਬੇਈਮਾਨ"
ਤਾਂ ਕਿਉਂ ਨ ਕਦੀ ਕਿਸੇ ਅਜਿਹੇ ਘੇਰੇ ( ਅੱਗਨੀ ਦੇ ਘੇਰੇ) ਵਿੱਚ ਪ੍ਰਵੇਸ਼ ਕਰ ਜਾਵੇ ਕਿ ਜਿਥੋਂ ਮੁੜ ਕੇ ਬਾਹਰ ਨਿਕਲਣ ਲਈ ਉਸ ਨੂੰ ਇਛਾ ਹੀ ਪ੍ਰਗਟ ਨ ਹੋਵੇ।

ਸੱਤੀ ਦੀ ਪ੍ਰੌਥਾ ਪ੍ਰਬਲ ਹੋਣ ਦਾ ਦੂਜਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਵਿਧਵਾ ਨੂੰ ਬੜੀ ਕਰੜੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਉਹ ਉਸੇ ਹੀ ਟੱਬਰ ਉਤੇ ਇੱਕ ਵਾਧੂ ਭਾਰ ਬਣ ਜਾਂਦੀ ਸੀ ਜਿਸ ਦੀ ਕਿ ਕਦੀ ਉਹ ਮਾਲਕਣ ਹੋਇਆ ਕਰਦੀ ਸੀ। ਭਾਵੇਂ ਮਲਕੀਅਤ ਦੇ ਹੱਕ ਤਾਂ ਉਸ ਪਾਸ ਇਤਨੇ ਨਹੀਂ ਸਨ ਹੁੰਦੇ ਪਰ ਫ਼ਿਰ ਵੀ ਵਿਧਵਾ ਨਾਲੋਂ ਕੁਝ ਹੱਦ ਤੱਕ ਤਾਂ ਚੰਗੀ ਹੀ ਸੀ। ਪਰ ਉਸਦੇ ਵਿਧਵਾ ਹੋਣ ਦੀ ਦੇਰ ਹੀ ਹੁੰਦੀ ਸੀ ਕਿ ਸੌਹਰੇ ਘਰ ਦਾ ਹਰ ਕੋਈ ਉਸਨੂੰ ਕਲਖਤ, ਕੁਲਹਿਣੀ ਅਤੇ ਡੈਣ ਕਹਿ ਕੇ ਬੁਲਾਂਦਾ ਸੀ। ਸਮਾਜ ਅਤੇ ਆਲਾ ਦੁਆਲਾ ਉਸ ਦੀ ਕਿਸੇ ਦਿਲੀ ਚਾਹ ਨੂੰ ਪੂਰਿਆਂ ਕਰਨ ਦਾ ਕੋਈ ਸਮਾਂ ਨਹੀਂ ਦਿੰਦਾ ਸੀ। ਉਹ ਉਸ ਨੂੰ ਸਦਾ ਪਵਿਤ੍ਰ ਅਤੇ ਘਰ ਦੀ ਚਾਰ-ਦੀਵਾਰੀ ਵਿੱਚ ਹੀ ਰੱਖਣਾ ਚਾਹੁੰਦੇ ਸਨ। ਜੇ ਉਹ ਕਦੀ ਇਸ ਦਸੇ ਹੋਏ ਨਾਪ ਉਤੇ ਪੂਰੀ ਨ ਉਤਰਦੀ ਤਾਂ ਫ਼ਿਰ ਜੇ ਕਿਧਰੇ ਜ਼ਰਾ ਕੁ ਵੀ ਥਿੜਕ ਜਾਂਦੀ ਤਾਂ ਉਸਦੇ ਰਿਸ਼ਤਾਦਾਰ, ਸੌਹਰੇ, ਸਮਾਜ ਅਤੇ ਆਲਾਦੁਆਲਾ ਉਸ ਨੂੰ ਭੰਨ ਭੰਨ ਕੇ ਖਾਂਦਾ ਸੀ। ਸੋ ਦੂਜੀ ਜਾਂ ਤੀਜੀ ਸਦੀ ਵਿੱਚ ਦਿੱਤਾ ਹੋਇਆ ਸੱਤੀ ਦਾ ਵਿਚਾਰ ਉਸ ਦੇ ਦਿਲ ਵਿੱਚ ਘਰ ਕਰ ਗਇਆ। *੧*। ਅਉਸ ਨੇਂ ਆਵਸ਼ਕ ਹੀ ਅਜਿਹੀ ਬਦਤਰ ਜ਼ਿੰਦਗੀ ਜੀਣ ਨਾਲੋਂ

---

*1* MARRIAGE AND FAMILY IN INDIA By K.M.KAPADIA.
P.177

A widow is considered inauspicious. To see her in the morning is an ill-omen. Her presence on any auspicius occasion forbades calamity and frustration. Being economically dependant on the members of her husband's family. She can be ill treated, abused and cursed for any unhappy occurrence in the family. Society expects her to remain absolutely chaste, and any lapse on her part, if known, brings upon her calumny from her parents, relatives, husband's kin members of the caste and local residents.

ਮਰਨਾਂ ਕਬੂਲ ਕੀਤਾ ਹੋਣਾ ਹੈ।

ਜੀਉਂਦੇ ਜੀਅ ਮਰਨਾਂ ਕੌਣ ਪਸੰਦ ਕਰਦਾ ਹੈ? ਕਿਸ ਦਾ ਦਿਲ ਕਰਦਾ ਹੈ ਕਿ ਭਰੀ ਭਰਾਈ ਦੁਨੀਆਂ ਨੂੰ ਛੱਡ ਕੇ ਅਣਿਆਈ ਮੌਤ ਮਰ ਜਾਵੇ। ਪਰ ਕਹਿੰਦੇ ਹਨ:-

"ਤੰਗ ਆ ਮਦ ਬ-ਜੰਗ ਆ ਮਦ"

ਸੋ ਘੁਟ ਘੁਟ ਕੇ ਮਰ ਜਾਣ ਨਾਲੋਂ ਆਪਣੇ ਆਪ ਨੂੰ ਹਰ ਕਿਸੇ ਦੀ ਨਜ਼ਰ ਦਾ ਨਿਸ਼ਾਨਾਂ ਬਣਾਉਣ ਨਾਲੋਂ ਚੰਗਾ ਹੈ ਕਿ ਸਦਾ ਦੀ ਸੁਖੀ ਨੀਂਦ ਸੌਂ ਲਿਤਾ ਜਾਵੇ।

## ਮੁਸਲਮਾਨੀ ਘੇਰੇ ਵਿੱਚ ਇਸਤ੍ਰੀ ਦਾ ਸਥਾਨ:-

ਹਿੰਦੂਆਂ ਦੇ ਮੁਕਾਬਲੇ ਮੁਸਲਮਾਨਾਂ ਵਿੱਚ ਵੀ ਇਸਤ੍ਰੀ ਦੀ ਹਾਲਤ ਚੰਗੀ ਨਹੀਂ ਸੀ। ਭਾਰਤੀ ਮੁਸਲਮਾਨਾਂ ਅਤੇ ਓਹਨਾਂ ਦੇ ਸਮਾਜ ਨੇਂ ਅਰਬ ਤੋਂ ਚਲੀ ਵਿਚਾਰਧਾਰਾ ਨੂੰ ਹਰ ਹੀਲੇ ਕਬੂਲਿਆ ਕਿਉਂ ਜੋ ਓਹਨਾਂ ਦੇ ਧਾਰਮਕ ਆਗੂ ਮੁਹੰਮਦ ਸਾਹਿਬ ਅਰਬ ਦੇ ਵਾਸੀ ਸਨ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਇਸ ਧਰਮ ਨੇਂ ਅਰਬ ਤੋਂ ਹੀ ਟੁਰ ਕੇ ਭਾਰਤ ਵਿੱਚ ਜੇਤੂ ਮੁਗਲ ਰਾਜਿਆਂ ਦੇ ਨਾਲ ਹੀ ਪ੍ਰਵੇਸ਼ ਕੀਤਾ। ਸੋ ਭਾਰਤ ਵਿੱਚ ਇਸਲਾਮ ਦੇ ਵਧਣ ਫੁਲਣ ਦਾ ਬਹੁਤਾ ਕਾਰਨ ਹਾਕਮ ਸ੍ਰੇਣੀ ਹੀ ਸੀ। ਇਸ ਧਰਮ ਦੇ ਪ੍ਰਫੁਲਤ ਹੋਣ ਦਾ ਦੂਜਾ ਵਡਾ ਕਾਰਨ ਇਹ ਸੀ ਕਿ ਹਿੰਦੂ ਧਰਮ ਦੇ ਮੁਕਾਬਲੇ ਇਹ ਬਹੁਤਾ ਕਰੜਾ ਨਹੀਂ ਸੀ। ਭਾਵੇਂ ਅਸੀਂ ਅਗੇ ਵੇਖ ਹੀ ਚੁਕੇ ਹਾਂ ਕਿ ਕਰਮ ਕਾਂਡ ਇਸ ਧਰਮ ਵਿੱਚ ਵੀ ਕੋਈ ਘੱਟ ਨਹੀਂ ਸੀ ਪਰ ਮੁਲਿਅੰਕਣ ਇਹ ਸਾਬਤ ਕਰਦਾ ਹੈ ਕਿ ਹਿੰਦੂ ਧਰਮ ਦੇ ਮੁਕਾਬਲੇ ਕਰੜਾਈ ਅਤੇ ਕਰਮ ਕਾਂਡ ਘੱਟ ਹੀ ਸੀ।

ਸੋ ਮੁਸਲਮਾਨੀ ਘੇਰੇ ਵਿੱਚ ਪਲ ਰਹੀ ਇਸਤ੍ਰੀ ਦਾ ਸਥਾਨ ਵੇਖਣ ਲਈ ਜ਼ੁਰਰੀ ਹੈ ਕਿ ਅਸੀਂ ਉਸ ਸਮਾਜ ਦਾ ਪਿਛੋਕੜ ਵੇਖੀਏ। ਅਰਬ ਵਿੱਚ ਰਹਿ ਰਹੇ ਮੁਸਲਮਾਨਾਂ ਵਿੱਚ ਇਸਤ੍ਰੀ ਨੂੰ ਕੋਈ ਮਾਣ ਜਾਂ ਇਜ਼ਤ ਪ੍ਰਾਪਤ ਨਹੀਂ ਸੀ। ਉਥੇ ਵੀ ਇਸਤ੍ਰੀ ਹਿੰਦੂ ਸਮਾਜ ਵਾਂਗ ਬੇਇਜ਼ਤ ਹੀ ਕੀਤੀ ਜਾਂਦੀ ਸੀ। Dr. LUDOLF KREHL ਨੇਂ ਜਿਹੜਾ ਮੁਹੰਮਦ ਸਾਹਿਬ ਦਾ ਇੱਕ ਵਡਾ ਚਾਹਤਾ ਸੀ ਨੇਂ ਮੁਹੰਮਦ ਸਾਹਿਬ ਦੇ ਵਿਚਾਰਾਂ ਨੂੰ ਬਿਆਨ ਕਰਦਿਆਂ ਹੋਇਆਂ ਆਖਿਆ

ਹੈ ਕਿ ਮੁੰਹੰਮਦ ਸਾਹਿਬ ਨੇਂ ਇਸਤ੍ਰੀ ਨੂੰ ਗੁਲਾਮ ਦੀ ਹੀ ਕੀਮਤ ਦਿੱਤੀ ਹੈ।*੧*। ਇਸਦਾ ਭਾਵ ਇਹ ਹੋਇਆ ਕਿ ਮੁਹੰਮਦ ਸਾਹਿਬ ਦੇ ਵਿਚਾਰਾਂ ਵਿੱਚ ਵੀ ਸਾਡੇ, ਪੁਰਾਣਾ ਦੇ ਲੇਖਕਾਂ ਵਾਂਗ ਜਿਨ੍ਹਾਂ ਨੂੰ ਦੇਵਤੇ ਆਦਿਕ ਆਖਿਆ ਜਾਂਦਾ ਹੈ ਇਸਤ੍ਰੀ ਮਨੁੱਖ ਲਈ ਇੱਕ ਖਿਡੌਣਾ [illegible], ਗੁਲਾਮ, ਨੀਚ ਅਤੇ ਇਥੋਂ ਤੱਕ ਕਿ ਕਮੀਨੀ ਜ਼ਾਤ ਸੀ।

Dr.LUDOIF ਦੇ ਵਿਚਾਰਾਂ ਦੇ ਨਾਲ Sir William Muirsਦੇ ਵਿਚਾਰ ਵੀ ਅਖੋਂ ਓਹਲੇ ਕਰਨ ਵਾਲੇ ਨਹੀਂ। ਓਹਨਾਂ ਨੇਂ ਵੀ ਮੁਹੰਮਦ ਸਾਹਿਬ ਦੇ ਵਿਚਾਰਾਂ ਦਾ ਭਲੀ ਪ੍ਰਕਾਰ ਸਰਵੇਖਣ ਕਰਦਿਆਂ ਹੋਇਆਂ ਬੜੇ ਵਿਸਥਾਰ ਵਿੱਚ ਬਿਆਨ ਕੀਤਾ ਹੈ। ਉਹ ਲਿਖਦੇ ਹਨ ਕਿ ਮੁਹੰਮਦ ਸਾਹਿਬ ਅਨੁਸਾਰ ਇਸਤ੍ਰੀ ਪ੍ਰਭੂ ਦੀ ਸਭ ਤੋਂ ਘੱਟੀਆ ਸਿਰਜਨਾ ਸੀ। ਉਸਦਾ ਕੰਮ ਆਪਣੇ ਮਾਲਕ ਦੀ ਸੇਵਾ ਕਰਨੀ ਅਤੇ ਉਸ ਨੂੰ ਰੀਝਾਣਾ ਹੀ ਸੀ। ਉਸ ਨੂੰ ਕਿਸੇ ਸਮੇਂ ਵੀ ਉਸਦਾ ਮਾਲਕ ਬਿਨਾਂ ਕਿਸੇ ਗਲ ਦੇ ਆਪਣੇ ਘਰੋਂ ਕੱਢ ਸਕਦਾ ਸੀ। ਭਾਵੇਂ ਉਹ ਰੱਖੇ ਤੇ ਭਾਵੇਂ ਨ ਰੱਖੇ। ਉਸਦੇ ਮਾਲਕ ਨੂੰ ਹਰ ਪ੍ਰਕਾਰ ਦਾ ਹੱਕ ਸੀ।*੨*

ਇਸ ਦਾ ਭਾਵ ਇਹ ਹੋਇਆ ਕਿ ਇੱਕ ਜਾਨਵਰ ਵਾਂਗ ਇਸਤ੍ਰੀ ਆਪਣੇ ਮਾਲਕ ਦੇ ਤਰਸ ਉਤੇ ਪਲ ਰਹੀ ਸੀ। ਉਸ ਨੂੰ ਘਰ ਵਿੱਚ ਕੋਈ ਅਧੀਕਾਰ ਪ੍ਰਾਪਤ ਨਹੀਂ ਸੀ। ਉਸਦੀ ਆਵਾਜ਼ ਬਿਲਕੁਲ ਬੰਦ ਸੀ ਜੇ ਉਹ

---

*1* MARRIAGE AND FAMILY IN INDIA BY K.M.KAPADIA.

P.200

Dr. Ludolf Krehl who showed a decided inclination to take the most favourable view of the prophet's life and character, had much the same to say:' He (Mohammad), in effect, saw nothing more in women than a ministering slave.

*2* Ibid P.200

Sir William Muirs wrote:-

" The position fixed by Mohammad for woman is that of inferior creature, destined only for the service of her lord, liable to be cast off without the assignment of any reason, and without the notice of a single hour while her husband possesses the power of divorce, absolute, unquestioned, no privilege of a corresponding nature has been reserved for the wife. She hangs on, unwilling, neglected, or superseded, the perpetual slave of her lord, if such be his will".

ਗੁਲਾਮ ਬਣ ਕੇ ਰਹਿਣਾ ਚਾਹੇ ਤਾਂ ਭਲਾ ਨਹੀਂ ਤਾਂ ਕੁਤਿਆਂ ਵਾਂਗ ਘਰ ਘਰ ਦੇ ਭਾਂਡੇ ਲਿਕਦੀ ਫ਼ਿਰੇ।

ਇਹ ਦੋਵੇਂ ਠੋਸ ਗਵਾਹੀਆਂ ਇਹ ਸਾਬਤ ਕਰਦੀਆਂ ਹਨ ਕਿ ਧਰਮ ਦੇ ਮੋਢੀ ਖੁਦ ਪ੍ਰਮਾਤਮਾਂ ਦੀ ਕਾਇਨਾਤ ਵਿੱਚ ਵਸ ਰਹੇ ਮਨੁੱਖਾਂ ਦੀਆਂ ਹੱਦਾਂ ਵੰਡੀਆਂ ਪਾ ਰਹੇ ਸਨ। ਮਨੁੱਖ ਜਾਤੀ ਦੇ ਇੱਕ ਹਿਸੇ ਨੂੰ ਚੰਗਾ ਅਤੇ ਦੂਜੇ ਨੂੰ ਬੁਰਾ ਕਹਿ ਰਹੇ ਸਨ ਤਾਂ ਫਿਰ ਅਜਿਹੇ ਸਮਾਜ ਵਿੱਚ ਇਸਤ੍ਰੀ ਦੀ ਬੇਪਤੀ ਹੋਣਾ ਕੋਈ ਅਨੋਖੀ ਗਲ ਨਹੀਂ ਜਾਪਦੀ। ਅੰਧ-ਵਿਸ਼ਵਾਸ਼ੀ ਲੋਕਾਂ ਨੇਂ ਤਾਂ ਆਪਣੇ ਆਗੂਆਂ ਦੇ ਪਿਛੇ ਟੁਰਨਾਂ ਹੀ ਸੀ।

ਇਥੇ ਹੀ ਬਸ ਨਹੀਂ ਸਾਨੂੰ ਇਸ ਤੋਂ ਵੱਧ ਵੀ ਅਰਬੀ ਇਸਤ੍ਰੀ ਦੇ ਜੀਵਨ ਦੀ ਇੱਕ ਹੋਰ ਦੁਖਦਾਈ ਝਲਕੀ ਪ੍ਰਾਪਤੀ ਹੁੰਦੀ ਹੈ। ਆਖਿਆ ਜਾਂਦਾ ਹੈ ਕਿ ਅਰਬੀ ਵਪਾਰੀ ਜਦੋਂ ਵੀ ਕਿਤੇ ਬਾਹਰ ਜਾਂਦਾ ਸੀ ਤਾਂ ਉਹ ਆਪਣੀ ਇਸਤ੍ਰੀ ਨੂੰ ਕਿਸੇ ਮਿਤੱਰ ਦੇ ਹਵਾਲੇ ਕਰ ਜਾਇਆ ਕਰਦਾ ਸੀ। ਇਸ ਤੋਂ ਵੀ ਵੱਧ ਇਹ ਕਿ ਉਹ ਆਪਣੀਆਂ ਭੇਡ ਬਕਰੀਆਂ ਪਾਲਣ ਵਾਲੇ ਨੂੰ ਵੀ ਕੁਝ ਸਮੇਂ ਲਈ ਆਪਣੀ ਇਸਤ੍ਰੀ ਦੀ ਮਲਕੀਅਤ ਸੌਂਪ ਦਇਆ ਕਰਦਾ ਸੀ। ਸੋ ਗਲ ਇਹ ਕਿ ਉਸ ਸਮਾਜ ਵਿੱਚ ਵਸਦੇ ਹੋਏ ਮਨੁੱਖ ਨੂੰ ਆਪਣੀ ਇਜ਼ਤ ਜਾਂ ਬੇਇਜ਼ਤੀ ਬਾਰੇ ਕੋਈ ਵਿਚਾਰ ਨਹੀਂ ਸੀ ਹੁੰਦਾ। ਅਸਲੋਂ ਇਜ਼ਤ ਜਾਂ ਬੇਇਜ਼ਤੀ ਦਾ ਅਜੇ ਅਹਿਸਾਸ ਹੀ ਪੈਦਾ ਨਹੀਂ ਸੀ ਹੋਇਆ। ਇਥੇ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਇਸਤ੍ਰੀ ਉਸ ਲਈ ਇੱਕ ਜਾਇਦਾਦ ਸੀ। ਇਸ ਜਾਇਦਾਦ ਦੇ ਧਿਆਨ ਤੋਂ ਵੱਧ ਉਸ ਅਰਬੀ ਮਨੁੱਖ ਦੇ ਦੀਮਾਗ ਵਿੱਚ ਕੋਈ ਹੋਰ ਧਿਆਨ ਪੈਦਾ ਹੀ ਨਹੀਂ ਸੀ ਹੋਇਆ। ਉਹ ਜਿਵੇਂ ਚਾਹੁੰਦਾ ਆਪਣੀ ਜਾਇਦਾਦ ਨੂੰ ਵਰਤਿਆ ਕਰਦਾ ਸੀ। *੧*।

---

*1* MARRIAGE AND FAMILY IN INDIA BY K.M.KAPADIA
P.188

When an Arab was away on a journey he would hand over his wife to a friend during his absence. The Arab was also known to share his wife with a man for tending his sheep. That the Arab had no regard for the chastity of his wife proceeded naturally from the fact that he regarded her as his property which he was free to enjoy or dispose of in any manner he thought best. As the owner he was the best judge of the proper use of his property.

ਅਜਿਹੀ ਹਾਲਤ ਵਿੱਚ ਤਾਂ ਸਿੱਟਾ ਇਹ ਨਿਕਲਤਾ ਹੈ ਕਿ ਉਸ ਸਮੇਂ ਇਸਤ੍ਰੀ ਇਕੱ ਮਾਂ, ਭੈਣ ਅਤੇ ਪੈਤਨੀ ਤਾਂ ਜ਼ਰੂਰ ਸੀ ਪਰ ਸਭ ਤੋਂ ਵੱਧ ਵੇਸ਼ਵਾ ਸੀ। ਮਨੁੱਖ ਦੀ ਹਵਸ ਨੂੰ ਪੂਰਿਆਂ ਕਰਨ ਦਾ ਇੱਕ ਸਾਧਨ ਸੀ। ਕਿਉਂਕਿ ਮਾਂ, ਭੈਣ ਜਾਂ ਪੈਤਨੀ ਵਾਲਾ ਮਾਣ ਤਾਂ ਉਸ ਨੂੰ ਕਦੀ ਪ੍ਰਾਪਤ ਹੋਇਆ ਹੀ ਨਹੀਂ ਸੀ।

ਇਸੇ ਹੀ ਸਮਾਜ ਵਿੱਚ ਸਾਨੂੰ ਨਿਕਾਹ ਦੀਆਂ ਵੀ ਕਈ ਅਜਿਹੀਆਂ ਵੰਨਗੀਆਂ ਮਿਲਦੀਆਂ ਹਨ ਜਿਹੜੀਆਂ ਇਸ ਬੁਰੀ ਸਥਿੱਤੀ ਦੀ ਪ੍ਰੋੜ੍ਹਤਾ ਕਰਦੀਆਂ ਹਨ। ਇਹਨਾਂ ਵਿੱਚੋਂ ਤਾਂ ਕੁਝ ਕੁ ਦਾ ਮੰਤਵ ਤਾਂ ਨਿਰਾ ਪੂਰਾ ਕਾਮ-ਵਾਸ਼ਨਾਂ ਨੂੰ ਹੀ ਪੂਰਿਆਂ ਕਰਨਾਂ ਹੁੰਦਾ ਸੀ। ਸੋ ਇਕੱ ਹੈ Mutta Marriage ਇਹ ਵਿਵਾਹ ਲੜਕੇ ਅਤੇ ਲੜਕੀ ਦੀ ਰਜ਼ਾਮੰਦੀ ਨਾਲ ਉਨ੍ਹਾਂ ਵਿੱਚਕਾਰ ਇੱਕ ਠੇਕਾ ਹੋਇਆ ਕਰਦਾ ਸੀ। ਠੇਕਾ ਆਮ ਤੌਰ ਉਤੇ ਤਿੰਨ ਜਾਂ ਚਾਰ ਦਿੰਨਾਂ ਲਈ ਹੀ ਹੋਇਆ ਕਰਦਾ ਸੀ। ਕੁਝ ਕੁ ਹਾਲਤਾਂ ਵਿੱਚ ਮਹੀਨਿਆਂ ਤੱਕ ਵੀ ਵੱਧ ਜਾਂਦਾ ਸੀ। ਜੇਕਰ ਦੋਨੋਂ ਧਿਰਾਂ ਚਾਹੁਣ ਤਾਂ ਉਮਰ ਭਰ ਲਈ ਇਕੱਠੇ ਰਹਿਣ ਨਹੀਂ ਤਾਂ ਨਿਸਚਤ ਸਮੇਂ ਮਗਰੋਂ ਇਹ ਠੇਕਾ ਮੁਕ-ਜਾਇਆ ਕਰਦਾ ਸੀ। ਠੇਕੇ ਨੂੰ ਸ਼ੁਰੂ ਕਰਨ ਜਾਂ ਖ਼ਤਮ ਕਰਨ ਲਈ ਕਿਸੇ ਕਿਸਮ ਦੇ ਖ਼ਾਸ ਸਾਧਨਾਂ ਨੂੰ ਅਪਨਾਉਣ ਦੀ ਕੋਈ ਲੋੜ ਨਹੀਂ ਸੀ। ਇਸਤ੍ਰੀ ਦਾ ਆਪਣੇ ਪੈਤੀ ਦੀ ਜਾਇਦਾਦ ਜਾਂ ਰੁਪੈ ਪੈਸੇ ਉਤੇ ਕਿਸੇ ਕਿਸਮ ਦਾ ਕੋਈ ਅਧੀਕਾਰ ਨਹੀਂ ਸੀ। ਅਜਿਹੇ ਵਿਵਾਹ ਤੋਂ ਪੈਦਾ ਹੋਏ ਬੱਚਿਆਂ ਨੂੰ ਇਸਤ੍ਰੀ ਦੇ ਮਾਪੇ ਹੀ ਸੰਭਾਲਿਆ ਕਰਦੇ ਸਨ। ਅਜਿਹੀ ਇਸਤ੍ਰੀ ਨੂੰ ਅਜੋਕੀ ਭਾਸ਼ਾ ਵਿੱਚ ਵੇਸ਼ਵਾ ਹੀ ਆਖਿਆ ਜਾ ਸਕਦਾ ਹੈ। ਕਿਉਂ ਜੋ ਹਰ ਚੌਥੇ ਦਿੰਨ ਉਹ ਕਿਸੇ ਹੋਰ ਦੀ ਪੈਤਨੀ ਹੋਇਆ ਕਰਦੀ ਸੀ।

ਸੋ ਮੁਹੰਮਦ ਸਾਹਿਬ ਜਿਨ੍ਹਾਂ ਬਾਰੇ ਇਹ ਆਖਿਆ ਜਾਂਦਾ ਹੈ ਕਿ ਉਹ ਇਸਲਾਮ ਦੇ ਮੋਢੀ ਸਨ ਅਤੇ ਇਸ ਮੱਤ ਨੂੰ ਚਲਾਉਣ ਦਾ, ਸਭ ਤੋਂ ਵਡਾ ਮੰਤਵ, ਅਰਬ ਦੀ ਅਸਮਾਜਕ ਵਿਵਸਥਾ ਵਿੱਚ ,ਰਹਿਣ ਸਹਿਣ ਵਾਲੇ ਲੋਕਾਂ ਨੂੰ ਸਹੀ ਸਮਾਜਕ ਜੀਵਨ ਦੀ ਸੋਝੀ ਦੇਣਾ ਸੀ, ਨੇਂ ਵੀ ਇਸਤ੍ਰੀ ਦੀ ਹਾਲਤ ਬਾਰੇ ਕੁਝ ਨ ਸੋਚਿਆ। ਮਾੜੀ ਦਸ਼ਾ ਨੂੰ ਸਗੋਂ ਹੋਰ ਮਾੜਾ ਕਰਕੇ ਦਸਿਆ ਗਇਆ।

ਹਿੰਦੂ ਧਰਮ ਦੇ ਅਣਆਈਆਂ ਵਾਂਙ ਇਸਲਾਮ ਦੇ ਪੈਰੋਕਾਰਾਂ ਨੇਂ ਵੀ ਆਪਣੀ ਹਵਸ ਪੂਰੀ ਕਰਨ ਲਈ ਕੁਰਾਨ ਮਜੀਦ ਦੀਆਂ ਆਇਤਾਂ ਦਾ ਸਹਾਰਾ

ਲਇਆ। ਹਿੰਦੂ ਧਰਮ ਅਨੁਸਾਰ ਇਸ ਧਰਮ ਵਿੱਚ ਵੀ ਇਸਤ੍ਰੀ ਧਾਰਮਕ ਕੰਮਾਂ ਵਿੱਚ ਹਿਸਾ ਨਹੀਂ ਸੀ ਲੈ ਸਕਦੀ। ਦੋਹਾਂ ਧਰਮਾਂ ਅਨੁਸਾਰ ਰੱਬ ਨੇਂ ਇਸਤ੍ਰੀ ਨੂੰ ਕੇਵਲ ਘਰੇਲੂ ਕੰਮ ਕਾਰ ਲਈ ਜਾਂ ਕਾਮ ਪੂਰਤੀ ਲਈ ਬਣਾਇਆ ਸੀ।

ਮਧ-ਕਾਲ ਵਿੱਚ ਆਕੇ ਜਿਥੇ ਹਿੰਦੂ ਧਰਮ ਨੇਂ ਇਸਤ੍ਰੀ ਨੂੰ ਆਪਣੇ ਘਰ ਦੀ ਚਾਰਦੀਵਾਰੀ ਵਿੱਚ ਰਖਣਾ ਸ਼ੁਰੂ ਕੀਤਾ ਉਥੇ ਇਸਲਾਮ ਨੇਂ ਇਸਤ੍ਰੀ ਨੂੰ ਤੋਹਫੇ ਵਜੋਂ ਬੁਰਕਾ ਪ੍ਰਦਾਨ ਕੀਤਾ। ਹੁਣ ਭਾਵੇਂ ਉਹ Mutta Marriage ਦੇ ਅਧਾਰ ਉਤੇ ਆਪਣੀ ਇਸਤ੍ਰੀ ਹਰ ਆਏ ਗਏ ਨੂੰ ਤਾਂ ਨਹੀਂ ਦੇ ਦਇਆ ਕਰਦਾ ਸੀ ਪਰ ਇਸਤ੍ਰੀ ਨੂੰ ਠੁਕਰਾਣ ਦਾ ਹੱਕ ਤਾਂ ਓਵੇਂ ਦਾ ਓਵੇਂ ਕਾਇਮ ਸੀ। ਇਸਤ੍ਰੀ ਦੀ ਦਸ਼ਾ ਓਹੀ ਪੁਰਾਣੀ ਹਵਸ ਦੀ ਅੱਗ ਨੂੰ ਹੀ ਠੰਡਿਆਂ ਕਰਨ ਵਾਲੀ ਰਹੀ। ਇਹ ਵਖਰੀ ਗਲ ਹੈ ਕਿ ਬਹੁਤ ਖੁਲੇ ਘੇਰੇ ਦੀ ਥਾਂ ਹੁਣ ਇਸ ਕੱਠ-ਪੁਤਲੀ ਦਾ ਨਾਚ ਘਰ ਦੀਆਂ ਚਾਰ ਦੀਵਾਰਾਂ ਦੇ ਵਿੱਚ ਹੀ ਹੋਇਆ ਕਰਦਾ ਸੀ। ਆਮ ਪਧਰ ਉਤੇ ਇਸਤ੍ਰੀ ਦੀ ਹਾਲਤ ਵਿੱਚ ਕੋਈ ਸੁਧਾਰ ਨ ਹੋਇਆ।

ਇਥੋਂ ਤੱਕ ਕਿ ਅਜੋਕੇ ਯੁਗ ਵਿੱਚ ਸਰ ਮੁਹੰਮਦ ਇਕਬਾਲ ਜਦੋਂ ਇਸਤ੍ਰੀਆਂ ਬਾਰੇ ਆਪਣੇ ਵਿਚਾਰ ਦਸਣ ਲਗਦੇ ਹਨ ਤਾਂ ਉਹ ਮੁੜ ਕੇ ਉਸੇ ਪੁਰਾਣੇ ਸਮੇਂ ਨੂੰ ਦੁਹਰਾਉਂਦੇ ਹਨ। ਪੰਜਾਬੀ ਦੇ ਅਖਾਣ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਸਰ ਮੁਹੰਮਦ ਇਕਬਾਲ ਨੇਂ " ਪੁਰਾਣੀ ਸ਼ੁਰਾਬ ਨਵੀਆਂ ਬੋਤਲਾਂ ਵਿੱਚ" ਬੰਦ ਕਰਕੇ ਸਾਡੇ ਸਾਹਮਣੇ ਰੱਖ ਦਿੱਤੀ ਹੈ। ਓਹਨਾਂ ਦਾ ਵਿਚਾਰ ਹੈ ਕਿ ਇਸਤ੍ਰੀ ਨੂੰ ਕਿਸੇ ਕਿਸਮ ਦੀ ਖੁਲ੍ਹ ਜਾਂ ਆਜ਼ਾਦੀ ਨਹੀਂ ਹੋਣੀ ਚਾਹੀਦੀ। ਕਿਉਂਕਿ ਇਸਤ੍ਰੀ ਇਹਨਾਂ ਦੀ ਹੱਕਦਾਰ ਨਹੀ। ਇਸਤ੍ਰੀ ਨੂੰ ਕਿਸੇ ਧਾਰਮਕ ਕਰਮ ਵਿੱਚ ਹਿਸਾ ਲੈਣ ਦੀ ਕੋਈ ਇਜ਼ਾਜ਼ਤ ਨਹੀਂ ਹੋਣੀ ਚਾਹੀਦੀ। ਗਲ ਕੀ ਉਸਨੂੰ ਸਦੀਆਂ ਪਹਿਲਾਂ ਵਾਂਗਰਾਂ ਹੀ ਰਹਿਣਾ ਚਾਹੀਦਾ ਹੈ। ਉਹ ਆਪਣੀ ਹਰ ਮਰਜ਼ੀ ਆਪਣੇ ਪੱਤੀ ਦੇ ਸਮਰੱਪਣ ਕਰੇ। ਇਥੋਂ ਤੱਕ ਕਿ ਸਰ ਮੁਹੰਮਦ ਇਕਬਾਲ ਨੇਂ ਆਪਣੀਆਂ ਇਸਤ੍ਰੀਆਂ ਨੂੰ ਵੀ ਸਦਾ ਪਰਦੇ ਵਿੱਚ ਹੀ ਰਖਿਆ ਅਤੇ ਓਹਨਾਂ ਨੂੰ ਕਿਸੇ ਕਿਸਮ ਦੀ ਖੁਲ ਪ੍ਰਦਾਨ ਨ ਕਰਦਿਆਂ ਹੋਇਆਂ ਸੰਸਾਰ ਨੂੰ ਵੀ ਇਹੀ ਸਿਖਿਆ ਦਿੱਤੀ। *੧*

---

*੧* MARRIAGE FAMILY IN INDIA BY K.M.KAPADIA.
P.202 S. Mohd. Iqbal's views.

" He never understood, and he constantly thought against those who

Continued p. 49

ਇਹਨਾਂ ਉਪ੍ਰੋਕਤ ਵਿਚਾਰਾਂ ਤੋਂ ਭਲੀ ਭਾਂਤੀ ਸਿਧ ਹੋ ਜਾਂਦਾ ਹੈ ਕਿ ਮੁਸਲਮਾਨੀ ਸਮਾਜ ਵਿੱਚ ਹਿੰਦੂ ਸਮਾਜ ਦੇ ਮੁਕਾਬਲੇ ਇਸਤ੍ਰੀ ਦੀ ਹਾਲਤ ਕੋਈ ਸੁਰੱਖਿਅਤ ਨਹੀਂ ਸੀ। ਮੱਧ ਕਾਲ ਵਿੱਚ ਜੇ ਹਿੰਦੂ ਆਪਣੀਆਂ ਇਸਤ੍ਰੀਆਂ ਨੂੰ ਮੁਗਲ ਜਰਵਾਣਿਆਂ ਤੋਂ ਡਰ ਕੇ ਆਪਣੇ ਘਰ ਦੀ ਚਾਰਦੀਵਾਰੀ ਵਿੱਚ ਰੱਖਿਆ ਕਰਦੇ ਸਨ ਤਾਂ ਦੂਜੇ ਪਾਸੇ ਮੁਸਲਮਾਨ ਵੀ ਆਪਣੀਆਂ ਇਸਤ੍ਰੀਆਂ ਨੂੰ ਕੇਵਲ ਘਰਾਂ ਦਾ ਸੋਹਜ ਬਣਾਉਣ ਦੀ ਖਾਤਰ ਬੁਰਕੇ ਵਿੱਚ ਬੰਦ ਕਰਕੇ ਓਵੇਂ ਹੀ ਆਣੇ ਘਰਾਂ ਦੀ ਚਾਰਦੀਵਾਰੀ ਵਿੱਚ ਰਖਿਆ ਕਰਦੇ ਸਨ।

ਦੋਹਾਂ ਹੀ ਸਮਾਜਾਂ ਵਿੱਚ ਇਸਤ੍ਰੀ ਨੂੰ ਨਿਸੱਤਾ ਅਤੇ ਹੀਣਾ ਬਣਾ ਕੇ ਰੱਖਿਆ ਹੋਇਆ ਸੀ। ਦੋਨਾਂ ਦੇ ਹੱਥਾਂ ਵਿੱਚ ਇਸਤ੍ਰੀ ਇੱਕ ਖਿਡੌਣਾ ਬਣੀ ਹੋਈ ਸੀ। ਦੋਹਾਂ ਪਾਸੇ ਇਸਤ੍ਰੀ ਨੂੰ ਆਪਣੀ ਮਰਜ਼ੀ ਦੇ ਖ਼ਿਲਾਫ਼ ਵੀ ਆਪਣੇ ਪੱਤੀ ਦੇ ਸਾਹਮਣੇ ਝੁਕਣਾ ਪੈਂਦਾ ਸੀ। ਕਿਉਂਕਿ ਪੱਤੀ ਸਭ ਤੋਂ ਉੱਤਮ ਸੀ ਅਤੇ ਸਭ ਹੱਕਾਂ ਦਾ ਮਾਲਕ ਸੀ।

## ਰਾਜਨੀਤਕ ਸਰਵੇਖਣ। (Political conditions)

ਪਛਮੀਂ ਹਾਕਮਾਂ ਤੋਂ ਬਿਨਾਂ ਭਾਰਤ ਉਤੇ ਜਿਸ ਕਿਸੇ ਨੇਂ ਵੀ ਆਪਣੀ ਹਕੂਮਤ ਜਮਾਉਣ ਦੀ ਕੋਸ਼ਿਸ਼ ਕੀਤੀ ਜਾਂ ਭਾਰਤ ਦੀ ਦੌਲਤ ਨੂੰ ਲੁਟ ਕੇ ਲਿਜਾਣ ਦੀ ਇਛਾ ਪ੍ਰਗਟ ਕੀਤੀ ਤਾਂ ਉਹ ਪੰਜਾਬ ਵਲੋਂ ਹੀ ਧਾ ਕੇ ਗਇਆ। ਸੋ ਪੰਜਾਬ ਸਦਾ ਹੀ ਰਣ ਖੇਤਰ ਬਣਿਆ ਰੀਹਆ । ਹਰ ਵੈਰੀ ਪਹਿਲਾਂ ਪੰਜਾਬ ਨੂੰ ਹੀ ਲਤਾੜ ਕੇ ਦਿਲੀ ਦੇ ਤਖ਼ਤ ਉਤੇ ਜਾ ਬਿਰਾਜੇ। ਇਹੋ ਹੀ ਕਾਰਨ ਹੈ ਕਿ ਪੰਜਾਬ ਬਾਰੇ ਕਹਿਆ ਜਾਂਦਾ ਹੈ ਕਿ

" ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿਮਾਂ"

---

continued from B.48

deem that women too might share in the brave now world........ For women he wanted no activism, no freedom, no vicergency of God........ women should remain as she has always been in Islam, confined, acquiescent to man, and achieving nothing in herself but only through others. She should remain in means to an end. Iqbal kept his own wives in purdah and untiringly be preached to the world his conception of the ideal women:-

The chaste Fatimah is the harvest of the field of submission
The chaste Fatimah is a perfect model for mothers.
She who might command the spirits of heaven and hell
Merged her own will in the will of her husband.

ਪੰਜਾਬੀ ਇਹਨਾਂ ਮੁਹਿੰਮਾਂ ਦਾ ਸਦਕਾ ਬਹਾਦਰ ਅਤੇ ਲੜਾਕਾ ਬਣ ਗਇਆ। ਜੀਵਨ ਉਸ ਵਾਸਤੇ ਇੱਕ ਖੇਡ ਸੀ ਅਤੇ ਮੌਤ ਉਸ ਲਈ ਇੱਕ ਹਾਸਾ ਬਣ ਗਈ ਸੀ। ਅਸਲੋਂ ਜ਼ਿੰਦਗੀ ਉਸ ਲਈ ਮੌਤ ਅਤੇ ਮੌਤ ਉਸ ਲਈ ਜ਼ਿੰਦਗੀ ਬਣ ਕੇ ਰਹਿ ਗਈ ਸੀ।

ਸੋ ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਅਤੇ ਓਹਨਾਂ ਦੇ ਸਮੇਂ ਤੋਂ ਪਹਿਲਾਂ ਵੀ ( ਭਾਵ ੧੫੦੦ ਈਸਵੀ) ਭਾਰਤ ਵਿੱਚ ਮੁਸਲਮਾਣਾ ਦਾ ਹੀ ਰਾਜ ਸੀ। ਇਹ ਵਖਰੀ ਗਲ ਹੈ ਕਿ ਉਹ ਕੋਈ ਸਥਾਨਕ ਰਾਜ ਦੀ ਸਥਾਪਨਾਂ ਨਹੀਂ ਕਰ ਸਕੇ ਸਨ। ਉਹ ਸਦਾ ਲੁਟ ਮਾਰ ਕਰਕੇ ਅਤੇ ਥੋੜੇ ਬਹੁਤੇ ਸਮੇਂ ਮਗਰੋਂ ਆਪਣੇ ਦੇਸ਼ ਪਰਤ ਜਾਂਦੇ ਸਨ।

ਬਾਬਰ ਨੇਂ ੧੫੨੬ ਈਸਵੀ ਵਿੱਚ ਭਾਰਤ ਉਤੇ ਆਪਣਾ ਅਖੀਰਲਾ ਹਮਲਾ ਕੀਤਾ ਅਤੇ ਇਸ ਤੋਂ ਪਹਿਲਾਂ ੧੫੦੦ ਈਸਵੀ ਤੋਂ ੧੫੨੬ ਈਸਵੀ ਤੱਕ ਦੇ ਸਮੇਂ ਵਿੱਚ ਉਸ ਨੇਂ ਕਈ ਛੋਟੇ ਛੋਟੇ ਹੱਲੇ ਕੀਤੇ ਸਨ। ਇਹਨਾਂ ਹਲਿਆਂ ਦਾ ਮੰਤਵ ਕੋਈ ਰਾਜ ਦੀ ਸਥਾਪਨਾਂ ਕਰਨਾਂ ਨਹੀਂ ਸੀ ਸਗੋਂ ਲੁਟ ਮਾਰ ਕਰਕੇ ਕਾਬਲ ਪਰਤ ਜਾਣਾ ਹੀ ਹੁੰਦਾ ਸੀ। ਇਸ ਕੰਮ ਵਿੱਚ ਉਹ ਕਾਫ਼ੀ ਹਦ ਤੱਕ ਸਫਲ ਰਹਿਆ। ਉਸਦੇ ਅਖੀਰਲੇ ੧੫੨੬ ਈਸਵੀ ਦੇ ਹਲੇ ਸਮੇਂ ਦੀ ਭਾਰਤ ਦੀ ਭੈੜੀ ਦਸ਼ਾ ਨੇਂ ਉਸ ਨੂੰ ਪ੍ਰਣ ਦਿੱਤਾ ਕਿ ਜੇ ਉਹ ਆਪਣਾ ਮੁਗਲ ਰਾਜ ਸਥਾਪਨ ਕਰ ਲਵੇ ਤਾਂ ਉਸ ਨੂੰ ਭਾਰਤੀ ਜਨਤਾ ਜੋ ਉਸ ਨੂੰ ਹੁਣ ਸਵੀਕਾਰ ਕਰਦੀ ਹੈ ਉਹ ਸਦਾ ਲਈ ਉਸਦਾ ਸਾਥ ਦੇਵੇਗੀ। ਅਤੇ ਉਸ ਪਿਛੋਂ ਦੇ ਰਾਜਿਆਂ ਨੂੰ ਵੱਧ ਤੋਂ ਵੱਧ ਮਿਲਵਰਤਣ ਦੇਵੇਗੀ।

ਇਸ ਸਮੇਂ( ੧੫੨੬ ਈਸਵੀ) ਭਾਰਤ ਵਿੱਚ ਲੋਧੀ ਰਾਜ ਕਾਇਮ ਸੀ। ਵਕਤ ਦੇ ਹਾਕਮ ਇਬਰਾਹੀਮ ਲੋਧੀ ਨੇਂ ਸਵਾਏ ਆਪਣੀ ਐਸ਼ ਇਸ਼ਰਤ ਦੇ ਹੋਰ ਕੋਈ ਟੀਚਾ ਸਾਹਮਣੇ ਨਹੀਂ ਸੀ ਰੱਖਿਆ ਹੋਇਆ। ਆਮ ਜਨਤਾ ਅਤੇ ਉਸਦੇ ਅਫ਼ਸਰ ਉਸਦੇ ਹੱਥੋਂ ਬੜੇ ਦੁਖੀ ਸਨ। ਏਕਤਾ ਨ ਹੋਣ ਕਾਰਨ ਉਹ ਆਪ ਤਾਂ ਉਸ ਰਾਜ ਨੂੰ ਸੰਭਾਲ ਨਹੀਂ ਸਨ ਸਕਦੇ ਪਰ ਕਿਸੇ ਹੋਰ ਤਾਕਤ ਨੂੰ ਪ੍ਰਵਾਨ ਕਰਨ ਲਈ ਸਦਾ ਹੀ ਤੱਤਪਰ ਰਹਿੰਦੇ ਸਨ।

ਸੋ ਬਹਿਲੋਲ ਲੋਧੀ, ਜੋ ਇਬਰਾਹੀਮ ਦਾ ਚਾਚਾ ਵੀ ਸੀ ਅਤੇ ਉਸਦੇ ਰਾਜ ਵਿੱਚ ਪੰਜਾਬ ਦਾ ਰਾਜਪਾਲ ਵੀ ਸੀ, ਨੇਂ ਰਾਜਸਥਾਨ ਦੇ ਰਾਜਪੂਤਾਂ

ਤੇ ਸਿਰਕਢ ਰਾਜਪੂਰ ਰਾਜੇ ਰਾਣਾ ਸੰਗਰਾਮ ਸਿੰਘ ਨਾਲ ਰਲ ਕੇ ਬਾਬਰ ਨੂੰ ਭਾਰਤ ਉਤੇ ਹੱਲਾ ਕਰਨ ਲਈ ਸਦਾ ਪੱਤ੍ਰ ਭੇਜਿਆ ਅਤੇ ਨਾਲ ਹੀ ਉਸਨੂੰ ਪੂਰਨ ਤੌਰ ਉਤੇ ਸਹਾਇਤਾ ਦੇਣ ਦਾ ਪ੍ਰਣ ਵੀ ਭੇਜਿਆ। ਪੰਜਾਬ ਤੋਂ ਬਾਹਰ ਦੀ ਵੀ ਹਾਲਤ ਇਹ ਸੀ ਕਿ ਇਬਰਾਹੀਮ ਲੋਧੀ ਆਪਣੇ ਪਿਉ ਦੇ ਬਦਲੇ ਅਫ਼ਗਾਨ ਸਰਦਾਰਾਂ ਪਾਸੋਂ ਲੈ ਰਹਿਆ ਸੀ। ਗਲ ਕੀ ਸਾਰੇ ਪਾਸੇ ਬਦਅਮਨੀ ਫ਼ੈਲੀ ਹੋਈ ਸੀ। ਪਰ ਇਸ ਸਾਰੀ ਬਦਅਮਨੀ ਦਾ ਭਾਰ ਪੰਜਾਬ ਉਤੇ ਹੀ ਪਇਆ।

ਆਖਰ ਬਾਬਰ ਨੇਂ ੧੫੨੬ ਈਸਵੀ ਵਿੱਚ ਭਾਰਤ ਨੂੰ ਆਪਣੇ ਅਧੀਨ ਕਰ ਹੀ ਲਇਆ। ਬਾਬਰ ਦਾ ਸ-ਾਰਾ ਸਮਾਂ (੧੫੨੬ ਈਸਵੀ ਤੋਂ ੧੫੩੦ ਈਸਵੀ ਤੱਕ)ਤੱਕ ਹੈ। ਇਹਨਾਂ ਚਾਰ ਸਾਲਾਂ ਵਿੱਚ ਉਸਨੂੰ ਕੋਈ ਅਜਿਹਾ ਸੁਖਾਵਾਂ ਸਮਾਂ ਨਹੀਂ ਸੀ ਮਿਲਿਆ ਕਿ ਜਿਸ ਵਿੱਚ ਉਹ ਦੇਸ਼ ਦੀ ਰਾਜਸੀ ਜਾਂ ਧਾਰਮਕ ਹਾਲਤ ਨੂੰ ਸੁਧਾਰ ਸਕਦਾ। ਪਰ ਜਨਤਾ ਨੂੰ ਇਹ ਜ਼ੁਰਰ ਸੀ ਕਿ ਲੋਧੀ ਖਾਨਦਾਨ ਦਾ ਜ਼ੁਾਲਮ ਰਾ ਸਮਾਪਤ ਹੋ ਗਇਆ ਸੀ। ਆਮ ਜਨਤਾ ਬਸ ਇਸੇ ਕਰਕੇ ਹੀ ਬੜੀ ਖੁਸ਼ੀ ਸੀ। ਭਾਵੇਂ ਆਉਣ ਵਾਲੇ ਰਾਜ ਦੇ ਚੰਗੇ ਜਾਂ ਮਾੜੇ ਹੋਣ ਬਾਰੇ ਓਹਨਾਂ ਨੂੰ ਕੋਈ ਪੱਤਾ ਨਹੀਂ ਸੀ। ਇਹ ਗਲ ਅਜ ਦੀ ਕਾਂਗਰਸ ਸਰਕਾਰ ਨੂੰ ਬਦਲਾਏ ਜਾਣ ਵਾਲੀ ਗਲ ਹੈ। ਲੋਕੀਂ ਕਾਂਗਰਸ ਸਰਕਾਰ ਨੂੰ ਬਦਲਣਾ ਚਾਹੁੰਦੇ ਸਨ ਉਸ ਤੋਂ ਮਗਰੋਂ ਦੀ ਸਰਕਾਰ ਭਾਵੇਂ ਕਿਸੇ ਤਰ੍ਹਾਂ ਦੀ ਕਿਉਂ ਨ ਹੋਵੇ ਇਸ ਬਾਰੇ ਓਹਨਾਂ ਨੂੰ ਕੋਈ ਚਿੰਤਾ ਨਹੀਂ।

ਬਾਬਰ ਨੇਂ ਪੰਜਾਬ ਵਿੱਚ ਚੰਗਾ ਰਾਜ-ਪ੍ਰਬੰਧ ਕਾਇਮ ਕਰਨ ਲਈ ਆਪਣੇ ਪੁੱਤਰ ਨੂੰ ਉਥੋਂ ਦਾ ਰਾਜਪਾਲ ਥਾਪ ਦਿੱਤਾ। ਕੁਝ ਹੀ ਦੇਰ ਬਾਅਦ ਬਾਬਰ ਦੀ ੧੫੩੦ ਈਸਵੀ ਵਿੱਚ ਮਿਰਤੂ ਹੋ ਗਈ ਅਤੇ ਹਮਾਯੂੰ ਨੇਂ ਦਿੱਲੀ ਦਾ ਤੱਖਤ ਸਾਂਭਿਆ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਜਨਮ ਹਮਾਯੂੰ ਦੇ ਰਾਜ ਸਮੇਂ ਹੀ ੧੫੩੪ ਈਸਵੀ ਵਿੱਚ ਲਾਹੌਰ ਵਿਖੇ ਹੋਇਆ। ਹਮਾਯੂੰ ਨੂੰ ਬਾਬਰ ਦੇ ਅੰਤਮ ਸ਼ਬਦ ਯਾਦ ਸਨ ਕਿ ਆਪਣੇ ਰਾਜ ਸਮੇਂ ਉਹ ਆਪਣੇ ਭਰਾਵਾਂ ਨਾਲ ਮਿਤਰਤਾ ਭਰਿਆ ਸਲੂਕ ਰਖੇ। ਭਾਵੇਂ ਹਮਾਯੂੰ ਇਹ ਜਾਣਦਾ ਸੀ ਕਿ ਕਾਮਰਾਨ ਦੇ ਸਮੇਂ ਪੰਜਾਬ ਦੀ ਹਾਲਤ ਕੋਈ ਸੁਧਰੀ ਨਹੀਂ ਸੀ ਪਰ ਫੇਰ ਵੀ ਇਸ ਵਡੇ ਘਾਟੇ ਨੂੰ ਅਖੋਂ ਓਹਲੇ ਕਰਦਿਆਂ ਹੋਇਆਂ ਅਤੇ ਆਪਣੇ ਪਿਤਾ

ਦੇ ਬਚਨਾਂ ਦੀ ਪਾਲਨਾਂ ਕਰਦਿਆਂ ਹੋਇਆਂ, ਕਾਮਰਾਨ ਨੂੰ ਪੰਜਾਬ ਦੇ ਨਾਲ ਨਾਲ ਕਾਬਲ ਦਾ ਵੀ ਰਾਜਪਾਲ ਥਾਪ ਦਿੱਤਾ। ਹਮਾਯੂੰ ਅਤੇ ਕਾਮਰਾਨ ਦੋਵੇਂ ਇਸ ਗਲ ਉਤੇ ਬੜੇ ਖੁਸ਼ ਸਨ। ਕਾਮਰਾਨ ਦੀ ਖੁਸ਼ੀ ਦਾ ਕਾਰਨ ਇਹ ਸੀ ਕਿ ਉਸ ਦੀ ਇਛਾ ਪੂਰੀ ਕੀਤੀ ਗਈ ਸੀ ਅਤੇ ਹਮਾਯੂੰ ਦੀ ਖੁਸ਼ੀ ਦਾ ਕਾਰਨ ਇਹ ਸੀ ਕਿ ਉਹ ਕਿਵੇਂ ਨ ਕਿਵੇਂ ਕਮਜ਼ੋਰ ਹੁੰਦੇ ਹੋਏ ਵੀ ਭਰਾਵਾਂ ਦਾ ਵੈਰ ਸਹੇੜਨ ਤੋਂ ਬਿਨਾਂ ਹੀ ਆਪਣੇ ਰਾਜ ਨੂੰ ਕਾਇਮ ਰੱਖ ਸਕਿਆ ਸੀ।

ਕਾਮਰਾਨ ਦੇ ਸਮੇਂ ਜਿਵੇਂ ਕਿ ਸਾਨੂੰ ਪੱਤਾ ਹੀ ਹੈ ਕਿ ਪੰਜਾਬ ਦੀ ਹਾਲਤ ਕੋਈ ਸੁਧਰੀ ਨਹੀਂ ਸੀ ਪਰ ਇਤਨਾਂ ਜ਼ਰੂਰ ਹੋ ਗਇਆ ਸੀ ਕਿ ਪੰਜਾਬ ਦੀ ਜਨਤਾ ੧੫੩੦ ਈਸਵੀ ਤੋਂ ੧੫੪੦ ਈਸਵੀ ਤੱਕ ਦੇ ਸਮੇਂ ਲਈ ਬਾਹਰਲੇ ਹਲਿਆਂ ਤੋਂ ਬੱਚ ਗਈ ਸੀ। ਸੋ ਜਨਤਾਂ ਇਹਨਾਂ ੧੦ ਸਾਲਾਂ ਵਿੱਚ ਸੁਖ ਦਾ ਸਾਹ ਲੈਂਦੀ ਹੋਈ ਜੀਵਨ ਦੇ ਕੁਝ ਹੋਰ ਝਮੇਲਿਆ ਬਾਰੇ ਵੀ ਸੋਚਣ ਯੋਗ ਹੋਈ ਸੀ।

ਕਿਉਂਕਿ ਹਮਾਯੂੰ ਇੱਕ ਕਮਜ਼ੋਰ ਰਾਜਾ ਸੀ ਤਾਂ ਸ਼ੇਰ ਸ਼ਾਹ ਸੂਰੀ ਨੇਂ ਸਮਾਂ ਤਾੜ ਕੇ ਹਮਾਯੂੰ ਦੇ ਵਿਰੁਧ ਬਗਾਵਤ ਕਰ ਦਿੱਤੀ। ਹਮਾਯੂੰ ਨੇਂ ਇਸ ਸਗਾਵਤ ਨੂੰ ਦਬਾਣਾ ਚਾਹਿਆ ਜਿਸ ਲਈ ਉਹ ਆਪਣੀਆਂ ਫੌਜਾਂ ਲੈ ਕੇ ੧੫੪੦ ਈਸਵੀ ਵਿੱਚ ਆਗਰੇ ਵਲ ਨੂੰ ਤੁਰ ਪਇਆ। ਸੋ ਦੋਨਾਂ ਫ਼ੌਜਾਂ ਦਾ ਆਗਰੇ ਪਾਸ ਸਿਧਾ ਮੁਕਾਬਲਾ ਹੋਇਆ। ਕਿਹਾ ਜਾਂਦਾ ਹੈ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਇੱਕ ਘਮਸਾਨ ਦਾ ਯੁਨ ਸੀ। ਇੱਕ ਹੰਢੇ ਹੋਏ ਜਰਨੈਲ ਹੋਣ ਦੀ ਅਹਸੀਅਤ ਵਿੱਚ ਸ਼ੇਰ ਸ਼ਾਹ ਸੂਰੀ, ਹਮਾਯੂੰ ਨੂੰ ਹਰਾਉਣ ਦੇ ਯੋਗ ਹੋ ਗਇਆ ਸੀ। ਸ਼ੇਰ ਸ਼ਾਹ ਸੂਰੀ ਤੋਂ ਭਾਂਜ ਖਾ ਕੇ ਹਮਾਯੂੰ ਰਣ ਭੂਮੀ ਵਿੱਚੋਂ ਭੱਜ ਨਿਕਲਿਆ। ਇਸ ਬੁਰੀ ਹਾਲਤ ਵਿੱਚ ਉਸਨੇਂ ਆਪਣੇ ਭਰਾਵਾਂ ਦਾ ਸਾਥ ਲਭਣ ਦੀ ਕੋਸ਼ਿਸ਼ ਕੀਤੀ ਪਰ ਕਿਸੇ ਨੇਂ ਸਾਥ ਨ ਦਿੱਤਾ। ਇਥੋਂ ਤੱਕ ਕਿ ਫ਼ੌਜਾਂ ਨੇਂ ਵੀ ਹਮਾਯੂੰ ਨੂੰ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ। ਜਦੋਂ ਨਠਦਾ ਹੋਇਆ ਹਮਾਯੂੰ ਬਿਆਸਾ ਦਰਿਆ ਉਤੇ ਪੁਜਿਆਂ ਤਾਂ ਉਸ ਨਾਲ ਕੁਝ ਕੁ ਵਫ਼ਾਦਾਰ ਜਰਨੈਲ ਹੀ ਰਹਿ ਗਏ ਸਨ। ਇਥੇ ਉਸ ਨੂੰ ਪੱਤਾ ਲਗਿਆ ਕਿ ਗੁਰੂ ਨਾਨਕ ਸਾਹਿਬ ਦੀ ਗਦੀ ਉਪਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਬ੍ਰਿਾਜਮਾਨ ਸਨ। ਸੋ ਹਮਾਯੂੰ ਵਰ ਆਦਿਕ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਪ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ। ਹੋ ਸਕਦਾ ਹੈ ਕਿ ਹਾਰੇ ਹੋਏ ਹਮਾਯੂੰ ਦੇ ਦਿਲ

ਵਿੱਚ ਉਸ ਸਮੇਂ ਸਭ ਤੋਂ ਸੁੱਖ ਵਰ ਖੁਸੇ ਹੋਏ ਰਾਜ ਦੀ ਪ੍ਰਾਪਤੀ ਹੀ ਹੋਵੇ। ਪਰ ਮੰਗਤਾ ਹੁੰਦੇ ਹੋਏ ਵੀ ਰਾਜਿਆਂ ਵਾਲੀ ਆਕੜ ਅਤੇ ਹੰਕਾਰ ਉਸ ਦੇ ਦਿਲ ਵਿੱਚੋਂ ਅਜੇ ਨਹੀਂ ਸੀ ਨਿਕਲਿਆ।

ਹਮਾਯੂੰ ਨੇਂ ਹਜ਼ੂਰ ਨੂੰ ਸਲਾਮ ਦਵਾ ਕੀਤੀ ਪਰ ਗੁਰੂ ਸਾਹਿਬ ਜੋ ਉਸ ਸਮੇਂ ਸਮਾਧੀ ਵਿੱਚ ਮਗਨ ਸਨ ਨੇਂ ਉਸਦੀ ਗਲ ਅਣਸੁਣੀ ਕਰ ਛੱਡੀ। ਭਾਵੇਂ ਉਹ ਇੱਕ ਭਿਖਾਰੀ ਦੇ ਰੂਪ ਵਿੱਚ ਸੀ ਪਰ ਫ਼ਿਰ ਵੀ,ਰਾਜਿਆਂ ਵਾਲੇ ਸੰਸਕਾਰਾਂ ਦੀ ਜਕੜ ਵਿੱਚ ਹੁੰਦੇ ਹੋਏ, ਉਸਨੇ ਕਰੋਧ ਵਿੱਚ ਆ ਕੇ ਆਪਣੀ ਤਲਵਾਰ ਖਿਚਣ ਦੀ ਕੋਸ਼ਿਸ਼ ਕੀਤੀ , ਪਰ ਅੰਦਰਲੇ ਦੀ ਪ੍ਰਬੱਲ ਆਵਾਜ਼ ਨੇਂ ਉਸ ਨੂੰ ਅਜਿਹਾ ਕਰਨ ਤੋਂ ਰੋਕ ਲਇਆ। ਜਦੋਂ ਹਜ਼ੂਰ ਦੀ ਸਮਾਧੀ ਖੁਲੀ ਤਾਂ ਜਾਣ ਬੁਣ ਕੇ ਉਨ੍ਹਾਂ ਨੇਂ ਹਮਾਯੂੰ ਤੋਂ ਸਾਰੀ ਗਲ ਬਾਤ ਪੁਛੀ ਅਤੇ ਪੱਤਾ ਲਗਣ ਉਤੇ ਕਹਿਣ ਲਗੇ " ਸ਼ੇਰ ਸ਼ਾਹ ਸੂਰੀ ਸਾਹਵੇਂ ਤਾਂ ਤੈਥੋਂ ਤਲਵਾਰ ਚਲ ਨ ਸਕੀ ਤਾਂ ਹੁਣ ਸਾਡੇ ਫ਼ਕੀਰਾਂ ਉਤੇ ਤਲਵਾਰ ਦਾ ਵਾਰ ਕਰਨਾਂ ਚਾਹੁੰਦਾ ਹੈਂ"।*੧*। ਹਮਾਯੂੰ ਇਤਨਾਂ ਛਿਥਾ ਪਇਆ ਕਿ ਸ਼ੁਰਮਸਾਰ ਹੋ ਕੇ ਹਜ਼ੂਰ ਦੇ ਚਰਨਾਂ ਉਤੇ ਡਿਗ ਪਇਆ ਅਤੇ ਮਾਫ਼ੀਆਂ ਮੰਗੰਣ ਲਗਾ।

ਅੰਤ ਹਮਾਯੂੰ ਨੂੰ ਪੰਜਾਬ ਵਿੱਚੋਂ ਭਜਣਾ ਹੀ ਪਇਆ। ਕਾਮਰਾਨ ਵੀ ਲਾਹੌਰ ਤੋਂ ਭੱਜ ਕੇ ਕਾਬਲ ਨੂੰ ਚਲਾ ਗਇਆ। ਕਿਉਂ ਜੋ ਉਸਦੀ ਕੁਟਲ ਨੀਤੀ ਦਾ (ਸ਼ੇਰ ਸ਼ਾਹ ਸੂਰੀ ਨੂੰ ਹਾਰ ਦੇ ਕੇ ਉਹ ਆਪ ਦਿਲੀ ਦਾ ਤਖਤ ਸੰਭਾਲ ਲਵੇ) ਸ਼ੇਰ ਸ਼ਾਹ ਸੂਰੀ ਨੂੰ ਪੱਤਾ ਲਗ ਗਇਆ ਸੀ। ਜੇ ਕਾਮਰਾਨ ਉਸ ਸਮੇਂ ਪੰਜਾਬ ਵਿੱਚ ਰਹਿ ਜਾਂਦਾ ਤਾਂ ਉਸ ਨੂੰ ਹੋ ਸਕਦਾ ਹੈ ਕਿ ਉਸਦੀ ਨੀਤੀ ਦਾ ਬਹੁਤ ਬੁਰਾ ਫ਼ਲ ਮਿਲਦਾ। ਪਰ ਉਹ ਜਾਨ ਬੱਚਾ ਕੇ ਪਹਿਲਾਂ ਹੀ ਕਾਬਲ ਜਾ ਪੁਜਾ ਸੀ।

---

*੧* ਸਿਰੀ ਗੁਰਪਰਤਾਪ ਸੂਰਜ ਪਰਕਾਸ਼ ਪੋਥੀ ਦੂਜੀ
ਪੰਨਾਂ ੧੩੪੯-੫੩

ਰਿਦੇ ਬਿਚਾਰ ਧਰਯੋ ਹਾਥ ਕਬਜ਼ੇ ਤਲਵਾਰ। ਹਤੌਂ ਖੈਂਹ ਕਰਿ ਉਰ ਮਹਿ ਠਾਨਹਿ॥
ਸ਼ੇਰ ਸ਼ਾਹ ਸੋਂ ਸੋਂ ਕਛੁ ਨ ਬਸਾਯੋ, ਖੜਗ ਹਤਨ ਹਮ ਪਰ ਚਲਿ ਆਯੋ॥
ਕਾਇਰ ਭਯੋ ਤਾਜ ਕਰਿ ਆਣਾਂ ਹਮਰਿ ਸੂਰਤਾ ਚਲੈਂ ਦਿਖਾਣਾ॥
ਤਬ ਹਮਾਉਂ ਬਹੁ ਬਿਨਤੀ ਠਾਂਣੀ, ਛਿਮਹੁ ਗੁਰੂ ਮੈ ਬਡ ਅਨਜਾਨੀ।।

ਸ਼ੇਰ ਸ਼ਾਹ ਸੂਰੀ ਨੇ ੧੫੪੦ ਈਸਵੀ ਤੋਂ ੧੫੪੫ ਈਸਵੀ ਤੱਕ ਰਾਜ ਕੀਤਾ। ਇਹ ਸਮਾਂ ਪੰਜਾਬ ਲਈ ਬੜਾ ਸੁਖਦਾਈ ਸੀ। ਸ਼ੇਰੇ ਸ਼ਾਹ ਸੂਰੀ ਦੇ ਸਮੇਂ ਭਾਰਤ ਦੇ ਰਾਜਸੀ ਪ੍ਰਬੰਧਾਂ ਨੇ ਮਾਨੋਂ ਨਵੇਂ ਸਿਰਿਓਂ ਜਨਮ ਲਇਆ ਸੀ। ਸਾਰੇ ਪਾਸੇ ਅਮਨ ਅਤੇ ਸ਼ਾਂਤੀ ਸੀ। ਕਹਿਆ ਜਾਂਦਾ ਹੈ ਕਿ ਉਸਦੇ ਸਮੇਂ ਜੇਕਰ ਕੋਈ ਇਸਤ੍ਰੀ ਵੀ ਸੋਨੇ ਦੀ ਥਾਲੀ ਭਰ ਕੇ ਉਜਾੜ ਬੀਆ-ਬਾਨ ਵਿੱਚ ਇੱਕਲੀ ਫਿਰਦੀ ਸੀ ਤਾਂ ਵੀ ਉਸ ਨੂੰ ਕਿਸੇ ਕਿਸਮ ਦਾ ਡਰ ਨਹੀਂ ਸੀ ਹੁੰਦਾ। ਇਸੇ ਹੀ ਸਮੇਂ ਵਪਾਰ ਦੇ ਵਾਧੇ ਲਈ ਵਡੀਆਂ ਸੜਕਾਂ ਬਣਾਈਆਂ ਗਈਆਂ। ਭਾਰਤੀ ਜਨਤਾ ਨੂੰ ਵੱਧ ਤੋਂ ਵੱਧ ਆਰਾਮ, ਸੁਖ ਅਤੇ ਸ਼ਾਂਤੀ ਪ੍ਰਦਾਨ ਕੀਤੀ ਗਈ। ਭਾਰਤ ਦੇ ਹਰ ਕਿਤੇ ਅਤੇ ਜ਼ਾਤ ਦੇ ਲੋਕਾਂ ਲਈ ਆਪਣੀ ਆਪਣੀ ਥਾਂ ਸਿਰ ਖੁਸ਼ਹਾਲੀ ਸੀ। ਪਰ ਸ਼ੇਰ ਸ਼ਾਹ ਸੂਰੀ ਦੇ ਮਰਨ ਦੀ ਹੀ ਦੇਰ ਸੀ ਕਿ ਪੰਜਾਬ ਦੇ ਸਿਰ ਸਾੜ੍ਹ ਸੱਤੀ ਆ ਗਈ। ਮੁੜ ਕੇ ਪੰਜਾਬ ਵਿੱਚ ਫਿਰ ਬਦਅਮਨੀ ਫੈਲ ਗਈ। ਪੰਜਾਬ ਨੂੰ ਮੁੜ ਓਹੀ ਪੰਜ ਸਾਲ ਪਹਿਲਾਂ ਵਾਲਾ ਜੀਵਨ ਵੇਖਣਾ ਪਇਆ। ਸੂਰੀ ਤਖਤ ਉਤੇ ਸ਼ੇਰ ਸ਼ਾਹ ਦਾ ਪੁਤਰ ਇਸਲਾਮ ਸ਼ਾਹ ਬੈਠਿਆ। ਉਸ ਨੇ ਪੰਜਾਬ ਦੇ ਪਹਿਲੇ ਰਾਜਪਾਲ ਖ਼ੁਆਸ ਖਾਂ ਨੂੰ ਹੱਟਾ ਕੇ ਉਸ ਦੀ ਥਾਂ ਇੱਕ ਨਿਆਜ਼ੀ ਪਠਾਣ ਹੈਵਤ ਖਾਂ ਨਿਆਜ਼ੀ ਨੂੰ ਪੰਜਾਬ ਦਾ ਰਾਜਪਾਲ ਬਣਾ ਦਿੱਤਾ।

ਇਸਲਾਮ ਸ਼ਾਹ ਨੂੰ ਇਹ ਡਰ ਸੀ ਕਿ ਕਿਧਰੇ ਪਹਿਲੇ ਜਰਨੈਲ ਤਾਕਤਵਰ ਹੋਣ ਕਾਰਨ ਵਿਦਰੋਹੀ ਨ ਹੋ ਜਾਣ ਸੋ ਉਸ ਨੇ ਓਹਨਾਂ ਨੂੰ ਨਿਹੱਥੇ ਕਰਨਾਂ ਸ਼ੁਰੂ ਕਰ ਦਿੱਤਾ। ਇਸਦਾ ਫਲ-ਸਰੂਪ ਸੂਰ ਪਠਾਣਾ ਅਤੇ ਨਿਆਜ਼ੀ ਪਠਾਣਾ ਦਾ ਆਪਸੀ ਦਾ ਵੈਰ ਵਧਣਾ ਸ਼ੁਰੂ ਹੋ ਗਇਆ। ਅੰਤ ੧੫੪੭ ਈਸਵੀ ਵਿੱਚ ਅੰਬਾਲਾ ਵਿਖੇ ਦੋਨਾਂ ਧੜਿਆਂ ਦੀ ਚੰਗੀ ਝੜਪ ਹੋਈ। ਸੋ ਇਸ ਤਰ੍ਹਾਂ ਛੋਟੀਆਂ ਮੋਟੀਆਂ ਲੜਾਈਆਂ ਬਹੁਤੀ ਦੇਰ ਹੁੰਦੀਆਂ ਰਹੀਆਂ।

੧੫੫੫ ਈਸਵੀ ਵਿੱਚ ਹਮਾਯੂੰ ਨੇ ਫ਼ਿਰ ਪੰਜਾਬ ਨੂੰ ਆਪਣੇ ਅਧੀਨ ਕਰ ਲਇਆ। ਇਸ ਤੋਂ ਮਗਰੋਂ ਦੋ ਵੀ ੫ ਕੁ ਸਾਲ ਹੋਰ ਵੀ ਰਾਜਸੀ ਗੜ-ਬੜ ਦੇ ਹੀ ਰਹੇ। ਜਿਵੇਂ ਕਿ ਸ਼ਾਹ ਅਬਲ ਮੁਆਲੀ ਅਤੇ ਸਕੰਦਰ ਸੂਰ ਦੀਆਂ ਬਗਾਵਤਾਂ ਨੂੰ ਦਬਾਇਆ ਜਾਣਾ ਸੀ। ਸਿੱਟਾ ਇਹ ਕਿ ੧੫੬੦ ਈਸਵੀ ਤੱਕ ਪੰਜਾਬ ਇਹਨਾਂ ਰਾਜਸੀ ਮੁਠ ਭੇੜਾਂ ਦਾ ਮੈਦਾਨ ਬਣਿਆ ਰਹਿਆ।

ਹਮਾਯੂੰ ਦੀ ਮੌਤ ਪਿਛੋਂ ਜਦੋਂ ਅਕਬੱਰ ਨੇ ਬੈਰਮ ਖਾਂ ਦੀ ਸਰ-ਪ੍ਰਸਤੀ

ਹੇਠ ਰਾਜ ਸੰਭਾਲਿਆ ਤਾਂ ਵੀ ਉਸ ਨੂੰ ਰਾਜ ਧਰੋਹੀਆਂ ਨਾਲ ਦੇਸ਼ ਵਿੱਚ ਅਮਨ ਅਤੇ ਸ਼ਾਂਤੀ ਕਾਇਮ ਕਰਨ ਲਈ ਕਈ ਛੋਟੀਆਂ ਛੋਟੀਆਂ ਟਕਰਾਂ ਲੈਣੀਆਂ ਪਈਆਂ। ਇਥੇ ਹੀ ਬਸ ਨਹੀਂ ਜਦੋਂ ਅਕਬੱਰ ਵਡਾ ਹੋ ਖੁਦ-ਮੁਖਤਿਆਰ ਰਾਜਾ ਬਣਿਆ ਤਾਂ ਬੈਰਮ ਖਾਂ ਬਾਗੀ ਹੋ ਗਇਆ। ਅਕਬੱਰ ਨੇਂ ਸਮਾਂ ਜਾਂਦਾ ਵੇਖ ਕੇ ਫੈਸਲਾ ਕੀਤਾ ਕਿ ਬੈਰਮ ਖਾਂ ਦੀ ਬਗਾਵਤ ਨੂੰ ਰੋਕਿਆ ਜਾਵੇ। ਸੋ ਅਕਬੱਰ ਦੇ ਸਾਹਮਣੇ ਬੈਰਮ ਖਾਂ ਹਾਰ ਗਇਆ ਜਿਸ ਨੂੰ ਅਕਬੱਰ ਨੇਂ ਆਪਣਾ ਪੁਰਾਣਾ ਸੇਵਕ ਹੋਣ ਦੀ ਅਹਿਸੀਅਤ ਵਿੱਚ ਮਾਫ਼ ਕਰ ਦਿੱਤਾ। ਇਸ ਤੋਂ ਬਾਅਦ ਬੈਰਮ ਖਾਂ ਨਾਲ ਕੀ ਬੀਤੀ?ਇਹ ਸਾਡੀ ਖੋਜ ਦਾ ਵਿਸ਼ਾ ਨਹੀਂ।

ਸੋ ਅਸੀਂ ਵੇਖਦੇ ਹਾਂ ਕਿ ਗੁਰੂ ਸਾਹਿਬ ਦੇ ਜੀਵਨ ਸਮੇਂ ਵਿੱਚ ਪੰਜਾਬ ਵਿੱਚ ਸਦਾ ਗੜ ਬੜ ਹੀ ਰਹੀ। ਪਰ ੧੫੬੦ ਈਸਵੀ ਤੋਂ ਲੈ ਕੇ ੧੫੮੧ ਈਸਵੀ ਤੱਕ ਕੋਈ ਖਾਸ ਘਟਨਾਂ ਨਹੀਂ ਵਾਪਰੀ। ਇਹ ਸਮਾਂਸ਼ਾਂਤੀ ਦਾ ਸਮਾਂ ਕਹਿਆ ਜਾ ਸਕਦਾ ਹੈ। ਛੋਟੀਆਂ ਛੋਟੀਆਂ ਝੜਪਾਂ ਭਾਵੇਂ ਹੁੰਦੀਆਂ ਹੀ ਰਹੀਆਂ ਪਰ ਉਹ ਨਿਰੀਆਂ ਵਿਅਕਤੀਗਤ ਪੱਧਰ ਉਤੇ ਸਨ। ਓਹਨਾਂ ਘਟਨਾਵਾਂ ਦਾ ਆਮ ਜਨਤਾ ਦੇ ਜੀਵਨ ਉਤੇ ਕੋਈ ਅਸਰ ਨਹੀਂ ਸੀ ਪਇਆ। ਇਸੇ ਹੀ ਸਮੇਂ ਮਨੁੱਖ ਦਾ ਝੁਕਾ ਧਰਮ ਵਲ ਵਧੇਰੇ ਹੋ ਗਇਆ। ਧਰਮ ਦਾ ਇਹੋ ਹੀ ਵਡਾ ਖਾਸਾ ਹੈ ਹੈਕ ਜਦੋਂ ਮਨੁੱਖ ਦੁਨਿਆਵੀ ਦੁਖਾਂ ਆਦਿਕ ਤੋਂ ਤੰਗ ਆ ਜਾਂਦਾ ਹੈ ਤਾਂ ਮਾਨਸਕ ਸ਼ਾਂਤੀ ਲਈ ਧਰਮ ਦਾ ਹੀ ਸਹਾਰਾ ਲੈਂਦਾ ਹੈ। ਸੋ ਇਸ ਸਮੇਂ ਪੰਜਾਬ ਵਿੱਚ ਸਮਾਜਕ ਅਤੇ ਧਾਰਮਕ ਸੁਧਾਰਾਂ ਦੀ ਲਹਿਰ ਚਲੀ।

## ਆਰਥਕ ਸਰਵੇਖਣ ( Economic conditions)

ਆਰਥਕਤਾ ਅਸਲ ਵਿੱਚ ਮਨੁੱਖੀ ਜੀਵਨ ਦਾ ਸਭ ਤੋਂ ਵੱਡਾ ਅੰਗ ਹੈ। ਜ਼ਿੰਦਗੀ ਦੀ ਖੁਸ਼ਹਾਲੀ ਜਾਂ ਗਮੀਂ ਆਰਥਕ ਹਾਲਤ ਉਤੇ ਹੀ ਨਿਰਭਰ ਹੁੰਦੀ ਹੈ। ਸਰੌਜੀ ਆਰਥਕਤਾ ਹੀ ਮਨੁੱਖ ਨੂੰ ਸ੍ਵੈ-ਮਾਣ ਅਤੇ ਸ੍ਵੈ-ਰੱਖਿਆ ਵਲ ਪ੍ਰੇਰਦੀ ਹੈ। ਕਿਉਂਕਿ ਜਦੋਂ ਤੱਕ ਮਨੁੱਖ ਆਪਣੇ ਆਰਥਕ ਮਸਲਿਆਂ ਵਲੋਂ ਹੀ ਵਿਹਲਾ ਨਹੀਂ ਹੁੰਦਾ ਉਹ ਹੋਰ ਉਸਾਰੂ ਰੁਚੀਆਂ ਵਲ ਕਿਵੇਂ ਧਿਆਨ ਦੇ ਸਕਦਾ ਹੈ। ਰੋਟੀ ਦਾ ਮਸਲਾ ਸਭ ਤੋਂ ਉਚਾ ਹੈ। ਧਰਮ ਕਰਮ ਤਾਂ ਹੀ ਚੰਗੇ ਲਗਦੇ ਹਨ ਜੇ ਮਨੁੱਖ ਦੀ ਆਰਥਕ ਹਾਲਤ ਚੰਗੀ ਹੋਵੇ। ਰੋਟੀ ਦੇ ਦੋ ਟੁਕੜੇ ਮਨੁੱਖ ਨੂੰ ਚੰਗਾ ਵੀ

ਤੇ ਮਾੜਾ ਵੀ ਬਣਾ ਸਕਦੇ ਹਨ। ਰਜਵੀਂ ਰੋਟੀ ਖਾਣ ਵਾਲੇ ਲਈ ਹੀ ਤਾਂ ਚੰਗੀ ਜਾਂ ਮਾੜੇ ਦੀ ਵਿਚਾਰ ਹੁੰਦੀ ਹੈ ਭੁਖੇ ਲਈ ਨਹੀਂ। ਭੁਖੇ ਨੂੰ ਰੋਟੀ ਚਾਹੀਦੀ ਭਾਵੇਂ ਉਹ ਚੋਰੀ ਕਰਕੇ ਲਿਆਵੇ ਅਤੇ ਭਾਵੇਂ ਡਾਕਾ ਮਾਰ ਕੇ। ਉਸ ਨੂੰ ਜਿਥੋਂ ਰੋਟੀ ਮਿਲ ਸਕੇ ਉਸ ਲਈ ਓਹੀ ਕਰਮ ਚੰਗਾ ਹੈ। ਉਹ ਚੋਰੀ, ਡਾਕਾ ਅਤੇ ਠੱਗੀ ਆਦਿ ਸਭ ਨੂੰ ਚੰਗਾ ਸਮਝਦਾ ਹੈ। ਰੋਟੀ ਉਸਦਾ ਪ੍ਰਮੁਖ ਮਸਲਾ ਹੈ ਜਿਸ ਨੂੰ ਉਸ ਨੇਂ ਸਭ ਤੋਂ ਪਹਿਲਾਂ ਹਲ ਕਰਨਾਂ ਹੈ। ਇਕੱਲੀਆਂ ਜੀਵਨ ਦੀਆਂ ਉਚੀਆਂ ਕੀਮਤਾਂ ਹੀ ਕਾਇਮ ਰਖਣੀਆਂ ਰੋਟੀ ਦਾ ਮਸਲਾ ਹਲ ਨਹੀਂ ਕਰ ਸਕਦੀਆਂ।

ਆਰਥਕਤਾ ਦਾ ਜਾਇਜ਼ਾ ਲੈਣ ਵੇਲੇ ਸਾਨੂੰ ਇੱਕ ਗਲ ਧਿਆਨ ਵਿੱਚ ਰੱਖਣੀ ਹੋਵੇਗੀ ਕਿ ਅਸੀਂ ਜਨਤਾ ਦੀ ਕਿਸੇ ਇੱਕ ਸ੍ਰੇਣੀ ਨੂੰ ਨਹੀਂ ਵੇਖਣਾ ਹੋਵੇਗਾ। ਅਮੀਰ ਅਤੇ ਗਰੀਬ ਤਾਂ ਆਦਿ ਕਾਲ ਤੋਂ ਹੀ ਚਲੇ ਆ ਰਹੇ ਹਨ। ਅਮੀਰ ਸਦਾ ਗਰੀਬਾਂ ਤੋਂ ਉਚੇ ਅਤੇ ਗਰੀਬਾ ਅਮੀਰਾਂ ਤੋਂ ਨੀਵੇਂ ਰਹੇ ਹਨ। ਪਰ ਵੇਖਿਆ ਇਹਜਾਣਾ ਹੈ ਕਿ ਅਮੀਰ ਕਿਸ ਹੱਦ ਤੱਕ ਅਮੀਰ ਹਨ ਅਤੇ ਗਰੀਬ ਕਿਸ ਹੱਦ ਤੱਕ ਗਰੀਬ ਹਨ। ਅਸੀਂ ਦੇਸ਼ ਵਿੱਚਲੀ ਸਾਰੀ ਆਮਦਨ ਨੂੰ ਜੀ ਪੂੰਜੀ ਆਮਦਨੀ ਉਤੇ ਘੱਟਾ ਕੇ ਵੇਖਣਾ ਹੈ। ਜੇ ਤਾਂ ਇਹ ਆਮਦਨ ਖਰਚ ਦੇ ਮੁਕਾਬਲੇ ਬਰਾਬਰ ਹੋਵੇ ਅਤੇ ਕੋਈ ਵਿਅਕਤੀ ਜੇ ਆਪਣੀ ਆਮਦਨ ਨੂੰ ਬੱਚਾ ਨਹੀਂ ਸਕਦਾ ਤਾਂ ਕਰਜ਼ਾਈ ਵੀ ਨਹੀਂ ਹੁੰਦਾ ਤਾਂ ਅਸੀਂ ਕਹਿ ਸਕਦੇ ਹਾਂ ਕਿ ਆਰਥਕ ਹਾਲਤ ਚੰਗੀ ਹੈ। ਜੇ ਇਸ ਦੇ ਮੁਕਾਬਲੇ ਉਹ ਆਪਣੀ ਆਮਦਨ ਵਿੱਚੋਂ ਚੰਗਾ ਖਰਚ ਕਰਨ ਮਗਰੋਂ ਕੁਝ ਬੱਚਾ ਵੀ ਸਕਦਾ ਹੈ ਤਾਂ ਉਸ ਦੀ ਹਾਲਤ ਬਹੁਤ ਚੰਗੀ ਹੈ। ਸੋ ਆਰਥਕ ਹਾਲਤ ਵੇਖਣ ਵਿੱਚ ਇਹ ਸਾਡੀ ਕਸਵੱਟੀ ਹੋਵੇਗੀ।

ਜਿਥੋਂ ਤੱਕ ਮਧ ਕਾਲ ਦੀ ਗਲ ਹੈ ਇਹ ਯਕੀਨ ਕੀਤਾ ਜਾਂਦਾ ਹੈ ਕਿ ਆਰਥਕ ਹਾਲਤ ਕੋਈ ਚੰਗੀ ਨਹੀਂ ਸੀ। ਬਾਬਰ ਦੀ ਸਵੈ ਜੀਵਨੀ **Memoirs of Babar** ਵਿੱਚ ਉਸ ਨੇਂ ਸਾਡੀ ਆਰਥਕ ਹਾਲਤ ਬਾਰੇ ਬਹੁਤ ਹੀ ਚੰਗੀ ਤਰ੍ਹਾਂ ਲਿਖਿਆ ਹੈ। ਬਾਬਰ ਅਨੁਸਾਰ " ਭਾਰਤ ਚੰਦ ਕੁ ਦਿਲ ਖਿਚਵੀਆਂ ਵਸਤੂਆਂ ਵਾਲਾ ਦੇਸ਼ ਹੈ। ਲੋਕੀ ਸਮਾਜਕ ਪੱਧਰ ਉਤੇ ਇੱਕ ਦੂਜੇ ਨਾਲ ਘਟ ਮਿਲਦੇ ਜੁਲਦੇ ਸਨ। ਓਹਨਾਂ ਦਾ ਲੈਣ ਦੇਣ ਬਹੁਤ ਹੀ ਘੱਟ ਸੀ। ਭਾਵ ਇਹ ਕਿ ਸਮਾਜਕ ਪੱਧਰ ਉਤੇ ਕੋਈ ਸਿਹਤਮੰਦ ਜੀਵਨ ਨਹੀਂ ਸੀ ਜੀਵਿਆ ਜਾ ਰਹਿਆ। ਲੋਕੀਂ ਛੋਟੀਆਂ ਛੋਟੀਆਂ ਧਾਰਮਕ ਸੰਸਥਾਵਾਂ ਵਿੱਚ ਵੰਡੇ ਹੋਏ

ਸਨ। " ਬਾਬਰ ਇਥੇ ਤੱਕ ਵੀ ਲਿਖਦਾ ਹੈ ਕਿ " ਇਸ ਦੇਸ਼ ਵਿੱਚ ਕੋਈ ਕਾਬਲ ਆਦਮੀ ਨਹੀਂ । ਕਿਸੇ ਨੂੰ ਰਹੁ ਰੀਤੀ ਦਾ ਵੀ ਪੱਤਾ ਨਹੀਂ ਸੀ। ਹੱਥ ਅਤੇ ਲਕੜ ਦੇ ਕੰਮ ਵਿੱਚ ਨ ਤਾਂ ਸੰਤੁਲਤਾ ਹੈ ਅਤੇ ਨਹੀ ਇਹਨਾਂ ਲੋਕਾਂ ਨੂੰ ਕੋਈ ਅਜਿਹੀਆਂ ਵਿਧੀਆਂ ਆਉਂਦੀਆਂ ਹਨ ਕਿ ਜਿਨ੍ਹਾਂ ਰਾਹੀਂ ਸੰਤੁਲਤਾ ਲਿਆ ਸਕਣ। ਇਥੇ ਚੰਗੀ ਸ਼ਰਾਬ, ਘੋੜੇ, ਅੰਗੂਰ ਅਤੇ ਕੁਤਿਆਂ ਆਦਿਕ ਦਾ ਵੀ ਘਾਟਾ ਹੈ। ਚੰਗੇ ਬਾਜ਼ਾਰ, ਹਮਾਮ, ਸਬਜ਼ੀਆਂ ਅਤੇ ਕਾਲਜਾਂ ਆਦਿਕ ਦਾ ਵੀ ਤੋਟਾ ਸੀ। "

ਬਾਬਰ ਦੀ ਸ੍ਵੈ ਜੀਵਨੀ ਤੋਂ ਸਾਨੂੰ ਇਹ ਵੀ ਪੱਤਾ ਲਗਦਾ ਹੈ ਕਿ " ਉਸ ਸਮੇਂ ਭਾਰਤ ਵਿੱਚ ਵਡਿਆਂ ਦਰਿਆਵਾਂ ਤੋਂ ਸਿਵਾ ਹੋਰ ਨਦੀਆਂ ਆਦਿਕ ਨਹੀਂ ਸਨ। ਜਾਂ ਤਾਂ ਵੱਡੇ ਦਰਿਆ ਅਤੇ ਜਾਂ ਫਿਰ ਟੋਭੇ ਆਦਿਕ ਹੀ ਮਿਲਦੇ ਸਨ। ਲੋਕਾਂ ਦੇ ਘਰ ਵੀ ਹਵਾਦਾਰ ਨਹੀਂ ਸਨ। "

"ਜ਼ਮੀਨਦਾਰ ਅਤੇ ਨੀਵੀਂ ਪੱਧਰ ਦੇ ਲੋਕ ਤਕਰੀਬਨ ਨੰਗੇ ਹੀ ਰਹਿੰਦੇ ਸਨ। ਆਦਮੀ ਇੱਕ ਲੰਗੋਟੀ ਬੰਨ੍ਹਿਆ ਕਰਦੇ ਸਨ ਅਤੇ ਇਸਤ੍ਰੀਆਂ ਇੱਕ ਧੋਤੀ। ਉਸੇ ਹੀ ਧੋਤੀ ਨਾਲ ਉਹ ਆਪਣਾ ਸਰੀਰ ਢਕਦੀਆਂ ਸਨ ਅਓ ਤੁਸ ਧੋਤੀ ਦਾ ਇੱਕ ਲੜ ਆਪਣੇ ਸਿਰ ਉਤੇ ਲੈ ਲਇਆ ਕਰਦੀਆਂ ਸਨ। "*੧*

---

*1* THE CAMBRIDGE HISTORY OF INDIA (VOL.IV) By LT. COLONEL SIR WOLSELEY HAIG.

P. 14 Quotation from Babar's Memoirs.

Hindustan is a country of few charms. Its people have no good looks; of social intercourse, payihg and receiving visits there is none; of genious and capacity none; of manners none; in handigraft and work there is no form of symmetyy, method or equality; there are no good horses, no good dogs, no grapes, musk melons or first rate fruits, no ice or cold water, no good bread or cooked food in the bazars, no hot baths, no colleges, no cannles, torches or candlesticks.......

?

...... Except their large rivers and their standing waters which flow in ravines or hoolows ( there are no waters). There are no running- waters in their gardens or residence (imaratlar). There residences have no charm, air (hawa) regularity or symmetry.

Continued P.58

ਜਦੋਂ ਅਸੀਂ ਭਾਰਤ ਦੀ ਆਰਥਕ ਹਾਲਤ ਦਾ ਜਾਇਜ਼ਾ ਲੈਂਦੇ ਹੋਏ ਬਾਬਰ ਦੇ ਇਸ ਬਿਆਨ ਨੂੰ ਅਲੋਚਨਾਤਮਕ ਰੁਚੀ ਨਾਲ ਵਾਚ ਰਹੇ ਹੁੰਦੇ ਹਾਂ ਤਾਂ ਸਾਨੂੰ ਗੁਲਬਦਨ ਬੇਗਮ ਦਾ ਹੁਮਾਯੂੰਨਾਮਾਂ ਵੀ ਸਾਹਮਣੇ ਰਖਣਾ ਪੈਂਦਾ ਹੈ। ਇਸ ਪੁਸਤਕ ਤੋਂ ਸਾਨੂੰ ਪੈਤਾ ਲਗਦਾ ਹੈ ਕਿ " ਭਾਰਤ ਵਿੱਚ ਉਸ ਸਮੇਂ ਹਰ ਵਸਤੂ ਬੜੀ ਸਸਤੀ ਵਿਕਿਆ ਕਰਦੀ ਸੀ। ਖਾਸ ਕਰਕੇ ਅਕਬੱਰ ਦੇ ਜਨਮ ਸਥਾਨ ਅਮਰਕੋਟ ਵਿੱਚ ਚਾਰ ਬਕਰੀਆਂ ਦੀ ਕੀਮਤ ਇੱਕ ਰੁਪਈਆ ਸੀ। " *੧*

ਬਾਬਰ ਦੇ ਵਿਚਾਰਾਂ ਨਾਲੋਂ ਇਹ ਵਿਚਾਰ ਬਿਲਕੁਲ ਉਲਟ ਹਨ। ਜਿਥੇ ਬਾਬਰ ਲਿਖਦਾ ਹੈ ਕਿ ਲੋਕੀਂ ਲੰਗੋਟੀ ਅਤੇ ਧੋਤੀ ਵਿੱਚ ਰਹਿੰਦੇ ਸਨ ਉਥ ਗੁਲਬਦਨ ਬੇਗਮ ਲਿਖਦੀ ਹੈ ਕਿ ਇਥੇ ਹਰ ਵਸਤੂ ਬੜੀ ਸਸਤੀ ਵਿਕਿਆ ਕਰਦੀ ਸੀ। ਜਿਥੇ ਬਾਬਰ ਨੂੰ ਕੁਝ ਕੁ ਦਿਲਖਿਚਵੀਆਂ ਵਸਤੂਆਂ ਮਿਲਦੀਆਂ ਸਨ ਉਥ ਹੁਮਾਯੂੰਨਾਮਾਂ ਦੀ ਲੇਖਕਾ ਨੂੰ ਬੇਹੱਦ ਚੰਗੀਆਂ ਵਸਤੂਆਂ ਵੇਖਣ ਨੂੰ ਮਿਲੀਆਂ ਹੋਈਆਂ ਹੋਣਗੀਆਂ। ਜੇ ਗੁਲਬਦਨ ਬੇਗਮ ਅਨੁਸਾਰ ਚੀਜ਼ਾਂ ਬਹੁਤ ਸਸਤੀਆਂ ਸਨ ਤਾਂ ਇਸ ਦਾ ਅਰਥ ਇਹ ਹੋਇਆ ਕਿ ਉਤਪਤੀ ਬਹੁਤੀ ਸੀ। ਜਿਸ ਦੇਸ਼ ਵਿੱਚ ਉਤਪਤੀ ਜ਼ਿਆਦਾ ਹੋਵੇ ਉਹ ਦੇਸ਼ ਹੋਰ ਦੇਸ਼ਾਂ ਨਾਲ ਵਪਾਰ ਕਰਕੇ ਆਪਣੀਆਂ ਚੀਜ਼ਾਂ ਬਾਹਰ ਭੇਜਿਆ ਕਰਦਾ ਹੈ। ਜੋ ਕਿ ਭਾਰਤ ਕਰਦਾ ਰਹਿਆ ਸੀ। ਸੋ ਅਰਥ ਸ਼ਾਸਤਰ ਦੇ ਆਧਾਰ ਉਤੇ ਅਸੀਂ ਕਦੀ ਵੀ ਨਹੀਂ

---

Continued from page 57

Peasents and people of low standing go about naked. They tie on a thing called langota, a decency-clout which hangs two spans below the navel. From the tie of this pendant decency-clout, another clout is passed between the thighs and made fast behind. Women also tie on a cloth(long) one half of which goes round the waist, the other is thrown over the head.

*1* AN ADVANCED HISTORY OF INDIA BY R.C.MAJUMDAR, H.C.RAJCHANDHURI ETC. P.569

The Humayaunamah of Gulabdan Begam refers incidentally to the low prices prevailing in Hindustan ; for example at Amarkot, the birth place of Akbar the price of four goats was one rupee.

ਮੰਨ ਸਕਦੇ ਕਿ ਭਾਰਤ ਦੀ ਆਰਥਕ ਹਾਲਤ ਇਤਨੀ ਪੇਤਲੀ ਸੀ।

ਬਾਬਰ ਨੂੰ ਅਸਲ ਵਿੱਚ ਕੇਵਲ ਚਾਰ ਸਾਲ ਹੀ ਭਾਰਤੀ ਜੀਵਨ ਜੀਉਣ ਦਾ ਅਵਸਰ ਪ੍ਰਾਪਤ ਹੋਇਆ ਸੀ। ਇਹ ਸਮਾਂ ਵੀ ਪੂਰਨ ਤੌਰ ਇਕੋਂ ਰਾਜੇ ਦਾ ਨਹੀਂ ਸਗੋਂ ਲੁਟੇਰੇ ਦਾ ਸਮਾਂ ਕਹਿਆ ਜਾ ਸਕਦਾ ਹੈ। ਜਿਵੇਂ ਕਿ ਗੁਰੂ ਨਾਨਕ ਸਾਹਿਬ ਲਿਖਦੇ ਹਨ

"ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ"

ਆਸਾ ਮਹਲਾ ੧
(ਪੰਨਾਂ ੪੧੭) ਆਦਿ ਗ੍ਰੰਥ

ਇਹ ਬਾਬਰਵਾਣੀ ਕੋਈ ਸਹਿਜੇ ਹੀ ਖ਼ਤਮ ਹੋਣ ਵਾਲੀ ਨਹੀਂ ਸੀ। ਇਸ ਦੇ ਨਾਲ ਹੀ ਸਾਨੂੰ ਬਾਬਰ ਦੇ ਹਜ਼ਾਰਾਂ ਕੈਦੀਆਂ ਦੀਆਂ ਵੀ ਵਾਰਤਾਵਾਂ ਮਿਲਦੀਆਂ ਹਨ। ਸੋ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਬਾਬਰ ਨੂੰ ਅਮਲੀ ਤੌਰ ਉਤੇ ਭਾਰਤ ਵਿੱਚ ਰਹਿਣ ਦਾ, ਕੋਈ ਸੁਖਾਵਾਂ ਸਮਾਂ ਨਹੀਂ ਸੀ ਮਿਲਿਆ। ਇਹ ਵੀ ਸਿੱਟਾ ਕਢਿਆ ਜਾ ਸਕਦਾ ਹੈ ਕਿ ਉਸ ਨੇਂ ਜੋ ਵੀ ਲਿਖਿਆ ਹੈ ਉਹ ਕਿਸੇ ਜਰਨੈਲ ਆਦਿਕ ਤੋਂ ਸੁਣ ਸੁਣਾ ਕੇ ਹੀ ਲਿਖਿਆ ਹੈ। ਹੋ ਸਕਦਾ ਹੈ ਕਿ ਜੇ ਉਸ ਨੇਂ ਪੰਜਾਬ ਬਾਰੇ ਕੁਛ ਅਸਲੀਅਤ ਸੁਣੀ ਹੁੰਦੀ ਤਾਂ ਉਹ ਭਾਰਤ ਦਾ ਨਕਸ਼ਾ ਹੀ ਬਦਲ ਦਿੰਦਾ। ਪ੍ਰਤੀਤ ਹੁੰਦਾ ਹੈ ਕਿ ਬਹੁਤਾ ਕਰਕੇ ਉਸ ਨੇਂ ਭਾਰਤ (ਸਮੁਚੇ ਭਾਰਤ) ਦੀ ਆਰਥਕਤਾ ਦੀ ਹੀ ਝਲਕੀ ਦਿੱਤੀ ਹੈ। ਕਿਉਂ ਜੋ ਪੰਜਾਬ ਦੀ ਧਰਤੀ ਤਾਂ ਸੋਨਾਂ ਉਗਲਣ ਵਾਲੀ ਧਰਤੀ ਸੀ ਅਤੇ ਹੁਣ ਵੀ ਹੈ। ਗੰਗਾ- ਸਿੰਧ ਦਾ ਇਹ ਮੈਦਾਨ ਤਾਂ ਸਾਰੀ ਭਾਰਤੀ ਜ਼ਮੀਨ ਨਾਲੋਂ ਵੱਧ ਉਪਜਾਊ ਹੈ। ਨਾਲੇ ਧਰਤੀ ਦੇ ਇਸ ਟੁਕੜੇ ਉਤੇ ਰਹਿਣ ਵਾਲੇ ਲੋਕਾਂ ਤਾਂ ਕਦੀ ਲੰਗੋਟੀ ਅਤੇ ਧੋਤੀ ਪਾਈ ਹੀ ਨਹੀਂ ਸੀ। ਪੰਜਾਬ ਦੀ ਪੋਸ਼ਾਕ ਤੇ ਖੁਰਾਕ ਦੋਵੇਂ ਸਾਰੇ ਜਗਤ ਕੋਲੋਂ ਵੱਖਰੀਆਂ ਸਨ ਅਤੇ ਹੁਣ ਵੀ ਹਨ। ਪ੍ਰੋਫੈਸਰ ਪੂਰਨ ਸਿੰਘ ਜਦ ਕਹਿੰਦੇ ਹਨ:-

..... ਡਾਂਗਾਂ ਮੋਢੇ ਤੇ ਉਲਾਰਦੇ ਤੇ
ਇਹ ਜਵਾਨ ਪੰਜਾਬ ਦੇ।

ਕਿ ਪੰਜਾਬੀ ਜਵਾਨ ਤਾਂ ਮੋਢੇ ਉਤੇ ਡਾਂਗ ਉਲਾਰਦਾ ਹੋਇਆ ਆਕੜ ਨਾਲ ਤੁਰਦਾ ਤੁਰਦਾ ਮੌਤ ਨੂੰ ਮਖੌਲਾਂ ਕਰਦਾ ਹੈ। ਪੰਜਾਬੀ ਜਵਾਨ ਭਾਵੇਂ ਹਿੰਦੂ ਸੀ, ਭਾਵੇਂ ਮੁਸਲਮਾਨ ਤੇ ਭਾਵੇਂ ਸਿੱਖ, ਦੀ ਪੋਸ਼ਾਕ ਤਾਂ ਸਿਰ ਸ਼ਮਲੇ ਵਾਲੀ ਪੱਗ, ਗਲ ਕੈਂਠਾ ਅਤੇ ਖੁਲਾ ਕੁੜਤਾ, ਤੇੜ ਚਾਦਰਾ (ਧੋਤੀ ਨਹੀਂ) ਅਤੇ ਪੈਰ ਧੌੜੀ

ਦੀ ਜੁੱਤੀ ਅਤੇ ਸਾਰਿਆਂ ਤੋਂ ਸਿਰਕਢ ਮੋਢੇ ਉਤੇ ਸੁਮਾਂ ਵਾਲੀ ਡਾਂਗ। ਸੋ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਪੰਜਾਬ ਦੀ ਆਰਥਕ ਦਸ਼ਾ ਇਤਨੀ ਭੈੜੀ ਸੀ।

ਅਲਗੋਜ਼ੇ ਜਦੋਂ ਹੁਣ ਵੀ ਵਜਦੇ ਹਨ ਤਾਂ ਦਿਲ ਝੂਮ ਉਠਦਾ ਹੈ। ਵਾਢੀਆਂ ਸਮੇਂ ਵਜਦਾ ਢੋਲ ਅਤੇ ਤ੍ਰਿੰਜਣ ਵਿੱਚ ਤਾੜੀ ਮਿਲਾ ਅਡੀ ਮਾਰ ਨੱਚਦੀ ਮੁਟਿਆਰ, ਝਾਂਜਰਾਂ ਛਣਕਾਂਦੀ ਹੋਈ ਮਾਨੋਂ ਗਰੀਬੀ ਨੂੰ ਮੀਲਾਂ ਦੂਰ ਨਠਾਂਦੀ ਹੈ।

" ਸਾਥੋਂ ਜਿਗਰਾ ਨਹੀਂ ਹੁੰਦਾ ਜਵਾਨੀ ਦੇ ਮਾਮਲੇ। "

( ਲੋਕ ਗੀਤ )

ਪੰਜਾਬ ਦੀਆਂ ਮੁਟਿਆਰਾਂ ਗਰੀਬੀ ਬਾਰੇ ਰਤਾ ਭਰ ਨਹੀਂ ਕੁਰੰਦੀਆਂ। ਪੰਜਾਬ ਤਾਂ ਰੰਗ ਰਲੀਆਂ ਦੀ ਧਰਤੀ ਹੈ। ਰੋਮਾਂਸ ਅਤੇ ਨਿਰਛਲ ਪਿਆਰ ਦਾ ਇਲਾਕਾ ਹੈ। ਪਿਆਰ ਇਸਦਾ ਠਾਠਾਂ ਮਾਰਦਾ ਹੈ। ਇਹ ਗਲਾਂ ਤੇ ਅਜਿਹੇ ਲੋਕ-ਗੀਤ ਓਦੋਂ ਹੀ ਪੈਦਾ ਹੁੰਦੇ ਹਨ , ਜਿਵੇਂ ਕਿ ਅਸੀਂ ਪਹਿਲਾਂ ਵੀ ਆਖ ਆਏ ਹਾਂ ਕਿ ਜਦੋਂ ਮਨੁੱਖ ਢਿਡ ਭਰ ਰੋਟੀ ਖਾਂਦਾ ਹੋਵੇ।

Is this relevant

ਓਹਲੇ ਬੈਠ ਕੇ ਬਾਰੀ

ਰੋਵਾਂ ਰਾਤ ਮੈਂ ਸਾਰੀ........

( ਲੋਕ ਗੀਤ)

ਇੱਕ ਪੰਜਾਬੀ ਮੁਟਿਆਰ ਕਾਹਦਾ ਰੋਣਾ ਰੋਂਦੀ ਹੈ? ਹੋ ਸਕਦਾ ਹੈ ਕਿਸੇ ਆਲੋਚਕ ਨੂੰ ਮਹਿਸੂਸ ਹੋਵੇ ਕਿ ਵਿਚਾਰੀ ਅਬਲਾ ਆਪਣੀ ਗਰੀਬੀ ਦਾ ਰੋਣਾ ਰੋ ਰਹੀ ਹੈ। ਉਸ ਨੂੰ ਇੱਕ ਡੰਗ ਰੋਟੀ ਮਿਲੀ ਹੋਣੀ ਹੈ ਅਤੇ ਹੁਣ ਸਵੇਰ ਦੀ ਰੋਟੀ ਦੇ ਨਸੀਬ ਹੋਣ ਬਾਰੇ ਉਸ ਨੂੰ ਸ਼ੁਕ ਹੋਣਾ ਹੈ। ਜਿਸ ਕਾਰਨ ਉਹ ਰਾਤ ਭਰ ਬੈਠੀ ਝੁਰਦੀ ਰਹਿੰਦੀ ਹੈ। ਨਹੀਂ ਇਹ ਨਹੀਂ ਇ ਤਾਂ

.... ਵੇ ਕਾਹਨੂੰ ਪਿਆਰ ਸੀ ਪਾਇਆ।

( ਲੋਕ ਗੀਤ)

ਮਾਹੀ ਦੇ ਵਿਛੋੜੇ ਦਾ ਦਰਦ ਹੈ।

ਸੋ ਪੰਜਾਬਣ ਤਾਂ ਪਿਆਰ ਦੇ ਵਿਛੋੜੇ ਵਿੱਚ ਹੀ ਰੋਂਦੀ ਦਿਸਦੀ ਹੈ ਗਰੀਬੀ ਕਰਕੇ ਨਹੀਂ। ਗਰੀਬੀ ਕਾਰਨ ਰੋਵੇ ਵੀ ਕਿਵੇਂ ਜਦੋਂ ਗਰੀਬੀ ਹੈ ਹੀ ਉਸ ਤੋਂ ਲਖਾਂ ਕੋਹਾਂ ਦੂਰ। ਪੰਜਾਬ ਹਾਸਿਆਂ ਦਾ ਦੇਸ਼ ਹੈ। ਇਥੇ ਰੁਤਾਂ ਅਨੁਸਾਰ ਗੀਤ ਗਾਏ ਜਾਂਦੇ ਹਨ, ਇਥੇ ਤ੍ਰਿੰਜਣ, ਗਿਧੇ, ਝੁਮਰ ਅਤੇ

ਝਗੜੇ ਪਾਏ ਜਾਂਦੇ ਹਨ। ਇਥੇ ਹੀਰਾਂ, ਬੰਗਾਲ ਅਤੇ ਬਿਹਾਰ ਵਿੱਚ ਸੜਦੀ ਧਰਤੀ ਉਤੇ ਸੁੰਦਰ ਯੁਵਤੀਆਂ ਵਾਂਗ ਹੁਸਨ ਨਹੀਂ ਵੇਚਦੀਆਂ ਫਿਰਦੀਆਂ ਜਾਂ ਮਿਸੂਰ ਅਤੇ ਮਦਰਾਸ ਦੀਆਂ ਸੜਕਾਂ ਉਤੇ ਬੈਠੀਆਂ ਪਾਨ, ਲਕੜੀਆਂ, ਸਬਜ਼ੀਆਂ ਅਤੇ ਫੁੱਲ ਆਦਿਕ ਨਹੀਂ ਵੇਚਦੀਆਂ ਦਿਸਦੀਆਂ। ਸਗੋਂ ਬੇਲਿਆਂ ਵਿੱਚ ਬੈਠੀਆਂ ਸੱਖੀਆਂ ਸੰਗ ਗੀਤ ਗਾਉਂਦੀਆਂ ਅਤੇ ਜ਼ਿੰਦਗੀ ਨੂੰ ਮਾਣਦੀਆਂ ਹਨ। ਜਦੋਂ ਆਪਣੇ ਆਪ ਉਤੇ ਭੀੜ ਬਣੇ ਤਾਂ

ਅੱਧਾ ਧੜ ਹਨੇਂ ਵਿੱਚ ਫਾਥਾ
ਅੱਧਾ ਵੱਠਾ ਧਰਤੀ।
ਆਖ ਦਮੋਦਰ ਮੈਂ ਅੱਖੀਂ ਡਿਠਾ ਜਿਉਂ ਧੋਬੀ ਸੁਥਣ ਧੋਤੀ।।
(ਹੀਰ ਦਮੋਦਰ)

ਆਪਣੀ ਰਖਿਆ ਆਪ ਕਰ ਸਕਦੀਆਂ ਹਨ। ਪੰਜਾਬ ਦੇ ਬੇਲਿਆਂ ਵਿੱਚ "ਢੋਲ, ਸੰਮੀ" ਅਤੇ "ਜਬਾਲੇ" ਗੀਤ ਗਾਏ ਜਾਂਦੇ ਹਨ। ਨਿਰਛਲ ਅਤੇ ਨਿਰਲੇਪ ਪਿਆਰ ਛੰਨਾਂ ਦੇ ਕੰਢਿਆਂ ਉਤੇ ਪਲਦਾ ਅਤੇ ਉਸਰਦਾ ਹੈ। ਪੰਜਾਬੀ ਜੱਟ ਅਤੇ ਪੰਜਾਬਣ ਜੱਟੀ ਮਾਣ ਮੱਤੇ ਹਨ।

ਸੋ ਗੁਲਾਬ ਦਾਨ ਬੇਗਮ ਦੇ ਵਿਚਾਰ ਸਹੀ ਜਾਪਦੇ ਹਨ। ਇਸਦੇ ਨਾਲ ਹੀ ਅਸੀਂ ਟੈਰੀ ਦੇ ਵਿਚਾਰ ਵੀ ਅਖੋਂ ਓਹਲੇ ਨਹੀਂ ਕਰ ਸਕਦੇ ਕਿ " ਪੰਜਾਬ ਇੱਕ ਬਹੁਤ ਵਡਾ ਅਤੇ ਸੁਹਣਾ ਸੂਬਾ ਹੈ। ਲਾਹੌਰ ਇੱਕ ਵਪਾਰਕ ਕੇਂਦਰ ਹੈ। ਇਹ ਲੋਕਾਂ ਅਤੇ ਅਮੀਰੀ ਚੀਜ਼ਾਂ ਨਾਲ ਭਰਪੂਰ ਹੈ।" ਉਹ ਇਥੋਂ ਤੱਕ ਵੀ ਕਹਿੰਦਾ ਹੈ ਕਿ " ਸਾਰੇ ਭਾਰਤ ਵਿੱਚੋਂ ਇਹ ਪ੍ਰਮੁਖ ਵਪਾਰਕ ਸੂਬਾ ਹੈ।"*੧*। ਇਹਨਾਂ ਵਿਚਾਰਾਂ ਦੇ ਨਾਲ ਹੀ ਜਦੋਂ ਇੱਕ ਪੰਜਾਬੀ ਲੋਕ ਗੀਤ

---

*1* AN ADVANCED HISTORY OF INDIA BY R.C.MAJUMDAR, H.C.RAYCHANDHURI ETC. P.570

Terry refers to the Panjab as " a large province, and most fruitful. Lahore is the chief city there of, built very large, and abounds both in people and riches, one of the Principle cities for trade in all India".

ਹਿਮਤ ਕਰ ਲੈ ਹਾਣੀਆਂ
ਤੇ ਰੱਖ ਲੈ ਸ਼ਾਨ ਪੰਜਾਬ ਦੀ
ਲਹੂ ਤੇਰੇ ਨਾਲ ਦੂਣੀ ਹੋਸੀ ਲਾਲੀ ਏਸ ਗੁਲਾਬ ਦੀ।

ਦੇ ਇਹ ਬੋਲ ਮੇਰੇ ਕੰਨੀ ਵਜਦੇ ਹਨ ਤਾਂ ਯਕੀਨ ਹੋ ਜਾਂਦਾ ਹੈ ਕਿ ਪੰਜਾਬ ਕਿਸੇ ਸਮੇਂ ਬੜਾ ਹੀ ਮਹੱਤਵ ਪੂਰਨ ਸੂਬਾ ਸੀ। ਇਹ ਕਿਸੇ ਸਮੇਂ ਆਰਥਕ ਹਾਲਤ ਵਿੱਚ ਬਹੁਤ ਹੀ ਤਕੜਾ ਸੀ। ਸੋ ਇਹ ਸਮਾਂ ਨਿਸਚੇ ਹੀ ਮੱਧ ਕਾਲ ਸੀ। ਇਹ ਬੋਲ ਓਦੋਂ ਹੀ ਨਿਕਲੇ ਜਾਪਦੇ ਹਨ ਜਦ ਪਿਛਲੇ ਇਤਿਹਾਸ ਨੂੰ ਸਾਹਮਣੇ ਰੱਖਦੇ ਹੋਏ ਕਿਸੇ ਪੰਜਾਬੀ ਨੇਂ ਆਮ ਮਨੁੱਖ ਦੇ ਆਰਥਕ ਜੀਵਨ ਨੂੰ ਨਿਮੋਝੂਣਾ ਵੇਖਿਆ ਹੋਣਾ ਹੈ।

ਸੋ ਗੁਲਾਬਦਾਨ ਬੇਗਮ ਅਤੇ ਟੈਰੀ ਦੇ ਵਿਚਾਰ ਸੌ ਫ਼ੀ ਸਦੀ ਠੀਕ ਜਾਪਦੇ ਹਨ। ਓਹਨਾਂ ਨੇਂ ਪੰਜਾਬ ਦੀ ਆਰਥਕ ਹਾਲਤ ਦਾ ਠੀਕ ਜਾਇਜ਼ਾ ਲਾਇਆ ਜਾਪਦਾ ਹੈ। ਇਹਨਾਂ ਵਿਚਾਰਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਅਸੀਂ ਬਾਬਰ ਦੇ ਵਿਚਾਰਾਂ ਨੂੰ ਪੰਜਾਬ ਦੀ ਆਰਥਕ ਹਾਲਤ ਉਤੇ ਨਹੀਂ ਘੱਟਾ ਸਕਦੇ। ਟੈਰੀ ਅਨੁਸਾਰ ਲਾਹੌਰ ਜੋ ਉਸ ਸਮੇਂ ਵੀ ਪ੍ਰਮੁੱਖ ਵਪਾਰੀ ਕੇਂਦਰ ਸੀ ਬਾਅਦ ਵਿੱਚ ਵੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਪੰਜਾਬ ਦੀ ਰਾਜਧਾਨੀ ਰਹਿਆ।

ਪੰਜਾਬ ਦੀ ਚੰਗੇਰੀ ਆਰਥਕ ਦਸ਼ਾ ਦਾ ਸਾਨੂੰ ਗੁਰੂ ਸਾਹਿਬ ਦੇ ਆਪਣੇ ਜੀਵਨ ਤੋਂ ਵੀ ਲਗਦਾ ਹੈ। ਜਦੋਂ ਆਪ ਜੀ ਨੇਂ ਇੱਕ ਨਵੇਂ ਸ਼ਹਿਰ ਦੀ ਨੀਂਹ ਰੱਖੀ ਤਾਂ ਉਸ ਨੂੰ ਵਪਾਰੀ ਲੋਕਾਂ ਨਾਲ ਵਸਾਇਆ। ਕਾਸ਼ਤਕਾਰਾਂ ਨਾਲ ਕਿਉਂ ਨਹੀਂ ਵਸਾਇਆ? ਵਪਾਰ ਦੀ ਹਾਲਤ ਚੰਗੀ ਹੀ ਹੋਣੀ ਹੈ ਤਾਂ ਹੀ ਆਪ ਜੀ ਨੇਂ ਹਰ ਕਿਤੇ ਦੇ ਲੋਕਾਂ ਨੂੰ ਲਿਆ ਕੇ ਉਥੇ ਵਸਾਇਆ ਸੀ। ਦੂਜੀ ਘੱਟਨਾਂ ਹੈ ੨੨ ਮੰਜੀਆਂ ਨੂੰ ਕਾਇਮ ਕਰਨ ਦੀ। ਇਹਨਾਂ ਮੰਜੀਆਂ ਨੂੰ ਕਾਇਮ ਕਰਨ ਦੇ ਦੋ ਮੰਤਵ ਸਨ। ਇੱਕ ਤਾਂ ਇਹ ਕਿ ਦੂਰ ਦੂਰ ਤੱਕ ਨਵੇਂ ਵਿਚਾਰਾਂ ਦਾ ਪ੍ਰਚਾਰ ਕੀਤਾ ਜਾਵੇ ਅਤੇ ਦੂਜਾ ਇਹ ਕਿ ਬਾਉਲੀ ਆਦਿਕ ਦੀ ਚਲ ਰਹੀ ਕਾਰ ਸੇਵਾ ਲਈ ਮਾਇਆ ਇੱਕਠੀ ਕੀਤੀ ਜਾਵੇ। ਇਹਨਾਂ ਘੱਟਨਾਵਾਂ ਨੂੰ ਸਾਹਮਣੇ ਰੱਖਿਆਂ ਅਸੀਂ ਪੰਜਾਬ ਅਤੇ ਪੰਜਾਬੀਆਂ ਦੀ ਆਰਥਕ ਦਸ਼ਾ ਨੂੰ ਭਲੀ ਪ੍ਰਕਾਰ ਵੇਖ

ਸਕਦੇ ਹਾਂ।

ਪਹਿਲੀ ਗਲ ਹੈ ਗੁਰੂ ਸਾਹਿਬ ਦਾ ਵਪਾਰਕ ਕੇਂਦਰ ਕਾਇਮ ਕਰਨਾਂ। ਵਪਾਰ ਦੇ ਅਰਥ ਹਨ ਕੁਝ ਲੈਣਾ ਅਤੇ ਕੁਝ ਦੇਣਾ। ਜੇ ਸਾਰੇ ਹੋਣ ਹੀ ਭੁਖੇ ਤਾਂ ਲੈਣ ਦੇਣ ਕੌਣ ਕਰੇ। ਦੂਜੇ ਵਪਾਰ ਓਹੀ ਕਰਦਾ ਹੈ ਜਿਸ ਨੂੰ ਕੁਝ ਨਫ਼ੇ ਆਦਿਕ ਦੀ ਆਸ ਹੋਵੇ। ਨਫ਼ਾ ਉਥੇ ਹੋਵੇਗਾ ਜਿਥੇ ਖਰੀਦਦਾਰ ਰੱਜੇ ਹੋਏ ਹੋਣ। ਭੁਖਿਆਂ ਨੇਂ ਕੀ ਵਪਾਰ ਕਰਨਾਂ ਹੈ। ਦੂਜੀ ਘੱਟਨਾਂ ਹੈ ੨੨ ਮੰਜੀਆਂ ਨੂੰ ਕਾਇਮ ਕਰਨ ਦੀ। ਜਿਵੇਂ ਕਿ ਅਸੀਂ ਪਹਿਲਾਂ ਹੀ ਕਹਿ ਚੁਕੇ ਹਾਂ ਕਿ ਇਹਨਾਂ ਮੰਜੀਆਂ ਨੂੰ ਕਾਇਮ ਕਰਨ ਦਾ ਇੱਕ ਮੰਤਵ ਮਾਇਆ ਨੂੰ ਇੱਕੱਠਾ ਕਰਨਾਂ ਸੀ। ਮਾਇਆ ਓਹੀ ਦੇਵੇਗਾ ਜਿਸ ਕੋਲ ਕੁਝ ਆਪਣੇ ਖਾਣ ਨੂੰ ਹੋਵੇਗਾ। ਜੇ ਕਿਸੇ ਪਾਸ ਹੈ ਹੀ ਕੁਝ ਨਹੀਂ ਉਸ ਨੇਂ ਦਾਨ ਕੀ ਦੇਣਾ ਹੈ। ਕਹਿੰਦੇ ਹਨ

"ਰੱਬ ਨੇੜੇ ਕਿ ਘਸੁਨ"

ਸੋ ਗੁਰੂ ਬਹੁਤਾ ਨੇੜੇ ਹੈ ਕਿ ਆਪਣੇ ਪੇਟ ਦੀ ਭੁਖ। ਆਪਣੀ ਭੁਖ ਨੂੰ ਪੂਰਿਆਂ ਕਰਨਾਂ ਸਭ ਤੋਂ ਸ੍ਰੇਸ਼ਟ ਮੰਤਵ ਹੋਇਆ ਕਰਦਾ ਹੈ। ਇਨਾਂ ਦੋਨਾਂ ਹੀ ਘੱਟਨਾਵਾਂ ਨੂੰ ਗੁਰੂ ਸਾਹਿਬ ਦੇ ਜੀਵਨ ਵਿੱਚ ਸਫ਼ਲਤਾ ਪ੍ਰਾਪਤ ਹੋਈ। ਅੰਮ੍ਰਿਤਸਰ ਇੱਕ ਉਘਾ ਵਪਾਰਕ ਕੇਂਦਰ ਵੀ ਬਣਿਆ ਅਤੇ ਗੁਰੂ ਸਾਹਿਬ ਨੂੰ ਆਪਣੇ ਕਾਰਜ ਦੀ ਸਫ਼ਲਤਾ ਲਈ ਮਾਇਆ ਵੀ ਰਜਵੀਂ ਮਿਲੀ।

ਸੋ ਗੁਰੂ ਸਾਹਿਬ ਦੇ ਜੀਵਨ ਵਿਚਲੀਆਂ ਇਹ ਦੋਵੇਂ ਘੱਟਨਾਵਾਂ, ਟੈਰੀ ਅਤੇ ਗੁਲਾਬਦਾਨ ਬੇਗਮ ਦਾ ਬਿਆਨ ਇਹ ਸਾਬਤ ਕਰਦੇ ਹਨ ਕਿ ਪੰਜਾਬ ਦਾ ਆਰਥਕ ਜੀਵਨ ਬੜਾ ਸੁਹਾਵਣਾ ਸੀ। ਲੋਕੀਂ ਆਪਣੀ ਪੇਟ ਭਰ ਰਜਵੀਂ ਰੋਟੀ ਖਾਂਦੇ ਸਨ। ਪੰਜਾਬ ਦੀ ਰਾਜਧਾਨੀ ਲਾਹੌਰ ਸਰਬ ਭਾਰਤ ਦਾ ਵਪਾਰਕ ਕੇਂਦਰ ਸੀ। ਲੋਕੀਂ ਆਪਣੀ ਉਪਜੀਵਕਾ ਵਿੱਚੋਂ ਕੁਝ ਹਿਸਾ ਦਾਨ ਆਦਿਕ ਵਿੱਚ ਵੀ ਦਿਆ ਕਰਦੇ ਸਨ। ਵਿਹਲੇ ਸਮੇਂ ਵਿੱਚ ਉਹ ਲੜਾਈਆਂ ਦੀ ਤਿਆਰੀ ਵੀ ਕਰਦੇ ਸਨ ਅਤੇ ਸਾਧਾਂ ਸੰਤਾਂ ਦੀ ਸੇਵਾ ਵੀ ਕਰਿਆ ਕਰਦੇ ਸਨ। ਗੁਰੂ ਦੀ ਬਾਉਲੀ ਅਤੇ ਅਮ੍ਰਿਤਸਰ ਦੀ ਤਿਆਰੀ ਵਿੱਚ ਆਪਣਾ ਹਿਸਾ ਵੀ ਪਾਂਦੇ ਸਨ ਅਤੇ ਆ ਆਪਣੇ ਬੱਚਿਆਂ ਦੀ ਪੇਟ ਪਾਲਣਾ ਵੀ ਕਰਦੇ ਸਨ।

ਸੋ ਇਸ ਸਾਰੀ ਵਿਚਾਰ ਦਾ ਇਹੋ ਹੀ ਸਿੱਟਾ ਨਿਕਲਦਾ ਹੈ ਕਿ ਗੁਰੂ ਸਾਹਿਬ ਦੇ ਯੁਗ ਵਿੱਚ ਪੰਜਾਬ ਦੀ ਆਰਥਕ ਹਾਲਤ ਚੰਗੀ ਸੀ।

# CHAPTER III

## The Man

Family traditions, Formative years, Different periods and stages, His personality.

# ਅਧਿਆਏ ਤੀਜਾ

## ਜੀਵਨੀ।

ਪ੍ਰੀਵਾਰਕ ਪ੍ਰੰਪਰਾਵਾਂ, ਮਢਲਾ ਸਮਾਂ, ਵੱਖੋ ਵੱਖਰੇ ਪੜਾ, ਸੁਖਸੀਅਤ।

ਗੁਰੂ ਰਾਮਦਾਸ ਜੀ (ਭਾਈ ਜੇਠਾ) ਦਾ ਜੀਵਨ ਗੁੰਝਲਦਾਰ ਨਹੀਂ। ਆਮ ਤੌਰ ਉਤੇ ਮਹਾਂਪੁਰਖਾਂ ਦੇ ਜੀਵਨ ਨੂੰ ਸਰਬ ਪੱਖਾਂ ਤੋਂ ਉਚਾ ਅਤੇ ਵਿਲੱਖਣ ਸਾਬਤ ਕਰਨ ਲਈ ਅਨੇਕ ਪ੍ਰਕਾਰ ਦੀਆਂ ਅਲੌਕਿਕ ਕਹਾਣੀਆਂ ਘੜੀਆਂ ਜਾਂਦੀਆਂ ਹਨ। ਕਾਰਨ ਸਿਰਫ਼ ਇਹ ਹੁੰਦਾ ਹੈ ਕਿ ਉਹਨਾਂ ਨੂੰ ਸਰਵ-ਮਾਨਨੀਅ ਬਣਾਇਆ ਜਾਵੇ। ਜਿਵੇਂ ਕਿ ਜਨਮ ਸਮੇਂ ਦੇ ਵੱਖੋ ਵੱਖਰੇ ਸੁਪਨੇਂ ਦਸੇ ਜਾਂਦੇ ਹਨ। ਓਹਨਾਂ ਦਾ ਆਮ ਬਚਿਆਂ ਨਾਲੋਂ ਵੱਖਰਾ ਅਤੇ ਤੇਜਸਵੀ ਆਦਿ ਹੋਣਾ ਸਾਬਤ ਕੀਤਾ ਜਾਂਦਾ ਹੈ। ਪਰ ਗੁਰੂ ਰਾਮਦਾਸ ਜੀ ਦੇ ਜੀਵਨ ( ਬੱਚਪਨ, ਜਵਾਨੀ ਅਤੇ ਬੁਢੇਪੇ) ਬਾਰੇ ਕੋਈ ਅਜਿਹੀ ਵਾਰਤਾ ਨਹੀਂ ਮਿਲਦੀ।

ਆਪ ਜੀ ਦਾ ਜਨਮ ਕੱਤਕ ਵੱਧੀ ਦੂਜ, ੧੫੮੭ ਬਿਕ੍ਰਮੀ ਨੂੰ ਚੂਨਾਂਮੰਡੀ, ਲਾਹੌਰ ਵਿਖੇ ਹੋਇਆ।*੧*। ਆਪ ਜੀ ਦੇ ਜੀਵਨ ਬਾਰੇ ਵੱਖ ਵੱਖ ਪੁਸਤਕਾਂ ਵਿੱਚੋਂ ਜਨਮ ਦੀ ਮਿੱਤੀ ਵੀ ਵੱਖੋ ਵੱਖਰੀ ਮਿਲਦੀ ਹੈ। ਜਿਹਾ ਕਿ ਗਿਆਨੀ ਗਿਆਨ ਸਿੰਘ ਦੇ ਪੰਥ ਪਰਕਾਸ਼ ਦੇ ਪੰਨਾਂ ੯੦ ਉਤੇ ( ਕੱਤਕ ਵੱਧੀ ੨,੧੫੯੧) ਅਤੇ ਤਵਾਰੀਖ ਗੁਰੂ ਖ਼ਾਲਸਾ ਦੇ ਪੰਨਾਂ ੧੮੬ ਉਤੇ ਕੱਤਕ ਵੱਧੀ ੨,੧੫੮੭ ਬਿਕ੍ਰਮੀ, ਗਿਆਨੀ ਲਾਲ ਸਿੰਘ ਜੀ ਦੀ ਤਵਾਰੀਖ ਗੁਰੂ ਖ਼ਾਲਸਾ ਦੇ ਪੰਨਾ ੨੮੧-੮੨ ਉਤੇ ੨੬ ਅਸੂ ਕੱਤਕ ਵੱਧੀ ੨, ੧੫੯੧ ਬਿਕ੍ਰਮੀ, ਗੁਰਬਖਸ਼ ਸਿੰਘ ਸ਼ਹੀਦ ਦੇ ਜੇਬ੍ਹੀ ਸੂਰਜ

---

*੧* ਗੁਰਪ੍ਰਣਾਲੀ ਨੰ: ੯੬ ਪੰਜਾਬ ਯੂਨੀਵਰਸਟੀ ਲਾਇਬਰੇਰੀ

ਸੰਮਤ ੧੫੮੭ ਕਤਕ ਵਧੀ ਦੂਜ।

" " ੩੮੮ " " " ਸੰਮਤ ੧੫੮੭ ਕਤਕ ਵਧੀ ਦੂਜ।

ਪ੍ਰਕਾਸ਼ ਦੇ ਪੰਨਾ — ਉਤੇ ਕਤਕ ਵੱਧੀ ਦੂਜ, ੧੫੯੧ ਬਿਕ੍ਰਮੀ ਅਤੇ ਗਿਆਨੀ ਲਾਲ ਸਿੰਘ ਸੰਗਰੂਰ ਦੇ ਗੁਰਮਤ ਮਾਰਤੰਡ ਦੇ ਪੰਨਾਂ ੮੫ ਉਤੇ ੨੬ ਅਸੂ ਕਤਕ ਵੱਧੀ ਦੂਜ, ੧੫੯੧ ਬਿਕ੍ਰਮੀ ਦਿੱਤਾ ਗਇਆ ਹੈ। ਇਥੋਂ ਤੱਕ ਕਿ ਭਾਈ ਕਾਹਨ ਸਿੰਘ ਨਾਭਾਨੇਂ ਮਹਾਨ ਕੋਸ਼ ਦੇ ਪੰਨਾਂ ੭੭੫ ਉਤੇ ਵੀ ੨੬ ਅਸੂ, ੧੫੯੧ ਬਿਕ੍ਰਮੀ ਹੀ ਦਰਜ ਕੀਤਾ ਹੈ। ਪਰ ਅਸੀਂ ਪ੍ਰਾਪਤ ਗੁਰਪ੍ਰਣਾਲੀਆਂ ਅਤੇ ਗਿਆਨੀ ਗਿਆਨ ਸਿੰਘ ਦੀ ਤਵਾਰੀਖ ਗੁਰੂ ਖ਼ਾਲਸਾ ਵਿੱਚ ਦਿੱਤੀਆਂ ਹੋਈਆਂ ਹੀ ਤਾਰੀਖਾਂ ਨੂੰ ਠੀਕ ਮੰਨਿਆ ਹੈ, ਕਿਉਂਜੋ ਬਾਕੀ ਦੀਆਂ ਘਟਨਾਵਾਂ ਵੀ ਇਸੇ ਨਾਲ ਠੀਕ ਥਾਂ ਸਿਰ ਆਉਂਦੀਆਂ ਹਨ। ਗੁਰ-ਪ੍ਰਣਾਲੀਆਂ ( ਹੱਥ ਲਿਖਤਾਂ) ਵਿੱਚ ਦਿੱਤੀਆਂ ਹੋਈਆਂ ਜਨਮ ਦੀਆਂ ਤਾਰੀਖਾਂ ਨੂੰ ਇਸ ਕਰਕੇ ਵੀ ਠੀਕ ਮੰਨਿਆ ਗਇਆ ਹੈ ਕਿ ਇਹ ਸਭ ਤੋਂ ਪੁਰਾਣੀਆਂ ਹਨ ਤੇ ਇਨ੍ਹਾਂ ਦੇ ਕਰਤਾ ਹੋ ਸਕਦਾ ਹੈ , ਬਾਕੀਆਂ ਨਾਲੋਂ ਗੁਰੂ ਕੁਲ ਤੋਂ ਭਲੀ ਪ੍ਰਕਾਰ ਜਾਣੂ ਹੋਣ। ਸੋ ਇਹਨਾਂ ਦੋ ਕਾਰਨਾਂ ਕਰਕੇ ਮੇਰੀ ਜਾਚੇਂ ਜਨਮ ਦੀਆਂ ਇਹਨਾਂ ਤਾਰੀਖਾਂ ਨੂੰ ਹੀ ਠੀਕ ਮੰਨ ਲਇਆ ਜਾਣਾ ਚਾਹੀਦਾ ਹੈ।

ਛੋਟੀ ਉਮਰ ਵਿੱਚ ਹੀ ਆਪ ਜੀ ਦੀ ਮਾਤਾ ਪ੍ਰੇਮ ਕੌਰ ਜੀ ਦੀ ਮਿਰਤੂ ਹੋ ਗਈ ਸੀ। ਕੁਝ ਇੱਕ ਵਿਦਵਾਨਾਂ ਦਾ ਵਿਚਾਰ ਹੈ ਕਿ ਆਪ ਜੀ ਦੀ ਮਾਤਾ ਦਾ ਨਾਮ ਦਯਾ ਕੌਰ ਸੀ ਪਰ ਪ੍ਰਾਪਤ ਗੁਰ-ਪ੍ਰਣਾਲੀਆਂ ਤੋਂ ਪ੍ਰੇਮ ਕੌਰ ਹੀ ਸਿਧ ਹੁੰਦਾ ਹੈ।*੧*। ਇਸਤੋਂ ਉਪ੍ਰੰਤ ੭ ਕੁ ਸਾਲ ਦੀ ਉਮਰ ਵਿੱਚ ਆਪ ਜੀ ਦੇ ਪਿਤਾ ਹਰਦਾਸ ਜੀ ਦੀ ਵੀ ਮਿਰਤੂ ਹੋ ਗਈ। ਆਪ ਜੀ ਇਸ ਸਮੇਂ ਬਿਲਕੁਲ ਨਿਆਸਰੇ ਹੋ ਗਏ ਸਨ। ਪੰਜਾਬ ਦੀ ਸਮਾਜਕ ਅਵਸਥਾ ਨੂੰ ਪੜਚੋਲਵੀਂ ਨਜ਼ਰ ਨਾਲ ਵੇਖਿਆ ਜਾਵੇ ਤਾਂ

---

*੧* ੳ) ਗੁਰਪ੍ਰਣਾਲੀ ਨੰ:੯੬ ਪੰਜਾਬ ਯੂਨੀਵਰਸਟੀ ਲਾਇਬਰੇਰੀ
ਮਾਤਾ ਪ੍ਰੇਮ ਕੌਰ।

ਅ) ਗੁਰਪ੍ਰਣਾਲੀ ਨੰ:੩੮੮ ਪੰਜਾਬ ਯੂਨੀਵਰਸਟੀ ਲਾਇਬਰੇਰੀ
ਦਇਆ ਕੌਰ......ਅੰਮ੍ਰਿਤਸਰੀ ਪ੍ਰਣਾਲੀ ਵਿੱਚ
ਮਾਤਾ ਕਾ ਨਾਮ ਦੇਵੀ ਤੀਸਰੀ ਮੈ ਖੇਮ ਕੌਰ ਦੇਖਯਾ ਹੈ।

ੲ) ਗੁਰਪ੍ਰਣਾਲੀ ਨੰ:੧੧੫੫ ਪੰਜਾਬ ਯੂਨੀਵਰਸਟੀ ਲਾਇਬਰੇਰੀ
ਮਾਤਾ ਪ੍ਰੇਮ ਕੌਰ।

( D) THE SIKH RELIGION VOL.II BY M.A.MACAULIFFE
P.87 ..... Hari Das afterwards married Anup Devi. After her marriage she was generally known as Daya Kaur.

ਅਜਿਹੀ ਹਾਲਤ ਵਿੱਚ ਬੱਚੇ ਨੂੰ ਨਾਨਕਿਆਂ ਦਾ ਹੀ ਆਸਰਾ ਲੈਣਾ ਪੈਂਦਾ ਹੈ। ਨਾਨਕੇ ਘਰ ਦੇ ਮੁਕਾਬਲੇ ਦਾਦਕਾ ਘਰ ਇੱਕ ਯਤੀਮ ਬੱਚੇ ਜਾਂ ਬੱਚੀ ਨੂੰ ਆਪਣੇ ਆਪ ਉਤੇ ਇੱਕ ਵਾਧੂ ਭਾਰ ਹੀ ਸਮਝਿਆ ਕਰਦਾ ਹੈ। ਇੰਜ ਲਗਦਾ ਹੈ ਜਿਵੇਂ ਓਹਨਾਂ ਦਾਦਕਿਆਂ ਦਾ ਸਾਰਾ ਰਿਸ਼ਤਾ, ਆਪਣੇ ਪੁੱਤਰ ਦੇ ਜੀਉਂਦੇ ਜੀਅ ਹੀ ਹੁੰਦਾ ਹੈ। ਕਿਤਨੀ ਅਜੀਬ ਗਲ ਹੈ ਕਿ ਓਹੀ ਮਨੁੱਖ ਆਪਣੇ ਪੁੱਤਰ ਦੇ ਜੀਉਂਦਿਆਂ ਤਾਂ ਪੋਤਰੇ ਪੋਤਰੀਆਂ ਤੋਂ ਸਭ ਕੁਝ ਨਿਛਾਵਰ ਕਰਨ ਨੂੰ ਤਿਆਰ ਹੁੰਦਾ ਹੈ ਪਰ ਪੁੱਤਰ ਦੇ ਅੱਖ ਮੀਟਣ ਦੀ ਦੇਰ ਹੁੰਦੀ ਹੈ ਕਿ ਉਸ ਲਈ ਸਭ ਕੁਝ ਓਪਰਾ ਅਤੇ ਪਰਾਇਆ ਹੋ ਜਾਂਦਾ ਹੈ। ਸੋ ਭਾਈ ਜੇਠਾ ਜੀ ਨੂੰ ਵੀ ਦਾਦਕੇ ਰਿਸ਼ਤੇਦਾਰਾਂ ਵਿੱਚੋਂ ਕਿਸੇ ਨ ਝਲਿਆ। ਕਿਸੇ ਨੂੰ ਕੀ ਪਤਾ ਸੀ ਕਿ ਇਹ ਯਤੀਮ ਅਤੇ ਨਿਆਸਰਾ ਕਿਸੇ ਦਿਨ ਦੁਨੀਆਂ ਭਰ ਦੇ ਯਤੀਮਾਂ ਅਤੇ ਨਿਆਸਰਿਆਂ ਨੂੰ ਆਪਣੀ ਗੋਦ ਵਿੱਚ ਲੈ ਲਵੇਗਾ। ਜਿਸ ਨੂੰ ਅੱਜ ਇੱਕ ਵਾਧੂ ਭਾਰ ਸਮਝਿਆ ਜਾਂਦਾ ਹੈ ਉਹ ਇੱਕ ਦਿਨ ਦੁਨੀਆਂ ਭਰ ਦੇ ਭਾਰ ਨੂੰ ਆਪਣੇ ਸਿਰ ਉਤੇ ਚੁਕ ਲਵੇਗਾ। ਸੋ ਭਾਈ ਜੇਠਾ ਜੀ ਨੂੰ ਵੀ ਪੰਜਾਬ ਦੀ ਪ੍ਰਚਲਤ ਰਸਮ ਅਨੁਸਾਰ ਆਪਣੇ ਨਾਨਕੇ ਤਰ ਆਉਣਾ ਪਇਆ।*੧*। ਇਥੇ ਇੱਕ ਪ੍ਰਸ਼ਨ ਉਠਦਾ ਹੈ ਕਿ ਦਾਦਕਾ ਘਰ ਯਤੀਮ ਬੱਚੇ ਜਾਂ ਬੱਚੀ ਨੂੰ ਕਿਉਂ ਸਵੀਕਾਰ ਨਹੀਂ ਕਰਦਾ ਅਤੇ ਨਾਨਕਾ ਘਰ ਕਿਉਂ ਸਵੀਕਾਰ ਕਰਦਾ ਹੈ? ਇਸਦਾ ਉਤਰ ਬੜਾ ਸਾਦਾ ਜਹਿਆ ਹੈ। ਸੰਸਾਰ ਭਰ ਦੇ ਮਨੋ-ਵਿਗਿਆਨੀਆਂ ਦਾ ਇਹ ਦਾਹਵਾ ਹੈ ਕਿ ਮਾਂ ਦਾ ਦਿਲ ਬੜਾ ਕੋਮਲ ਅਤੇ ਨਰਮ ਹੁੰਦਾ ਹੈ। ਪਿਉ ਭਾਵੇਂ ਬੱਚੇ ਨੂੰ ਦੁਖ ਤਕਲੀਫ਼ ਵਿੱਚ ਵੇਖ ਕੇ ਜਰ ਲਵੇ, ਪਰ ਮਾਂ ਨਹੀਂ ਜਰ ਸਕਦੀ। ਪਰ ਨਾਨੀ ਅ ਤੇ ਦਾਦੀ ਦੋਵੇਂ ਹੀ ਮਾਂਵਾਂ ਹਨ, ਤਾਂ ਫਿਰ ਦਾਦੀ ਨਾਲੋਂ ਨਾਨੀ ਵਿੱਚ ਮਾਂ ਦੀ ਪੀੜਾ ਪ੍ਰਬੱਲ ਕਿਉਂ ਹੁੰਦੀ ਹੈ? ਇਸ ਪ੍ਰਸ਼ਨ ਦਾ ਸਹੀ ਉਤਰ ਇਹੋ ਹੀ ਹੈ ਕਿ ਪੰਜਾਬੀ ਸੁਭਾ ਅਨੁਸਾਰ, ਯਤੀਮ ਬੱਚੇ ਵਲ ਬਹੁਤੀ ਖਿੱਚ ਨਾਨਕਿਆਂ ਦੀ ਹੀ ਹੁੰਦੀ ਹੈ। ਅਤੇ ਭਾਈ ਜੇਠਾ

---

*1* HISTORY OF THE SIKHS BY HENRY CORT

P. 19

....... came to Goindwal and lived in the House of his Mother's family

ਜੀ ਦੇ ਸਬੰਧ ਵਿੱਚ ਵੀ ਆਪ ਜੀ ਨੂੰ ਨਾਨਕਿਆਂ ਨੇ ਹੀ ਸੰਭਾਲਿਆ ਸੀ। ਇਹ ਅੰਬਰ ਉਸ ਸਮੇਂ ਗੋਇੰਦਵਾਲ ਵਿੱਚ ਬ੍ਰਾਜਮਾਨ ਸੀ। ਪਿਛਲੀਆਂ ਅੰਕਤ ਪ੍ਰਣਾਲੀਆਂ ਇਹ ਵੀ ਸਿਧ ਕਰਦੀਆਂ ਹਨ ਕਿ ਆਪ ਜੀ ਦੀ ਮਾਤ ਦਾ ਨਾਮ ਪ੍ਰੇਮ ਕੌਰ ਹੀ ਸੀ।

ਆਪ ਜੀ ਦੇ ਨਾਨਕੇ ਵੀ ਆਰਥਕ ਮੰਦਵਾੜੇ ਵਿੱਚ ਸਨ। ਇਥੇ ਸਈਦ ਮੁੰਹਮਦ ਲਤੀਫ਼ ਦਾ ਇਹ ਕਹਿਣਾ ਕਿ ਗੁਰੂ ਸਾਹਿਬ ਆਪੇ ਲਾਹੌਰ ਤੋਂ ਚਲਕੇ ਗੋਇੰਦਵਾਲ ਆ ਟਿਕੇ ਅਤੇ ਉਥੇ ਆਪ ਨੇ ਆਪਣੇ ਮਾਤਾ ਪਿਤਾ ਦਾ ਅਤੇ ਆਪਣਾ ਪੇਟ ਪਾਲਣ ਲਈ ਘੁੰਗਣੀਆਂ ਵੇਚਣੀਆਂ ਸ਼ੁਰੂ ਕੀਤੀਆਂ*੧* ਕੁਝ ਠੀਕ ਨਹੀਂ ਲਗਦਾ। ਪਹਿਲੀ ਗਲ ਤਾਂ ਇਹ ਕਿ ਸਾਨੂੰ ਕਿਸੇ ਥਾਂ ਤੋਂ ਕੋਈ ਅਜਿਹੀ ਗਵਾਹੀ ਨਹੀਂ ਮਿਲਦੀ ਜਿਸਤੋਂ ਇਹ ਸਾਬਤ ਹੋ ਸਕੇ ਕਿ ਭਾਈ ਜੇਠਾ ਜੀ ਆਪਣੇ ਮਾਪਿਆਂ ਨਾਲ ਗੋਇੰਦਵਾਲ ਆ ਕੇ ਟਿੱਕੇ ਸਨ। ਦੂਜਾ ਇਹ ਕਿ ਸਾਰਾ ਦਿੰਨ ਇੱਕ ਬੱਚੇ ਦੀਆਂ ਘੁੰਗਣੀਆਂ ਦੀ ਕਮਾਈ ਨਾਲ ਦੋ ਟੱਬਰ ਨਹੀਂ ਸਨ ਪਲ ਸਕਦੇ। ਤੀਜਾ ਇਹ ਕਿ ਜਿਉਂ ਹੀ ਆਪ ਜੀ ਗੋਇੰਦਵਾਲ ਪੁਜੇ ਆਪ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿੱਚ ਲੀਨ ਹੋ ਗਏ। ਤਕਰੀਬਨ ਸਾਰਾ ਦਿੰਨ ਆਪ ਜੀ ਲੰਗਰ ਦੀ ਸੇਵਾ ਕਰਿਆ ਕਰਦੇ ਸਨ। ਜਦੋਂ ਇਸ ਸੇਵਾ ਤੋਂ ਵਿਹਲੇ ਹੋਇਆ ਕਰਦੇ ਸਨ ਤਾਂ ਬਾਉਲੀ ਦੀ ਕਾਰ ਸੇਵਾ ਵਿੱਚ ਲਗ ਜਾਇਆ ਕਰਦੇ ਸਨ।*੨*।

ਸੋ ਇਸ ਸਾਰੀ ਵਿਚਾਰ ਤੋਂ ਇਹੀ ਸਿਧ ਹੁੰਦਾ ਹੈ ਕਿ ਗੋਇੰਦਵਾਲ ਵਿੱਚ ਭਾਈ ਜੇਠਾ ਜੀ ਬਾਰੇ ਘੁੰਗਣੀਆਂ ਵਾਲੀ ਗਾਥਾ ਠੀਕ ਨਹੀਂ ਮੰਨੀ ਜਾ ਸਕਦੀ।

---

*1* HISTORY OF THE PANJAB BY S.M.LATIF

P. 252

Guru Ram Dass, the Chhatri of the Sodhi Clan, was a native of Lahore. His parents moved to Goindwal, where, in consequence of their poverty Ram Dass had recourse to selling boiled grain, on the proceeds of which he managed to support himself and his poor parents.

*2* THE SIKH RELIGION VOL.II BY M.A.MACAULIFFE.

P.89

...... He cooked in the kitchen, shampooed his master, drew water, brought fire wood from the forest and, when not so employed assisted in the excavation of the Bawali.

ਹੋ ਸਕਦਾ ਹੈ ਕਿ ਕਰਤਾ ਨੂੰ ਕਿਸੇ ਨੇ ਗਲਤ ਹੀ ਸੁਝਾ ਦਿੱਤਾ ਹੋਵੇ ਜਿਸ ਨੂੰ ਸਹਿਜੇ ਹੀ ਅੰਕਤ ਕਰ ਦਿੱਤਾ ਗਇਆ ਹੈ। ਕਿਉਂ ਜੋ ਇਹ ਤਾਂ ਹੋ ਹੀ ਨਹੀਂ ਸਕਦਾ ਕਿ ਜਿਹੜਾ ਮਨੁੱਖ ਸਾਰਾ ਦਿਨ ਸੇਵਾ ਵਿੱਚ ਲੀਨ ਹੋਵੇ ਉਹ ਨਾਲ ਹੀ ਘੁੰਗਣੀਆਂ ਵੀ ਵੇਚੀ ਜਾਂਦਾ ਹੋਵੇ। ਇੱਕ ਸਮੇਂ ਤਾਂ ਇੱਕ ਹੀ ਕੰਮ ਹੋ ਸਕਦਾ ਹੈ, ਦੋ ਨਹੀਂ।

ਇਸ ਕਹਾਣੀ ਦੇ ਅੰਕਤ ਹੋਣ ਦਾ ਇੱਕ ਹੋਰ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਸ ਸਮੇਂ ਹਿੰਦੂ ਧਰਮ ਜ਼ੋਰਾਂ ਉਤੇ ਸੀ। ਹੋ ਸਕਦਾ ਹੈ ਕਿ ਆਪ ਜੀ ਦੇ ਸ਼ਰਧਾਲੂਆਂ ਨੇ ਗੁਰੂ ਦੀ ਅਸਲ ਕੀਮਤ ਨੂੰ ਨ ਜਾਣਦਿਆਂ ਹੋਇਆਂ (ਵਡਿਆਈ) ਆਪਣੇ ਗੁਰੂ ਨੂੰ ਉੱਚਾ ਦਰਸਾਉਣ ਲਈ ਵੇਦਾਂ ਸ਼ਾਸਤਰਾਂ ਨਾਲ ਰਲਦੀ ਹੋਈ ਅਜਿਹੀ ਮਿਥਿਹਾਸਕ ਕਹਾਣੀ ਘੜੀ ਹੋਵੇ ਅਤੇ ਕਰਤਾ ਨੇ ਬਿਨਾਂ ਕਿਸੇ ਡੂੰਘੀ ਸੋਚ ਵਿਚਾਰ ਦੇ ਇਸ ਨੂੰ ਅੰਕਤ ਕਰ ਦਿੱਤਾ ਹੋਵੇ।

ਇਸੇ ਹੀ ਸਮੇਂ ਆਪ ਜੀ ਦੇ ਗੋਇੰਦਵਾਲ ਵਿੱਚ ਰਹਿਣ ਨੂੰ, ਸਈਦ ਮੁਹੰਮਦ ਲਤੀਫ਼, ਮੈਕਰੀਗਰ ਅਤੇ ਜੀ.ਐਸ. ਛਾਬੜਾ ਨੇ ਬੀਬੀ ਭਾਨੀ ਨਾਲ ਪਿਆਰ ਦਾ ਰੰਗ ਦਿੱਤਾ ਹੈ। *੧*

ਜਿਸ ਸਮੇਂ ਭਾਈ ਜੇਠਾ ਜੀ ਗੋਇੰਦਵਾਲ ਪੁਜੇ ਤਾਂ ਆਪ ਜੀ ਦੀ ਉਮਰ

---

*1*A) THE ADVANCED STUDY IN HISTORY OF THE PANJAB VOL.I. BY G.S.CHHABRA

P.141

But judging from the devotional character that Jetha possessed, it seems impossible that Jetha should have started his service to the Guru as a result of of his acauaintance with his daughter, while the reverse, of it might be probable that after entering into the service some sort of acquaintance developed between the two resulting in the marriage in which there was nothing wrong.

B) ~~[illegible]~~

HISTORY OF THE PANJAB BY S.M.LATIFF.

Pp.251-52

The boy had come from Lahore, and used to sell provisdons to the workmen. He was a handsome youth, and Bhani, the daughter of Amar Das (i)seeing him became enamoured of him. He was finally married to Bhani, and united the family of the Bhallas and the Sodhis.

i)ENAMOURED Full of the passion of love also, in weaker sense charmed, fascinated. (OXFORD ENGLISH DICTIONERY.)

ਵੱਧ ਤੋਂ ਵੱਧ ੧੦ ਕੁ ਸਾਲ ਦੀ ਸੀ ਅਤੇ ਬੀਬੀ ਭਾਨੀ ਦੀ ਉਮਰ ਕੋਈ ੭ ਕੁ ਸਾਲ ਦੀ ਸੀ। ਤਾਂ ਕੀ ਕੋਈ ਮਨੁੱਖੀ ਦੀਮਾਗ ਇਹਨਾਂ ਅੰਕੜਿਆਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਹ ਮੰਨ ਸਕਦਾ ਹੈ ਕਿ ਇਤਨੀ ਛੋਟੀ ਉਮਰਾ ਵਿੱਚ ਕੋਈ ਪਿਆਰ ਦੇ ਉਸ ਰੂਪ ਨੂੰ ਪ੍ਰਵਾਨ ਕਰ ਸਕਦਾ ਹੈ ਜਿਸਦਾ ਨਤੀਜਾ ਵਿਵਾਹ ਹੋਵੇ?

ਇਸਦੇ ਨਾਲ ਹੀ ਇਹ ਵਿਚਾਰ ਵੀ ਪੈਦਾ ਹੁੰਦਾ ਹੈ ਕਿ ਇਤਿਹਾਸਕ ਸਚਾਈਆਂ ਅਨੁਸਾਰ ੧੬ਵੀਂ ਸਦੀ ਵਿੱਚ ਭਗਤੀ ਲਹਿਰ ਦਾ ਜ਼ੋਰ ਸੀ। ਉਸ ਸਮੇਂ ਧਰਮ ਕਿਸੇ ਨ ਕਿਸੇ ਸ਼ਕਲ ਵਿੱਚ ਪ੍ਰਧਾਨ ਸੀ। ਗੁਰੂ ਆਦਿਕ ਨੂੰ ਰੱਬੀ ਅਵਤਾਰ ਮੰਨਿਆ ਜਾਂਦਾ ਸੀ। ਕੋਈ ਆਦਮੀ ਕਿਸੇ ਗੁਰੂ ਦੀ ਨਿਖੇਧੀ ਜਾਂ ਉਸਦੀ ਆਲੋਚਨਾ ਕਰਨ ਦਾ ਹੀਆ ਤਾਂ ਕਰ ਨਹੀਂ ਸੀ ਸਕਦਾ ਤਾਂ ਕੀ ਭਾਈ ਜੇਠਾ ਵਰਗਾ ਆਮ ਪੱਧਰ ਦਾ ਮਨੁੱਖ ਆਪਣੇ ਗੁਰੂ ( ਜਿਸ ਦੇ ਹਵਾਲੇ ਆਪਣਾ ਸਭ ਕੁਝ ਕਰ ਚੁੱਕਿਆ ਸੀ।*੧* ਅਤੇ ਜਿਸਦਾ ਬੋਲਿਆ ਇੱਕ ਸ਼ਬਦ ਉਸ ਲਈ ਅਲਾਹੀ ਫ਼ੁਰਮਾਨ ਸੀ) ਦੀ ਸਪੁਤ੍ਰੀ ਵਲ ਮੈਲੀ ਅੱਖ ਕਰਕੇ ਵੇਖ ਸਕਦਾ ਸੀ। ਇਹ ਗਲ ਵੀ ਇੱਕ ਅਖਾਉਤੀ ਹੀ ਲਗਦੀ ਹੈ ਅਤੇ ਯਕੀਨ ਕੀਤਾ ਜਾ ਸਕਦਾ ਹੈ ਕਿ ਕਰਤਾ ਨੇਂ ਪਹਿਲੀ ਗਲ ਵਾਂਙ ਇਹ ਵੀ ਸੁਣ ਸੁਣਾ ਕੇ ਹੀ ਲਿਖੀ ਹੈ।

ਜੀ.ਐਸ.ਛਾਬੜਾ ਦੇ ਇਸ ਵਿਚਾਰ ਨੂੰ ," ਹੋ ਸਕਦਾ ਹੈ ਕਿ ਭਾਈ ਜੇਠਾ ਜੀ ਦਾ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਵਿੱਚ ਹਾਜ਼ਰ ਹੋਣ ਤੋਂ ਮਗਰੋਂ ਉਨ੍ਹਾਂ ਦਾ ਬੀਬੀ ਭਾਨੀ ਨਾਲ ਕੁਝ ਅਜਿਹਾ ਰਿਸ਼ਤਾ ਬਣ ਗਇਆ ਹੋਵੇ ਜਿਸਦਾ ਨਤੀਜਾ ਵਿਵਾਹ ਸੀ", ਇਸ ਪੱਧਰ ਉਤੇ ਵੀ ਠੁਕਰਾਇਆ ਜਾਂਦਾ ਹੈ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਜਿਸ ਨੂੰ ਅਸੀਂ ਅੰਤਰਜਾਮੀ, ਜਾਣੀ ਜਾਣ,

---

*1* THE SHIKH RELIGION VOL.I&II By MAX ARTHUR MACAULIFFE VOL.I-II P.89

....When he asked wither they were going one of them replied , "Come with us, we are going to Goindwal where Guru Amardas the third Guru holds his Court. Every blessing in this world and the next, is obtained by his favour. On hearing this Jetha's heart was filled with devotion, and he atonce joined the Sikhs in their pilgrimage. Jetha on arriving in Goindwal, prostrated himself before the Guru, who was much impressed with his devotion and..........

ਸਚਾ ਪਾਤਸ਼ਾਹ, ਘੱਟ ਘੱਟ ਦੀ ਜਾਨਣ ਵਾਲਾ ਅਤੇ ਧਰਮ ਦਾ ਰੱਖਿਅਕ ਆਖਦੇ ਹਾਂ, ਜੇ ਉਹ ਆਪਣੇ ਘਰ ਵਿੱਚ ਵਾਪਰ ਰਹੀ ,ਅਜਿਹੀ ਘੱਟਨਾਂ ਤੋਂ ਅਣਜਾਣ ਸੀ ਤਾਂ ਉਹ ਕਿਵੇਂ ,ਇਤਨੀ ਉਚੀ ਪਦਵੀ ਦਾ ਹੱਕਦਾਰ ਹੋ ਸਕਦਾ ਹੈ। ਜੇ ਇਹ ਸੱਚ ਹੈ, ਤਾਂ ਆਪ ਜੀ ਦਾ ਵਿਅਕਤਿਤਵ ਖ਼ਤਮ ਹੋ ਜਾਂਦਾ ਹੈ। ਸੋ ਗੁਰ ਸਾਹਿਤ ਨੂੰ ਸਾਹਮਣੇ ਰੱਖਦਿਆਂ ਹੋਇਆਂ, ਓਹਨਾਂ ਦੀ ਮਹਾਨਤਾ ਅਤੇ ਵਡਿਆਈ ਨੂੰ ਜਾਣਦੇ ਹੋਏ, ਅਸੀਂ ਅਜਿਹੀ ਗਲ ਕਹਿਣ ਤੋਂ ਅਸਮਰੱਥ ਹਾਂ।

ਸੋ ਇਸ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਭਾਈ ਜੇਠਾ ਜੀ ਨੇਂ ਸਾਹਿਬ ਸ੍ਰੀ ਗੁਰ ਅਮਰਦਾਸ ਜੀ ਦੀ ਹਜ਼ੂਰੀ ਵਿੱਚ ਆਪਣੇ ਆਪ ਨੂੰ ਨਿਰਮਾਣ, ਨਿਰਹੰਕਾਰ ਅਤੇ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲਾ

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ।।

ਰਾਗੁ ਸੂਹੀ ਅਸਟਪਦੀਆਂ ਮਹਲਾ ੪
(ਪੰਨਾਂ੭੫੭) ਆਦਿ ਗ੍ਰੰਥ

ਸਾਬਤ ਕੀਤਾ। ਇਸ ਨਿਰਛਲ ਸੇਵਾ ਦਾ ਹੀ ਫਲ-ਸਰੂਪ ਆਪ ਜੀ ਨੂੰ ਗੁਰ ਘਰ ਦਾ ਮਾਣ ਪ੍ਰਾਪਤ ਹੋਇਆ। ਪਹਿਲੀ ਪੌਧਰ ਉਤੇ ਤਾਂ ਆਪ ਜੀ ਨੂੰ ਗੁਰ ਘਰ ਦੀ ਸਭ ਤੋਂ ਉਤਮ ਵਸਤੂ ਬੀਬੀ ਭਾਨੀ ਦਾ ਵਰ ਮਿਲਿਆ। ਇੱਕ ਯਤੀਮ ਵਾਸਤੇ ਇਹ ਕਿਤਨਾਂ ਉਚਾ ਮਾਣ ਸੀ। ਜਿਸ ਸਮੇਂ ਆਪ ਜੀ ਦੀ ਸ਼ਾਦੀ ਹੋਈ ਹੋਵੇਗੀ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਬੈਠੇ ਹੋਏ ਲੋਕਾਂ ਦੇ ਸਾਹਮਣੇ ਆਪ ਜੀ ਦਾ ਸਿਰ ਮਾਣ ਨਾਲ ਕਿਤਨਾਂ ਉਚਾ ਹੋਇਆ ਹੋਵੇਗਾ। ਸੋ ਇਹ ਸੇਵਾ ਦਾ ਫ਼ਲ ਸੀ ਨ ਕਿ ਕਿਸੇ ਹੋਰ ਸਾਧਨ ਦਾ ਫਲ।

ਇਸੇ ਸੇਵਾ ਦਾ ਦੂਜਾ ਫਲ ਗੁਰ ਘਰ ਦੀ ਸਭ ਤੋਂ ਉਚੀ ਪੌਧਰ ਗੁਰਿਆਈ ਸੀ। ਇਹ ਕੇਵਲ ਗੁਰ ਘਰ ਵਿੱਚ ਹੀ ਉਚੀ ਨਹੀਂ ਸੀ ਸਗੋਂ ਸਾਰੇ ਸਿਖ ਜਗਤ ਵਿੱਚ ਉਚੀ ਸੀ। ਗੁਰਿਆਈ ਕੇਵਲ ਉਸ ਵਿਅਕਤੀ ਨੂੰ ਹੀ ਦਿੱਤੀ ਜਾਂਦੀ ਜਿਹੜੀ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਰਹਿਤ ਹੋਵੇ। ਸੰਸਾਰ ਵਿੱਚ ਵਿਚਰਦੇ ਹੋਏ ਵੀ ਸੰਸਾਰ ਦੇ ਮਾਇਆ ਜਾਲ ਦੀ ਲਪੇਟ ਵਿੱਚ ਨ ਹੋਵੇ। ਗੁਰ ਨਾਨਕ ਦੇਵ ਜੀ ਅਤੇ ਗੁਰ ਅੰਗਦ ਦੇਵ ਜੀ ਨੇਂ ਗੁਰਗਦੀ ਇਸ ਕੁਠਾਲੀ ਵਿੱਚੋਂ ਢਲ ਕੇ ਬਾਹਰ ਨਿਕਲ ਚੁੱਕੇ ਵਿਅਕਤੀਆਂ ਦੇ ਹੀ ਹਵਾਲੇ ਕੀਤੀ ਸੀ। ਜੇ ਸ੍ਰੀ ਚੰਦ , ਲਖਮੀ ਚੰਦ, ਮੋਹਨ ਅਤੇ ਮੋਹਰੀ ਜੀ ਇਸ ਇਮਤਿਹਾਨ ਵਿੱਚੋਂ ਪਾਸ ਨ ਹੋ ਸਕੇ

ਤਾਂ ਪੁੱਤਰ ਹੋਣ ਦੀ ਐਹਸੀਅਤ ਵਿੱਚ ਵੀ ਓਹਨਾਂ ਨੂੰ ਇਸ ਹੱਕ ਤੋਂ ਵਾਂਝਿਆ ਰੱਖਿਆ ਗਇਆ। ਪੁੱਤਰ ਹੋਣਾ ਜਾਂ ਇੱਕ ਨਜ਼ਦੀਕੀ ਰਿਸ਼ਤੇਦਾਰ ਹੋਣਾ ਗੁਰਗਦੀ ਦਾ ਹੱਕਦਾਰ ਹੋਣਾ ਨਹੀਂ ਸੀ। ਗੁਰਗਦੀ ਦਾ ਹੱਕਦਾਰ ਤਾਂ ਉਹ ਹੀ ਸੀ ਜਿਹੜਾ ਗੁਰੂ ਦੇ ਪਾਏ ਹੋਏ ਕਰੜੇ ਇਮਤਿਹਾਨ ਨੂੰ ਪਾਸ ਕਰ ਜਾਂਦਾ ਸੀ।

ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਸਾਹਿਬ ਵਾਂਗ ਆਪ ਜੀ ਨੂੰ ਵੀ ਇਸ ਕੁਠਾਲੀ ਵਿੱਚ ਪਾਇਆ ਗਇਆ ਅਤੇ ਆਪ ਜੀ ਨੇਂ ਸਿਧ ਕਰ ਦਿੱਤਾ

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜਿਉ॥

ਸਵੱਯੇ 'ਸਲ੍ਹ' (ਪੰਨਾਂ੧੪੦੬)

ਆਦਿ ਗ੍ਰੰਥ

ਪਰ ਆਪ ਜੀ ਨੂੰ ਗੁਰਿਆਈ ਦੇਣ ਅਤੇ ਆਪ ਜੀ ਦੇ ਗੁਰਿਆਈ ਲੈਣ ਸਮੇਂ ਦੀਆਂ ਕਈ ਵਾਰਤਾਵਾਂ ਜਾਰੀ ਹਨ। ਇਹਨਾਂ ਸਾਰੀਆਂ ਵਾਰਤਾਵਾਂ ਨੂੰ ਇੱਕ ਇੱਕ ਕਰਕੇ ਵਾਚਿਆ ਜਾਵੇਗਾ ਅਤੇ ਵੇਖਿਆ ਜਾਵੇਗਾ ਕਿ ਕਿਹੜੀ ਕਿਸ ਹੱਕ ਤੱਕ ਸਚਾਈ ਹੈ। ਕੁਝ ਕੁ ਵਾਰਤਾਵਾਂ ਦਾ ਮੰਤਵ ਗੁਰੂ ਅਮਰਦਾਸ ਸਾਹਿਬ ਅਤੇ ਗੁਰੂ ਰਾਮਦਾਸ ਸਾਹਿਬ ਦੋਨਾਂ ਦੀ ਮਹਾਨਤਾ ਨੂੰ ਘਟਾਉਣਾ ਹੈ। ਆਮ ਤੌਰ ਉਤੇ ਇ ਮੰਨਿਆ ਜਾਂਦਾ ਹੈ ਕਿ ਗੁਰੂ ਅਮਰਦਾਸ ਸਾਹਿਬ ਦੇ ਇਸ਼ਨਾਨ ਸਮੇਂ ਚੌਂਕੀ ਦਾ ਪਾਵਾ ਟੁੱਟ ਗਇਆ ਅਤੇ ਹਜ਼ੂਰ ਨੂੰ ਇਸ਼ਨਾਨ ਕਰਵਾ ਰਹੀ ਬੀਬੀ ਭਾਨੀ ਨੇਂ ਪਾਵੇ ਦੀ ਥਾਂ ਆਪਣਾ ਪੈਰ ਰੱਖ ਦਿੱਤਾ ਤਾਂ ਜੋ ਸਾਹਿਬਾਂ ਦਾ ਧਿਆਨ ਨ ਟੁੱਟ ਜਾਵੇ। ਟੁੱਟੇ ਹੋਏ ਪਾਵੇ ਦਾ ਕਿਲ ਬੀਬੀ ਜੀ ਦੇ ਪੈਰ ਵਿੱਚ ਖੁਭ ਗਇਆ।*੧*

ਪੈਰ ਵਿੱਚ ਕਿਲ ਖੁਭਣ ਨਾਲ ਅਤੇ ਸਾਰੀ ਚੌਂਕੀ ਦਾ ਭਾਰ ਇੱਕ ਪੈਰ

---

*੧* ਤਵਾਰੀਖ ਗੁਰੂ ਖਾਲਸਾ ਕਰਤਾ ਗਿਆਨੀ ਗਿਆਨ ਸਿੰਘ

ਪੰਨਾਂ ੧੯੧

ਬੀਬੀ ਭਾਨੀ ਆਪ ਜੀ ਨੂੰ ਗੁਰੂ ਮੰਨ ਕੇ ਸੇਵਾ ਕਰਦੀ ਸੀ। ਅੱਧੀ ਰਾਤ ਨੂੰ ਉਠ ਕੇ ਪਾਣੀ ਆਦਿ ਗਰਮ ਕਰਦੀ ਸੀ। ਇੱਕ ਵਾਰ ਪਾਵਾ ਟੁੱਟ ਗਇਆ ਅਤੇ ਉਸਦਾ ਕਿਲ ਪੈਰ ਵਿੱਚ ਗਡ ਗਇਆ ਇਸ ਨਾਲ ਖੂਨ ਵਗਣਾ ਸ਼ੁਰੂ ਹੋ ਗਇਆ। ਗੁਰੂ ਸਾਹਿਬ ਦੇ ਪੁਛਣ ਉਤੇ (ਕਿ) ਪਾਣੀ ਦਾ ਰੰਗ ਲਾਲ ਕਿਉਂ ਹੈ ਪੈਰ ਵਿੱਚੋਂ ਕਿਲ ਕਢ ਕੇ ਜਵਾਬ ਦਿੱਤਾ ਗਇਆ।

*੧*(ੳ) ਪੰਥ ਪ੍ਰਕਾਸ਼ ਕਰਤਾ ਗਿਆਨੀ ਗਿਆਨ ਸਿੰਘ ਪੰਨਾਂ ੮੮-੮੯

ਇਕ ਦਿਨ ਬੀਬੀ ਜਬ ਇਸਨਾਨੈਂ। ਲਗੀ ਕਰਾਵਨ ਗੁਰ ਭਗਵਾਨੈ॥
ਟਟ ਗਇਓ ਚੌਕੀ ਕਾ ਪਾਵਾ। ਭਾਨੀ ਨਿਜ ਪਗ ਤਲੇਂ ਅੜਾਵਾ॥

ਉਤੇ ਪੈਣ ਨਾਲ ਬੀਬੀ ਜੀ ਦੇ ਪੈਰ ਵਿੱਚੋਂ ਖ਼ੂਨ ਦੀ ਧਾਰਾ ਵਗ ਤੁਰੀ ਅਤੇ ਵੇਖਦਿਆਂ ਹੀ ਵੇਖ-ਦਿਆਂ ਸਾਰਾ ਫ਼ਰਸ਼ ਖ਼ੂਨ ਨਾਲ ਲਾਲ ਹੋ ਗਇਆ। ਹਜ਼ੂਰ ਨੇਂ ਬੜੇ ਧੀਰਜ ਨਾਲ ਫ਼ਰਸ਼ ਦੇ ਲਾਲ ਹੋਣ ਦਾ ਕਾਰਨ ਪੁਛਿਆ। ਇਹ ਪ੍ਰਸ਼ਨ ਏਸ ਲਈ ਨਹੀਂ ਸੀ ਪੁਛਿਆ ਗਇਆ ਕਿ ਹਜ਼ੂਰ ਅਣਜਾਣ ਸਨ ਸਗੋਂ ਇਸ ਲਈ ਪੁਛਿਆ ਗਇਆ ਕਿ ਬੀਬੀ ਜੀ ਦੇ ਮੰਨ ਵਿੱਚ ਚਲ ਰਹੀ "ਦਸਾਂ ਜਾਂ ਨ ਦਸਾਂ" ਦਾ ਫ਼ੈਸਲਾ ਉਨ੍ਹਾਂ ਦੇ ਮੂੰਹੋਂ ਹੀ ਸੁਣਿਆ ਜਾਵੇ।

ਜਦੋਂ ਬੀਬੀ ਜੀ ਨੇਂ ਸਾਰੀ ਵਥਤਾ ਬਿਆਨ ਕੀਤੀ ਤਾ ਹਜ਼ੂਰ ਨੇਂ ਖ਼ੁਸ਼ ਹੋ ਕੇ ਆਖਿਆ, " ਇਹ ਗੁਰਿਆਈ ਅੱਜ ਤੋਂ ਮੈਂ ਤੈਨੂੰ ਬਖਸ਼ੀ। " ਪਰ ਬੀਬੀ ਜੀ ਨੇਂ ਆਖਿਆ ਕਿ ਗੁਰਿਆਈ ਓਹਨਾਂ ਦੇ ਪੱਤੀ ਭਾਈ ਜੇਠਾ ਜੀ ਨੂੰ ਹੀ ਦਿੱਤੀ ਜਾਵੇ ਸੋ ਗੁਰੂ ਸਾਹਿਬ ਨੇਂ ਬੀਬੀ ਜੀ ਦੀ ਇਛਾ ਅਨੁਸਾਰ ਗੁਰਿਆਈ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਸਾਹਿਬ ਦੇ ਨਾਂ ਹੇਠ ਦੇ ਦਿੱਤੀ। *੧*

ਇੱਕ ਹੋਰ ਵਿਚਾਰ ਅਨੁਸਾਰ ਸ੍ਰੀ ਗੁਰੂ ਅਮਰਦਾਸ ਸਾਹਿਬ ਚੌਂਕੀ ਉਤੇ ਇਸ਼ਨਾਨ ਕਰਨ ਵਾਸਤੇ ਨਹੀਂ ਸਨ ਚੜ੍ਹੇ ਸਗੋਂ ਪ੍ਰਭੂ ਆਰਾਧਨਾਂ ਲਈ ਅੰਤਰ ਧਿਆਨ ਹੋ ਕੇ ਬੈਠੇ ਹੋਏ ਸਨ। ਬੀਬੀ ਭਾਨੀ ਜੀ ਨੇਂ, ਚੌਂਕੀ ਦਾ ਪਾਵਾ ਟੁੱਟ ਜਾਣ ਕਾਰਨ ਉਸਦੀ ਥਾਂ ਆਪਣਾ ਪੈਰ ਨਹੀਂ ਸੀ ਰੱਖਿਆ ਸਗੋਂ ਆਪਣਾ ਹੱਥ ਰੱਖਿਆ ਸੀ। ਜਿਸਦਾ ਫ਼ਲ-ਸਰੂਪ ਖ਼ੂਨ ਫ਼ਰਸ਼ ਉਤੇ ਵਗਣ ਦੀ ਥਾਂ ਆਪ ਜੀ ਦੀਆਂ ਨਸਾਂ ਵਿੱਚ ਚੜ੍ਹ ਗਇਆ ਸੀ। *੨*।

---

*1* HISTORY OF THE SIKHS BY HENRY CORT P

Pp. 19-20

....from to-day I have bestowed on you the badge of Guruship."The daughter joining her hands, petitioned " O true Guru, O my father! do you give this badge to my husband. The Guru there and then, before all the disciples, placed the five pice and a cocoanut before her husband Ram Das, and, making obeisance to him said:" Today I bestow the badge of Guruship on Ram Das; let those who are my disciples, look on him as their Guru."

*੨* ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਰਤਾ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ

ਜਿਲਦ ਨੰ: ੫ ਪੰਨਾਂ ੧੬੧੨

ਇਕ ਦਿਨ ਜਾਗੇ ਪ੍ਰਭੁ ਕ੍ਰਿਪਾਲ। ਕਰੀ ਸੌਚ ਮੱਜੇ ਤਿਸ ਕਾਲ।
ਹਿਤ ਦਰਸ਼ਨ ਦੇ ਤਨੁਜਾ ਭਾਨੀ। ਪਹੁੰਚੀ ਨਿਕਟ ਭਗਤਿ ਜਿਹ ਭਾਨੀ।

ਬਾਕੀ ਪੰਨਾਂ ੨੪

ਬੀਬੀ ਭਾਨੀ ਨੇ ਇਸ ਪਰਕਾਰ ਉਤੇ ਕੋਈ ਗੁਰਗਦੀ ਜਾਂ ਕਿਸੇ ਹੋਰ ਕਿਸਮ ਦਾ ਵਰ ਨਹੀਂ ਮੰਗਿਆ। ਸਗੋਂ ਗੁਰੂ ਅਮਰਦਾਸ ਸਾਹਿਬ ਨੇ ਕੁਲ ਦੇ ਵਧਣ ਫੁਲਣ ਦਾ ਆਪ ਵਰ ਦਿੱਤਾ ਜੋ ਕਿ ਸੁਭਾਵਕ ਜਹੀ ਗਲ ਲਗਦੀ ਹੈ। *੧* ਸੋ ਇਹ ਦੂਜਾ ਵਿਚਾਰ ਪਹਿਲੇ ਵਿਚਾਰ ਨਾਲੋਂ ਵਧੇਰੇ ਮੰਨਣ ਯੋਗ ਹੈ।

ਜੇਕਰ ਪਹਿਲੇ ਵਿਚਾਰ ਨੂੰ ਸੱਚਾ ਮੰਨ ਲਇਆ ਜਾਵੇ ਤਾਂ ਹੱਕਦਾਰ ਨੂੰ ਗੁਰਿਆਈ ਦੇਣ ਅਤੇ ਲੈਣ ਦੀ ਸਾਰੀ ਪ੍ਰਥਾ ਮੁੱਕ ਜਾਂਦੀ ਹੈ। ਕਿਉਂਜੋ ਗੁਰਿਆਈ ਪਹਿਲੀਆਂ ਦਸੀਆਂ ਹੋਈਆਂ ਪ੍ਰੀਖਿਆਵਾਂ ਅਨੁਸਾਰ ਨਹੀਂ ਦਿੱਤੀ ਗਈ। ਇਥੇ ਬੀਬੀ ਭਾਨੀ ਜੀ ਦਾ ਤ੍ਰੀਆ ਹੱਠ ਜਿਤਿਆ ਹੋਇਆ ਸਾਬਤ ਹੁੰਦਾ ਹੈ। ਇਸਦੇ ਨਾਲ ਸਈਦ ਮੁਹੰਮਦ ਲਤੀਫ਼ ਅਤੇ ਜੀ.ਐਸ.ਛਾਬੜਾ ਦਾ ਕੱਥਨ ਕਿ ਬੀਬੀ ਭਾਨੀ ਅਤੇ ਭਾਈ ਜੇਠਾ ਜੀ ਦਾ ਕੁਝ ਅਜਿਹਾ ਰਿਸ਼ਤਾ ਸੀ ਕਿ ਜਿਸ ਦਾ ਨਤੀਜਾ ਉਨ੍ਹਾਂ ਦਾ ਵਿਵਾਹ ਨਿਕਲਿਆ ਬਿਲਕੁਲ ਠੀਕ ਜਾਪਦਾ ਹੈ। ਹੋ ਸਕਦਾ ਹੈ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ, ਆਪਣੇ ਗੁਰੂ ਹੋਣ ਦੀ ਇਜ਼ਤ ਨੂੰ ਬਚਾਉਣ ਲਈ ਹੀ, ਬੀਬੀ ਭਾਨੀ ਦੀ ਸ਼ਾਦੀ, ਭਾਈ ਜੇਠਾ ਜੀ ਨਾਲ ਕਰ ਦਿੱਤੀ ਹੋਵੇ। ਇਸ ਤੋਂ ਮਗਰੋਂ ਇਹ ਵੀ ਹੋ ਸਕਦਾ ਹੈ ਕਿ ਭਾਈ ਜੇਠਾ ਜੀ ਨੇ, ਬਾਬਾ ਭਾਨੀ ਰਾਹੀਂ ਹੀ ਆਪਣੀ ਇਹ ਇਛਾ ਪ੍ਰਗਟ ਕੀਤੀ ਕਿ ਗੁਰਿਆਈ ਵੀ ਉਨ੍ਹਾਂ ਨੂੰ ਹੀ ਦਿੱਤੀ ਜਾਵੇ। ਸੋ ਇਸ ਪਰਕਾਰ ਉਤੇ ਗੁਰੂ ਅਮਰਦਾਸ ਸਾਹਿਬ ਦੀ ਤ੍ਰਿਤੂ-ਹੀਣਤਾ ਅਤੇ

---

ਬਾਕੀ ( ਪੰਨਾ ੭੩) ਤਬਿ ਚੌਂਕੀ ਪਰ ਸਤਿਗੁਰ ਚਰੇ। ਧਯਾਨ ਧਰਨ ਹਿਤ ਬੈਠਬਿ ਕਰੇ।
ਦੌਨ ਬਿਲੋਚਨ ਮੁੰਦ੍ਰਿਤ ਕਰਿਕੈ। ਅੰਤਰਮੁਖੀ ਬ੍ਰਿਤਿ ਕੋ ਧਰਿ ਕੈ।
ਹੁਇ ਅਡੋਲ ਤਬ ਲਾਇ ਸੁ ਧਯਾਨ। ਸ਼ੰਭ ਸਮਾਨ ਗੁਰੂ ਭਗਵਾਨ।
ਹੁਤੋ ਹੀਨ ਚੌਂਕੀ ਇਕ ਪਾਵਾ। ਪਿਖਿ ਭਾਨੀ ਮਨ ਇਮਿ ਠਹਿਰਾਵਾ।
ਹਾਲਹਿਂ ਪਿਤਾ ਇਤਹੁੰ ਜਬ ਹੋਇ। ਚੌਕੀ ਡੋਲ ਜਾਇ ਬ੍ਰਿਤ ਜੋਇ।
...... ਉਤਲਾਵਤਿ ਨੇ ਦੀਨਸਿ ਹਾਥ। ਨਹਿਂ ਡੋਲੇ ਚੌਂਕੀ ਤਿਹ ਸਾਥ।
...... ਪਾਵਾ ਰਹਯੋ ਹਥੇਰੀ ਗਡਿ ਕੈ। ਨਹੀਂ ਨਿਕਾਸਤਿ ਤਿਹ ਬਲ ਛਡਿਕੈ।
...... ਭਜਾ ਸੰਨ ਕੰਧੇ ਲਗਿ ਭਈ। ਉਤਰਯੋ ਰੁਧਰ ਲਾਲ ਹੋਇ ਗਈ।
ਉਪਰਲੀ ਪੁਸਤਕ ਪੰਨਾਂ ੧੬੧੩
...... ਪਿਤਾ ਗੁਰੂ, ਜਗ ਗੁਰ ਹੁਇ ਕੰਤ। ਪੁਤ੍ਰ ਗੁਰੂ, ਹੋਇ ਪੋਤ੍ਰ ਮਹੰਤ।

ਭਾਈ ਜੇਠਾ ਜੀ ਦਾ ਗੁਰਗਦੀ ਦੇ ਲਾਇਕ ਨ ਹੋਣਾ ਸਾਬਤ ਹੁੰਦਾ ਹੈ। ਜੇ ਸ਼ਰਧਾ ਭਾਵ ਨਾਲ ਵੀ ਵੇਖਿਆ ਜਾਵੇ ਤਾਂ ਵੀ ਪੱਤਾ ਲਗਦਾ ਹੈ ਕਿ ਗੁਰਿਆਈ ਤਾਂ ਬੀਬੀ ਭਾਨੀ ਨੂੰ ਹੀ ਦਿੱਤੀ ਗਈ ਸੀ ਨ ਕਿ ਭਾਈ ਜੇਠਾ ਜੀ ਨੂੰ। ਬੀਬੀ ਭਾਨੀ ਨੇਂ ਹੋ ਸਕਦਾ ਹੈ ਕਿ ਪੱਤੀ ਬ੍ਰਤਾ ਹੋਣ ਕਾਰਨ ਜਾਂ ਫ਼ਿਰ ਭਾਈ ਜੇਠਾ ਜੀ ਦੇ ਦਬਾਓ ਥੱਲੇ ਆਕੇ ਆਪਣੇ ਪਿੱਤਾ ਨੂੰ ਇਹ ਬੇਨਤੀ ਕੀਤੀ ਹੋਵੇ ਕਿ ਗੁਰਿਆਈ ਬਜਾਏ ਉਸਨੂੰ ਦੇਣ ਦੇ ਉਸਦੇ ਪੱਤੀ ਨੂੰ ਹੀ ਦਿੱਤੀ ਜਾਵੇ।

ਸੋ ਦੋਨਾਂ ਹਾਲਤਾਂ ਵਿੱਚ ਇਹੋ ਹੀ ਸਿਧ ਹੁੰਦਾ ਹੈ ਕਿ ਗੁਰਿਆਈ ਸਿਧੇ ਤੌਰ ਉਤੇ ਭਾਈ ਜੇਠਾ ਜੀ ਨੂੰ ਨਹੀਂ ਸੀ ਦਿੱਤੀ ਗਈ।

ਪਰ ਇਸਦੇ ਨਾਲ ਹੀ ਪ੍ਰਾਪਤ ਗਵਾਹੀਆਂ ਇਹ ਸਿੱਧ ਕਰਦੀਆਂ ਹਨ ਕਿ ਗੁਰਗਦੀ ਸਿੱਧੇ ਤੌਰ ਉਤੇ ਭਾਈ ਜੇਠਾ ਜੀ ਨੂੰ ਹੀ ਦਿੱਤੀ ਗਈ ਸੀ ਜਿਹੜਾ ਕਿ ਉਨ੍ਹਾਂ ਦਾ ਪੂਰਾ ਪੂਰਾ ਹੱਕ ਸੀ। *੧*

ਜੇ ਅਸੀਂ ਪ੍ਰਸਿਧ ਗਿਆਨੀ ਗਿਆਨ ਸਿੰਘ ਅਤੇ ਗਿਆਨੀ ਪ੍ਰਤਾਪ ਸਿੰਘ ਦੀ ਰਚਿਤ ਗੁਰ ਖ਼ਾਲਸਾ ਜੀ ਦੀ ਤਵਾਰੀਖ਼ ਸ੍ਰੀ ਸੋਢੀ ਚਮਤਕਾਰ ਦੇ ਪੰਨਾਂ ੨-੩

---

*੧* ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਿਰਤ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਪੰਨਾਂ ੧੬੨੦

ੳ) ਅਬ ਖਟ ਬਰਖ ਇਕਾਦਸ਼ ਮਾਸ। ਦਯੋਤ ਅਸ਼ਟ ਦਸ ਸ਼ੇਸ਼ ਰਹਾਸ।

...... ਸੋ ਅਪਨੀ ਹਮ ਤੁਮ ਕੋ ਦੀਨਸਿ। ਪ੍ਰੇਮ ਭਗਤ ਮੈਂ ਲੀਨ ਪ੍ਰਬੀਨਸਿ।

ਅ) ਪੰਥ ਪ੍ਰਕਾਸ਼ ਕਿਰਤ ਗਿਆਨੀ ਗਿਆਨ ਸਿੰਘ ਪੰਨਾਂ ੮੮-੮੯

...... ਜਬ ਸਭ ਬਿਧਿ ਲਾਇਕ ਲਖ ਲੀਨੋ। ਤਬ ਹੀ ਤਿਲਕ ਗੁਰਿਆਈ ਦੀਨੋ।

ੲ) ਗੁਰ ਖ਼ਾਲਸਾ ਜੀ ਦੀ ਤਵਾਰੀਖ਼ ਸ੍ਰੀ ਸੋਢੀ ਚਮਤਕਾਰ ਕਿਰਤ ਗਿਆਨੀ ਗਿਆਨ ਸਿੰਘ ਅਤੇ ਗਿਆਨੀ ਪ੍ਰਤਾਪ ਸਿੰਘ। ਪੰਨਾਂ ੨-੩

...... ਕਿਉਂਕਿ ਤੁਸਾਂ ਨੇਂ ਪ੍ਰੇਮਾਂ ਭਗਤੀ ਦਵਾਰੇ ਸਾਨੂੰ ਆਪਣੇ ਵਸ ਕਰ ਲਿਆ ਹੈ।

ਸ) ਤਵਾਰੀਖ਼ ਗੁਰ ਖ਼ਾਲਸਾ ਕਿਰਤ ਗਿਆਨੀ ਗਿਆਨ ਸਿੰਘ ਪੰਨਾਂ੧੮੬-੮੭

ਗੁਰ ਅਮਰਦਾਸ ਜੀ ਨੇਂ ਗੁਰ ਰਾਮਦਾਸ ਜੀ ਨੂੰ ਸਰਬ ਪ੍ਰਕਾਰ ਲਾਇਕ ਸਮਝ ਕੇ ਬੈਸਾਖ ਸੁਦੀ ੯ ਸੰ: ੧੬੨੯ ਬਿਕ੍ਰਮੀ ਨੂੰ ਗੁਰਿਆਈ ਦੇ ਦਿੱਤੀ।

ਬਾਕੀ ਪੰਨਾਂ ੭੬

ਉਤੇ ਅੰਕਤ ਅਸਲੀਅਤ ਨੂੰ ਮੁਖ ਰੱਖ ਕੇ ਵਿਚਾਰੀਏ ਤਾਂ ਉਸਦਾ ਵਿਸ਼ਲੇਸ਼ਣ ਇਸ ਪ੍ਰਕਾਰ ਹੁੰਦਾ ਹੈ।

" ਇੱਕ ਦਿੰਨ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਇਸ਼ਨਾਨ ਕਰਕੇ ਨਿਜ ਸਰੂਪ ਦੇ ਧਿਆਨ ਵਿੱਚ ਬੈਠੇ ਸਨ ਤਾਂ ਬੀਬੀ ਭਾਨੀ ਜੀ ਨੇਂ ਆਣ ਕੇ ਪਿਤਾ ਜੀ ਨੂੰ ਨਮਸਕਾਰ ਕੀਤੀ, ਗੁਰੂ ਜੀ ਬੀਬੀ ਨੂੰ ਵੇਖਕੇ ਪ੍ਰਸੰਨ ਹੋਏ ਅਤ ਨਾਲ ਹੀ ਆਖਿਆ " ਬੀਬੀ ਜੀ, ਰਾਮਦਾਸ ਜੀ ਦੀ ਆਯੂ ਬਤੀਤ ਹੋ ਚਲੀ ਹੈ ਸੋ ਓਹਨਾਂ ਨੇਂ ਹੁਣ ਸਰੀਰ ਤਿਆਗ ਦੇਣਾ ਹੈ। ਤੁਸੀਂ ਫ਼ਿਰ ਕੀ ਕਰੋਗੇ? ਇਹ ਬਚਨ ਪਿੱਤਾ ਜੀ ਦੀ ਜ਼ੁਬਾਨੀ ਸੁਣ ਕੇ ਬੀਬੀ ਭਾਨੀ ਜੋ ਗੁਰਗਦੀ ਤੇ ਪੂਰਨ ਵਿਸ਼ਵਾਸ਼ ਰੱਖਦੀ ਸੀ, ਉਸਨੇਂ ਆਪਣੇ ਨੱਕ ਵਿੱਚੋਂ ਨੱਥ ( ਜੋ ਉਸ ਸਮੇਂ , ਸੁਹਾਗ ਦੀ ਨਸ਼ਾਨੀ ਸੀ) ਲਾਹਕੇ ਪਿਤਾ ਜੀ ਦੇ ਚਰਨਾਂ ਵਿੱਚ ਰੱਖ ਦਿੱਤੀ ਅਰ ਦੋਨੋਂ ਹੱਥ ਜੋੜ ਕੇ ਸਿਰ ਨੀਵਾਂ ਪਾਈਂ ਸਾਹਮਣੇ ਬੈਠ ਗਈ ਅਰ ਆਖਿਆ ਪਿਤਾ ਜੀ ਜੋ ਹੁਕਮ ਹੋਵੇ ਸੋ ਕਰਾਂ, ਹੁਕਮ ਹੋਵੇ ਤਾਂ ਪੱਤੀ ਜੀ ਨਾਲ ਸੱਤੀ ਹੋ ਜਾਵਾਂ, ਹੁਕਮ ਹੋਵੇ ਤਾਂ ਬਿਰਹੋਂ ਦੀ ਅੱਗ ਵਿੱਚ ਸੜਦੀ ਰਵ੍ਹਾਂ।"

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇਂ ਬੀਬੀ ਨੂੰ ਧੀਰਜ ਦੇ ਕੇ ਆਖਿਆ " ਹੇ ਪੁਤ੍ਰੀ! ਰਾਮਦਾਸ ਜੀ ਦੀ ਉਮਰ ਤਾਂ ਅੱਜ ਖਤਮ ਹੋ ਚਲੀ ਹੈ, ਇਸ ਅਕਾਲ-ਪੁਰਖ ਦੇ ਹੁਕਮ ਨੂੰ ਕੋਈ ਨਹੀਂ ਮੇਟ ਸਕਦਾ। ਹੱਛਾ! ਅਸੀਂ ਜੋ ਬਾਕੀ ਉਮਰਾ ਥੋੜੀ ਜਹੀ ਹੋਰ ਭੋਗਣੀ ਹੈ ਓਹ ਤੇਰੇ ਪੱਤੀ ਜੀ ਨੂੰ ਹੀ ਦੇ ਦੇਂਦੇ ਹਾਂ, ਏਹ ਕਹਿਕੇ ਗੁਰੂ ਜੀ ਨੇਂ ਗੁਰੂ ਰਾਮਦਾਸ ਜੀ ਨੂੰ ਸਦਵਾਇਆ, ਗੁਰੂ ਰਾਮਦਾਸ ਜੀ ਨੇਂ ਆਣਕੇ ਮੱਥਾ ਟੇਕਿਆ ਅਤੇ ਗੁਰੂ ਜੀ ਨੇਂ ਆਦਰ ਪੂਰਬਕ ਪਾਸ ਬੈਠਾਇਆ। ਫਿਰ

---

ਬਾਕੀ ਪੰਨਾਂ 24

ਹ) ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਿਰਤ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ

ਪੰਨਾਂ ੧੬੩੧

ਬੋਲੇ ਪ੍ਰਥਮ ਜੁਗਮ ਸੁਤ ਸਾਥ। ਰਾਮਦਾਸ ਕਹੁ ਟੇਕਹੁ ਮਾਥ।
ਹੋਇ ਨੰਮ੍ਰਿ ਇਨ ਘਾਲ ਕਮਾਈ। ਅਜਰ ਜਰਨ ਗੁਨ ਜਤਿ ਸਮੁਦਾਈ।

ਕ) ਮਹਾਨ ਕੋਸ਼ ਕਿਰਤ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ

ਪੰਨਾਂ 224

ਸ੍ਰੀ ਗੁਰੂ ਅਮਰਦਾਸ ਜੀ ਨੇਂ ਜਦ ਸ੍ਰੀ ਰਾਮਦਾਸ ਜੀ ਦੀ ਘਾਲ ਪੂਰਣ ਹੋਈ ਦੇਖੀ ਤਦ ਪ੍ਰਸੰਨ ਹੋਕੇ ੨ ਅਸੂ ਸੰਮਤ ੧੬੩੧ ਬਿਕ੍ਰਮੀ(ਸੰਨ ੧੫੭੪) ਨੂੰ ਗੁਰਤਾ ਬਖਸ਼ੀ।

ਗੁਰੂ ਜੀ ਨੇਂ ਆਖਿਆ ਹੇ ਪੁਤਰ ਜੀ! ਤੁਹਾਡੀ ਆਯੂ ਅਜ ਪੂਰੀ ਹੋ ਚਲੀ ਹੈ। ਇਸ ਲਈ ਅਸੀਂ ਆਪਣੀ ਰਹਿੰਦੀ ਉਮਰਾ ਛੀ ਬਰਸ ਯਾਰਾਂ ਮਹੀਨੇਂ ਅਠਾਰਾਂ ਦਿੰਨ ਤੁਹਾਨੂੰ ਦਿੰਦੇ ਹਾਂ ਕਿਉਂਕਿ ਤੁਸਾਂ ਨੇਂ ਪ੍ਰੇਮਾਂ ਭਗਤੀ ਦਵਾਰੇ ਸਾਨੂੰ ਆਪਣੇ ਵਸ ਕਰ ਲਿਆ ਹੈ। ਅਜ ਤੋਂ ਤੁਹਾਡੇ ਸਾਡੇ ਵਿੱਚ ਕੋਈ ਭੇਦ ਨਹੀਂ ਰਿਹਾ ਇਕ ਰੂਪ ਹੋ ਗਏ ਹਾਂ, ਇਹ ਕਹਿਕੇ ਗੁਰੂ ਜੀ ਨੇਂ ਗੁਰੂ ਰਾਮਦਾਸ ਜੀ ਨੂੰ ਨਵੀਨ ਬਸਤ੍ਰ ਪਹਿਨਾਉਣ ਦਾ ਤੇ ਆਪਣੀ ਤਿਆਰੀ ਦਾ ਹੁਕਮ ਦੇ ਦਿਤਾ। *੧*

ਇਹ ਸਾਡੇ ਉਸ ਪ੍ਰਸ਼ਨ ਦਾ ਉਤਰ ਹੈ ਕਿ ਗੁਰੂ ਅਮਰਦਾਸ ਸਾਹਿਬ ਨੇਂ ਆਪਣੀ ਉਮਰਾ ਵਿੱਚੋਂ ੬ ਸਾਲ ੧੧ ਮਹੀਨੇ ੧੮ ਦਿੰਨ ਦੀ ਆਯੂ, ਭਾਈ ਜੇਠਾ ਨੂੰ ਕਿਉਂ ਦਿੱਤੀ?

ਇਸ ਨੂੰ ਗਹੁ ਨਾਲ ਵਾਚਿਆਂ ਪੱਤਾ ਲਗਦਾ ਹੈ ਕਿ ਤੀਜੀ ਪਾਤਸ਼ਾਹੀ ਨੂੰ ਸਾਰੀ ਸੰਗਤ ਵਿੱਚੋਂ ਹੋਰ ਕੋਈ ਅਜਿਹੀ ਯੋਗ ਹਸਤੀ ਨਹੀਂ ਸੀ ਲਭੀ ਜਿਹੜੀ ਇਸ ਧਰਮ ਦਾ ਭਾਰ ਆਪਣੇ ਸਿਰ ਉਤੇ ਚੁੱਕ ਸਕਦੀ। ਆਪ ਜੀ ਇਹ ਭਲੀ ਪ੍ਰਕਾਰ ਜਾਣਦੇ ਸਨ ਕਿ ਆਪ ਦੇ ਅੰਤਕਾਲ ਅਤੇ ਪੰਜਵੀਂ ਪਾਤਸ਼ਾਹੀ ਦੀ ਗਦੀ-ਨਸ਼ੀਨੀ ਦੇ ਵਿੱਚਲੇ ਪਾੜ ਨੂੰ ਮੇਲ-ਣ ਵਾਲਾ ਗੁਰੂ ਰਾਮਦਾਸ ਸਾਹਿਬ ਤੋਂ ਬਿਨਾਂ ਹੋਰ ਕੋਈ ਵੀ ਨਹੀਂ। ਜੇ ਐਸਾ ਨ ਹੁੰਦਾ ਤਾਂ ਆਪ ਜੀ ਨੂੰ ਕੀ ਲੋੜ ਸੀ ਕਿ ਆਪਣੀ ੭ ਕੁ ਸਾਲਾਂ ਦੀ ਆਯੂ ਭਾਈ ਜੇਠਾ ( ਗੁਰੂ ਰਾਮਦਾਸ ਸਾਹਿਬ) ਜੀ ਨੂੰ ਦਿੰਦੇ। ਪੰਜਵੀਂ ਪਾਤਸ਼ਾਹੀ ਦਾ ਹੱਕਦਾਰ ਦੇ ਰੂਪ ਵਿੱਚ ਗਦੀ ਉਤੇ ਬੈਠਣਾ ਆਪ ਜੀ ਪਹਿਲਾਂ ਹੀ ਦਸ ਚੁਕੇ ਸਨ। *੧*। ਸੋ ਭਾਈ ਜੇਠਾ ਜੀ ਨੂੰ ੭ ਕੁ ਸਾਲ ਦੀ ਉਮਰਾ ਦੇਣ ਦਾ ਅਰਥ ਹੀ ਕੇਵਲ ਇੱਕ ਅਜਿਹੀ ਹਸਤੀ ਨੂੰ ਸੰਸਾਰ ਵਿੱਚ ਕਾਇਮ ਰਖਣਾ ਸੀ ਜਿਹੜੀ ਧਰਮ ਦੇ ਬੋ ਨੂੰ ਸਹੀ ਰਸਤੇ ਉਤੇ ਚਲਾਉਂਦੀ ਰਹੇ। ਇਸ ਦੇ ਵੀ ਦੋ ਫਾਇਦੇ ਸਨ: ਇੱਕੋਂ ਤਾਂ ਇਹ ਕਿ ਲੋਕ ਰਾਜੀ ਧਰਮ ਨੂੰ ਚਲਾਉਣ

---

*੧* ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਿਰਤ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਸੰਪਾਦਤ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਜਿਲਦ ਨੰ:੫ ਪੰਨਾਂ ੧੬੧੪

ਭਾਰੀ ਗੁਰ ਜਗ ਮਹਿਂ ਬਿਦਤੈ ਹੈ। ਬਾਣੀ ਕੋ ਬੋਹਿਥ ਬਡ ਹ੍ਵੈ ਹੈ।
ਗੁਰ ਦੇਖਿ ਕਰਿ ਬਾਕ ਬਖਾਨੇ। ਅਬਿ ਤੇ ਹੀ ਗਾਦੀ ਲਲਚਾਨੇ।
ਅਪਨੇ ਪਿਤਾ ਪਾਸ ਤੇ ਲੀਜਹਿ। ਤਬਿ ਲਗ ਧੀਰਜ ਧਾਰਿ ਧਿਰੀਜਹਿ।

*੧*ੳ) ਦੋਹਿਤਾ ਬਾਣੀ ਕਾ ਬੋਹਿਥਾ

ਵਾਲੀ ਸਪਿਰਟ ਕਾਇਮ ਰਹੇ ਅਤੇ ਦੂਜਾ ਇਹ ਕਿ ਅਜੇ ਕੁਰਬਾਨੀਆਂ ਦਾ ਸਮਾਂ ਨਹੀਂ ਸੀ ਆਇਆ ਪਰ ਉਸ ਸਮੇਂ ਦੇ ਆਉਣ ਤੱਕ ਪੱਕੀ ਫ਼ੌਲਾਦੀ ਕੜੀ ਵਿੱਚ ਇੱਕ ਹੋਰ ਕੁੰਡਾ ਪਾ ਦਿੱਤਾ ਜਾਏ। ਗੁਰੂ ਸਾਹਿਬ ਨੂੰ ਦੋਨਾਂ ਹੀ ਮਨਸੂਬਿਆਂ ਵਿੱਚ ਪੂਰਨ ਸਫ਼ਲਤਾ ਪ੍ਰਾਪਤ ਹੋਈ।

ਇਸੇ ਵਿਚਾਰ ਦੀ ਪ੍ਰੋੜ੍ਹਤਾ (ਹੱਕਦਾਰ ਨੂੰ ਗਦੀ ਦੇਣਾ) ਸਾਨੂੰ ਬਚਿਤ੍ਰ ਨਾਟਕ ਰਚਿਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਵੀ ਮਿਲਦੀ ਹੈ। ਇਸ ਅਨੁਭਵੀ, ਤੇਜਸਵੀ, ਰਾਜ ਯੋਗੀ, ਮਹਾਨ ਨੀਤੀਵੇਤਾ ਅਤੇ ਮਹਾਨ ਵਿਦਵਾਨ ਦੀ ਲਿਖਤ ਨੂੰ ਕੋਈ ਵੀ ਝੁਠਲਾ ਨਹੀਂ ਸਕਦਾ। ਆਪ ਜੀ ਲਿਖਦੇ ਹਨ:-

ਬੇਦੀ ਭਯੋ ਪ੍ਰਸੰਨ ਰਾਜ ਕਹ ਪਾਇਕੈ॥
ਦੇਤ ਭਯੋ ਬਰਦਾਨ ਹੀਐ ਹੁਲਸਾਇਕੈ॥
ਜਬ ਨਾਨਕ ਕਲਿ ਮੈ ਹਮ ਆਨ ਕਹਾਇ ਹੈਂ॥
ਹੋ ਜਗਤ ਪੂਜ ਕਰਿ ਤੋਹਿ ਪਰਮ ਪਦ ਪਾਇ ਹੈਂ॥੭॥

ਦੋਹਰਾ

ਲਵੀ ਰਾਜ ਦੈ ਬਨ ਗਏ ਬੇਦੀਅਨ ਕੀਨੋ ਰਾਜ॥
ਭਾਂਤਿ ਭਾਂਤਿ ਤਿਨਿ ਭੋਗੀਅੰ ਭੁਅ ਕਾ ਸਕਲ ਸਮਾਜ॥

ਚੌਪਈ

ਤ੍ਰਿਤੀਆ ਬੇਦ ਸੁਨਬੋ ਤੁਮਕੀਆ। ਚਤੁਰ ਬੇਦ ਸੁਨ ਭੁਅ ਕੋ ਦੀਆ॥
ਤੀਨ ਜਨਮ ਹਮ ਹੂੰ ਬੁਪਧਰ ਹੈਂ। ਚਉਥੇ ਜਨਮ ਗੁਰੂ ਤੋਹਿ ਕਰ ਹੈਂ॥੯
ਉਤ ਰਾਜਾ ਕਾਨਨਹਿ ਸਿਧਾਯੋ। ਇਤ ਇਨ ਰਾਜ ਕਰਤ ਸੁਖ ਪਾਯੋ॥
ਕਹਾਂ ਲਗੇ ਕਰ ਕੱਥਾ ਸੁਨਾਊਂ। ਗ੍ਰੰਥ ਬਢਨ ਤੇ ਅਧਿਕ ਡਰਾਊਂ॥੧੦॥

ਚੌਪਈ

ਜਬ ਬਰਦਾਨ ਸਮੈ ਵਹੁ ਆਵਾ। ਰਾਮਦਾਸ ਤਬ ਗੁਰੂ ਕਹਾਵਾ॥
ਤਿਹ ਬਰਦਾਨ ਪੁਰਾਤਨ ਦੀਆ। ਅਮਰਦਾਸ ਸੁਰਪੁਰ ਮਗੁ ਲੀਆ॥੮॥

ਭਾਈ ਗੁਰਦਾਸ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਆਖਿਆ ਜਾਂਦਾ ਹੈ ਉਹ ਵੀ ਆਪਣੀ ਇੱਕ ਵਾਰ ਵਿੱਚ ਲਿਖਦੇ ਹਨ।

ਦਿਚੇ ਪੂਰਬ ਦੇਵਣਾ ਜਿਸਦੀ ਵਸਤ ਤਿਸੈ ਘਰ ਆਵੈ।।
ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ।।

ਸੋ ਸ੍ਰੀ ਰਾਮਚੰਦਰ ਜੀ ਦੇ ਦੋ ਸਪੁੱਤਰਾਂ ਲਉ ਅਤੇ ਕੁਸ਼ ਨੇ ਲਾਹੌਰ ਅਤੇ ਕਸੂਰ ਵਸਾਏ। ਦੋਨਾਂ ਨੇਂ ਆਪਣੀਆਂ ਆਪਣੀਆਂ ਰਾਜਧਾਨੀਆਂ ਬਣਾ ਲਈਆਂ। ਕਾਫੀ ਪੀੜ੍ਹੀਆਂ ਮਗਰੋਂ ਲਉ ਦੇ ਤਖ਼ਤ ਉਤੇ ਕਾਲ ਰਾਏ ਅਤੇ ਕੁਸ਼ ਦੇ ਤਖ਼ਤ ਉਤੇ ਕਾਲਕੇਤ ਰਾਜੇ ਹੋਏ। ਇਹਨਾਂ ਵੀ ਆਪਸ ਵਿੱਚ ਲੜਾਈ ਜਾਰੀ ਰੱਖੀ। ਓੜਕ ਕਾਲ ਰਾਏ ਨੇਂ ਕਾਲਕੇਤ ਨੂੰ ਪੰਜਾਬ ਵਿੱਚੋਂ ਕੱਢ ਦਿੱਤਾ। ਕਾਲਕੇਤ ਸਨੌਢ ਦੇਸ ( ਆਗਰੇ ਤੋਂ ਅਮਰਕੋਟ ਤੱਕ) ਵਿੱਚ ਜਾ ਪੁਜਾ ਅਤੇ ਉਥੋਂ ਦੇ ਰਾਜੇ ਦੀ ਲੜਕੀ ਵਿਵਾਹ ਲਈ।

ਰਾਜਕੁਮਾਰੀ ਦੀ ਕੁਖੋਂ ਸੋਢੀ ਰਾਏ ਪੈਦਾ ਹੋਇਆ। ਕਿਉਂਜੋ ਰਾਜੇ ਦਾ ਆਪਣਾ ਕੋਈ ਪੁਤ੍ਰੱਰ ਨਹੀਂ ਸੀ ਸੋ ਉਸ ਨੇਂ ਆਪਦੇ ਦੋਹਤਰੇ ਸੋਢੀ ਰਾਏ ਨੂੰ ਰਾਜਾ ਬਣਾ ਦਿੱਤਾ। ਸੋਢੀ ਰਾਏ ਦੇ ਅਗੋਂ ਦੋ ਪੁਤ੍ਰ, ਪ੍ਰਿਥੀ ਰਾਏ ਅਤੇ ਜਗਤ ਰਾਏ ਪੈਦਾ ਹੋਏ। ਪ੍ਰਿਥੀ ਰਾਏ ਅਮਰ ਕੋਟ ਦਾ ਰਾਜਾ ਬਣਿਆ ਤੇ ਜਗਤ ਰਾਏ ਅਤੇ ਸੋਢੀ ਰਾਏ ਨੇਂ ਆਪਣੇ ਵਡਿਆਂ ਦਾ ਬਦਲਾ ਲੈਣ ਲਈ ਪੰਜਾਬ ਉਤੇ ਧਾਵਾ ਕਰ ਦਿੱਤਾ। ਕਾਲ ਰਾਏ ਦਾ ਪੋਤਰਾ ਦੇਵ ਰਾਏ ਇਸ ਲੜਾਈ ਵਿਚੋਂ ਹਾਰ ਕੇ ਨਸ ਗਇਆ ਅਤੇ ਉਹ ਪੂਰਬ ਦੇਸ਼ ਵਿੱਚ ਜਾ ਕੇ ਸਰਦਾਰ ਬਣ ਗਇਆ। ਇਹਨਾਂ ਲੋਕਾਂ ਨੂੰ ਅਜਕਲ ਬਾਰਾਂ-ਬੰਕੀ ਨਵਾਬ ਗੰਜ ਦੇ ਇਰਦ ਗਿਰਦ ਠਾਕੁਰ ਆਖਦੇ ਹਨ। ਇਹਨਾਂ ਵਿੱਚੋਂ ਇੱਕ ਨੇਂ ਕਾਂਸ਼ੀ ਜੋ ਜਾਕੇ ਵੇਦਾਂ ਦਾ ਅਧਿਐਨ ਕੀਤਾ ਅਤੇ ਭਾਰੀ ਪੰਡਤ ਹੋਣ ਕਰਕੇ ਮਦਰ-ਦੇਸ਼ ਵਿੱਚ ਪੁਜ ਗਇਆ। ਇਥੇ ਸੋਢੀ ਰਾਏ ਦੇ ਖਾਨਦਾਨ ਵਿੱਚੋਂ ਮੁਲਕ ਰਾਏ ਰਾਜ ਕਰਦਾ ਸੀ। ਉਹ ਇੱਕ ਸੰਤ ਰਾਜਾ ਸੀ। ਜਦੋਂ ਉਸ ਨੇਂ ਇਹਨਾਂ ਪੰਡਤਾਂ ਕੋਲੋਂ ਵੇਦਾਂ ਦਾ ਪਾਠ ਸੁਣਿਆ ਤਾਂ ਵੈਰਾਗੀ ਹੋ ਗਇਆ ਅਤੇ ਆਪਣਾ ਰਾਜ ਬੇਦੀਆਂ ( ਵੇਦਾਂ ਨੂੰ ਜਾਣਨ ਵਾਲੇ) ਨੂੰ ਦੇ ਗਇਆ।

ਰਾਜ ਲੈਣ ਸਮੇਂ ਬੇਦੀਆਂ ਨੇ ਵੱਚਨ ਦਿੱਤਾ ਕਿ ਜਿਵੇਂ ਤਿੰਨ ਵੇਦ ਸੁਣਨ ਮਗਰੋਂ ਤੁਸਾਂ ਸਾਨੂੰ ਰਾਜ ਦਿੱਤਾ ਹੈ ਏਵੇਂ ਮੇਰੀ ਸੰਤਾਨ ਰਾਜ ਜੋਗ ਦੀ ਗਦੀ ਤੇਰੀ ਸੰਤਾਨ ਨੂੰ ਤੀਜੀ ਪੀੜ੍ਹੀ ਵਿੱਚ ਦੇਵੇਗੀ। ਸੋ ਇਸ ਕਰਮ ਹੇਤ ਗੁਰੂ

ਗੁਰੂ ਨਾਨਕ ਦੇਵ ਜੀ ਦੀ ਤੀਜੀ ਪੀੜ੍ਹੀ ਗੁਰੂ ਅਮਰਦਾਸ ਜੀ ਨੇਂ ਗੁਰੂ ਰਾਮਦਾਸ ਜੀ ਨੂੰ ਗੁਰ-ਗਦੀ ਦੇ ਕੇ ਆਪਣਾ ਭਾਰ ਉਤਾਰਿਆ।

ਸੋ ਇਹਨਾਂ ਉਪ੍ਰੋਕਤ ਗਵਾਹੀਆਂ ਤੋਂ ਇਹ ਭਲੀ ਭਾਂਤ ਸਿਧ ਹੋ ਜਾਂਦਾ ਹੈ ਕਿ ਗੁਰਿਆਈ ਪੂਰਨ ਮਰਯਾਦਾ ਅਨੁਸਾਰ ਗੁਰਿਆਈ ਦੇ ਹੱਕਦਾਰ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ, ਉਨ੍ਹਾਂ ਦੀ ਸਹਿਨਸ਼ੀਲਤਾ, ਨਿਰਮਾਣਤਾ, ਪੂਰਨ ਗੁਰਸਿੱਖੀ ਜੀਵਨ, ਕਰੜੀ ਸੇਵਾ ਅਤੇ ੩੨ ਸਾਲ ਦੀ ਘੋਰ ਤੱਪਸਿਆ ਮਗਰੋਂ ੧੬੩੧ ਬਿਕ੍ਰਮੀ ਵਿੱਚ ਦਿੱਤੀ ਗਈ।*੧*

ਹਾਂ ਜਿਹੜੀ ਵਾਰਤਾ ਬੀਬੀ ਭਾਨੀ ਦੇ ਭਾਈ ਜੇਠਾ ਜੀ ਲਈ ਗੁਰਿਆਈ ਮੰਗਣ ਨਾਲ ਜੋੜੀ ਜਾਂਦੀ ਹੈ ਉਹ ਅਸਲ ਵਿੱਚ ਭਾਈ ਜੇਠਾ ਜੀ ਨੂੰ ਸਰਬ ਪ੍ਰਕਾਰ ਲਾਇਕ ਸਮਝ ਕੇ ਗੁਰਿਆਈ ਦੇਣ ( ਮਿਲ ਚੁਕਣ ਮਗਰੋਂ) ਮਗਰੋਂ ਆਪਣੀ ਹੀ ਵੰਸ਼ ਵਿੱਚ ਰੱਖਣ ਵਾਲੀ ਮੰਗ ਨਾਲ ਜੁੜਦੀ ਹੈ। ਬੀਬੀ ਭਾਨੀ ਜੀ ਨੇਂ ਇਥੇ ਆਪਣੇ ਤ੍ਰੀਆ ਹੱਠ ਤੋਂ ਕੰਮ ਲਇਆ ਹੈ। ਹਾਲਾਂ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇਂ ਇਹ ਆਖਿਆ ਵੀ ਸੀ ਕਿ ਜੇਕਰ ਉਹ ਇਸ ਨੂੰ ਆਪਣੇ ਘਰ ਵਿੱਚ ਰੱਖੇਗੀ ਤਾਂ ਆਉਣ ਵਾਲੀ ਸੰਤਾਨ ਦੁੱਖ ਹੀ ਭੋਗਦੀ ਰਹੇਗੀ ਪਰ ਬੀਬੀ ਜੀ ਨੇਂ ਇੱਕ ਨ ਮੰਨੀਂ ਅਤੇ ਵਰ ਲੈ ਕੇ ਹੀ ਛੱਡਿਆ।*੨*।

---

*੧* ਗੁਰਮਤ ਮਾਰਤੰਡ ਕਿਰਤ ਗਿਆਨੀ ਲਾਲ ਸਿੰਘ ਸੰਗਰੂਰ
ਪੰਨਾਂ ੮੫
੨ ਅਸੂ ੧੬੩੧ ਬਿਕ੍ਰਮੀ।

*੨* ਤਵਾਰੀਖ ਗੁਰੂ ਖਾਲਸਾ ਕਿਰਤ ਗਿਆਨੀ ਗਿਆਨ ਸਿੰਘ
ਪੰਨਾਂ ੧੯੧

ਉਸ ਨੇਂ ਅਰਜ਼ ਕੀਤੀ ਜੇਹੜੀ ਗਦੀ ਗੁਰਯਾਈ ਦੀ ਤੁਸੀਂ ਮੇਰੇ ਪੱਤੀ ਸੋਢੀ ਨੂੰ ਬਖਸ਼ੀ ਹੈ ਏਹ ਹੁਣ ਸੋਢ ਬੰਸ ਮੇਰੀ ਸੰਤਾਨ ਵਿੱਚ ਹੀ ਰਹੇ। ਏਹ ਗਲ ਸੁਣ ਕੇ ਜਦਯਪਿ ਗੁਰੂ ਜੀ ਨੇਂ ਅਛੀ ਨਾ ਮੰਨੀ ਤੇ ਆਖਯਾ ਬੀਬੀ ਏਹ ਅੰਤ ਤਾਂਈ ਨਹੀਂ ਰਹੇਗੀ। ਏਹ ਮੇਵਾ ਤਾਂ ਸੇਵਾ ਦਾ ਫੂਲ ਹੈ ਤੇ ਸੇਵਕ ਨੂੰ ਹੀ ਫਬਦਾ ਹੈ ਅਤੇ ਦਾਵੇ ਵਾਲੇ ਨੂੰ ਦੁਖ ਤੇ ਕਲੇਸ ਦੇਣ ਵਾਲਾ ਹੈ। ਤੂੰ ਕੁਛ ਹੋਰ ਮੰਗ ਲੈ ਪਰ ਬੀਬੀ ਜੀ ਨੇਂ ਤਿਰੀਆ ਹਠ ਨ ਛਡਆ ਤੇ ਏਹੋ ਬਰ ਥਾਯਾ ਜਿਸਦਾ ਫਲ ਦਸਮੇਂ ਗੁਰੂ ਤਕ ੬ ਗੁਰੂ ਜੋ ਉਸ ਥੀ ਪਿਛੋਂ ਹੋਏ ਸੋ ਕਲੇਸਾਂ ਵਿੱਚ ਹੀ ਪ੍ਰਾਣ

ਬਾਕੀ ਪੰਨਾਂ੮੧

ਸੋ ਇਹ ਸਿੱਧ ਹੋ ਜਾਂਦਾ ਹੈ ਕਿ ਬੀਬੀ ਭਾਨੀ ਨੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਤੋਂ ਮਗਰੋਂ ਉਨ੍ਹਾਂ ਤੋਂ ਗੁਰਗਦੀ ਸਦਾ ਲਈ ਆਪਣੀ ਵੰਸ਼ ਵਿੱਚ ਰੱਖਣ ਦਾ ਵਰ ਮੰਗਿਆ ਸੀ ਨ ਕਿ ਆਪਣੇ ਪੋਤੀ ਲਈ ਗੁਰਗਦੀ ਮੰਗੀ ਸੀ। ਇਥੇ ਇਹ ਵੀ ਯਾਦ ਰਹੇ ਕਿ ਇਸ ਵਰ ਦੀ ਪ੍ਰਾਪਤੀ ਵਿੱਚ ਬਹੁਤਾ ਹਿਸਾ ਤ੍ਰੀਆ ਹੱਠ ਦਾ ਸੀ।

ਅਸੀਂ ਇਹ ਮੰਨਦੇ ਹਾਂ ਕਿ ਬੀਬੀ ਭਾਨੀ ਅਤੇ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਪਿੱਤਾ ਹੋਣ ਕਰਕੇ ਨਹੀਂ ਸਗੋਂ ਬਹੁਤਾ

---

<u>ਪੰਨਾਂ ੮੦ ਦੀ ਬਾਕੀ</u>

ਦਿੰਦੇ ਰਹੇ ਤੇ ਆਖ਼ਰ ਸੋਢੀਆਂ ਦੀ ਕੁਲ ਭੀ ਨ ਰਹੀ।

*੨*(ੳ) ਵਡਾ ਸੂਰਜ ਪ੍ਰਕਾਸ਼ ਅਰਥਾਤ ਸ੍ਰੀ ਗੁਰ ਪੁਰ ਪ੍ਰਕਾਸ਼ ਦਸਾਂ ਪਾਤਸ਼ਾਹੀਆਂ ਦਾ ਪੂਰਨ ਇਤਿਹਾਸ ਕਿਰਤ ਕਵਿ ਸੰਤ ਰੇਣ ਪ੍ਰੇਮ ਸਿੰਘ ਨਿਰਯਾਬ

<u>ਪੰਨਾਂ ੩੧੧</u>

ਅਬ ਦੀਨਸ ਮੁਝ ਘਰ ਬਡਿਆਈ।। ਸੋ ਕਬ ਪਰ ਕੇ ਘਰ ਨਹਿ ਜਾਈ।।
ਸੋਢੀ ਬੰਸ ਬਿਖੈ ਪਰਕਾਸਹਿ ।। ਸੁਨਹੁ ਪਿਤਾ ਜੀ ਇਹੁ ਮਮ ਆਸਹਿ।।
ਸੁਨਤ ਕ੍ਰਿਪਾਲ ਹੋਇ ਬਚ ਕਹੇ।। ਨਹਿੰ ਕਿਤ ਜਾਇ ਤੁਮਹੁ ਘਰ ਰਹੇ।।
ਤਉ ਬਿਮਲਾ ਸਲਤਾ ਜਲ ਚਲਤਾ।। ਪਾਯੋ ਬੰਧਨ ਆਗੇ ਢਲਤਾ।।
ਹੋਹਿੰ ਕਲੇਸ ਉਪੱਦ੍ਰਵ ਭਾਰੇ।। ਜਿਨ ਕੌ ਕੋ ਨ ਸਕਹਿ ਨਿਰਵਾਰੇ।।

(ਅ) ਪੰਥ ਪ੍ਰਕਾਸ਼ ਕਿਰਤ ਗਿਆਨੀ ਗਿਆਨ ਸਿੰਘ

<u>ਪੰਨਾਂ ੮੮-੮੯</u>

ਹਾਥ ਜੋੜ ਉਨ ਬਿਨੇਂ ਅਲਾਈ। ਮਮਪਤਿ ਕੋ ਜੋ ਦਈ ਗੁਰਿਆਈ।
ਸੋ ਮੇਰੀ ਸੰਤਤਿ ਮੈ ਰਹੈ।

(ੲ) ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਿਰਤ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ

<u>ਪੰਨਾਂ ੧੬੨੩</u>

ਹੇ ਪ੍ਰਭੁ ਤੁਮ ਬਖਸ਼ੀ ਗੁਰਿਆਈ। ਰਹਹਿ ਹਮਾਰੇ ਬੰਸ ਸਦਾਈ।
ਹੋਹਿ ਨ ਅਸ ਕੇ ਦਾਸ ਅਗਾਰੀ। ਕਰਿ ਸੇਵਾ ਲੇਵਹਿ ਪਦ ਭਾਰੀ।

ਇੱਕ ਗੁਰੂ ਹੋਣ ਕਰਕੇ ਕਰਿਆ ਕਰਦੇ ਸਨ। *੧*।

ਬੀਬੀ ਭਾਨੀ ਦੇ ਸ਼ਾਦੀ ਤੋਂ ਮਗਰੋਂ ਵੀ ਗੁਰੂ ਅਮਰਦਾਸ ਸਾਹਿਬ ਜੀ ਨੇਂ ਬੀਬੀ ਜੀ ਨੂੰ ਅਤੇ ਉਨ੍ਹਾਂ ਦੇ ਪੱਤੀ ਭਾਈ ਜੇਠਾ ਜੀ ਨੂੰ ਆਪਣੇ ਪਾਸ ਗੋਇੰਦਵਾਲ ਵਿਖੇ ਰੱਖਿਆ। *੨*। ਗੁਰਿਆਈ ਦੇਣ ਮਗਰੋਂ ਗੁਰੂ ਅਮਰਦਾਸ ਸਾਹਿਬ ਭਾਵੇਂ ਜਿਤਨਾਂ ਸਮਾਂ ਜੀਉਂਦੇ ਰਹੇ, ਇਹ ਸੁਭਾਗੀ ਜੋੜੀ ਗੁਰੂ ਸਾਹਿਬ ਦੀ ਸੇਵਾ ਕਰਦੀ ਹੀ ਰਹੀ। *੩*। ਸੋ ਇਸ ਵਿਚਾਰਧਾਰਾ ਅਨੁਸਾਰ ਜਦੋਂ ਬੀਬੀ ਜੀ ਨੂੰ ਗਿਆਨ

---

*੧* ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਿਰਤ ਕਵਿ ਚੂੜਾ ਮਣਿ ਭਾਈ ਸੰਤੋਖਸਿੰਘ

ਪੰਨਾਂ ੧੬੧੩

ਨਿਸਬਾਸਰ ਮੈਂ ਰਹਿਤ ਬਿਸੁਰਤ। ਅਹੋ ਆਪਪ੍ਰਮੇਸੁਰ ਮੂਰਤਿ।
ਸਫਲ ਨੇਤ੍ਰ ਜੋ ਦਰਸੁਨ ਕਰੇ। ਹਾਥ ਸਫਲ ਟਹਿਲ ਜੁ ਅਨੁਸਰੇ।
ਰਿਦਾ ਸਫਲ ਜਿਸ ਮਹਿਂ ਤੁਮ ਬਾਸੋ। ਚਰਨ ਸਫਲ ਤੁਮ ਹਿਤ ਚਲਿ ਜਾਸੋ।

(ੳ) ਗੁਰੂ ਖਾਲਸਾ ਜੀ ਦੀ ਤਵਾਰੀਖ ਸ੍ਰੀ ਸੋਢੀ ਚਮਤਕਾਰ ਕਿਰਤ ਗਿਆਨੀ ਗਿਆਨ ਸਿੰਘ ਤੇ ਗਿਆਨੀ ਪ੍ਰਤਾਪ ਸਿੰਘ

ਪੰਨਾਂ ੨-੩

......ਬੀਬੀ ਭਾਨੀ ਜੋ ਗੁਰਗਦੀ ਤੇ ਪੂਰਨ ਵਿਸ਼ਵਾਸ਼ ਰੱਖਦੀ ਸੀ।

*੨* ਤਵਾਰੀਖ ਗੁਰੂ ਖਾਲਸਾ ਕਿਰਤ ਗਿਆਨੀ ਗਿਆਨ ਸਿੰਘ

ਪੰਨਾਂ ੧੮੬

....ਇੱਕ ਵਖਰੇ ਮਕਾਨ ਵਿੱਚ ਗੋਇੰਦਵਾਲ ਹੀ ਰਖਿਆ। ਇਥੇ ਹੀ ਗੁਰੂ ਸਾਹਿਬ ਦੇ ਤਿੰਨ ਬੱਚੇ ਪੈਦਾ ਹੋਏ।

*੩* ਪੰਥ ਪ੍ਰਕਾਸ਼ ਕਿਰਤ ਗਿਆਨੀ ਗਿਆਨ ਸਿੰਘ

ਪੰਨਾਂ ੮੮- ੮੯

ਸੰਮਤ ਸੋਲਾ ਸਹਿ ਸਤਾਈ। ਰਾਮਦਾਸ ਕੋ ਮਿਲੀ ਗੁਰਾਈ।
ਫਿਰ ਭੀ ਦੰਪਤਿ ਸਰਧਾ ਧਾਰੇ। ਸੇਵਾ ਕਰਤੇ ਰਹੇ ਅਪਾਰੇ।

(ੳ) HISTORY OF THE SIKHS Translation of the SIKHAN DI RAJ DI VITHIA By HENRY COURT.

P.19 ..... and as all the other disciples and attendants were doing service to the Guru, she also, regarding him as the true Guru, began to perform his service and do attendance.

ਕਰਵਾ ਦਿੱਤਾ ਗਇਆ ਕਿ ਜੇਕਰ ਉਨ੍ਹਾਂ ਨੇਂ ਗੁਰਿਆਈ ਆਪਣੇ ਘਰ ਰੱਖੀ, ਤਾਂ ਉਨ੍ਹਾਂ ਦੀ ਆਉਣ ਵਾਲੀ ਸੰਤਾਨ ਘਣੇ ਦੁੱਖਾਂ ਦੀ ਭਾਗੀ ਹੋਵੇਗੀ, ਤਾਂ ਬੀਬੀ ਜੀ ਨੇਂ, ਗੁਰਗਦੀ ਉਤੇ ਪੂਰਨ ਭਰੋਸਾ ਰੱਖਦਿਆਂ ਹੋਇਆਂ, ਆਪਣੇ ਮੰਨ ਵਿੱਚ, ਪੱਕਾ ਇਰਾਦਾ ਕਰ ਲਇਆ ਕਿ ਆਉਣ ਵਾਲੇ ਘੱਲੂਘਾਰਿਆਂ ਦੇ ਸਮੇਂ ਦਾ ਉਨ੍ਹਾਂ ਦੀ ਆਪਣੀ ਸੰਤਾਨ ਤੋਂ ਵੱਧ ਕੋਈ ਹੋਰ ਵਿਅਕਤੀ ਸਾਹਮਣਾ ਨਹੀਂ ਕਰ ਸਕੇਗੀ। ਇਹ, ਕੋਈ ਵਡੀ ਗਲ ਨਹੀਂ ਸੀ ਕਿ ਕੋਈ ਹੋਰ ਵਿਅਕਤੀ ਸਮੇਂ ਦੇ ਕੌੜੇ ਵਾਰ ਨੂੰ, ਬੀਬੀ ਭਾਨੀ ਦੀ ਸੰਤਾਨ ਵਾਂਗ ਨ ਝਲ ਸਕਦੀ ਅਤੇ ਗੁਰੂ ਨਾਨਕ ਦਾ ਲਾਇਆ ਹੋਇਆ ਬੂਟਾ ਸੁਕ ਜਾਂਦਾ। ਬੀਬੀ ਭਾਨੀ ਦੇ ਇਸ ਉਪ੍ਰੋਕਤ ਵਰ ਪ੍ਰਾਪਤੀ ਪਿਛੇ ਜੋ ਰੁਚੀ ਕੰਮ ਕਰ ਰਹੀ ਸੀ ਉਸ ਦੀ ਗਵਾਹੀ, ਭਾਈ ਗੁਰਦਾਸ ਦੀਆਂ ਵਾਰਾਂ ਤੋਂ ਵੀ ਪ੍ਰਾਪਤ ਹੁੰਦੀ ਹੈ। *੧*।

ਹੁਣ ਤੱਕ ਅਸੀਂ ਵੱਖਰੀਆਂ ਵੱਖਰੀਆਂ ਪੁਸਤਕਾਂ ਵਿੱਚੋਂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਧਾਰਨ ਤੋਂ ਜੋਤੀ ਜੋਤ ਸਮਾਉਣ ਸਮੇਂ ਤੱਕ ਕਈ ਵੱਖੋ ਵੱਖਰੀਆਂ ਤਾਰੀਖਾਂ ਵੇਖਦੇ ਆ ਰਹੇ ਹਾਂ। ਹੋ ਚੁਕੇ ਵਿਸ਼ਲੇਸ਼ਣ ਅਤੇ ਕੁਝ ਹੋਰ ਅਸਲੀਅਤਾਂ ਨੂੰ ਸਾਹਮਣੇ ਰੱਖ ਕੇ ਸਾਨੂੰ ਇਸ ਦਾ ਨਿਰਣਾ ਵੀ ਕਰ ਹੀ ਲੈਣਾ ਚਾਹੀਦਾ ਹੈ। ਜੇ ਇਹਨਾਂ ਭੁਲੇਖਿਆਂ ਨੂੰ ਦੂਰ ਨ ਕੀਤਾ ਗਇਆ ਤਾਂ ਹੋ ਸਕਦਾ ਹੈ ਕਿ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਵਿਅਕਤਿਤਵ ਅਤੇ ਕਰਤਵ ਗੂਹਿਣੇ ਹੀ ਰਹਿ ਜਾਣ। ਜਿਥੋਂ ਤੱਕ ਵੀ ਹੋ ਸਕੇ ਇਸ ਸੱਚ ਦੇ ਪਾਂਧੀ ਦੀ ਸਾਡੇ ਧਿਆਨ ਵਿੱਚ ਸਹੀ ਮੂਰਤ ਹੋਣੀ ਚਾਹੀਦੀ ਹੈ। ਸਿੱਖ ਮੱਤ ਜਿਥੇ ਬੁਤ ਪੂਜਾ ਦੇ ਖਿਲਾਫ਼ ਹੈ ਉਥੇ ਵਿਚਾਰਾਂ ਦੀ ਮੂਰਤ ਦੀ ਪੂਜਾ ਕਰਦਾ ਹੈ। ਇਹੋ ਹੀ ਅਸਲ ਪੂਜਾ ਹੈ। ਇਸੇ ਪੂਜਾ ਅਨੁਸਾਰ ਮਨੁੱਖ ਪੂਜੇ ਜਾ ਰਹੇ ਵਿਚਾਰਾਂ ਦਾ ਧਾਰਨੀ ਹੋ ਜਾਂਦਾ ਹੈ। ਉਹ ਪੂਜਾ ਕਰਦਾ ਕਰਦਾ ਆਪ ਹੀ ਪੂਜਾ ਵਿੱਚ ਖੋਹ ਜਾਂਦਾ ਹੈ। ਬਾਹਰਲੇ ਵਿਚਾਰ ਉਸਦੇ ਅੰਦਰ ਸਮਾ ਜਾਂਦੇ ਹਨ। ਇਸ ਪੜਾ ਉਤੇ ਪੁਜ ਕੇ ਮਨੁੱਖ ਵਿਚਾਰਾਂ ਦੀ ਪੂਜਾ ਦੀ ਥਾਂ ਵਿਚਾਰਾਂ ਦਾ ਧਾਰਨੀ ਬਣ ਜਾਂਦਾ ਹੈ। ਜਦੋਂ ਮਨੁੱਖ ਇਸ ਤਰ੍ਹਾਂ ਕਰਮ ਸ਼ੀਲ ਹੁੰਦਾ ਹੈ ਤਾਂ ਭੂਤ ਵਿਅਕਤੀ ਦਾ ਕਾਰਜ ਸੰਪੂਰਨ ਹੋ ਜਾਂਦਾ

---

*੧* ਵਾਰਾਂ ਭਾਈ ਗੁਰਦਾਸ ਜੀ ਵਾਰ ਨੰ: 27

ਅਜੌਰ ਵਸਤੁ ਨ ਜਰਿਆ ਜਾਈ।

ਅਤੇ ਓਹ ਮੁੜ ਉਜਾਗਰ ਹੋ ਜਾਂਦੀ ਹੈ।

ਦੋਨਾਂ ਪ੍ਰਾਪਤ ਗੁਰ-ਪ੍ਰਣਾਲੀਆਂ ਵਿੱਚੋਂ ਸਾਨੂੰ ਜਨਮ ਦੀ ਮਿੱਤੀ ਸੰਮਤ ੧੫੮੭ ਬਿਕ੍ਰਮੀ, ਕਤਕ ਵੱਧੀ ੨ ਅਤੇ ਜੋਤੀ ਜੋਤ ਸਮਾਉਣ ਦੀ ਸੰਮਤ ੧੬੩੮ ਬਿਕ੍ਰਮੀ, ਭਾਦਰੋਂ ਸੁਧੀ ਤੀਜ ਹੈ। ਗੁਰਿਆਈ ਦਾ ਸਾਰਾ ਸਮਾਂ ੬ ਸਾਲ ੧੧ ਮਹੀਨੇਂ ੧੮ ਦਿੰਨ ਹੈ।*੧*। ਇਥੇ ਇਹ ਸਿਧ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਨੂੰ ਗੁਰਗਦੀ ੧੬੩੧ ਤੋਂ ਪਹਿਲਾਂ ਕਿਸੇ ਹਾਲਤ ਵਿੱਚ ਨਹੀਂ ਮਿਲੀ। ਇਸ ਦੀ ਪ੍ਰੋੜ੍ਹਤਾ ਵਿੱਚ ਅਸੀਂ ਗਿਆਨੀ ਲਾਲ ਸਿੰਘ ਜੀ ਸੰਗਰੂਰ ਦੇ ਗੁਰਮਤ ਮਾਰਤੰਡ ਦੇ ਪੰਨਾਂ ੮੫ ਤੋਂ ਹਵਾਲਾ ਦੇ ਚੁਕੇ ਹਾਂ ਅਤੇ ਹੁਣ ਫਿਰ ਉਸ ਨੂੰ ਫੁਟ ਨੋਟ ਵਿੱਚ ਦਰਜ ਕਰਨਾਂ ਅਜਾਈਂ ਹੈ।

ਪਰ ਹੱਥ ਲਿਖਤਾਂ ਦੇ ਆਲੋਚਨਾਤਮਕ ਅਤੇ ਡੂੰਘੇ ਅਧਿਐਨ ਮਗਰੋਂ ਗੁਰ-ਪ੍ਰਣਾਲੀ ਨੰ:੩੮੮ ਵਿੱਚੋਂ ਇਹ ਵੇਰਵਾ ਮਿਲਦਾ ਹੈ ਕਿ ਗੁਰੂ ਅਮਰਦਾਸ ਸਾਹਿਬ ਦੀ ਗੁਰੂ ਰਾਮਦਾਸ ਸਾਹਿਬ ਨੇਂ ੨੮ ਵਰਸ੍ਹ ਸੇਵਾ ਕੀਤੀ ਅਤੇ ੧੫੯੯ ਬਿਕ੍ਰਮੀ ਵਿੱਚ ਬੀਬੀ ਭਾਨੀ ਜੀ ਨਾਲ ਆਪ ਜੀ ਦੀ ਸ਼ਾਦੀ ਹੋਈ।*੨*। ਗੁਰੂ ਰਾਮਦਾਸ ਸਾਹਿਬ ਨੇਂ ਗੁਰੂ ਅਮਰਦਾਸ ਸਾਹਿਬ ਦੀ ਜੋ ਵੀ ਸੇਵਾ ਕੀਤੀ ਉਹ ਗੁਰਿਆਈ ਮਿਲਣ ਤੋਂ ਪਹਿਲਾਂ ਦੀ ਹੀ ਹੈ। ਕਿਉਂ ਜੋ ਗੁਰਿਆਈ ਮਿਲਣ ਤੋਂ ਮਗਰੋਂ ਤਾਂ ਆਪ ਜੀ ਨੂੰ ਕੋਈ ਅਜਿਹਾ ਸਮਾਂ ਪ੍ਰਾਪਤ ਹੀ ਨਹੀਂ ਹੋ ਸਕਿਆ ਕਿ ਜਿਸ ਵਿੱਚ ਉਹ ਤੀਜੇ ਪਾਤਸ਼ਾਹ ਦੀ ਸੇਵਾ ਕਰ ਸਕਦੇ। ਇਹ ਵਿਚਾਰ ਪਿਛਲੇ ਪੰਨਿਆਂ ਵਿੱਚ ਭਲੀ ਪ੍ਰਕਾਰ ਬਿਆਨ ਕੀਤਾ ਜਾ ਚੁਕਾ ਹੈ।

ਇਸੇ ਹੀ ਗੁ-ਪ੍ਰਣਾਲੀ ਨੰ:੩੮੮ ਅਤੇ ਹੋਰ ਗਵਾਹੀਆਂ ਤੋਂ ਇਹ ਪਹਿਲਾਂ ਹੀ ਸਿਧ ਹੋ ਚੁਕਾ ਹੈ ਕਿ ਆਪ ਜੀ ਦਾ ਜਨਮ ੧੫੮੭ ਬਿਕ੍ਰਮੀ, ਵਿਵਾਹ ੧੫੯੯ ਬਿਕ੍ਰਮੀ, ਗੁਰਗਦੀ ੧੬੩੧ ਬਿਕ੍ਰਮੀ ਅਤੇ ਜੋਤੀ ਜੋਤ ਸਮਾਉਣਾ ੧੬੩੮ ਬਿਕ੍ਰਮੀ ਹੈ।

---

*੧* ਗੁਰ-ਪ੍ਰਣਾਲੀ ਨੰ: ੯੬ ਪੰਜਾਬ ਯੂਨੀਵਰਸਟੀ ਲਾਇਬਰੇਰੀ ੬ਸਾਲ,੧੧ ਮਹੀਨੇਂ ੧੮ਦਿੰਨ

" " "੩੮੮ " " "੬ ਸਾਲ-੧੧ਮਹੀਨੇਂ-੧੮ਦਿੰਨ

*੨* " " "੩੮੮ " " "

ਪੰਨਾਂ ੩-੪

ਸੰਮਤ ੧੫੯੯ ਫਗਣ ੧੬ ਬੀਬੀ ਭਾਨੀ ਕਾ ਬਿਵਾਹ ਭਯਾ।

....ਅਠਾਈ ਬਰਸ ਟਹਿਲ ਗੁਰੂ ਜੀ ਕੀ ਕੀਤੀ।

ਗੁਰ-ਪ੍ਰਣਾਲ ਨੰ:੩੮੮ ਦੇ ਆਧਾਰ ਉਤੇ

ਜੇ ਅਸੀਂ ਇਹ ਮੰਨ ਲਈਏ ਕਿ ਗੁਰੂ ਰਾਮਦਾਸ ਸਾਹਿਬ ਨੇਂ ਗੁਰੂ ਅਮਰਦਾਸ ਸਾਹਿਬ ਦੀ ੨੮ ਸਾਲ ਸੇਵਾ ਕੀਤੀ ਤਾਂ ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਆਪ ਜੀ ਨੂੰ ਗੁਰਗਦੀ ੧੬੨੭ ਬਿਕ੍ਰਮੀ ਵਿੱਚ ਪ੍ਰਾਪਤ ਹੋਈ ਅਤੇ ੬ ਸਾਲ-੧੧ ਮਹੀਨੇਂ - ੧੮ ਦਿੰਨ ਦੇ ਗੁਰਿਆਈ ਕਾਲ ਤੋਂ ਮਗਰੋਂ ਆਪ ਜੀ ੧੬੩੪ ਬਿਕ੍ਰਮੀ ਵਿੱਚ ਜੋਤੀ ਜੋਤ ਸਮਾ ਗਏ, ਜੋ ਬਿਲਕੁਲ ਗਲਤ ਲਗਦਾ ਹੈ।

ਸੋ ਪ੍ਰਾਪਤ ਅੰਕੜਿਆਂ ਤੋਂ ਇਹ ਸਿਧ ਹੁੰਦਾ ਹੈ ਕਿ ਗੁਰੂ ਰਾਮਦਾਸ ਸਾਹਿਬ ਨੇਂ ਗੁਰੂ ਅਮਰਦਾਸ ਸਾਹਿਬ ਦੀ ੩੨ ਸਾਲ ਸੇਵਾ ਕੀਤੀ ਨ ਕਿ ੨੮ ਸਾਲ।

ਗੁਰੂ ਰਾਮਦਾਸ ਸਾਹਿਬ ਜੀ ਦੀ ਸ਼ੁਖਸੀਅਤ ਦਾ ਜਾਇਜ਼ਾ ਲੈਣ ਲਈ ਸਾਨੂੰ ਉਨ੍ਹਾਂ ਦਾ ਜੀਵਨ ਤਿੰਨ ਪੜਾਵਾਂ ਵਿੱਚ ਵੰਡਣਾ ਪਵੇਗਾ। ਜਿਵੇਂ ਕਿ ਪਹਿਲੇ ੧੦ ਸਾਲ ਲਾਹੌਰ ਅਤੇ ਬਾਸਰਕੇ ਵਿੱਖੇ, ਉਸ ਤੋਂ ਮਗਰੋਂ ੧੬੩੧ ਬਿਕ੍ਰਮੀ ਸੰਮਤ ਤੱਕ ਗੁਰੂ ਘਰ ਵਿੱਚ ਸੇਵਕ ਅਤੇ ਜਵਾਈ ਦੇ ਰੂਪ ਵਿੱਚ ਅਤੇ ੧੬੩੧ ਬਿਕ੍ਰਮੀ ਸੰਮਤ ਤੋਂ ੧੬੩੮ ਬਿਕ੍ਰਮੀ ਸੰਮਤ ਤੱਕ ਚੌਥੇ ਨਾਨਕ ਦੇ ਰੂਪ ਵਿੱਚ।

"ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ"

ਆਪ ਜੀ ਦੇ ਜੀਵਨ ਦੇ ਪਹਿਲੇ ਪੜਾ ਬਾਰੇ ਵਿਚਾਰ ਹੈ ਕਿ ਆਪ ਜੀ ਬੜੇ ਕੋਮਲ ਚਿੱਤ, ਮਿੱਠ ਬੋਲੇ, ਵੱਡਿਆਂ ਦਾ ਆਦਰ ਮਾਣ ਕਰਨ ਵਾਲੇ ਅਤੇ ਨਿਰਹੰਕਾਰ ਅਤੇ ਸੰਤ ਸੇਵੀ ਗੁਣਾ ਦੇ ਮਾਲਕ ਸਨ।*੧*।

ਜ਼ਿੰਦਗੀ ਦੇ ਦੂਜੇ ਪੜਾ ਉਤੇ ਜਦ ਆਪ ਜੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ ਤਾਂ ਦਸਿਆ ਜਾਂਦਾ ਹੈ ਕਿ ਆਪ ਜੀ ਬੜੇ ਸਡੌਲ ਅਤੇ ਸੁੰਦਰ ਸਰੀਰ ਅਤੇ ਸੁਹਣੀ ਤੱਕਣੀ ਦੇ ਮਾਲਕ ਸਨ। ਗੁਰੂ ਅਮਰਦਾਸ ਸਾਹਿਬ ਆਪ ਜੀ ਦਾ ਧਾਰਮਕ ਝੁਕਾ ਅਤੇ ਸਰੀਰਕ ਸੁੰਦਰਤਾ ਵੇਖ ਕੇ ਬੜੇ ਪ੍ਰਸੰਨ

---

*੧* ਤਵਾਰੀਖ ਗੁਰੂ ਖਾਲਸਾ ਕਿਰਤ ਗਿਆਨੀ ਗਿਆਨ ਸਿੰਘ

ਪੰਨਾਂ ੧੮੬-੮੭

......ਬੜੇ ਕੋਮਲ ਚਿਤ, ਮਿਠ ਬੋਲੇ, ਵਡਿਆਂ ਦਾ ਅਦਬ ਰਖਦੇ, ਉਦਾਰ, ਨਿਰਹੰਕਾਰ ਸੰਤ ਸੇਵੀ, ਸੀਲ ਸੁਭਾਵ ਆਦਿਕ ਚੰਗੇ ਗੁਣਾ ਦੇ ਮਾਲਕ ਸਨ।

ਅਤੇ ਪ੍ਰਭਾਵਿਤ ਹੋਏ। *੧*

ਇਸ ਤੋਂ ਮਗਰੋਂ ਆਪ ਜੀ ਦੇ ਜੀਵਨ ਨੂੰ ਇੱਕ ਸੇਧ ਮਿਲੀ। ਮਾਨਸਕ ਤੌਰ ਉਤੇ ਆਪ ਜੀ ਦਾ ਝੁਕਾ ਕੁਝ ਪਹਿਲਾਂ ਹੀ ਧਾਰਮਕ ਲੀਹਾਂ ਉਤੇ ਸੀ। ਸੋ ਤਰਸਦੇ ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ। ਆਪ ਜੀ ਗੁਰੂ ਸਾਹਿਬ ਦੀ ਤਨੋਂ ਮਨੋਂ ਹੋ ਕੇ ਸੇਵਾ ਕਰਦੇ ਰਹੇ। ਗੁਰੂ ਘਰ ਵਿੱਚ ਆਏ ਗਏ ਸਾਧ ਸੰਗਤ ਦੀ ਸੇਵਾ ਕਰਦੇ ਅਤੇ ਹਰ ਸਮੇਂ ਗੁਰੂ ਸਾਹਿਬ ਦੇ ਬੱਚਨਾਂ ਦਾ ਪਾਲਨ ਕਰਨ ਦੀ ਕੋਸ਼ਿਸ਼ ਕਰਦੇ ਸਨ। ਹੋਣਹਾਰੇ ਅਤੇ ਪ੍ਰਤਿਭਾ-ਸ਼ਾਲੀ ਭਾਈ ਜੇਠਾ ਨੇਂ ਆਪਣੇ ਘਰ ਵਿੱਚ ਪੀਹਲਾਂ ਬਾਲਕ ਹੋਣ ਦੇ ਨਾਲ ਨਾਲੇ ਗੁਰੂ ਦੀ ਸੇਵਾ ਦੀਆਂ ਉਚਿਆਈਆਂ ਨੂੰ ਛੁਹਣ ਵਿੱਚ ਵੀ ਪਹਿਲ ਕੀਤੀ। ਇਸੇ ਸਮੇਂ ਆਪ ਜੀ ਨੂੰ ਸਿਖ ਧਰਮ ਦੇ ਅਸੂਲਾਂ ਦੀ ਵਿਆਖਿਆ ਅਤੇ ਬ੍ਰਾਹਮਣਾ ਵਲੋਂ ਲਾਏ ਗਏ ਦੋਸ਼ਾਂ ਦਾ ਉਤਰ ਦੇਣ ਲਈ ਅਕਬੱਰ ਦੇ ਦਰਬਾਰ ਵਿੱਚ ਵੀ ਭੇਜਿਆ ਗਇਆ, ਜਿਥੇ ਕਿ ਆਪ ਜੀ ਨੂੰ ਪੂਰਨ ਸਫਲਤਾ ਪ੍ਰਾਪਤੀ ਹੋਈ। ਇਹਨਾਂ ੜ੨ ਸਾਲਾਂ ਵਿੱਚ ਵਾਚਿਆ ਗਇਆ ਹੈ ਕਿ ਆਪ ਜੀ ਬੜੇ ਨੇਕ ਅਤੇ ਸ਼ਾਂਤ ਸੁਭਾ ਦੇ ਮਾਲਕ ਸਨ। *੨*

---

*1* THE SIKH RELIGION Vol. I-II By MAX ARTHUR MACAULIFFE

Vâll II. Page 89

Jetha on arriving in Goindwal, prostrated himself before the Guru, who was much impressed with his devotion and handsome exterior.

(A) SRI GURU GRANTH SAHIB ENGLISH VERSION VOL.I By Dr. GOPAL SINGH DARDI

P.XLI. Introduction.

Finding him young handsome and ~~also~~ obedient, the Guru married his eldest daughter, Bibi Bhani to him,..........

(B) HISTORY OF THE SIKHS BY S.M.LATIF.

Pp.251-52

He was a handsome youth and Bhani the daughter of AmarDas seeing him became enamoured of him.

*2* THE SIKHS By JOHN CLARK ARCHER

P. 141

Ram Das was pious, peaceful man who filled the office acceptably,.........

ਆਪ ਜੀ ਦੇ ਸ਼ਾਂਤ ਸੁਭਾ ਦੇ ਕਈ ਕੌਤਕ ਆਪ ਜੀ ਦੀ ਗੁਰਤਾ ਸਮੇਂ ਦੇ ਵੀ ਮਿਲਦੇ ਹਨ। ਆਪ

" ਜਿਨ੍ਹਾਂ ਤੱਕੀਆ ਰੱਬ ਦਾ ਤਿਨ੍ਹਾਂ ਰਿਜ਼ਕ ਹਮੇਸ਼ "

ਵਾਂਙ ਕਦੀ ਕੁਝ ਜੋੜਿਆ ਨਹੀਂ ਕਰਦੇ ਸਨ। ਹਰ ਰੋਜ਼ ਲੰਗਰ ਨਵੀਂ ਆਈ ਰਸਦ ਨਾਲ ਹੀ ਤਿਆਰ ਕੀਤਾ ਜਾਂਦਾ ਸੀ। ਇੱਕ ਸਮੇਂ ਅਕਬੱਰ ਨੇਂ ਆਪ ਜੀ ਨੂੰ ੧੦੧ ਅਸ਼ਰਫ਼ੀਆਂ ਭੇਟ ਕੀਤੀਆਂ ਜਿਸ ਨੂੰ ਆਪ ਨੇਂ ਗਰੀਬਾਂ ਅਤੇ ਮੁਹਤਾਜਾਂ ਵਿੱਚ ਵੰਡਣ ਲਈ ਭੇਜ ਦਿੱਤਾ। *੧*।

ਇਹਨਾਂ ਸਾਰੀਆਂ ਘੱਟਨਾਵਾਂ ਦੀ ਗਵਾਹੀ ਤੋਂ ਅਤੇ ਆਪ ਜੀ ਦੇ ਜੀਵਨ ਉਤੇ ਝਾਤ ਮਾਰਿਆਂ ਅਤੇ ਆਪ ਜੀ ਦੀ ਬਾਣੀ ਦਾ ਅਧਿਐਨ ਕਰਨ ਨਾਲ ਸਾਨੂੰ ਪੱਤਾ ਲਗਦਾ ਹੈ ਕਿ ਆਪ ਜੀ ਇੱਕ ਮਹਾਨ ਸ਼ਖਸੀਅਤ ਦੇ ਮਾਲਕ ਸਨ।

---

*੧* ਤਵਾਰੀਖ ਗੁਰੂ ਖ਼ਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ
ਪੰਨਾਂ ੧੮੭-੮੮

..... ਜਦ ਅਕਬਰ ਬਾਦਸ਼ਾਹ ਕਾਬਲ ਦੀ ਤਰਫ਼ੋਂ ਏਨ੍ਹਾਂ ਦੀ ਮਹਿਮਾ ਸੁਣ ਕੇ ਦਰਸ਼ਨ ਨੂੰ ਆਇਆ ਤੇ ੧੦੧ ਅਸ਼ਰ੍ਫ਼ੀ ਭੇਟਾ ਰਖੀ ਪ੍ਰਿਥੀ ਚੰਦ ਚੁਕਣ ਲਗਾ ਸੀ ਪਰ ਗੁਰੂ ਜੀ ਦੇ ਇਸ਼ਾਰੇ ਨਾਲ ਗੁਰੂ ਅਰਜਨ ਜੀ ਨੇਂ ਸ਼ੀਘਰ ਉਠਾ ਕੇ ਕਰਕੇ ਗਰੀਬਾਂ ਮੁਹਤਾਜਾਂ ਨੂੰ ਵੰਡ ਦਿਤੀਆਂ।

# CHAPTER IV

## As a leader of the Community.

His accession, contributions, influences.

## ਅਧਿਆਏ ਚੌਥਾ

### ਸੰਪਰਦਾਇਕ ਮੁਖੀਆ।

ਗੁਰਗਦੀ ਪ੍ਰਾਪਤੀ, ਦੇਣ, ਪ੍ਰਭਾਵ।

---

### ਗੁਰਗਦੀ ਪ੍ਰਾਪਤੀ।

ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ॥
ਬੈਠਾ ਸੋਢੀ ਪਾਤਸ਼ਾਹੁ ਰਾਮਦਾਸੁ ਸਤਿਗੁਰੂ ਕਹਾਵੈ॥

ਭਾਈ ਗੁਰਦਾਸ

ਅਸੀਂ ਪਿਛਲੇਰੇ ਪੰਨਿਆਂ ਵਿੱਚ ਬਿਆਨ ਕਰ ਚੁੱਕੇ ਹਾਂ ਕਿ ਆਪ ਜੀ ( ਸਾਹਿਬ ਸ੍ਰੀ ਗੁਰੂ ਰਾਮਦਾਸ ਜੀ) ਨੂੰ ਗੁਰਗਦੀ ੩੨ ਸਾਲ ਦੀ ਮਹਾਨ ਘਾਲਨਾਂ ਮਗਰੋਂ ਪ੍ਰਾਪਤ ਹੋਈ ਸੀ। ਅਤੇ ਉਹ ਵੀ ਉਸ ਸਮੇਂ ਜਦ ਕਿ ਆਪ ਜੀ ਦੀ ਆਯੂ ਖ਼ਤਮ ਹੋ ਚਲੀ ਸੀ। ਛੋਟੀ ਉਮਰ ਤੋਂ ਹੀ ਆਪ ਜੀ ਦੁਖਾਂ ਅਤੇ ਤਕਲੀਫਾਂ ਦੀ ਭੱਠੀ ਵਿੱਚ ਝੋਕੇ ਗਏ ਸਨ। ਸੁਖ ਦੇ ਆਪ ਜੀ ਨੇਂ ਕੇਵਲ ੭ ਕੁ ਸਾਲ ਹੀ ਲੰਘਾਏ ਸਨ। ਉਹ ਵੀ ਆਪ ਜੀ ਨੂੰ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇਂ ਸੇਵਾ ਦੇ ਫ਼ਲ ਵਜੋਂ ਹੀ ਬਖਸ਼ੇ ਸਨ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਪਿਛਲੇਰੇ ੭ ਕੁ ਸਾਲ ਅਸਲੋਂ ਸੁਖਾਂ ਲਈ ਨਹੀਂ ਸਨ ਮਿਲੇ ਇਹ ਉਮਰਾ ਤਾਂ ਆਪ ਜੀ ਨੂੰ ਗੁਰਤਾ ਦਾ ਵਡਾ ਭਾਰ

ਅਜਰ ਵਸਤੁ ਨ ਜਰਿਆ ਜਾਈ।

ਭਾਈ ਗੁਰਦਾਸ

ਚੁਕਣ ਲਈ ਹੀ ਮਿਲੇ ਸਨ। ਸੋ ਇਸ ਵਿਸ਼ਲੇਸ਼ਣ ਤੋਂ ਇਹੋ ਸਾਬਤ ਹੁੰਦਾ ਹੈ ਕਿ ਬੱਚਪਨ ਤੋਂ ਜਵਾਨੀ ਅਤੇ ਬੁਢੇਪੇ ਤੱਕ ਆਪ ਜੀ ਮਨੁੱਖਤਾ ਦੀ ਸੇਵਾ ਵਿੱਚ ਹੀ ਜੁੱਟੇ ਰਹੇ।

ਆਪ ਜੀ ਚੂਨਾ ਮੰਡੀ, ਲਾਹੌਰ ਦੇ ਰਹਿਣ ਵਾਲੇ ਸਨ। ਕਿਉਂਕਿ ਆਪ ਜੀ ਯਤੀਮ ਹੋ ਚੁਕੇ ਸਨ ਜਿਸ ਕਾਰਨ ਹਜ਼ੂਰ ਨੂੰ ਆਪਣੇ ਨਾਨਕੇ ਘਰ ਜਾਣਾ ਪਇਆ। ( ਨਾਨਕੇ ਘਰ ਆਉਣ ਅਤੇ ਦਾਦਕੇ ਘਰ ਨ ਜਾਣ ਦੇ ਕਾਰਨਾਂ ਬਾਰੇ ਪਹਿਲਾਂ ਵਿਸਤਾਰ ਪੂਰਬਕ ਵਿਚਾਰ ਹੋ ਚੁਕੀ ਹੈ। ਜਿਸਦਾ ਮੁੜ ਅੰਕਿਤ ਕਰਨਾਂ ਸੋਭਦਾ ਨਹੀਂ)। ਇਧਰ ਨਾਨਕੇ ਵੀ ਕੋਈ ਅਮੀਰ ਨਹੀਂ ਸਨ। ਹੋ ਸਕਦਾ ਹੈ ਕਿ ਆਪ ਜੀ ਨੇਂ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਵਿੱਚ ਹਾਜ਼ਰ ਹੋਣ ਤੋਂ ਪਹਿਲਾਂ ਆਪਣੇ ਨਾਨਕੇ ਘਰ ਦੇ ਆਰਥਕ ਮੰਦਵਾੜੇ ਦਾ ਸਾਹਮਣਾ ਕਰਨ ਲਈ, ਕੁਝ ਸਮਾਂ ਘੁੰਗਣੀਆਂ ਵੇਚ ਕੇ ਗੁਜ਼ਾਰਾ ਕੀਤਾ ਹੋਵੇ। ਪਰ ਇਹ ਅਸੀਂ ਸਪੱਸ਼ਟ ਤੌਰ ਉਤੇ ਕਹਿ ਚੁਕੇ ਹਾਂ ਕਿ ਸਾਨੂੰ ਕਿਧਰਿਉਂ ਵੀ ਕੋਈ ਅਜਿਹੀ ਪੱਕੀ ਗਵਾਹੀ ਪ੍ਰਾਪਤ ਨਹੀਂ ਹੁੰਦੀ, ਜਿਸਤੋਂ ਇਹ ਸਾਬਤ ਹੋ ਸਕੇ ਕਿ ਆਪ ਜੀ ਬਹੁਤਾ ਸਮਾਂ ਘੁੰਗਣੀਆਂ ਹੀ ਵੇਚਦੇ ਰਹੇ। ਅਤੇ ਘੁੰਗਣੀਆਂ ਦੀ ਉਸ ਕਮਾਈ ਨਾਲ ਆਪ ਜੀ ਆਪਣਾ ਅਤੇ ਆਪਣੇ ਨਾਨਕੇ ਪ੍ਰਵਾਰ ਦਾ ਪੇਟ ਪਾਲਦੇ ਰਹੇ। ਅਸੀਂ ਸੁਣੀਆਂ ਸੁਣਾਈਆਂ ਗਲਾਂ ਨਾਲ ਅਜਿਹੀ ਵਿਧੀ ਅਪਣਾ ਕੇ ਆਪਣਾ " ਮਨ ਨਹੀਂ ਬਣਾ ਸਕਦੇ। ਅਤੇ ਇਹਨਾਂ ਕੱਚਿਆਂ ਵਿਚਾਰਾਂ ਨਾਲ ਅਜਿਹੀ ਮਹਾਨ ਹਸਤੀ ਬਾਰੇ ਕੋਈ ਦ੍ਰਿੜਤਾ ਭਰੀ ਅਤੇ ਪਰਪਕ ਵਿਚਾਰਧਾਰਾ ਕਾਇਮ ਨਹੀਂ ਕਰ ਸਕਦੇ।

ਸੋ ਇਸੇ ਤਰ੍ਹਾਂ ਆਪ ਜੀ ਦੇ ਗੁਰਗਦੀ ਉਤੇ ਬੈਠਣ ਬਾਰੇ ਵੀ ਬਹੁਤ ਸਾਰੀਆਂ ਕਥਾਵਾਂ ਜਾਰੀ ਹਨ। ਇਹਨਾਂ ਵਿੱਚੋਂ ਬਹੁਤ ਸਾਰੀਆਂ ਤਾਂ ਮਨਮਤੀਆਂ ਦੀਆਂ ਹਨ ਅਤੇ ਬਹੁਤੀਆਂ ਅਥਾਹ ਸ਼ਰਧਾ ਭਰੀਆਂ ਹਨ। ਭਾਵੇਂ ਅਸੀਂ ਅਜਿਹੀਆਂ ਸਾਰੀਆਂ ਕਥਾਵਾਂ ਬਾਰੇ ਕੁਝ ਨ ਕੁਝ ਕਹਿ ਚੁਕੇ ਹਾਂ ਪਰ ਇਸ ਪੜਾ ਉਤੇ ਵਿਸ਼ਲੇਸ਼ਣਾਤਮਕ ਰੁਚੀ ਨਾਲ ਵਿਚਾਰ ਕੀਤੀ ਜਾਵੇਗੀ।

ਇਹਨਾਂ ਵਿੱਚੋਂ ਇੱਕ ਅਜਿਹੀ ਗਾਥਾ ਮਿਲਦੀ ਹੈ ਕਿ ਗੁਰੂ ਸਾਹਿਬ ਗੁਰਤਾ ਪ੍ਰਾਪਤੀ ਤੋਂ ਪਹਿਲਾਂ ਗੋਇੰਦਵਾਲ ਵਿਖੇ ਘੁੰਗਣੀਆਂ ਵੇਚਿਆ ਕਰਦੇ ਸਨ। ਇਸੇ ਕਮਾਈ ਨਾਲ ਹੀ ਆਪ ਜੀ ਆਪਣੀ ਅਤੇ ਆਪਣੇ ਨਾਨਕਿਆਂ ਦੀ ਪੇਟ-ਪੂਰਤੀ ਕਰਦੇ ਸਨ। ਇੱਕ ਦਿਨ ਅਜਿਹਾ ਸੁਭਾਗ ਬਣਿਆ ਕਿ ਆਪ ਜੀ ਗੁਰੂ ਅਮਰਦਾਸ ਸਾਹਿਬ ਜੀ ਦੇ ਘਰ ਦੇ ਬਾਹਰ ਬੈਠੇ ਘੁੰਗਣੀਆਂ ਵੇਚ

ਰਹੇ ਸਨ। ਸੋ ਉਸ ਸਮੇਂ ਗੁਰੂ ਅਮਰਦਾਸ ਸਾਹਿਬ ਜੀ ਦੇ ਘਰੋਂ ਬੀਬੀ ਜੀ ਨੇਂ ਆਪਦਾ ਫੁਰਨਾਂ ਪੱਤੀ ਜੀ ਅਗੇ ਰੱਖਿਆ ਕਿ ਬੀਬੀ ਭਾਨੀ ਹੁਣ ਵਿਆਹੁਣ ਯੋਗ ਹੈ ਅਤੇ ਕਿਸੇ ਵਰ ਆਦਿਕ ਦੀ ਢੂੰਡ ਕੀਤੀ ਜਾਵੇ। ਮਾਂਵਾਂ ਨੂੰ ਆਮ ਤੌਰ ਉਤੇ ਧੀਆਂ ਦੇ ਵਿਵਾਹਾਂ ਕਾਰਜਾਂ ਬਾਰੇ ਪਿੱਤਾ ਦੇ ਮੁਕਾਬਲੇ ਬਹੁਤੀ ਹੀ ਫ਼ਿਕਰ ਹੋਇਆ ਕਰਦੀ ਹੈ। ਸੋ ਇਸੇ ਹੀ ਵਿਚਾਰ ਅਨੁਸਾਰ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਘਰੋਂ ਵੀ ਬੀਬੀ ਜੀ ਨੂੰ ਫੁਰਨਾ ਫੁਰਿਆ। ਸੋ ਪਤਨੀ ਦੇ ਵਿਚਾਰਾਂ ਅਨੁਸਾਰ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀਨੇਂ ਪੰਡਤ ਨੂੰ ਬੁਲਾ ਕੇ ਵਰ ਦੀ ਤਾਲਾਸ਼ ਲਈ ਭੇਜਣ ਦਾ ਹੁਕਮ ਦੇ ਦਿੱਤਾ। ਅਜੇ ਪੰਡਤ ਜਾਣ ਹੀ ਵਾਲਾ ਸੀ ਕਿ ਮਾਤਾ ਜੀ ਨੇਂ ਭਾਈ ਜੇਠਾ ਜੀ ਨੂੰ ਬਾਹਰ ਵੇਖਿਆ ਅਤੇ ਆਖਿਆ ਕਿ " ਲੜਕਾ ਇਹੋ ਜਿਹਿਆ ਹੋਣਾ ਚਾਹੀਦਾ ਹੈ। *੧*

ਗੁਰੂ ਅਮਰਦਾਸ ਸਾਹਿਬ ਨੇਂ ਸੁਣਦਿਆਂ ਸਾਰ ਇਹ ਕਹਿ ਦਿੱਤਾ ਕਿ ਇਵੇਂ (ਹੀ) ਹੋਵੇਗਾ। ਵੇਦਾਂ ਦਾ ਯਕੀਨ ਕਰਨ ਵਾਲੇ ਕਹਿੰਦੇ ਹਨ ਕਿ ਗੁਰੂ ਸਾਹਿਬ ਉਤੇ ਵੀ ਹਿੰਦੂ ਧਰਮ ਦਾ ਪੂਰਨ ਤੌਰ ਉਤੇ ਅਸਰ ਸੀ ਅਤੇ ਓਹਨਾਂ ਨੇਂ ਵੈਦਕ ਮੱਤ ਅਨੁਸਾਰ ਪਹਿਲੇ ਫੁਰਨੇ ਨੂੰ ਹੀ ਸਿਰੇ ਚਾੜ੍ਹਿਆ। ਇਥੇ ਤੱਕ ਵੀ ਕਹਿਆ ਜਾਂਦਾ ਹੈ ਕਿ, ਗੁਰੂ ਸਾਹਿਬ ਨੇਂ ਭਾਈ ਜੇਠਾ ਜੀ ਨੂੰ ਆਪਣੇ ਪਾਸ ਬੁਲਾਇਆ ਅਤੇ ਉਨ੍ਹਾਂ ਦੀ ਜ਼ਾਤ ਆਦਿਕ ਦੀ ਪੂਰੀ ਪੂਰੀ ਜਾਣਕਾਰੀ ਮਗਰੋਂ, ਸੰਤੁਸ਼ਟ ਹੋ ਕੇ, ਸ਼ੁਗਨ ਪਾ ਦਿੱਤਾ ਅਤੇ ਇਸਤੋਂ ਮਗਰੋਂ; ਲਾਹੌਰ ਭੇਜ ਦਿੱਤਾ ਅਤੇ ਜੰਞ ਲਿਆ ਕੇ, ਸ਼ਾਦੀ ਕਰਨ ਬਾਰੇ ਬੇਨਤੀ ਕੀਤੀ। ਇਹਨਾਂ ਸਾਰੀਆਂ ਸ਼ੁਰਤਾਂ ਦੇ ਪੂਰਾ ਹੋ ਜਾਣ ਮਗਰੋਂ ਬੀਬੀ ਭਾਨੀ ਜੀ ਦੀ ਸ਼ਾਦੀ ਕਰ ਦਿੱਤੀ ਗਈ। ਸਮੇਂ ਦੇ ਗੁਜ਼ਰਨ ਨਾਲ ਬੀਬੀ ਭਾਨੀ ਜੀ ਨੇਂ ਆਪਣੇ ਪੱਤੀ ਲਈ ਗੁਰਤਾ ਵੀ ਪ੍ਰਾਪਤ ਕਰ ਲਈ।

ਸਾਨੂੰ ਇਸ ਕਹਾਣੀ ਵਿੱਚੋਂ ਕੁਝ ਕੁ ਮੋਟੀਆਂ ਚੀਜ਼ਾਂ ਇਸ ਪ੍ਰਕਾਰ

---

*੧* ਤਵਾਰੀਖ ਗੁਰੂ ਖਾਲਸਾ ਕਿਰਤ ਗਿਆਨੀ ਗਿਆਨ ਸਿੰਘ

ਪੰਨਾਂ ੧੯੬-੯੭

ਬੀਬੀ ਭਾਨੀ ਦੀ ਮਾਈ ਨੇਂ ਭਾਈ ਜੇਠਾ ਜੀ ਨੂੰ ਵੇਖਕੇ ਕਿਹਾ ਲੜਕਾ ਅਜਿਹਾ ਹੋਵੇ। ਤਾਂ ਸਾਹਿਬਾਂ ਨੇ ਬੁਲਾ ਲਿਆ ਅਤੇ ਸਭ ਕੁਝ ਪੁਛ ਕਰਕੇ......

ਮਿਲਦੀਆਂ ਹਨ ਜਿਨ੍ਹਾਂ ਬਾਰੇ ਪੱਕੀਆਂ ਗਵਾਹੀਆਂ ਦੇ ਸਾਹਮਣੇ ਹੋਣ ਦੀ ਲੋੜ ਹੈ। ਉਹ ਘਟਨਾਵਾਂ ਇਸ ਪ੍ਰਕਾਰ ਹਨ:-

੧. ਗੁਰੂ ਸਾਹਿਬ ਦੇ ਘਰ ਦੇ ਬਾਹਰ ਬੈਠ ਕੇ ਘੁੰਗਣੀਆਂ ਵੇਚਣੀਆਂ।
੨. ਗੁਰੂ ਸਾਹਿਬ ਦਾ ਪੰਡਤ ਨੂੰ ਸਗਾਈ ਕਰਨ ਲਈ ਭੇਜਣਾ।
੩. ਗੁਰੂ ਸਾਹਿਬ ਨੇ ਜ਼ਾਤ ਆਦਿਕ ਬਾਰੇ ਪੁਛ ਪ੍ਰਤੀਤ ਕਰਨੀ।
੪. ਗੁਰੂ ਸਾਹਿਬ ਦਾ ਭਾਈ ਜੇਠਾ ਜੀ ਸ਼ਗਨ ਦੇ ਕੇ ਲਾਹੌਰ ਭੇਜਣਾ ਅਤੇ ਬਾਰਾਤ ਲਿਆ ਕੇ ਸ਼ਾਦੀ ਲਈ ਬੇਨਤੀ ਕਰਨੀ।

ਇਹਨਾਂ ਸਾਰੀਆਂ ਉਪ੍ਰੋਕਤ ਘਟਨਾਵਾਂ ਨੂੰ ,ਗੁਰੂ ਸਾਹਿਬ ਦੇ ਜੀਵਨ ਉਤੇ ਘਟਾ ਕੇ ਹੀ ਵੇਖਿਆ ਜਾਵੇਗਾ, ਤਾਂ ਜੋ ਇਹਨਾਂ ਦੇ ਠੀਕ ਜਾਂ ਗਲਤ ਹੋਣ ਬਾਰੇ ਕੋਈ ਸਬੂਤ ਮਿਲ ਸਕੇ ਅਤੇ ਕੋਈ ਠੀਕ ਨਤੀਜਾ, ਪਾਠਕਾਂ ਦੇ ਸਾਹਮਣੇ ਰੱਖਿਆ ਜਾ ਸਕੇ।

੧. ਗੁਰੂ ਸਾਹਿਬ ਦੇ ਘਰ ਦੇ ਬਾਹਰ ਬੈਠ ਕੇ ਘੁੰਗਣੀਆਂ ਵੇਚਣੀਆਂ।

ਸਾਨੂੰ ਕਿਧਰਿਉਂ ਵੀ ਕੋਈ ਅਜਿਹੀ ਮਾਨਨੀਯ ਗਵਾਹੀ ਨਹੀਂ ਮਿਲਦੀ ਜਿਹੜੀ ਇਹ ਸਾਬਤ ਕਰਦੀ ਹੋਵੇ ਕਿ ਭਾਈ ਜੇਠਾ ਜੀ ਗੋਇੰਦਵਾਲ ਸਾਹਿਬ ਆ ਕੇ ਘੁੰਗਣੀਆਂ ਵੇਚਿਆ ਕਰਦੇ ਸਨ। ਜਿਵੇਂ ਕਿ ਅਸੀਂ ਪਹਿਲਾਂ ਵੀ ਪਿਛਲੇਰਿਆਂ ਪੰਨਿਆਂ ਵਿੱਚ ਸਿਧ ਕਰ ਚੁਕੇ ਹਾਂ ਕਿ ਭਾਈ ਜੇਠਾ ਜੀ ਨੇ ਗੋਇੰਦਵਾਲ ਆਉਂਦੇ ਸਾਰ ਹੀ ਗੁਰੂ ਸਾਹਿਬ ਦੀ ਸ਼ਰਨ ਲੈ ਲਈ ਸੀ। ਗੋਇੰਦਵਾਲ ਸਾਹਿਬ ਆਉਣ ਤੋਂ ਪਹਿਲਾਂ ਆਪ ਜੀ ਨੇ ਘੁੰਗਣੀਆਂ ਵੇਚੀਆਂ ਜਾਂ ਨਹੀਂ ਵੇਚੀਆਂ ਇਹ ਸਾਡੀ ਵਿਚਾਰ ਦਾ ਵਿਸ਼ਾ ਨਹੀਂ ਬਣਦਾ। ਜਦੋਂ ਆਪ ਜੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੇਵਾ ਵਿੱਚ ਆਏ ਤਾਂ ਆਪਣਾ ਬਹੁਤਾ ਸਮਾਂ ਲੰਗਰ ਦੀ ਸੇਵਾ ਵਿੱਚ ਹੀ ਗੁਜ਼ਾਰਿਆ ਕਰਦੇ ਸਨ। ਅਤੇ ਰਹਿੰਦਾ ਖੂੰਹਦਾ ਸਮਾਂ ਬਾਉਲੀ ਦੀ ਕਾਰ ਸੇਵਾ ਵਿੱਚ ਹੀ ਗੁਜ਼ਰਿਆ ਕਰਦਾ ਸੀ। ਸੋ ਇਹ ਕਦੀ ਵੀ ਨਹੀਂ ਮੰਨਿਆ ਜਾ ਸਕਦਾ ਕਿ ਭਾਈ ਜੇਠਾ ਜੀ ਨੇ ਗੋਇੰਦਵਾਲ ਵਿੱਚ ਆਕੇ ਕਿਧਰੇ ਘੁੰਗਣੀਆਂ ਵੇਚੀਆਂ ਸਨ।

ਹਾਂ ਜੇ ਇਸਦੇ ਉਲਟ ਸਾਨੂੰ ਕਿਧਰੇ ਅਜਿਹੀ ਗਵਾਹੀ ਮਿਲਦੀ ਕਿ ਭਾਈ ਜੇਠਾ ਜੀ ਗੋਇੰਦਵਾਲ ਵਿੱਚ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿੱਚ ਹਾਜ਼ਰ ਤਾਂ ਨਹੀਂ ਸਨ ਹੋਏ ਸਗੋਂ ਗੋਇੰਦਵਾਲ ਵਿੱਚ ਕੇਵਲ ਇਸ ਲਈ ਆਏ ਸਨ ਕਿ ਇਹ ਸਥਾਨ ਉਸ ਸਮੇਂ ਪ੍ਰਫੁਲਤ ਹੋ ਰਹਿਆ ਸੀ

ਅਤੇ ਆਪ ਜੀ ਆਪਣੇ ਘੁੰਗਣੀਆਂ ਦੇ ਵੇਚਣ ਅਤੇ ਲਾਹਾ ਖੱਟਣ ਦੇ ਲਾਲਚ ਕਰਕੇ ਇਥੇ ਆ ਟਿੱਕੇ ਸਨ, ਤਾਂ ਇਹ ਮੰਨਿਆ ਜਾ ਸਕਦਾ ਸੀ ਕਿ ਇਸ ਕੰਮ ਵਿੱਚ ਲਗਿਆਂ ਹੋਣ ਕਾਰਨ ਭਾਈ ਜੇਠਾ ਜੀ ਸਹਿਜੇ ਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਘਰ ਦੇ ਸਾਹਮਣੇ ਬੈਠੇ ਘੁੰਗਣੀਆਂ ਵੇਚ ਰਹੇ ਸਨ। ਇਹ ਇਸ ਘਟਨਾਂ ਨੂੰ ਝੁਠਲਾਉਣ ਦਾ ਪਹਿਲਾ ਕਾਰਨ ਹੈ।

ਇਸ ਘਟਨਾਂ ਦੇ ਝੁਠਲਾਏ ਜਾਣ ਦਾ ਦੂਜਾ ਵਡਾ ਕਾਰਨ ਇਹ ਹੈ ਕਿ ਜਿਸ ਘਰ ਦੇ ਸਾਹਮਣੇ ਬੈਠੇ ਭਾਈ ਜੇਠਾ ਜੀ ਘੁੰਗਣੀਆਂ ਵੇਚ ਰਹੇ ਸਨ, ਉਹ ਕਿਸ ਦਰਜੇ ਦਾ ਸੀ। ਕੀ ਉਹ ਬਾਜ਼ਾਰ ਸੀ ਜਾਂ ਕਿਸੇ ਆਮ ਆਦਮੀ ਦਾ ਮਾਮੂਲੀ ਜਹਿਆ ਘਰ ਕਿ ਜਿਥੇ ਅਜਿਹੀ ਘਟਨਾਂ ਵਾਪਰ ਸਕਦੀ ਸੀ? ਕੀ ਉਸ ਸਮੇਂ ਗੁਰੂ ਦਾ ਇਤਨਾਂ ਵੀ ਸਤਿਕਾਰ ਨਹੀਂ ਸੀ ਕੀਤਾ ਜਾਂਦਾ ਕਿ ਉਸਦੇ ਘਰ ਦੇ ਆਲੇ ਦੁਆਲੇ ਇਤਨਾਂ ਰੌਲਾਰਪੌਂ ਨ ਪਾਇਆ ਜਾਵੇ? ਜੇ ਗੁਰੂ ਦਾ ਡਰ ਨਹੀਂ ਤਾਂ ਆਦਰ ਤਾਂ ਕੀਤਾ ਜਾਂਦਾ ਸੀ। ਦੋਨਾਂ ਵਿੱਚੋਂ ਇੱਕ ਗਲ ਤਾਂ ਜ਼ਰੂਰ ਹੁੰਦੀ ਹੋਵੇਗੀ।

ਇਸੇ ਹੀ ਘਟਨਾਂ ਨੂੰ ਅਸੀਂ ਅੱਜ ਦੇ ਵਾਤਾਵਰਣ ਵਿੱਚ ਵੀ ਵਾਪਰ ਰਹੀਆਂ ਘਟਨਾਵਾਂ ਦੇ ਆਧਾਰ ਉਤੇ ਵੀ ਘੱਟਾ ਕੇ ਵੇਖ ਸਕਦੇ ਹਾਂ। ਇੱਕ ਮਾਮੂਲੀ ਜਹੇ ਚਾਰ ਪੈਸਿਆਂ ਵਾਲੇ ਮਨੁੱਖ ਦੇ ਘਰ ਦੇ ਸਾਹਮਣੇ ਅਸੀਂ ਕਿਸੇ ਨੂੰ ਖੰਘਣ ਵੀ ਨਹੀਂ ਦਿੰਦੇ ਕਿਉਂ ਕਿ ਉਸਦੇ ਆਰਾਮ ਅਤੇ ਨਿਜੀ ਜੀਵਨ ਵਿੱਚ ਅਜਿਹੀ ਗਲ ਦੁਫਾੜ ਪੈਦਾ ਕਰਦੀ ਹੈ। ਹਾਲਾਂ ਕਿ ਸਾਨੂੰ ਇਹ ਭਲੀ ਪ੍ਰਕਾਰ ਪੱਤਾ ਹੁੰਦਾ ਹੈ ਕਿ ਇਹ ਪੈਸਿਆਂ ਦਾ ਝੂਠਾ ਮਾਣਾ ਹੈ। ਇਹ ਮਾਇਆ ਚਾਰ ਦਿਨਾਂ ਦੀ ਚਾਂਦਨੀ ਹੈ।

ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ।।

ਮਹਲਾ ੪
(ਪੰਨਾਂ ੧੪੧) ਆਦਿ ਗ੍ਰੰਥ

ਅਤੇ

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ।।
ਝੂਠੀ ਦੁਨੀਆ ਲਗਿ ਨ ਆਪੁ ਵਵਾਈਐ।।੨।।

ਆਸਾ ਸੇਖ ਫਰੀਦ
(ਪੰਨਾਂ ੪੮੮ ) ਆਦਿ ਗ੍ਰੰਥ

ਪਰ ਫਿਰ ਵੀ ਅਸੀ ਬੜੇ ਡਰੇਦੇ ਹਾਂ ਅਤੇ ਉਸਦੇ ਭੈ ਤੋਂ ਸਾਡਾ ਖੂਨ ਸੁਕਦਾ

ਹੈ। ਅਸੀਂ ਉਸ ਦੀ ਤਾਕਤ ਦੇ ਸਾਹਮਣੇ ਵਾਰ ਵਾਰ ਝੁਕਦੇ ਹਾਂ। ਮੁਗਲ ਕਾਲ ਵਿੱਚ ਵੀ ਤਾਂ ਬਾਦਸ਼ਾਹਾਂ ਦੇ ਸਾਹਮਣੇ ਝੁਕਣਾ, ਇਸੇ ਵਿਚਾਰਧਾਰਾ ਦਾ ਫਲਸਰੂਪ ਸੀ।

ਦੂਜੇ ਪਾਸੇ ਸਾਧਾਂ ਸੰਤਾਂ ਪਾਸ ਜਿਹੜੀ ਤਾਕਤ ਹੁੰਦੀ ਹੈ? ਉਤਰ ਹੈ ਨਾਮ। ਉਨ੍ਹਾਂ ਪਾਸ ਨਾਮ ਦੀ ਅਤੇ ਪ੍ਰਭੂ (ਪ੍ਰਮਾਤਮਾਂ) ਦੀ ਤਾਕਤ ਹੁੰਦੀ ਹੈ। ਉਹ ਉਸ ਤਾਕਤ ਦੇ ਸਹਾਰੇ ਨਿਰਮਾਣ, ਨਿਰਹੰਕਾਰ ਅਤੇ ਲੋਕ ਸੇਵੀ

ਮਤਿ ਹੋਦੀ ਹੋਇ ਇਆਣਾ॥
ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥੧੨੮॥
ਸਲੋਕ ਸੇਖ ਫਰੀਦ ਕੇ
( ਪੰਨਾਂ੧੩੮੪ ) ਆਦਿ ਗ੍ਰੰਥ

ਤਤਾਂ ਦੇ ਮਾਲਕ ਹੋਇਆ ਕਰਦੇ ਹਨ। ਸੋ ਲੋਕੀਂ ਓਹਨਾਂ ਤੋਂ ਵੀ ਡਰਿਆ ਕਰਦੇ ਹਨ। ਕੇਵਲ ਇਸ ਲਈ ਕਿ ਜਿਥੇ ਪੈਸੇ ਦੀ ਤਾਕਤ ਵਾਲਾ ਤਾਂ ਸਾਨੂੰ ਇਸ ਦੁਨੀਆਂ ਵਿੱਚ ਦੁਖ ਆਦਿਕ ਦੇ ਸਕਦਾ ਹੈ ਉਥੇ ਅਗੰਮੀ ਤਾਕਤਾਂ ਦਾ ਮਾਲਕ ਸਾਨੂੰ ਅਜਿਹਾ ਆਤਮਕ ਦੁਖ ਦੇਵੇਗਾ ਕਿ ਅਸੀਂ ਜੀਉਂਦੇ ਜੀਅ ਦੁਖ-ਸੰਤਾਪ ਭੁਗਤਦੇ ਫਿਰਾਂਗੇ। ਇਸ ਡਰ ਦੀ ਮਿਸਾਲ ਸਾਨੂੰ ਗੁਰੂ ਸਾਹਿਬ ਦੇ ਸਮਕਾਲੀ ਜੋਗੀਆਂ ਆਦਿਕ ਦੇ ਵਰਤਾਰੇ ਤੋਂ ਭਲੀ ਪ੍ਰਕਾਰ ਮਿਲ ਸਕਦੀ ਹੈ। ਜਿਸ ਲਈ ਸਾਨੂੰ ਕਿਸੇ ਹੋਰ ਗਵਾਹੀ ਦੀ ਲੋੜ ਨਹੀਂ।

ਸੋ ਪੰਦਰਵੀਂ ਸਦੀ ਵਿੱਚ ਜਦੋਂ ਪੰਜਾਬ ਵਿੱਚ ਗੁਰੂ ਸਾਹਿਬਾਂ ਦੇ ਜੀਵਨ ਨਾਲ ਧਾਰਮਕ ਸੁਧਾਰਾਂ ਦੀ ਲਹਿਰ ਨਵੀਂ ਹੀ ਚਲੀ ਸੀ ਅਤੇ ਆਪਣੇ ਜ਼ੋਰਾਂ ਉਤੇ ਸੀ ਤਦੋਂ ਸੱਚੇ ਗੁਰੂ ਦੀ ਇੱਜ਼ਤ ਅਥਾਹ ਸੀ, ਗੁਰੂ ਨੂੰ ਸੱਚਾ ਪਾਤਸ਼ਾਹ ਆਖਿਆ ਜਾਂਦਾ ਸੀ ਅਤੇ ਗੁਰੂ ਸਰਬ ਸ਼ਕਤੀ ਮਾਨ ਸਮਝਿਆ ਜਾਂਦਾ ਸੀ ਅਤੇ ਹੈ ਵੀ ਸੀ, ਤਾਂ ਕੀ ਉਸ ਸਮੇਂ ਕਿਸੇ ਨੂੰ ਇਤਨਾਂ ਵੀ ਖਿਆਲ ਨਹੀਂ ਹੋਣਾ ਕਿ ਅਜਿਹੀ ਸ਼ਕਤੀ ਵਾਲੇ ਦੇ ਘਰ ਦੇ ਬਾਹਰ ਬੈਠ ਕੇ ਮੰਗਣੀਆਂ ਦਾ ਹੋਕਾ ਦੇਣਾ ਉਸਦੇ ਆਰਾਮ ਵਿੱਚ ਖ਼ਲਲ ਪਾਣਾ ਹੈ ਅਤੇ ਸੱਚੇ ਪਾਤਸ਼ਾਹ ਦੀ ਇਜ਼ਤ ਨੂੰ ਸਾਹਮਣੇ ਰੱਖਦਿਆਂ ਹੋਇਆ ਮੰਗਣੀਆਂ ਦੀ ਛਾਪੜੀ ਕਿਧਰੇ ਹੋਰ ਹੀ ਲਾਈ ਜਾਵੇ। ਸੋ ਜ਼ਾਹਰਾ ਤੌਰ ਉਤੇ ਇਹ ਨਹੀਂ ਹੋ ਸਕਦਾ ਕਿ ਕੋਈ

ਛਾਬੜੀ ਵਾਲਾ ( ਭਾਈ ਜੇਠਾ ਜੀ) ਗੁਰੂ ਸਾਹਿਬ ਦੇ ਘਰ ਦੇ ਬਾਹਰ ਬੈਠ ਕੇ ਘੁੰਗੜੀਆਂ ਵੇਚ ਰਹਿਆ ਸੀ ਅਤੇ ਬੀਬੀ ਭਾਨੀ ਜੀ ਦੀ ਮਾਤਾ ਜੀ ਨੇਂ ਗੁਰੂ ਅਮਰਦਾਸ ਸਾਹਿਬ ਨੂੰ ਓਹਨਾਂ ਦੇ ਘਰ ਦੇ ਬਾਹਰ ਬੈਠੇ ਘੁੰਗਣੀਆਂ ਵਾਲੇ ਜਹਿਆ ਲੜਕਾ ਲਭਣ ਲਈ ਆਖਿਆ ਹੋਵੇ।

ਸੋ ਇਹਨਾਂ ਦੋਹਾਂ ਗਵਾਂਹੀਆਂ ਤੋਂ ਇਹੀ ਸਿਧ ਹੁੰਦਾ ਹੈ ਕਿ ਭਾਈ ਜੇਠਾ ਜੀ ਨੇਂ ਗੋਇੰਦਵਾਲ ਵਿਖੇ ਕੋਈ ਘੁੰਗਣੀਆਂ ਆਦਿਕ ਨਹੀਂ ਵੇਚੀਆਂ।

## ੨. ਗੁਰੂ ਸਾਹਿਬ ਦਾ ਪੰਡਤ ਨੂੰ ਸਗਾਈ ਕਰਨ ਲਈ ਭੇਜਣਾ

ਗੁਰੂ ਅਮਰਦਾਸ ਸਾਹਿਬ ਦੇ ਵਿਸ਼ਾਲ, ਤਪੱਸਵੀ, ਅਧਿਆਤਮਵਾਦੀ ਅਤੇ ਸ਼ਾਂਤੀ-ਵਾਦੀ - ਕ੍ਰਾਂਤੀਕਾਰੀ ਜੀਵਨ ਨੂੰ ਸਾਹਮਣੇ ਰੱਖਿਆਂ ਜੇ ਇਸ ਘਟਨਾਂ ਨੂੰ, ਕਸਵੱਟੀ ਉਤੇ ਪਰਖਿਆ ਜਾਵੇ, ਤਾਂ ਸਾਨੂੰ, ਕੋਈ ਵੀ ਅਜਿਹੀ ਗਵਾਹੀ ਨਹੀਂ ਮਿਲਦੀ, ਜਿਹੜੀ ਇਹ ਸਾਬਤ ਕਰ ਸਕਦੀ ਹੋਵੇ ਕਿ ਗੁਰੂ ਅਮਰਦਾਸ ਜੀ ਨੇਂ ਬੀਬੀ ਭਾਨੀ ਦਾ ਵਰ ਲਭਣ ਲਈ ਬੁਲਾਇਆ ਜਾਂ ਬਾਹਰ ਭੇਜਿਆ ਹੋਵੇ। ਪੰਡਤ (ਪ੍ਰੋਹਤ) ਦਾ ਭੇਜਣਾ ਤਾਂ ਇੱਕ ਪਾਸੇ ਰਹਿਆ, ਭੇਜਣ ਬਾਰੇ ਕੋਈ ਇਛਾ ਪ੍ਰਗਟ ਕਰਨੀ ਵੀ ਔਖੀ ਜਹੀ ਗਲ ਲਗਦੀ ਹੈ। ਹਾਂ ਇਹ ਇੱਕ ਵਖ ਰੀ ਗਲ ਹੈ ਕਿ ਸਾਨੂੰ ਮਨ-ਘੜਤ ਕਹਾਣੀਆਂ ਕਾਫ਼ੀ ਮਾਤਰਾ ਵਿੱਚ ਮਿਲਦੀਆਂ ਹਨ।

ਜਿਵੇਂ ਕਿ ਅਸੀਂ ਪਹਿਲਾਂ ਵੀ ਵਿਚਾਰ ਕੀਤੀ ਹੈ ਕਿ ਸੱਤੀ ਆਦਿਕ ਦੀਆਂ ਰਸਮਾਂ ਆਮ ਜਨਤਾ ਵਿੱਚ ਬਹੁਤਾ ਕਰਕੇ ਪ੍ਰਚਲਤ ਸਨ। ਧਰਮ ਭਾਂਤ ਭਾਂਤ ਦੀਆਂ ਧਾਰਮਕ ਟੋਲੀਆਂ ਵਿੱਚ ਵੰਡਿਆ ਹੋਇਆ ਸੀ। ਹਰ ਟੋਲੀ ਆਪਣੇ ਆਪ ਨੂੰ ਦੂਜੀ ਟੋਲੀ ਨਾਲੋਂ ਵੱਖਰਿਆਂ ਅਤੇ ਵਡਿਆਂ ਸਮਝਿਆ ਕਰਦੀ ਸੀ। ਵਡਿਆਂ ਵੀ ਇਸ ਪੱਧਰ ਤੱਕ ਕਿ ਦੂਜੀ ਟੋਲੀ ਦੇ ਅਨੁਆਈ ਦਾ ਪਰਛਾਵਾਂ ਵੀ ਪੈ ਜਾਣਾ ਆਪਣੇ ਧਰਮ, ਕੁਲ ਅਤੇ ਮਨੁਸ਼ਾ ਜਨਮ ਨੂੰ ਵਿਅਰਥ ਗਵਾਉਣਾ ਸਮਝਿਆ ਜਾਂਦਾ ਸੀ। ਇਹਨਾਂ ਟੋਲੀਆਂ ਵਿੱਚੋਂ, ਦੋ ਮੁਖ ਟੋਲੀਆਂ ਨੂੰ ਨਜਮ ਦੇਣ ਵਾਲਾ ਮਨੂ ਸੀ। ਮਨੂ ਅਨੁਸਾਰ ਹਿੰਦੂ ਜਾਤੀ ਦੋ ਹਿਸਿਆਂ ਵਿੱਚ ਵੰਡੀ ਹੋਈ ਸੀ। ਇਹ ਦੋਵੇਂ ਜਾਤੀਆਂ ਅਗੇ ਚਾਰ ਹਿਸਿਆਂ ਵਿੱਚ ਵੰਡੀਆਂ

ਜਾਂਦੀਆਂ ਸਨ। ਜਿਵੇਂ ਕਿ

ਮਨੁੱਖ ਜਾਤੀ

ਦਵਿਜ(ਦੁ-ਜਨਮੇ) ਅਤੇ ਸ਼ੂਦਰ

ਬ੍ਰਾਹਮਣ ਖਤਰੀ ਵੈਸ਼

ਦਵਿਜ ਜਾਤੀ ਦੇ ਤਾਂ ਤਿੰਨ ਹਿਸੇ ਬ੍ਰਾਹਮਣ, ਖਤਰੀ ਅਤੇ ਵੈਸ਼ ਬਣ ਜਾਂਦੇ ਸਨ ਪਰ ਸ਼ੂਦਰ ਪਹਿਲੀ ਹੀ ਮੁਖ ਜਾਤੀ ਵਿੱਚ ਹੀ ਰਹਿੰਦੇ ਸਨ। ਬ੍ਰਾਹਮਣ ਪਹਿਲੇ ਨੰਬਰ ਤੇ ਹੋਣ ਕਾਰਨ ਸਭ ਤੋਂ ਉਤਮ ਸਨ ਅਤੇ ਸ਼ੂਦਰ ਚੌਥੇ ਨੰਬਰ ਤੇ ਹੋਣ ਕਾਰਨ ਸਭ ਤੋਂ ਨੀਵੇਂ ਸਨ। ਵਿਦਿਆ ਗ੍ਰਹਿਣ ਕਰਨ ਦਾ ਹੱਕ ਕੇਵਲ ਦਵਿਜਾਂ ਨੂੰ ਹੀ ਸੀ।*੧*। ਪੰਡਤ ਸ਼੍ਰੇਣੀ ਨੇਂ ਆਪਣੀ ਉਪਜੀਵਕਾ ਕਮਾਉਣ ਲਈ ਕਰਮ ਕਾਂਡ ਅਤੇ ਉਪਨਿਸ਼ਦ ਕਾਂਡ ਉਤੇ ਬਹੁਤਾ ਜ਼ੋਰ ਦਿੱਤਾ। ਕਿਉਂ ਜੋ ਉਹ ਉਚੇ ਸਨ ਅਤੇ ਨੀਵਿਆਂ ਨੇਂ ਵੀ ਉਚਾ ਬਣਨ ਵਾਸਤੇ ਉਹਨਾਂ ਹੀ ਕਰਮ ਕਾਂਡਾਂ ਨੂੰ ਅਪਣਾਇਆ, ਜਿਸ ਦਾ ਫਲ ਸਰੂਪ ਇਹ ਕਿ ਸਾਰੇ ਹਿੰਦੂ ਜਗਤ ਵਿੱਚ ਕਰਮ ਕਾਂਡ ਪ੍ਰਧਾਨ ਹੋ ਗਇਆ।

---

*੧* A CRITICAL STUDY OF ADI GRANTH By DR. SURINDER SINGH KOHLI P.194

The Pandits belonged to the highest caste. The four Varnas(Origional castes) i.e.,Brahman,Kashatriya,Vaishya and Sudra were first instituted according to the divisions of Karma. Brahmans,Kashatriyas and Vaishyas were given the name of Dvijas or twice-born. Thus for religious purposes we have only two divisions- Dvijas and Shudras. Brahmans were given the duty of study and priesthood, Warlike duties were assigned to Kashatriyas and trade and money-making concerns belonged to Vaishyas. The Shudras had only to serve the Dvijas.

ਇਥੇ ਹੀ ਬਸ ਨਹੀਂ ਸਗੋਂ ਹਿੰਦੂ ਮੱਤ ਦੇ ਫਲਸਫੇ ਦੇ ਆਧਾਰ ਉਤੇ ਜੀਵਨ ਉਤੇ ਜੀਵਨ ਨੂੰ ਵੀ ਚਾਰ ਹਿਸਿਆਂ ਵਿੱਚ ਵੰਡਿਆ ਹੋਇਆ ਸੀ। ਜਿਵੇਂ ਕਿ:-

ਮਨੁੱਖੀ ਜੀਵਨ

ਬ੍ਰਹਮਚਾਰੀ | ਗ੍ਰਹਿਸਤ | ਵਣ-ਪ੍ਰਸਥ | ਸਨਿਆਸ

ਸਿਖ ਗੁਰੂ ਸਾਹਬਾਂ ਅਤੇ ਉਨ੍ਹਾਂ ਦੇ ਫਲਸਫੇ ਨੇਂ ਚਾਰਾਂ ਵਰਣਾਂ ਰਜਵਾਂ ਖੰਡਨ ਕੀਤਾ। ਹਿੰਦੂ ਧਰਮ ਦੇ ਮੁਕਾਬਲੇ ਸਿਖ ਧਰਮ ਨਵ-ਜੰਮਿਆ ਧਰਮ ਸੀ। ਇਸ ਦੇ ਨਾਲ ਹੀ ਅਸੀਂ ਹਿੰਦੂ ਧਰਮ ਦੇ ਮੁਢ ਬਾਰੇ ਕੁਝ ਵੀ ਨਹੀਂ ਕਹਿ ਸਕਦੇ। ਸਾਨੂੰ ਕੋਈ ਨਿਸਚਤ ਗਵਾਹੀ ਨਹੀਂ ਮਿਲਦੀ ਜਿਹੜੀ ਇਸ ਧਰਮ ਦੇ ਮੁਢ ਬਾਰੇ ਕੋਈ ਨਿਰਾਣਾਤਮਕ ਵਿਚਾਰ ਦਸ ਸਕੇ। ਕੋਈ ਕਹਿੰਦਾ ਹੈ ਕਿ ਇਹ ਧਰਮ ੪੦੦੦ ਵਰ੍ਹੇ ਪੁਰਾਣਾ ਹੈ ਅਤੇ ਕਿਸੇ ਦਾ ਵਿਚਾਰ ਇਹ ਹੈ, ਕਿ ਇਹ ਧਰਮ ਆਦਿ ਮਨੁੱਖ ਦੇ ਨਾਲ ਹੀ ਹੋਂਦ ਵਿੱਚ ਆਇਆ ਸੀ। ਮੁਕਦੀ ਗਲ ਇਹ ਕਿ ਇਸ ਧਰਮ ਬਾਰੇ ਕੋਈ, ਕੁਝ ਵੀ ਨਿਸਚਤ ਤੌਰ ਉਤੇ ਨਹੀਂ ਕਹਿ ਸਕਦਾ। ਦੂਜੇ ਪਾਸੇ ਸਿਖ ਧਰਮ ੧੫ਵੀਂ ਸਦੀ ਵਿੱਚ ਹੋਂਦ ਵਿੱਚ ਆਇਆ ਸੀ। ੧੫ਵੀਂ ਸਦੀ ਮਾਨਸਕ ਜਾਗਰਤੀ ਦਾ ਸਮਾ ਸੀ। *੧*

---

*1* SRI GURU GRANTH SAHIB ENGLISH VERSION VOL.I
By DR. GOPAL SINGH DARDI.

P. XXXIV Introduction.

Guru Nanak, the founder of the Sikh faith, was born in an age of inquiry, not only into the realms of physical universe hitherto lying unexplored, but also into the inmost nature of man. Man was in search not only of what lay outside of him, but also in search of himself. Being the contemporary or near contemporary of Martin Luther, Columbus, Shakespeare, Vasco-de-Gama, Babar, Kabir and Michaelangelo, Nanak not merly witnessed the birth of new empires and the discovery of new lands and sea-routes but also of protest against established dogma and social habits of man.

ਸਿਖ ਧਰਮ ਮਾਹਜ਼ ਰੋਟੀਆਂ ਕਮਾਣ ਦਾ ਕੋਈ ਨਵਾਂ ਸਾਧਨ ਨਹੀਂ ਸਗੋਂ ਮਨੁੱਖਤਾ ਨੂੰ ਨਗ-ਜੀਮੇਂ ਚਾਨਣ ਵਿੱਚ ਅਗਵਾਈ ਦੇਣ ਦਾ ਇੱਕ ਵਸੀਲਾ ਸੀ। *੧* ਭਾਵੇਂ ਬਹੁਤੀ ਜਨਤਾ ਸਿਖ ਗੁਰੂਆਂ ਦੀ ਸ਼ਰਧਾਲੂ ਬਣ ਚੁਕੀ ਸੀ ਅਤੇ ਉਨ੍ਹਾਂ ਦੇ ਦਸੇ ਹੋਏ ਪੂਰਨਿਆਂ

" ਨ ਕੋ ਹਿੰਦੂ ਨ ਕੋ ਮੁਸਲਮਾਨ "

ਉਤੇ ਟੁਰ ਰਹੀ ਸੀ। ਅਤੇ ਮਨੁੱਖ ਮਨੁੱਖ ਹੈ ਉਸ ਵਿੱਚ ਕੋਈ ਜਾਤੀ ਆਦਿਕ ਦਾ ਵਿਤਕਰਾ ਨਹੀਂ। ਬ੍ਰਾਹਮਣ ਹਰ ਕੋਈ ਹੋ ਸਕਦਾ ਹੈ।

ਜਾਤਿ ਕਾ ਗਰਬੁ ਨ ਕਰੀਅਹੁ ਕੋਈ
ਬ੍ਰਹਮੁ ਬਿੰਦੇ ਸੁ ਬ੍ਰਾਹਮਣੁ ਹੋਈ॥ ੧॥

ਭੈਰਉ ਮਹਲਾ ੩ ਚਉਪਦੇ
( ਪੰਨਾਂ ੧੧੨੮ ) ਆਦਿ ਗ੍ਰੰਥ

ਪਰ ਫਿਰ ਵੀ ਲੋਕਾਂ ਵਿੱਚ ਦ੍ਰਿੜਤਾ ਲਿਆਉਣ ਲਈ ਭਗਤਾਂ ਦੁਆਰਾ ਵੀ ਇਹੀ ਪ੍ਰਚਾਰਿਆ ਜਾ ਰਹਿਆ ਸੀ ਕਿ ਮਨੁੱਖ ਸਭ ਤੋਂ ਪਹਿਲਾਂ ਮਨੁੱਖ ਹੀ ਹੈ। ਪ੍ਰਭੂ ਨੇਂ ਕੋਈ ਵੀ ਜਾਤੀ ਵਿਤਕਰਾ ਪੈਦਾ ਨਹੀਂ ਕੀਤਾ ਇਹ ਤਾਂ ਮਨੁੱਖ ਦੇ ਹੀ ਬਣੇ ਹੋਏ ਭੇਦ ਹਨ, ਜਿਨ੍ਹਾਂ ਵਿੱਚ ਕਿਸੇ ਨੂੰ ਵੀ ਨਹੀਂ ਆਉਣਾ ਚਾਹੀਦਾ।

---

*੧* ARCHEOLOGY OF WORLD RELIGIONS By JACK FINEGAN

P.536

Sikhism is a religion which arose in India around A.D.1500 and which has today over five million followers. Since it is of comparatively recent origin and since it has neither xx mythology nor idols, it presents ferver archeological materials than the faiths previously considered. It is properly included in our study, however, both because of its magnitude and because of its significant origin as effort toward the reconciliation of Hinduism and Islam iu India. Even though Sikhism did not accomplish that goal, the story of its early work toward such an end may testify to the growing desire to find a common understanding among the great religions of the modern world.

ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਸਦੀਆਂ ਪੁਰਾਣੇ ਵਹਿਮਾਂ ਭਰਮਾਂ ਨੂੰ ਇਤਨਾਂ ਛੇਤੀ ਖ਼ਤਮ ਕਰਨਾਂ ਕੋਈ ਸੌਖੀ ਗਲ ਨਹੀਂ ਸੀ। ਜਾਤੀ ਵਿਤਕਰੇ ਦੀ ਬੀਮਾਰੀ ਆਪਣੀਆਂ ਜੜ੍ਹਾਂ ਪਾਤਾਲ ਤੱਕ ਪੁਚਾ ਚੁਕੀ ਸੀ ਅਤੇ ਅਜਿਹੀਆਂ ਜੜ੍ਹਾਂ ਨੂੰ ਉਖੇੜਨ (ਨਹੀਂ) ਸਮੇਂ ਦੀ ਲੋੜ ਸੀ। ਇਥੇ ਹੀ ਬਸ ਨਹੀਂ ਅਜੋਕੇ ਜੁਗ ਵਿੱਚ ਵੀ ਜਿਥੇ ਮਨੁੱਖ ਮਹਾਨ ਚਿੰਤਨ ਦੀ ਪ੍ਰਾਪਤੀ ਕਰ ਚੁਕਾ ਹੈ ਉਸ ਵਿੱਚ ਵੀ ਜਾਤੀ ਭੇਦ ਬਹੁਤੀ ਹੱਦ ਤੱਕ ਜੀਉਂਦਾ ਹੈ। ਸੋ ਜਿਥੋਂ ਤੱਕ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਜੀਵਨ ਨਾਲ ਇਹ ਘਟਨਾਂ ਜੋੜੀ ਜਾਂਦੀ ਹੈ ਕਿ ਉਹਨਾਂ ਨੇਂ ਪੰਡਤ( ਪ੍ਰੋਹਤ) ਨੂੰ ਬੁਲਾ ਕੇ ਬੀਬੀ ਭਾਨੀ ਜੀ ਦੀ ਸ਼ਾਦੀ ਲਈ ਵਰ ਦੀ ਢੂੰਡ ਲਈ ਭੇਜਣਾ ਸੀ, ਉਹ ਹੋ ਸਕਦਾ ਹੈ ਕਿ ਅਜਿਹੀ ਬਿਰਤੀ ਰੱਖਣ ਵਾਲਿਆਂ ਦੀ ਵਿਚਾਰਧਾਰਾ ਦਾ ਹੀ ਨਤੀਜਾ ਹੋਵੇ। ਸੋ ਉਹ ਲੋਕ ਜੋ ਦੇਵੀ ਦੇਵਤਿਆਂ ਦੀ ਫੋਕੀ ਵਡਿਆਈ ਦੇ ਗਲਬੇ ਤੋਂ ਅੱਜੇ ਛੁਟਕਾਰਾ ਨਹੀਂ ਸਨ ਪਾ ਸਕੇ ਅਤੇ ਓਹਨਾਂ ਦੀ ਵਡਿਆਈ ਲਈ ਕਈ ਪ੍ਰਕਾਰ ਦੀਆਂ ਮਿਥਿਹਾਸਕ ਕਹਾਣੀਆਂ ਘੜਨਾਂ ਆਪਣਾ ਕਰਤਵ ਸਮਝਦੇ ਸਨ, ਨੇਂ ਇੱਕ ਅਜਿਹੀ ਗਾਥਾ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਵੀ ਜੋੜ ਦਿੱਤੀ ਜਾਪਦੀ ਹੈ। ਇਸ ਕਹਾਣੀ ਨੂੰ ਜੋੜਨ ਦੇ ਕਾਰਨ ਬਾਰੇ ਜਿਥੋਂ ਤੱਕ ਸਾਡਾ ਵਿਚਾਰ ਹੈ ਇਹ ਤੱਮਵ ਸੀ ਕਿ ਗੁਰੂ ਸਾਹਿਬ ਨੇਂ ਆਪਣੀ ਕਿਤਨੀ ਫ਼ਰਾਗਦਿਲੀ ਵਖਾਈ ਕਿ ਜੋ ਫੁਰਨਾਂ ਓਹਨਾਂ ਦੇ ਮੰਨ ਵਿੱਚ ਪਹਿਲਾਂ ਫੁਰਿਆ ਉਸਨੂੰ ਆਪ ਜੀ ਨੇਂ ਕਰਮਸ਼ੀਲ ਕੀਤਾ। ਉਨ੍ਹਾਂ ਨੇਂ ਵੇਦਾਂ ਸ਼ਾਸਤਰਾਂ ਅਨੁਸਾਰ ਮਨ ਦੇ ਪਹਿਲੇ ਫੁਰਨੇਂ ਨੂੰ ਹੀ ਪ੍ਰਵਾਨ ਕੀਤਾ।

ਇਥੇ ਇਹ ਸਵਾਲ ਵੀ ਉਠਾਇਆ ਜਾ ਸਕਦਾ ਹੈ ਕਿ ਅਸੀਂ ਵੀ ਉਨ੍ਹਾਂ ਹੀ ਅੱਧਪੜ੍ਹੇ ਲੋਕਾਂ ਅਨੁਸਾਰ ਹੁਣ ਨਵੇਂ ਚਾਨਣ ਵਿੱਚ ਆਕੇ ਇੱਕ ਨਵੀਂ ਕਹਾਣੀ ਘੜੀ ਹੈ। ਜਿਥੇ ਓਹਨਾਂ ਲੋਕਾਂ ਨੇਂ ਗੁਰੂ ਸਾਹਿਬ ਨੂੰ ਵਡਿਆਉਣ ਦੀ ਖ਼ਾਤਰ ਅਜਿਹੀਆਂ ਮਿਥਿਹਾਸਕ ਕਹਾਣੀਆਂ ਘੜੀਆਂ ਸਨ ਅਤੇ ਹਿੰਦੂ ਮੱਤ ਦੇ ਫ਼ਲਸਫ਼ੇ ਦਾ ਆਸਰਾ ਲਇਆ ਸੀ ਉਥੇ ਅਸੀਂ ਵਾਦ ਵਿਵਾਦ ਦਾ ਸਹਾਰਾ ਲੈ ਕੇ ਪਹਿਲੀ ਕਹਾਣੀ ਨੂੰ ਖ਼ਤਮ ਕਰਕੇ ਇੱਕ ਨਵੀਂ ਲੀਹ ਤੋਰ ਕੇ ਅਤੇ ਵਿਸ਼ਲੇਸ਼ਣਾਂ ਦੀ ਇੱਕ ਵੱਡੀ ਲਾਈਨ ਲਗਾ ਕੇ ਆਪਣੇ ਗੁਰੂ ਨੂੰ ਸਭ ਤੋਂ ਅਨੋਖਾ ਅਤੇ ਵਿਲੱਖਣ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਦੋਨਾਂ ਹਾਲਤਾਂ ਵਿੱਚ ਕੋਈ

ਵੀ ਗੁਰੂ ਸਾਹਿਬ ਦੇ ਜੀਵਨ ਨੂੰ ਵੇਖਣ ਦੀ ਕੋਸ਼ਿਸ਼ ਨਹੀਂ ਕਰਦਾ। ਓਹਨਾਂ ਦੇ ਜੀਵਨ ਦੀਆਂ ਡੂੰਘਾਈਆਂ ਵਿੱਚ ਕੋਈ ਵੀ ਉਤਰਨ ਦਾ ਹੀਆ ਨਹੀਂ ਕਰਦਾ। "ਛਪੜ ਭੋਬੇ ਹੱਥ" ਵਾਂਗ ਐਵੇਂ ਹੀ ਬਿਨਾਂ ਸਮਝੇ ਆਖੀ ਜਾਂਦੇ ਹਾਂ, "ਹਜ਼ੂਰ ਤਾਂ ਜਾਣੀਜਾਣ ਸਨ, ਘਟ ਘਟ ਦੀ ਜਾਣਨ ਵਾਲੇ ਸਨ ਅਤੇ ਸਰਬ ਕਲਾ ਸਮਰਥ ਸਨ, ਇਤ ਆਦਿਕ" । ਇਹ ਵੀ ਤਾਂ ਅੰਧ ਵਿਸ਼ਵਾਸ਼ ਹੈ।

ਸੋ ਇਸ ਵਿਚਾਰ ਅਧੀਨ/ਇਸ ਵਾਰਤਾ( ਗੁਰੂ ਅਮਰਦਾਸ ਸਾਹਿਬ ਨੇਂ ਪੰਡਤ( ਪ੍ਰੋਹਤ) ਨੂੰ ਬੁਲਾ ਕੇ ਬੀਬੀ ਭਾਨੀ ਦੀ ਸਗਾਈ ਕਰਨ ਲਈ ਭੇਜਿਆ ਸੀ) ਨੂੰ ਝੁਠਲਾਉਣ ਲਈ ਸਾਨੂੰ ਗੁਰੂ ਸਾਹਿਬ ਦੇ ਜੀਵਨ ਤੋਂ(ਜਿਵੇਂ ਕਿ ਅਸੀਂ ਉਪਰ ਕਹਿ ਚੁਕੇ ਹਾਂ) ਗਵਾਹੀਆਂ ਲੈਣ ਦੀ ਲੋੜ ਹੈ।

ਇਹ ਇੱਕ ਅਟੱਲ ਸਚਾਈ ਹੈ ਕਿ ਸਾਹਿਤ ਜੀਵਨ ਦਾ ਸਹੀ ਦਰਪਣ ਹੈ।*੧*। ਸਮੇਂ ਅਤੇ ਸਮਾਜ ਦਾ ਸਹੀ ਜਾਇਜ਼ਾ ਲੈਣ ਲਈ ਉਸ ਸਮੇਂ ਦੇ ਸਾਹਿਤ ਨੂੰ ਘੋਖਣਾ ਚਾਹੀਦਾ ਹੈ। ਸੋ ਇਸੇ ਸਚਾਈ ਦੇ ਆਧਾਰ ਉਤੇ ਅਸੀਂ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਵਿਚਾਰਧਾਰਾਵਾਂ ਨੂੰ ਜਾਣਨ ਲਈ ਵੀ ਗੁਰੂ ਸਾਹਿਬ ਦੇ ਸਾਹਿਤ ਦਾ ਹੀ ਸਰਵੇਖਣ ਕਰਾਂਗੇ।

ਇਹ ਵੀ ਇੱਕ ਅਟੱਲ ਸਚਾਈ ਹੈ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇਂ ਆਪਣੇ ਜੀਵਨ ਵਿੱਚ ਕਰਮ ਕਾਂਡ ਦੀ ਕਰੜੀ ਨਿਖੇਧੀ ਕੀਤੀ ਸੀ। ਵੱਖੋ ਵੱਖਰੇ ਦੇਵੀ ਦੇਵਤਿਆਂ ਦੀ ਹੋਂਦ ਬਾਰੇ ਆਪ ਜੀ ਨੇਂ ਡਟਵੀਂ ਵਿਰੋਧਤਾ ਕੀਤੀ ਸੀ।

੧. ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ॥
ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ॥
ਸਿਰੀ ਰਾਗੁ ਮਹਲਾ ੩ ਘਰੁ ੧
( ਪੰਨਾਂ ੨੭) ਆਦਿ ਗ੍ਰੰਥ

੨. ਏਕੋ ਸਚੁ ਵਰਤੈ ਸਭ ਅੰਤਰਿ ਸਭਨਾ ਕਰੈ ਪ੍ਰਿਤਪਾਲਾ॥
ਵਡਹੰਸੁ ਮਹਲਾ ੩
(ਪੰਨਾਂ ੫੫੯) ਆਦਿ ਗ੍ਰੰਥ

---

*1* LITERATURE AND LIFE BOOK II. By D.MILES, C.STRATTON ETC.
P.iii

Based on the truth that literaute reflects the life of a people,..........

੩. ਹੁਕਮੁ ਬੂਝਿ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ॥
ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ॥
ਰਾਮਕਲੀ ਮਹਲਾ ੩
( ਪੰਨਾਂ ੯੦੮ ) ਆਦਿ ਗ੍ਰੰਥ

ਸੋ ਇਹ ਸਾਬਤ ਹੁੰਦਾ ਹੈ ਕਿ ਗੁਰੂ ਅਮਰਦਾਸ ਸਾਹਿਬ ਨੇਂ ਆਪਣੇ ਜੀਵਨ ਵਿੱਚ ਪ੍ਰਭੂ ਪ੍ਰਾਪਤੀ ਲਈ ਹੱਠ ਯੋਗ ਅਤੇ ਕਰਮ ਕਾਂਡ ਦੀ ਥਾਂ ਪ੍ਰਭੂ ਪਿਆਰ ਉਤੇ ਜ਼ੋਰ ਦਿੱਤਾ। ਜਿਹੜਾ ਮਨੁੱਖ ਆਪ ਇਹਨਾਂ ਵਖਾਵੇ ਦੇ ਕੰਮਾਂ ਬਾਰੇ ਤਾਂ ਮਨਾਹੀ ਕਰਦਾ ਹੋਵੇ ਤਾਂ ਫਿਰ ਉਹ ਆਪ ਜਿਵੇਂ ਉਹਨਾਂ ਸਾਰੀਆਂ ਵਿਉਂਤਾਂ ਦਾ ਸਹਾਰਾ ਲੈ ਸਕਦਾ ਹੈ। ਸਾਨੂੰ ਕੋਈ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਿਹੜੀ ਇਹ ਸਾਬਤ ਕਰਦੀ ਹੋਵੇ ਕਿ ਗੁਰੂ ਸਾਹਿਬ ਨੇਂ ਕਦੀ ਵੀ ਕਿਸੇ ਹਾਲਤ ਵਿੱਚ ਬ੍ਰਾਹਮਣੀ ਕਰਮ ਕਾਂਡ ਦਾ ਗ੍ਰਹਿਣ ਜਾਂ ਪ੍ਰਚਾਰ ਕੀਤਾ ਸੀ। ਸਗੋਂ ਇਥੋਂ ਤੱਕ ਕਿ ਆਪ ਜੀ ਨੇਂ ਆਪਣੀ ਕਵਿਤਾ ਅਤੇ ਅਨੇਕ ਪ੍ਰਕਾਰ ਦੇ ਸਾਧਨਾਂ ਦੁਆਰਾ ਗੁਰੂ ਨਾਨਕ ਦੇਵ ਜੀ ਦੀ ਸਿਹਤਮੰਦ ਫਿਲਾਸਫੀ ਦਾ ਡਟਵਾਂ ਪ੍ਰਚਾਰ ਕੀਤਾ। ਆਪ ਜੀ ਦਾ ਨਿਸ਼ਾਨਾਂ ਬਹੁਤਾ ਕਰਕੇ ਓਹੀ ਹਿੰਦੂ ਕੇਂਦਰ ਬਣੇ ਜਿਥੇ ਕਿ ਆਪ, ਗੁਰੂ ਅੰਗਦ ਦੇਵ ਜੀ ਦੀ ਸ਼ਰਨ ਆਉਣ ਤੋਂ ਪਹਿਲਾਂ, ਵਿਸ਼ਨਵ ਪੂਜਾ ਲਈ ਜਾਇਆ ਕਰਦੇ ਸਨ। *੧*

ਆਪ ਜੀ ਨੇਂ ਆਪਣੇ ਆਪ ਨੂੰ ਮਨੁੱਖਤਾ ਦਾ ਸੱਚਾ ਰਹਿਬਰ ਸਾਬਤ ਕੀਤਾ ਅਤੇ ਆਪਣੇ ਵਿਚਾਰਾਂ ਅਤੇ ਸਿਖਿਆ ਉਤੇ, ਪਹਿਲਾਂ ਆਪ ਤੁਰੇ ਅਤੇ ਫਿਰ ਜਨਤਾ ਨੂੰ ਤੁਰਨ ਲਈ ਆਖਿਆ। ਇਹ ਹੈ ਅਸਲ ਨੂੰ ਸਧਾਰਕ ਵਿਅਕਤੀ ਦੀ ਪਰਖ। ਸੋ ਅਜਿਹੀ ਭਾਂਤ ਦਾ ਪਰਮ ਮਨੁੱਖ ਆਮ ਜਨਤਾ ਜਿਸ ਦਾ ਰਹਿਬਰ ਹੋਣ ਦੀ ਸੌਗੰਧ ਚੁਕ ਲਵੇ, ਕਦੀ ਵੀ ਗਲਤ ਰਸਤੇ ਨਹੀਂ ਪਾ ਸਕਦਾ। ਸੋ ਇਸ ਵਾਦ- ਵਿਵਾਦ ਤੋਂ ਤਾਂ ਇਹੀ ਸਾਬਤ ਹੁੰਦਾ ਹੈ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇਂ, ਕਿਸੇ ਪੰਡਤ ਨੂੰ ਵਰ ਢੂੰਡਣ ਲਈ ਤਾਂ ਕੀ ਭੇਜਣਾ ਸੀ, ਉਸ ਦੇ ਭੇਜਣ

---

*1* A HISTORY OF PANJABI LITERATURE By Dr.MOHAN SINGH M.A.,Ph.D.,D.Litt.

P.26 ......the third Sikh Guru who was born only 10 years later than Nanak and outlived him for 30 years, who, to start with, was a Vaishnava, went in pilgrimage on foot over 20 times to Hardwar and visited several other places and who was ...... .

ਬਾਰੇ ਸ਼ਾਇਦ ਸੋਚਿਆ ਵੀ ਨਹੀਂ ਸੀ। ਇਥੋਂ ਤੱਕ ਕਿ ਆਪ ਜੀ ਲਿਖਦੇ ਹਨ

ਜੋਗੀ ਗ੍ਰਿਹੀ ਪੰਡਿਤ ਭੇਖਧਾਰੀ।। ਏ ਸੂਤੇ ਅਪਣੇ ਅੰਹਕਾਰੀ।।
ਮਾਇਆ ਮਦਿ ਮਾਤਾ ਰਹਿਆ ਸੋਇ।। ਜਾਗਤੁ ਰਹੈ ਨ ਮੂਸੈ ਕੋਇ।।
ਭੈਰਉ ਮਹਲਾ ੩
(ਪੰਨਾਂ ੧੧੨੮) ਆਦਿ ਗ੍ਰੰਥ

ਉਪ੍ਰੋਕਤ ਦੋਵੇਂ ਹੀ ਵਿਚਾਰ ਇਹ ਸਾਬਤ ਕਰਦੇ ਹਨ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇਂ ਜਦ ਆਪ ਪੰਡਤਾਂ ਜੋਗੀਆਂ ਦੇ ਭੇਖ ਨੂੰ ਖੰਡਨ ਕੀਤਾ ਸੀ ਤਾਂ ਫਿਰ ਇਹਨਾਂ ਦਾ ਧਾਰਨੀ ਕਿਵੇਂ ਹੋ ਸਕਦੇਸਨ। ਪੰਡਤਾਂ ਅਤੇ ਜੋਗੀਆਂ ਦਾ ਇਹ ਖੰਡਨ ਕੇਵਲ ਆਪ ਜੀ ਤੱਕ ਹੀ ਸੀਮਤ ਨਹੀਂ ਸੀ ਸਗੋਂ ਸਾਰੀ ਜਨਤਾ ਨੂੰ ਇਸ ਵਿਚਾਰਧਾਰਾ ਅਨੁਸਾਰ ਢਾਲਿਆ ਜਾ ਰਹਿਆ ਸੀ।

ਅੰਤ ਵਿੱਚ ਨਿਸਚੇ ਹੀ ਆਖਿਆ ਜਾ ਸਕਦਾ ਹੈ ਕਿ ਸਾਡੇ ਵਿਚਾਰ ਅਨੁਸਾਰ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇਂ ਕਿਸੇ ਪੰਡਿਤ ਆਦਿਕ ਨੂੰ ਵਰ ਦੀ ਭਾਲ ਵਿੱਚ ਨਹੀਂ ਭੇਜਿਆ ਸੀ।

### ੩. ਗੁਰੂ ਸਾਹਿਬ ਨੇਂ ਜ਼ਾਤ ਆਦਿਕ ਬਾਰੇ ਪੁਛ ਪ੍ਰਤੀਤ ਕਰਨੀ।

ਇਸ ਕਰਮ ਤੋਂ ਪਹਿਲਾਂ ਦੀ ਘਟਨਾਂ ਇਸ ਪ੍ਰਕਾਰ ਜੋੜੀ ਜਾਂਦੀ ਹੈ ਕਿ ਗੁਰੂ ਅਮਰਦਾਸ ਸਾਹਿਬ ਦਾ ਭਾਈ ਜੇਠਾ ਜੀ ਨਾਲ ਬੀਬੀ ਭਾਨੀ ਦਾ ਰਿਸ਼ਤਾ ਕਰਨ ਦਾ ਕਾਰਨ ਕੇਵਲ ਇਹ ਸੀ ਕਿ ਉਨ੍ਹਾਂ ਨੇਂ ਭਾਈ ਜੇਠਾ ਵਿੱਚ ਕੋਈ ਅਗੰਮੀ ਸ਼ਕਤੀ ਲਭ ਲਈ ਸੀ ਅਤੇ ਉਸ ਨੂੰ ਵਕਤ ਸਿਰ ਇਡਾ ਵਡਾ ਭਾਰ ਸੌਂਪਣ ਲਈ ਆਪ ਜੀ ਨੇਂ ਬੀਬੀ ਭਾਨੀ ਜੀ ਦੀ ਸ਼ਾਦੀ ਵੀ ਕਰ ਦਿੱਤੀ ਸੀ। ਜੇ ਭਾਈ ਜੇਠਾ ਜੀ ਕਿਸੇ ਅਜਿਹੀ ਸ਼ਕਤੀ ਦੇ ਮਾਲਕ ਨ ਹੁੰਦੇ ਤਾਂ ਸ਼ਾਇਦ ਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਆਪ ਜੀ ਨੂੰ ਆਪਣੇ ਜਵਾਈ ਦੇ ਰੂਪ ਵਿੱਚ ਸਵੀਕਾਰ ਨ ਕਰਕੇ। ਇਹ ਵਿਚਾਰ ਹਨ ਸ਼ਰਧਾਲੂ ਰੁਚੀ ਰੱਖਣ ਵਾਲਿਆਂ ਦੇ ਜਿਨ੍ਹਾਂ ਦੀ ਇਸ ਬੀਸਸ ਪ੍ਰੋੜਤਾ ਨਹੀਂ ਕੀਤੀ ਜਾ ਸਕਦੀ। ਸਾਨੂੰ ਤਾਂ ਅਜਿਹੇ ਵਿਚਾਰਾਂ ਦੀ ਲੋੜ ਹੈ ਜਿਹੜੇ ਆਪਣੇ ਆਪ ਵਿੱਚ ਕੁਝ ਵਜ਼ਨ ਰੱਖਦੇ ਹੋਣ।

ਜਦੋਂ ਇਹ ਕਹਿਆ ਜਾਂਦਾ ਹੈ ਕਿ ਜੇਕਰ ਭਾਈ ਜੇਠਾ ਜੀ

ਕਿਸੇ ਅਗੰਮੀ ਸ਼ਕਤੀ ਦੇ ਮਾਲਕ ਨ ਹੁੰਦੇ ਤਾਂ ਸ਼ਾਇਦ ਹੀ ਆਪ ਜੀ ਨੂੰ ਜਵਾਈ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ, ਬਿਲਕੁਲ ਗਲਤ ਹੈ। ਆਪ ਜੀ (ਭਾਈ ਜੇਠਾ) ਦੇ ਮੁਕਾਬਲੇ ਰਾਮੂ ਜੀ ਵੀ ਤਾਂ ਅਦ੍ਰਿਸ਼ਟ ਅਤੇ ਅਗੰਮੀ ਸ਼ਕਤੀਆਂ ਤੋਂ ਵਾਂਝੇ ਸਨ ਤਾਂ ਫ਼ਿਰ ਆਪ ਜੀ ਨੂੰ ਕਿਉਂ ਸਵੀਕਾਰ( ਜਵਾਈ ਦੇ ਰੂਪ ਵਿੱਚ) ਕੀਤਾ ਗਇਆ ਸੀ? ਦੂਜੇ ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਕੇਵਲ "ਅਜਰ ਵਸਤੁ ਨ ਜਰਿਆ ਜਾਈ"( ਭਾਈ ਗੁਰਦਾਸ) ਹੀ ਆਪ ਜੀ ਦੇ ਹਵਾਲੇ ਕਰਨ ਲਈ ਹੀ ਆਪ ਨੂੰ ਜਵਾਈ ਬਣਾਇਆ ਗਇਆ ਸੀ। ਗੁਰ-ਗਦੀ ਤੀਜੇ ਪਾਤਸ਼ਾਹ ਤੱਕ ਕਿਸੇ ਰਿਸ਼ਤੇਦਾਰ ਨੂੰ ਦੇਣ ਦੀ ਤਾਂ ਕੋਈ ਪ੍ਰਥਾ ਹੈ ਹੀ ਨਹੀਂ ਸੀ। ਇਹ ਤਾਂ ਸੇਵਾ ਦਾ ਫ਼ਲ ਸੀ ਅਤੇ ਸੇਵਕ ਨੂੰ ਹੀ ਦਿੱਤਾ ਜਾਂਦਾ ਸੀ। ਭਾਵੇਂ ਉਹ ਸੇਵਕ ਰਿਸ਼ਤੇਦਾਰ ਸੀ ਅਤੇ ਭਾਵੇਂ ਨਿਰਾ ਇੱਕ ਸੇਵਕ ਸੀ। ਸੋ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਕੋਈ ਜ਼ਰੂਰੀ ਨਹੀਂ ਸੀ ਕਿ ਭਾਈ ਜੇਠਾ ਜੀ ਨੂੰ ਜਵਾਈ ਕੇਵਲ ਗੁਰਗਦੀ ਦੇਣ ਲਈ ਹੀ ਬਣਾਨਾ ਪਇਆ ਅਤੇ ਬਣਾਇਆ ਸੀ। ਉਹ ਸਰਬ ਸ਼ਕਤੀ ਮਾਨ ਸਨ ਅਤੇ ਅਜਿਹੀਆਂ ਹੀ ਸ਼ਕਤੀਆਂ ਨੂੰ ਸਾਹਿਬ ਭਾਈ ਜੇਠਾ ਵਿੱਚ ਲਭਣ ਮਗਰੋਂ ਆਪ ਜੀ ਉਨ੍ਹਾਂ ਨੂੰ ਆਪਣੇ ਸੰਗ ਸਹਿਜੇ ਹੀ ਰੱਖ ਸਕਦੇ ਸਨ। ਇਸਦੇ ਨਾਲ ਹੀ ਜੇਕਰ ਭਾਈ ਜੇਠਾ ਜੀ ਅਗੰਮੀ ਸ਼ਕ ਸ਼ਕਤੀਆਂ ਦੇ ਮਾਲਕ ਸਨ ਤਾਂ ਫਿਰ ਜ਼ਾਤ ਆਦਿਕ ਪੁਛਣ ਦੀ ਕੀ ਲੋੜ ਸੀ। ਜ਼ਾਤ ਪਾਤ ਨਾਲੋਂ ਤਾਂ ਅਦ੍ਰਿਸ਼ਟ ਅਤੇ ਅਗੰਮੀ ਸ਼ਕਤੀਆਂ ਬਹੁਤੀਆਂ ਵਡੀਆਂ ਅਤੇ ਤਾਕਤਵਰ ਸਨ। ਸੋ ਜ਼ਾਤ ਪਾਤ ਦੇ ਮੁਕਾਬਲੇ ਪ੍ਰਥਮ ਅਸਥਾਨ ਤਾਂ ਉਨ੍ਹਾਂ ਸ਼ਕਤੀਆਂ ਨੂੰ ਹੀ ਮਿਲਣਾ ਚਾਹੀਦਾ ਸੀ।

ਇਸ ਵਿਚਾਰ ਦਾ ਸਿਟਾ ਇਹ ਨਿਕਲਿਆ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇਂ ਭਾਈ ਜੇਠਾ ਜੀ ਪਾਸੋਂ ਕਿਸੇ ਜ਼ਾਤੀ ਵਿਤਕਰੇ ਨੂੰ ਮੁਖ ਰੱਖ ਕੇ ਕੋਈ ਇਸ ਭਾਂਤ ਦੀ ਪੁਛ ਪ੍ਰਤੀਤ ਨਹੀਂ ਕੀਤੀ।

ਅਸੀਂ ਪਹਿਲਾਂ ਵੀ ਵਿਚਾਰ ਕਰ ਚੁਕੇ ਹਾਂ ਕਿ ਗੁਰੂ ਅਮਰਦਾਸ ਸਾਹਿਬ ਨੇਂ ਆਪਣੇ ਜੀਵਨ ਵਿੱਚ ਜ਼ਾਤੀ ਵਿਤਕਰੇ ਬਾਰੇ ਆਪਣੇ ਕਰੜੇ ਨਿਖੇਧਾਤਮਕ ਵਿਚਾਰ ਦਸੇ ਹਨ। ਜ਼ਾਤ ਪਾਤ ਦਾ ਭਰਮ ਤਾਂ ਮਿਟਾਣ ਵਾਲੇ ਸਨ ਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ। ਜਦੋਂ ਅਸੀਂ ਇਹ ਮੰਨ ਚੁਕੇ ਹਾਂ ਕਿ ਜ਼ਾਤੀ ਦਾ ਭੇਦ

ਮਿਟਾਣ ਵਾਲੇ ਇਹ ਤੀਜੇ ਪਾਤਸ਼ਾਹ ਸਨ ਤਾਂ ਫਿਰ ਆਪ ਮੁੜ ਕੇ ਕਿਵੇਂ ਜ਼ਾਤੀ ਦੇ ਭਰਮ ਵਿੱਚ ਪੈ ਸਕਦੇ ਹਨ। ਇਹ ਕੋਈ ਮਦਾਰੀ ਦੇ ਖਲਜਗਣ ਵਾਲੀ ਗਲ ਤਾਂ ਹੈ ਨਹੀਂ ਸੀ ਕਿ ਲੋਕਾਂ ਨੂੰ ਤਾਂ ਕੋਈ ਹੋਰ ਰੂਪ ਦਿਖਾਇਆ ਜਾਵੇ ਅਤੇ ਅਸਲੀਅਤ ਕੁਝ ਹੋਰ ਹੋਵੇ। ਗੁਰੂ ਤੋਂ ਤਾਂ ਲੋਕਾਂ ਨੇਂ ਉਸਦੇ ਜੀਵਨ ਵਾਲੀ ਹੀ ਜਾਚ ਸਿਖਣੀ ਹੈ। ਜੇ ਗੁਰੂ ਆਪ ਹੀ ਆਪਣਾ ਪ੍ਰਚਾਰਿਆ ਹੋਇਆ ਜੀਵਨ ਨਹੀਂ ਜੀਅ ਸਕਦਾ ਤਾਂ ਉਹ ਦੂਜਿਆਂ ਨੂੰ ਕਿਵੇਂ ਆਪਣੇ ਪ੍ਰਚਾਰੇ ਹੋਏ ਵਿਸ਼ਿਆਂ ਉਤੇ ਚਲਣ ਲਈ ਕਹਿ ਸਕਦਾ ਹੈ।

੧. ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥
ਮ: ੪
(ਪੰਨਾਂ ੩੦੪) ਆਦਿ ਗ੍ਰੰਥ

੨. ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭ ਦੇਖੈ ਬ੍ਰਹਮੁ ਇਕੁ ਸੋਇ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥
ਮ: ੪
(ਪੰਨਾਂ ੩੦੨) ਆਦਿ ਗ੍ਰੰਥ

ਸਾਡੇ ਗੁਰੂ ਸਾਹਿਤ ਤੋਂ ਸਾਨੂੰ ਗੁਰੂ ਸਾਹਿਬਾਂ ਦੀ ਆਪਣੀ ਬਾਣੀ ਦਸਦੀ ਹੈ ਕਿ ਗੁਰੂ ਕਿਸ ਭਾਂਤ ਦਾ ਹੋਣਾ ਚਾਹੀਦਾ ਹੈ। ਜਿਹੜੇ ਗੁਣ ਉਨ੍ਹਾਂ ਦੀ ਬਾਣੀ ਵਿੱਚ ਅੰਕਤ ਹਨ ਓਹੀ ਗੁਣ ਓਹਨਾਂ ਨੇਂ ਜਨਤਾ ਵਿੱਚ ਵੀ ਪ੍ਰਚਾਰੇ ਅਤੇ ਓਹਨਾਂ ਹੀ ਗੁਣਾਂ ਦੇ ਆਪ ਜੀ ਵੀ ਧਾਰਨੀ ਸਨ।

ਇਸੇ ਆਧਾਰ ਉਤੇ ਅਸੀਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਨੇਂ ਭਾਈ ਜੇਠਾ ਜੀ ਪਾਸੋਂ ਉਨ੍ਹਾਂ ਦੀ ਜ਼ਾਤ ਆਦਿਕ ਬਾਰੇ ਕੋਈ ਵੀ ਪੁਛ ਪ੍ਰਤੀਤ ਨਹੀਂ ਕੀਤੀ। ਜੇ ਕੋਈ ਸਜਣ ਇਹ ਕਹਿੰਦੇ ਹਨ ਕਿ ਭਾਈ ਜੇਠਾ ਜੀ ਪਾਸੋਂ ਵਿਵਾਹ ਤੋਂ ਪਹਿਲਾਂ ਉਨ੍ਹਾਂ ਦੇ ਸੋਢੀ ਹੋਣ ਬਾਰੇ ਪੁਛ ਪ੍ਰਤੀਤ ਕੀਤੀ ਗਈ ਸੀ ਤਾਂ ਇਹ ਇਕੱ ਮਨਘੜਤ ਕਹਾਣੀ ਹੋਵੇਗੀ ਅਤੇ ਇਸ ਨਾਲ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਵਿਅਕਤਿਤਵ ਨੂੰ ਨੀਵਾਂ ਪਾਣਾ ਹੋਵੇਗਾ। ਇਹੋ ਜਹੀ ਘਟਨਾਂ ਜੋੜਨ ਨਾਲ ਗੁਰੂ ਸਾਹਿਬ ਨੂੰ ਸੱਚੇ ਗੁਰੂ ਦੀ ਪਦਵੀ ਤੋਂ ਲਾਹ ਕੇ ਨੀਵਾਂ ਸਾਬਤ ਕਰਨ ਦੀ ਰੁਚੀ ਹੀ ਦਿਸੇਗੀ, ਹੋਰ ਕੁਝ ਨਹੀਂ। ਇਸ ਦੇ ਨਾਲ ਹੀ ਸਾਨੂੰ ਕੋਈ ਅਜਿਹੀ ਇਤਿਹਾਸਕ ਗਵਾਹੀ ਵੀ ਨਹੀਂ

ਨਹੀਂ ਮਿਲਦੀ ਜਿਹੜੀ ਇਹ ਸਾਬਤ ਕਰਦੀ ਹੋਵੇ ਕਿ ਭਾਈ ਜੇਠਾ ਜੀ ਨੂੰ ਵਿਵਾਹ ਤੋਂ ਪਹਿਲਾਂ ਜ਼ਾਤੀ ਵਿਤਕਰੇ ਵਾਲੇ ਕੋਈ ਸਵਾਲ ਪੁਛੇ ਗਏ ਸਨ।

੪. ਗੁਰੂ ਸਾਹਿਬ ਦਾ ਭਾਈ ਜੇਠਾ ਜੀ ਨੂੰ ਸ਼ਗਨ ਦੇ ਕੇ ਲਾਹੌਰ ਭੇਜਣਾ ਅਤੇ ਬਾਰਾਤ ਲਿਆ ਕੇ ਸ਼ਾਦੀ ਲਈ ਬੇਨਤੀ ਕਰਨੀ।

---

ਜਦੋਂ ਵੀ ਕੋਈ ਮਨੁੱਖ ਮਨਘੜਤ ਕਹਾਣੀ ਘੜਿਆ ਕਰਦਾ ਹੈ ਤਾਂ ਉਹ ਕਹਾਣੀ ਦੇ ਵਾਧੇ ਘਾਟੇ ਨੂੰ ਆਪਣੀ ਮਾਨਸਕ ਦੁਨੀਆਂ ਦੇ ਹੀ ਘੇਰੇ ਵਿੱਚ ਪੂਰਿਆਂ ਉਤਾਰਨ ਲਈ ਛਿਲਿਆ ਤਰਾਸ਼ਿਆ ਜਾਂ ਕੁਝ ਜੋੜਿਆ ਕਰਦਾ ਹੈ। ਇਹ ਮਨੁੱਖੀ ਸੁਭਾ ਹੈ ਅਤੇ ਇਸ ਤੋਂ ਕੋਈ ਵੀ ਛੁਟਕਾਰਾ ਨਹੀਂ ਪਾ ਸਕਦਾ। ਨਿਰੇ ਸੱਚ ਉਤੇ ਤਾਂ ਮਹਾਨ ਚਿੰਤਨ ਵਾਲੇ ਵਿਅਕਤੀ ਹੀ ਉਤਰਿਆ ਕਰਦੇ ਹਨ, ਹਰ ਆਮ ਮਨੁੱਖ ਨਹੀਂ ਉਤਰ ਸਕਦਾ। ਮਹਾਨ ਚਿੰਤਨ ਵਾਲਾ ਮਨੁੱਖ ਥੋੜੀ ਜਹੀ ਪ੍ਰਾਪਤੀ ਨੂੰ ਪ੍ਰਾਪਤੀ ਦੇ ਵਡੇ ਜਗਤ ਵਿੱਚ ਇੱਕ ਰਾਹ ਖੁਲਦਾ ਮਹਿਸੂਸ ਕਰਦਾ ਹੈ ਜਿਥੇ ਸਤਈ ਮਨੁੱਖ ਉਸ ਨੂੰ ਆਪਣੀਆਂ ਪ੍ਰਾਪਤੀਆਂ ਦਾ ਅੰਤ ਹੀ ਸਮਝ ਬੈਠਦਾ ਹੈ। ਕਿਸੇ ਅੰਗਰੇਜ਼ੀ ਦੇ ਮਹਾਨ ਕਵੀ ਨੇ ਠੀਕ ਹੀ ਆਖਿਆ ਹੈ ਕਿ

A fool is happy
ther he knows no more.

ਸੋ ਜਦੋਂ ਅਸੀਂ ਗੁਰੂ ਸਾਹਿਬ ਦੇ ਜੀਵਨ ਵਲ ਇੱਕ ਘੋਖਵੀਂ ਬ੍ਰਿਤੀ ਨਾਲ ਝਾਤੀ ਮਾਰਦੇ ਹਾਂ ਤਾਂ ਸਾਨੂੰ ਪੱਤਾ ਲਗਦਾ ਹੈ ਕਿ ਸਾਹਿਬ ਭਾਈ ਜੇਠਾ ਜੀ ਦੇ ਮਾਪੇ ਤਾਂ ਛੋਟੀ ਉਮਰ ਵਿੱਚ ਹੀ ਸੁਰਗਵਾਸ ਹੋ ਚੁਕੇ ਸਨ ਅਤੇ ਆਪ ਲਈ ਪੰਜਾਬੀ ਦਾ ਵਿਸ਼ੇਸ਼ਣ ਯਤੀਮ ਹੀ ਰਹਿ ਗਇਆ ਸੀ। ਇਸ ਯਤੀਮ ਪੁਣੇ ਅਤੇ ਨਿਆਸਰੇ ਹੋਣ ਦੀ ਹਾਲਤ ਵਿੱਚ ਆਪ ਜੀ ਨੂੰ ਆਪਣੇ ਨਾਨਕੇ ਘਰ ਦਾ ਸਹਾਰਾ ਲੈਣਾ ਪਇਆ ਸੀ। ਬਾਸਰਕੇ ( ਨਾਨਕਾ ਪਿੰਡ) ਪੁਜਣ ਤੋਂ ਝਟ ਹੀ ਬਾਅਦ ਆਪ ਜੀ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਾਜ਼ਰ ਹੋਏ। ਸੋ ਆਪ ਜੀ ਦਾ ਨਾਨਕੇ ਘਰ ਪੁਜਣਾ

ਅਤੇ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਾਜ਼ਰ ਹੋਣ ਬਾਰੇ ਸਾਰੀ ਵਿਚਾਰ ਭਲੀ ਪ੍ਰਕਾਰ ਕੀਤੀ ਜਾ ਚੁਕੀ ਹੈ ਅਤੇ ਉਸ ਨੂੰ ਮੁੜ ਕੇ ਨਵਿਓਂ ਸਿਰਿਓਂ ਸ਼ੁਰੂ ਕਰਨਾਂ ਲੋੜਦਾ ਨਹੀਂ।

ਆਪ ਜੀ ਦੀ ਸ਼ਾਦੀ ਬਾਰੇ ਸਾਡੇ ਪਾਸ ਕੋਈ ਅਜਿਹੀ ਮਾਨਨੀਯ ਗਵਾਹੀ ਨਹੀਂ ਕਿ ਜਿਹੜੀ ਕਿਸੇ ਨਿਰਣੇ ਨਾਲ ਸਾਨੂੰ ਕਿਸੇ ਅੰਤਮ ਪੜਾ ਉਤੇ ਪੁਚਾ ਸਕੇ। ਬਸ ਇਤਨਾਂ ਹੀ ਪਤਾ ਲਗਦਾ ਹੈ ਕਿ ਬੀਬੀ ਭਾਨੀ ਜੀ ਦੀ ਸ਼ਾਦੀ ਭਾਈ ਜੇਠਾ ਜੀ ਨਾਲ ਕਰ ਦਿੱਤੀ ਗਈ ਸੀ। ਇਹ ਸ਼ਾਦੀ ਕਿਵੇਂ ਹੋਈ?ਇਸ ਸ਼ਾਦੀ ਦੀ ਰਸਮ ਨੂੰ ਪੂਰਿਆਂ ਕਰਨ ਲਈ ਕਿਸ ਵਿੱਧੀ ਨੂੰ ਅਪਣਾਇਆ ਗਇਆ? ਇਸ ਪ੍ਰਸ਼ਨ ਉਤੇ ਇਤਿਹਾਸ ਚੁਪ ਹੈ। ਗੁਰੂ ਸਾਹਿਬ ਅਤੇ ਜੀਵਨ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਅਤੇ ਨਿਸਚੇ ਹੀ ਆਖਿਆ ਜਾ ਸਕਦਾ ਹੈ ਕਿ ਗੁਰੂ ਅਮਰਦਾਸ ਸਾਹਿਬ ਨੇਂ ਬ੍ਰਾਹਮਣੀਕ ਵਿਵਾਹ ਵਿੱਧੀ ਨੂੰ ਨਹੀਂ ਅਪਣਾਇਆ, ਹੋਰ ਭਾਵੇਂ ਕੁਝ ਵੀ ਕੀਤਾ ਹੋਵੇ।

ਸਾਡਾ ਵਿਚਾਰ ਹੈ ਕਿ ਗੁਰੂ ਅਮਰਦਾਸ ਸਾਹਿਬ ਨੇਂ ਭਾਈ ਜੇਠਾ ਜੀ ਨੂੰ ਲਾਹੌਰ ਤੋਂ ਬਾਰਾਤ ਲਿਆਉਣ ਲਈ ਕੋਈ ਬੇਨਤੀ ਨਹੀਂ ਕੀਤੀ। ਪਰ ਇਸ ਗਲ ਦੀ ਪ੍ਰਸ਼ਟੀ ਲਈ ਅਸੀਂ ਹੋਰ ਪ੍ਰਾਪਤ ਇਤਿਹਾਸਕ ਗਵਾਹੀਆਂ ਤੋਂ ਵੀ ਨਿਰਣਾ ਮੰਗ ਕੇ ਅੰਕਤ ਕਰਾਂਗੇ।

ਪ੍ਰਾਪਤ ਇਤਿਹਾਸਕ ਗਵਾਹੀਆਂ ਇਹ ਦਸਦੀਆਂ ਹਨ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇਂ ਬੀਬੀ ਭਾਨੀ ਜੀ ਦੀ ਸ਼ਾਦੀ ਤੋਂ ਮਗਰੋਂ ਜੋੜੀ ਨੂੰ ਆਪਣੇ ਹੀ ਪਾਸ ਰੱਖ ਲਇਆ ਸੀ ਅਤੇ ਭਾਈ ਜੇਠਾ ਜੀ ਇੱਕ ਅਨਿਨ ਭਗਤ ਵਾਂਙ ਆਪ ਜੀ ਦੀ ਸੇਵਾ ਵਿੱਚ ਜੁਟ ਗਏ। ਬੀਬੀ ਭਾਨੀ ਜੀ ਜੋ ਪਹਿਲਾਂ ਵੀ ਆਪਣੇ ਪਿਤਾ ਨੂੰ ਪਿਤਾ ਤੋਂ ਵਧ ਇੱਕ ਗੁਰੂ ਅਤੇ ਸੰਤ ਦੇ ਰੂਪ ਵਿੱਚ ਸਵਿਕਾਰ ਦਿੰਦੇ ਸਨ ਵੀ ਹਜ਼ੂਰ ਦੀ ਸੇਵਾ ਵਿੱਚ ਹੀ ਰਹਿਣ ਲਗ ਪਏ। ਏਥੇ ਹੀ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ, ਆਪ ਜੀ ਦੇ ਘਰ ਤਿੰਨ ਸਾਹਿਬਜ਼ਾਦੇ, ਮਹਾਂਦੇਵ, ਪ੍ਰਿਥੀਚੰਦ ਅਤੇ ਅਰਜੁਨ ਦੇਵ ਜੀ ਪੈਦਾ ਹੋਏ।*੧* ਸਾਹਿਬ

---

*੧* ਅਬ ਗੁਰਪ੍ਰਨਾਲੀ ਨੰঃ ੩੮੮ ਪੰਜਾਬ ਯੂਨੀਵਰਸਟੀ ਲਾਇਬਰੇਰੀ।
ਪੰਨਾਂ ੩-੪
ਜਨਮ ਕਾ ਨਾਮ ਜੇਠਾ ਜੀ ਉਪਰੰਤ ੧੫੮੮ ਫਗਣ ਦੀ ਸੋਲਵੀਂ

ਬਾਕੀ ਪੰਨਾਂ੧੦੬

ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ , ਆਪ ਜੀ ਨੇਂ ਗੁਰੂ ਕਾ ਚਕ ਆਦਿਕ ਅਤੇ ਅਮ੍ਰਿਤਸਰੋਵਰ ਬਣਾਉਣ ਦਾ ਕੰਮ ਜਾਰੀ ਕੀਤਾ। ਸੋ ਇਹਨਾਂ ਇਤਿਹਾਸਕ ਗਵਾਹੀਆਂ ਤੋਂ ਸਾਨੂੰ ਇਹ ਕੋਈ ਪਤਾ ਨਹੀਂ ਲਗਦਾ ਕਿ ਭਾਈ ਜੇਠਾ ਜੀ ਸ਼ਾਦੀ ਤੋਂ ਮਗਰੋਂ ਕਦੀ ਵੀ ਆਪਣੇ ਮਾਪਿਆਂ ਪਾਸ ਗਏ। ਇਹ ਜੋੜੀ ਗੁਰਤਾ ਪ੍ਰਾਪਤੀ ਤੱਕ ਤਾਂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿੱਚ ਹੀ ਰਹੀ ਅਤੇ ਇਸਤੋਂ ਮਗਰੋਂ ਜਦੋਂ ਗੁਰਤਾ ,ਪ੍ਰਾਪਤ ਹੋਈ ਤਾਂ ਫਿਰ ਅਮ੍ਰਿਤਸਰ ਨੂੰ ਛਡ ਕੇ ਬਾਹਰ ਜਾਣ ਬਾਰੇ ਤਾਂ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਹੁਣ ਸਵਾਲ ਇਹ ਉਠਦਾ ਹੈ ਕਿ ਜੇ ਕਰ ਆਪ ਜੀ ਦੇ ਮਾਪੇ ਜੀਉਂਦੇ ਸਨ ਤਾਂ ਆਪ ਜੀ ਸ਼ਾਦੀ ਤੋਂ ਮਗਰੋਂ ਲਾਹੌਰ ਆਪਣੇ ਮਾਪਿਆਂ ਪਾਸ ਕਿਉਂ ਨਹੀਂ ਗਏ? ਹਰ ਮਾਂ ਪਿਉ ਨੂੰ ਇਹ ਸਿਕ ਹੁੰਦੀ ਹੈ ਕਿ ਉਨ੍ਹਾਂ ਦੇ ਘਰ ਨਵੀਂ ਨਵੇਲੀ ਨੂੰਹ ਦੇ ਪੈਰ ਪੈਣ, ਝਾਂਜਰਾਂ ਅਤੇ ਚੂੜੇ ਦੇ ਛਣਕਣ ਦੀ ਆਵਾਜ਼ ਆਵੇ ਅਤੇ ਆਪਣੇ ਪੁਤਰ ਨੂੰ ਕਿਸੇ ਨਵੀਂ ਦੁਨੀਆਂ ਵਿੱਚ ਗਲਤਾਨ ਵੇਖਣ, ਉਨ੍ਹਾਂ ਦੇ ਘਰ ਕਿਸੇ ਨਿਕੀ ਜਹੀ ਜਿੰਦੜੀ ਦਾ ਪ੍ਰਵੇਸ਼ ਹੋਵੇ। ਅਤੇ ਉਹ ਨਵੀਂ ਜਿੰਦੜੀ ਆਪਣੀ ਨਵੀਂ ਜ਼ਿੰਦਗੀ ਦਾ ਨਵਾਂ ਰਾਗ ਅਲਾਪੇ। ਹਰ ਸਸ ਆਪਣੀ ਜਵਾਨ ਤੇ ਸਜ ਵਿਆਹੀ ਨੂੰਹ ਨਾਲ ਟੁਰ ਕੇ ਆਪਣੀ ਜਵਾਨੀ ਅਤੇ ਗੁਜ਼ਰੇ ਸਜ ਵਿਆਹੀ ਹੋਣ ਦੇ ਦਿੰਨਾਂ ਨੂੰ ਮੁੜ ਮਹਿਸੂਸ ਕਰਿਆ ਕਰਦੀ ਹੈ। ਉਹ ਮੁੜ ਆਪਣੇ ਆਪ ਨੂੰ ਜਵਾਨ ਸਮਝਦੀ ਹੈ। ਤੇ ਇਸਦੇ ਮੁਕਾਬਲੇ, ਭਾਈ ਜੇਠਾ ਜੀ ਦੀ ਮਾਂ, ਜਿਸ ਦੇ ਮਾਮੂਲੀ ਜਹੇ ਪੁਤਰ ਨੂੰ ਗੁਰੂ ਘਰ ਦਾ ਮਾਣ ਪ੍ਰਾਪਤ ਹੋਇਆ ਹੋਵੇ ਨੇ; ਕੀ ਕਦੀ ਵੀ ਇਹ ਨ ਸੋਚਿਆ ਹੋਵੇਗਾ ਕਿ ਉਸਦਾ ਪੁਤਰ, ਸੌਹਰੇ ਘਰ ਦੀ ਥਾਂ, ਸੁਹੇ ਸਾਲੂ ਵਿੱਚ ਲਪੇਟੀ ਹੋਈ ਕਿਸੇ ਜਿੰਦੜੀ ਨੂੰ ਆਪਣੇ ਘਰ ਲਿਆਵੇ।

---

ਪੰਨਾ ੧੦੫ ਦੀ ਬਾਕੀ

ਇਕੋਂਤਰ ਸੰਮਤ ੧੬੦੨ ਫਗਣੇ ਸਤਾਰਵੀਂ ਗੁਰੂ ਅਮਰਜੀ ਕੀ ਆਤਮਜਾ ਬੀਬੀ ਭਾਨੀ ਜੀ ਕਾ ਪਾਗ੍ਰਹਣ ਕੀਆ ਗੋਇੰਦਵਾਲ ਵਿਖੇ ਸੋ ਤੀਸਰੀ ਪਾਤਸਾਹੀ ਨੇਂ ਏਥੇ ਹੀ ਰਖ ਲੀਏ ਸਾਹਿਬਜਾਦੇ ਭੀ ਏਥੇ ਹੀ ਜਨਮੇ ਪੁਤ੍ਰ ਤੀਨ ਪ੍ਰਥਮ ਸੰਮਤ ੧੬੦੫ ਅਸੂ ਕੀ ੭ ਪ੍ਰਿਥੀਆ ਜਨਮਿਆ ਉਪਰੰਤ ਸੰਮਤ ੧੬੦੮ ਹਾੜੇ ੪ ਮਹਾਦੇਉਕਾ ਜਨਮ ਭਯਾ ਪੁਨਹ ਸੰਮਤ ੧੬੧੦ ਵਿਸਾਖੇ ਕੀ ੧੮ ਅਰਜਨ ਦੇਵ ਜੀ ਜਨਮ ਲੀਆ.....

ਉਸਦੇ ਘਰ ਵੀ ਚਹਿਲ ਪਹਿਲ ਮੱਚ ਜਾਵੇ ਅਤੇ ਉਸਦੇ ਘਰ ਵੀ ਲੋਕ ਵਧਾਈਆਂ ਅਤੇ ਮੁਬਾਰਕਾਂ ਦੀ ਧਾੜ ਲੈ ਕੇ ਪੁਜਣ। ਹਰ ਕੋਈ ਉਸਦੇ ਗੁਰੂ ਘਰ ਦੇ ਸਬੰਧਾਂ ਦੀ ਚਰਚਾ ਕਰੇ।

ਅਤੇ ਇਸਦੇ ਨਾਲ ਹੀ ਜਿਹੜਾ ਪੁਤਰ ਹੈ ਜਿਹੜਾ ਆਪਣੇ ਘਰ ਨੂੰ ਨਵਿਆਂ ਹਾਸਿਆਂ ਨਾਲ ਨ ਭਰ ਦੇਣਾ ਚਾਹੁੰਦਾ ਹੋਵੇ। ਜਿਵੇਂ ਕਿਸੇ ਮਾਂ ਦੇ ਦਿਲ ਵਿੱਚ ਨਵੀਆਂ ਰੀਝਾਂ ਉਮਡ ਰਹੀਆਂ ਹੁੰਦੀਆਂ ਹਨ ਉਸੇ ਤਰ੍ਹਾਂ ਇੱਕ ਪੁਤਰ ਦੇ ਦਿਲ ਵਿੱਚ ਵੀ ਨਵੇਂ ਉਬਾਲ ਉਠ ਰਹੇ ਹੁੰਦੇ ਹਨ। ਜੇ ਇੱਕ ਸਸ ਨਵੀਂ ਨੂੰਹ ਦਾ ਸਾਥ ਭਾਲਦੀ ਹੈ ਤਾਂ ਇੱਕ ਪੁਤਰ ਵੀ ਆਪਣੇ ਘਰ ਦੇ ਚੌਗਿਰਦੇ ਵਿੱਚ ਕੋਮਲ ਬਾਹਾਂ ਦੇ ਆਲੇ ਦੁਆਲੇ ਲਿਪਟੇ ਹੋਏ ਚੂੜੇ ਦੀ ਛਣਕਾਰ ਵੀ ਤਾਂ ਸੁਣਨਾਂ ਚਾਹੁੰਦਾ ਹੈ। ਸੋ ਭਾਈ ਜੇਠਾ ਜੀ ਦੇ ਦਿਲ ਵਿੱਚ ਵੀ ਇਹ ਸਧਰਾਂ ਉਮਡੀਆਂ ਹੋਣਗੀਆਂ। ਭਾਈ ਜੇਠਾ ਜੀ ਨੇਂ ਵੀ ਇਹ ਚਾਹਿਆ ਹੋਵੇਗਾ ਪਰ ਦਿਲ ਦੀ ਗਲ ਦਿਲ ਵਿੱਚ ਹੀ ਰਹੀ ਹੋਵੇਗੀ। ਹੋਠਾਂ ਤੱਕ ਆਈ ਗਲ ਫਿਰ ਮੁੜ ਗਈ ਹੋਵੇਗੀ। ਦਿਲ ਦੇ ਵਡੇ ਖ਼ਲਾ ਵਿੱਚੋਂ ਨਿਕਲੀ ਆਵਾਜ਼ ਮੁੜ ਉਸੇ ਹੀ ਖਲਾ ਵਿੱਚ ਗੁਮ ਹੋ ਗਈ ਜਾਪਦੀ ਹੈ। ਕਿਉਂ ਜੋ ਉਸ ਦੇ ਸੁਣਨ ਵਾਲਾ ਸੀ ਹੀ ਜਿਹੜਾ ਜਿਸ ਨੂੰ ਕਿ ਉਹ ਆਵਾਜ਼ ਸੁਣਾਈ ਜਾਂਦੀ ਜਾਂ ਜਿਹੜਾ ਉਸਦਾ ਉਤਰ ਦਿੰਦਾ। ਸੋ ਇਸ ਤੋਂ ਇਹੀ ਸਿਧ ਹੁੰਦਾ ਹੈ ਕਿ ਆਪ ਜੀ ਸ਼ਾਦੀ ਮਗਰੋਂ ਆਪਣੇ ਮਾਪਿਆਂ ਪਾਸ ਲਾਹੌਰ ਨਹੀਂ ਗਏ ਕਿਉਂਕਿ ਆਪ ਜੀ ਯਤੀਮ ਸਨ। ਇਤਿਹਾਸ ਇਸ ਨੂੰ ਸਿਧ ਕਰ ਚੁਕਾ ਹੈ ਅਤੇ ਇਸਦੇ ਬਾਰੇ ਹੁਣ ਦੋ ਰਾਵਾਂ ਕਾਇਮ ਨਹੀਂ ਕੀਤੀਆਂ ਜਾ ਸਕਦੀਆਂ।

ਸੋ ਇੱਕ ਪ੍ਰਸ਼ਨ ਇਹ ਉਠਦਾ ਹੈ ਕਿ ਜੇਕਰ ਭਾਈ ਜੇਠਾ ਜੀ ਆਪਣੀ ਸ਼ਾਦੀ ਤੋਂ ਮਗਰੋਂ ਆਪਣੇ ਮਾਪਿਆਂ ਪਾਸ ਲਾਹੌਰ ਨਹੀਂ ਗਏ ਤਾਂ ਸ਼ਾਦੀ ਤੋਂ ਪਹਿਲਾਂ ਬਾਰਾਤ ਲੈਣ ਵਾਸਤੇ ਕਿਸ ਨੂੰ ਕਹਿਣ ਲਈ ਗਏ ਸਨ? ਦੂਸਰਾ ਪ੍ਰਸ਼ਨ ਇਹਕਿ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇਂ ਸ਼ਗਨ ਦੇਣ ਸਮੇਂ ਆਪਣੇ ਕੁੜਮਾਂ ਦਾ ਹਾਜ਼ਰ ਹੋਣਾ, ਜ਼ਰੂਰੀ ਕਿਉਂ ਨਹੀਂ ਸਮਝਿਆ? ਪੰਜਾਬੀ ਰਵਾਇਤ ਅਨੁਸਾਰ ਸ਼ਾਦੀ ਦੀ ਗਲ ਪੱਕੀ ਕਰਨ ਤੋਂ ਪਹਿਲਾਂ ਇਹਨਾਂ ਗਲਾਂ ਦਾ ਪੂਰਿਆਂ ਕੀਤਾ ਜਾਣਾ ਅਤਿ ਜ਼ਰੂਰੀ ਹੈ। ਇਹਨਾਂ ਸਾਰੇ ਪ੍ਰਸ਼ਨਾਂ ਦੇ ਉਤਰ ਵਜੋਂ ਸਾਨੂੰ ਕੋਈ ਇਤਿਹਾਸਕ ਜਾਂ ਸਾਹਿਤਕ ਗਵਾਹੀ ਨਹੀਂ ਮਿਲਦੀ। ਜਦੋਂ

ਇਤਿਹਾਸ ਇਹ ਸਿਧ ਕਰਦਾ ਹੈ ਕਿ ਆਪ ਜੀ ਯਤੀਮ ਸਨ ਤਾਂ ਫਿਰ ਇਹਨਾਂ ਪ੍ਰਸ਼ਨਾਂ ਦਾ ਉਤਰ ਕਿਥੋਂ ਮਿਲ ਸਕਦਾ ਹੈ। ਸਾਡੀ ਆਮ ਜਨਤਾ ਅਜੇ ਚੇਤੰਨ ਭਾਂਤ ਦਾ ਜੀਵਨ ਤਾਂ ਜੀਅ ਹੀ ਨਹੀਂ ਰਹੀ ਸੀ ਕਿ ਗੁਰੂ ਸਾਹਿਬ ਦੀਆਂ ਜੀਵਨ ਝਾਕੀਆਂ ਨੂੰ ਕੋਈ ਅੰਕਿਤ ਕਰਦਾ। ਸੋ ਸਾਨੂੰ, ਜੋ ਥੋੜਾ ਬਹੁਤਾ ਮਸਾਲਾ, ਇਤਿਹਾਸ ਤੋਂ ਮਿਲਦਾ ਹੈ, ਅਸੀਂ ਆਪਣੇ ਸਿਟੇ ਨੂੰ ਉਸ ਉਤੇ ਹੀ ਨਿਰਭਰ ਕਰਨਾਂ ਹੋਵੇਗਾ।

ਸਾਡੀ ਇਸ ਉਪਰਲੀ ਵਿਚਾਰ ਤੋਂ ( ਵਾਦ ਵਿਵਾਦ) ਤਾਂ ਇਹੋ ਹੀ ਸਿਧ ਹੁੰਦਾ ਹੈ ਕਿ ਭਾਈ ਜੇਠਾ ਜੀ ਨੂੰ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇਂ, ਲਾਹੌਰ ਤੋਂ ਬਾਰਾਤ ਲਿਆ ਕੇ ਸ਼ਾਦੀ ਕਰਨ ਲਈ ਬਿਲਕੁਲ ਨਹੀਂ ਕਹਿਆ ਅਤੇ ਨ ਹੀ ਆਪ ਜੀ ਬਾਰਾਤ ਲਿਆ ਕੇ ਸ਼ਾਦੀ ਲਈ ਹਜ਼ੂਰ ਦੀ ਸੇਵਾ ਵਿੱਚ ਹਾਜ਼ਰ ਹੋਏ ਸਨ।

ਇਹਨਾਂ ਦਸੇ ਜਾ ਚੁਕੇ ਵਿਚਾਰਾਂ ਤੋਂ ਇਹ ਵੀ ਸਿਧ ਹੁੰਦਾ ਹੈ ਕਿ ਬੀਬੀ ਭਾਨੀ ਜੀ ਦੀ ਸ਼ਾਦੀ ਵੀ ਕਿਸੇ ਅਨੋਖੇ ਢੰਗ ਨਾਲ ਹੀ ਕੀਤੀ ਗਈ ਸੀ। ਕਿਵੇਂ ਅਤੇ ਕਿਉਂ? ਇਸ ਤਰ੍ਹਾਂ ਕਿ ਇਹ ਗਲ ਤਾਂ ੧੦੦ ਵਿਸਵੇ ਠੀਕ ਹੈ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਵੇਦਾਂ ਦੇ ਭਰਮਾਂ ਅਤੇ ਬ੍ਰਾਹਮਣਾ ਦੀਆਂ ਰਸਮਾਂ ਰੀਤਾਂ ਵਿੱਚ ਰਤਾ ਭਰ ਵੀ ਯਕੀਨ ਨਹੀਂ ਕਰਦੇ ਸਨ ਅਤੇ ਇਹੋ ਪ੍ਰਚਾਰ ਆਪ ਜੀ ਨੇਂ ਆਪਣੀ ਸਿਖ ਜਨਤਾ ਨੂੰ ਵੀ ਕੀਤਾ ਸੀ। ਇਤਿਹਾਸਕ ਪ੍ਰਕਰਣ ਤੋਂ ਸਾਨੂੰ ਇਹ ਪਤਾ ਲਗਦਾ ਹੈ ਕਿ ਉਸ ਸਮੇਂ ਵੇਦਾਂ ਸ਼ਾਸਤਰਾਂ ਦਾ ਜਨਤਾ ਦੇ ਸਿਰ ਉਤੇ ਭਾਰ ਹੋਣ ਕਾਰਨ ਸਾਰੇ ਕੰਮ ਬ੍ਰਾਹਮਣਾ ਰਾਹੀਂ ਪ੍ਰਚਲਤ ਰਸਮਾਂ ਰੀਤਾਂ ਅਨੁਸਾਰ ਹੀ ਕੀਤੇ ਜਾਂਦੇ ਸਨ। ਸੋ ਵਿਵਾਹ ਅਗਨੀ ਦੇਵਤਾ ਨੂੰ ਸਾਖੀ ਰੱਖ ਕੇ ਹੀ ਕੀਤਾ ਜਾਂਦਾ ਸੀ। ਇਸ ਨੂੰ ਵੇਦੀ ਵਾਲਾ ਵਿਵਾਹ ਵੀ ਆਖਿਆ ਜਾਂਦਾ ਸੀ। ਗੁਰੂ ਸਾਹਿਬ ਦਾ ਇਹਨਾਂ ਰੀਤਾਂ ਰਸਮਾਂ ਤੋਂ ਪਰ੍ਹੇ ਹੋਣ ਕਾਰਨ ਜ਼ਰੂਰੀ ਹੈ ਕਿ ਸ਼ਾਦੀ ਦੀ ਕੋਈ ਨਵੀਂ ਵਿਧੀ ਅਪਣਾਈ ਗਈ ਸੀ। ਉਹ ਰਸਮ ਹੁਣ ਸਿਖ ਜਗਤ ਵਿੱਚ ਪ੍ਰਸਿਧ ਕਿਉਂ ਨਹੀਂ? ਕੇਵਲ ਇਸਲਈ ਕਿ ਸਾਨੂੰ ਇਤਿਹਾਸ ਦੇ ਨ ਸਾਂਭੇ ਜਾਣ ਕਾਰਨ ਸਾਡੇ ਪਾਸ ਕੋਈ ਲਿਖਤੀ ਗਵਾਹੀ ਨਹੀਂ। ਇਸ ਪ੍ਰਥਾ ਦੇ ਅਪ੍ਰਚਲਤ ਹੋਣ ਦਾ ਦੂਜਾ ਵਡਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਸਿਖਾਂ ਨੇਂ ਗੁਰੂ ਰਾਮਦਾਸ ਸਾਹਿਬ ਦੀਆਂ ਲਿਖੀਆਂ ਹੋਈਆਂ

"ਲਾਵਾਂ" ਨੂੰ ਵਿਵਾਹ ਲਈ ਅਪਣਾ ਲਇਆ ਹੋਇਆ ਸੀ।

ਭਾਈ ਜੇਠਾ ਜੀ ਦੇ ਜੀਵਨ ਵਿੱਚ ਸ਼ਾਦੀ ਤੋਂ ਅਗਲਾ ਪੜਾ ਗੁਰਤਾ ਦਾ ਪੜਾ ਹੈ। ਮਨਮਤੀਆਂ ਨੇ ਗੁਰਤਾ ਦੀ ਪੌੜੀ ਉਤੇ ਚੜ੍ਹਨ ਬਾਰੇ ਵੀ ਇਸੇ ਪ੍ਰਕਾਰ ਦੀਆਂ ਅਨੇਕ ਕਥਾਵਾਂ ਘੜੀਆਂ ਹੋਈਆਂ ਹਨ ਅਤੇ ਸਿਖ ਧਰਮ ਦੇ ਅਨ੍ਹਪੜ੍ਹੇ ਜਾਂ ਅੱਧਪੜ੍ਹੇ ਠੇਕੇਦਾਰਾਂ ਨੇ ਉਨ੍ਹਾਂ ਨੂੰ ਓਵੇਂ ਹੀ ਪ੍ਰਚਾਰਨ ਉਤੇ ਲਕ ਬੰਨ੍ਹਿਆ ਹੋਇਆ ਹੈ। ਓਹ ਵੀ ਬਿਨਾਂ ਸੋਚੇ ਆਪਣੀ ਜਹਾਲਤ ਦਾ ਢੋਲ ਵਜਾਈ ਜਾਂਦੇ ਹਨ। ਭਾਵੇਂ ਓਹਨਾਂ ਵਿੱਚੋਂ ਕਿਸੇ ਇੱਕ ਦਾ ਵੀ ਬੁਰਾ ਮੰਤਵ ਤਾਂ ਨਹੀਂ ਪਰ ਇਹ ਜ਼ਰੂਰ ਹੈ ਕਿ ਉਹ ਸਾਰੀਆਂ ਹੀ ਅਸਲੀਅਤ ਤੋਂ ਬਹੁਤ ਦੂਰ ਹਨ ਅਤੇ ਭੁਲੇਖਾ ਪਾਉਣ ਵਾਲੀਆਂ ਹਨ। ਓਹ ਅੱਟਲ ਸਚਾਈਆਂ ਨਹੀਂ। ਜਿਹੜੀ ਵੀ ਟਲਣਹਾਰ ਸਚਾਈ ਹੈ ਓਹ ਕੁਝ ਸਮਾਂ ਤਾਂ ਅਟੱਲ ਸਚਾਈ ਹੋਇਆ ਕਰਦੀ ਹੈ ਪਰ ਸਮੇਂ ਦੇ ਟਲਣ ਨਾਲ ਟਲ ਜਾਇਆ ਕਰਦੀ ਹੈ। ਸੋ ਅਜਿਹੀਆਂ ਭੁਲੇਖੇ ਭਰੀਆਂ ਗਲਾਂ ਵਿੱਚੋਂ ਅਨੇਕ ਪ੍ਰਕਾਰ ਦੇ ਹੋਰ ਭੁਲੇਖੇ ਵੀ ਉਪਜ ਸਕਦੇ ਹਨ।

ਅਜਿਹੀਆਂ ਅਨੇਕ ਗਾਥਾਵਾਂ ਵਿੱਚੋਂ ਅਸੀਂ ਕੁਝ ਕੁ ਦਾ ਇਥੇ ਵਰਨਣ ਕਰਦੇ ਹਾਂ। ਇਹਨਾਂ ਗਾਥਾਵਾਂ ਨੂੰ ਬਿਆਨ ਕਰਨ ਅਤੇ ਇਹਨਾਂ ਦੇ ਵਿਸ਼ਲੇਸ਼ਣ ਦੇ ਪਿਛੋਕੜ ਵਿੱਚ ਸਾਡੀ ਕੌਮ ਕਰ ਰਹੀ ਸਿਹਤਮੰਦ ਆਲੋਚਨਾਤਮਕ ਰੁਚੀ ਹੀ ਹੋਵੇਗੀ। ਸਾਡਾ ਕੰਮ ਭੁਲੇਖਿਆਂ ਉਤੇ ਹੋਰ ਭੁਲੇਖੇ ਪਾਉਣ ਦੀ ਨਹੀਂ ਸਗੋਂ ਪਹਿਲੇ ਪਏ ਹੋਏ ਭੁਲੇਖਿਆਂ ਨੂੰ ਦੂਰ ਕਰਨ ਦੀ ਹੈ। ਸੋ ਹਰ ਪੜਾ ਉਤੇ ਕੋਈ ਸੁਲਝਿਆ ਹੋਇਆ ਨਤੀਜਾ ਕਢਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹਨਾਂ ਸਾਰੀਆਂ ਗਾਥਾਵਾਂ ਦੇ ਪ੍ਰਛਾਵੇਂ ਪਹਿਲਾਂ ਵੀ ਆ ਚੁਕੇ ਹਨ ਪਰ ਇਸ ਥਾਂ ਉਤੇ ਉਨ੍ਹਾਂ ਨੂੰ ਮੁੜ ਵਿਸਤ੍ਰਿਤ ਰੂਪ ਵਿੱਚ ਬਿਆਨ ਕਰਨਾਂ ਅਜਾਈਂ ਨਹੀਂ ਹੋਵੇਗਾ।

ਇਹ ਇੱਕ ਸਚਾਈ ਹੈ ਕਿ ਬੀਬੀ ਭਾਨੀ ਆਪਣੇ ਪਿਤਾ ਜੀ ਨੂੰ ਕੇਵਲ ਪਿਤਾ ਹੀ ਨਹੀਂ ਸਗੋਂ ਗੁਰੂ ਦੇ ਰੂਪ ਵਿੱਚ ਵੀ ਸਤਿਕਾਰਦੇ ਸਨ ਅਤੇ ਆਮ ਜਨਤਾ ਵਾਂਗ ਉਨ੍ਹਾਂ ਦੀ ਸੇਵਾ ਵਿੱਚ ਲਗੇ ਰਹਿੰਦੇ ਸਨ। ਇਹ ਇੱਕ ਅਜਿਹੀ ਅਟੱਲ ਸਚਾਈ ਹੈ ਕਿ ਜਿਸ ਦੇ ਬਾਰੇ ਕੋਈ ਦੋ ਰਾਵਾਂ ਕਾਇਮ ਨਹੀਂ ਕੀਤੀਆਂ ਜਾ ਸਕਦੀਆਂ। ਭਾਈ ਜੇਠਾ ਜੀ ਬੀਬੀ ਭਾਨੀ ਜੀ ਤੋਂ ਵੀ ਵਧ

ਸੇਵਾ ਵਿੱਚ ਲੀਨ ਰਹਿਆ ਕਰਦੇ ਸਨ। ਜੇ ਕਿਸੇ ਨੇਂ ਗੁਰੂ ਦੀ ਸੇਵਾ ਦੀ ਮਿਸਾਲ ਲੈਣੀ ਹੋਵੇ ਤਾਂ ਭਾਈ ਜੇਠਾ ਜੀ ਦੇ ਜੀਵਨ ਨੂੰ ਸਾਹਮਣੇ ਰੱਖੇ ਅਤੇ ਜੇ ਪਿਤਾ ਦੀ ਸੇਵਾ ਦੀ ਮਿਸਾਲ ਲੈਣੀ ਹੋਵੇ ਤਾਂ ਬੀਬੀ ਭਾਨੀ ਜੀ ਦੇ ਜੀਵਨ ਨੂੰ ਆਪਣੀਆਂ ਅੱਖਾਂ ਸਾਹਮਣੇ ਰੱਖੇ। ਇੱਕ ਪਾਸੇ ਤਾਂ ਪਿਤਾ/ਗੁਰੂ ਅਤੇ ਦੂਜੇ ਪਾਸੇ ਗੁਰੂ/ਸੈਹਰਾ ਸੀ ਆਪ ਜੀ ਗੁਰੂ ਸਾਹਿਬ ਦੇ ਅਨਿਨ ਭਗਤ ਸਨ। ਸੇਵਾ ਸੇਵਾ ਲਈ ਸੀ ਕਿਸੇ ਫੂਲ ਦੀ ਆਸ ਕਰਕੇ ਨਹੀਂ। ਹਜ਼ੂਰ ਦਾ ਸ਼ਬਦ ਆਪ ਜੀ ਲਈ ਜੀਵਨ ਦਾਨ ਸੀ ਅਤੇ ਉਸ ਸ਼ਬਦ ਦੀ ਘਾਲਣਾ ਕਰਨਾ ਆਪ ਜੀ ਦਾ ਅਸਲੀ ਧਰਮ ਸੀ।

ਸੋ ਵਿਚਾਰ ਅਧੀਨ ਗਾਥਾ ਇਸ ਪ੍ਰਕਾਰ ਚਲਦੀ ਹੈ ਕਿ ਇੱਕ ਦਿੰਨ ਪ੍ਰਾਤਾਕਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਇਸ਼ਨਾਨ ਕਰ ਰਹੇ ਸਨ ਅਤੇ ਬੀਬੀ ਭਾਨੀ ਜੀ ਆਪ ਜੀ ਦੇ ਕੋਮਲ ਬਿਰਧ ਸਰੀਰ ਉਤੇ ਪਾਣੀ ਪਾ ਰਹੇ ਸਨ। ਇਸ ਕਰਮ ਵਿਚਕਾਰ ਅਚਾਨਕ ਹੀ ਜਿਸ ਚੌਕੀ ਉਤੇ ਬੈਠੇ ਸਤਿਗੁਰੂ ਜੀ ਇਸ਼ਨਾਨ ਕਰ ਰਹੇ ਸਨ, ਦਾ ਪਾਵਾ ਟੁੱਟ ਗਇਆ। ਬੀਬੀ ਜੀ ਨੂੰ ਝੱਟ ਹੀ ਇਹ ਫੁਰਨਾਂ ਫੁਰਿਆ ਕਿ ਚੌਕੀ ਦੇ ਟੇਢਿਆਂ ਹੋ ਜਾਣ ਨਾਲ ਕਿਧਰੇ ਹਜ਼ੂਰ ਦੇ ਸਰੀਰ ਨੂੰ ਕੋਈ ਕਸ਼ਟ ਨ ਪੁਜੇ( ਅਲਪ ਮੱਤੀ ਬੀਬੀ ਨੇਂ ਇਹ ਨ ਸੋਚਿਆ ਕਿ ਪ੍ਰਿਥਵੀ ਦੇ ਭਾਰ ਨੂੰ ਆਪਣੇ ਸਿਰ ਚੁਕਣ ਵਾਲਾ ਅਮਰਦਾਸ(ਅਮਰੁ ਨਿਥਾਵਾਂ) ਇਸ ਛੋਟੀ ਜਹੀ ਘਟਨਾਂ ਨਾਲ ਕਿਵੇਂ ਡੋਲ ਸਕਦਾ ਹੈ। ਜਿਸਨੂੰ ਬ੍ਰਾਹਮਣੀ ਮੱਤ ਦੀਆਂ ਕਸਵੱਟੀਆਂ ਟਕੋਰਾਂ ਅਤੇ ਕਰਮ ਕਾਂਡ ਦੇ ਭਾਰੀ ਤੁਫਾਨ ਤਾਂ ਆਪਣੇ ਇਰਾਦੇ ਤੋਂ ਡੁਲਾ ਨਹੀਂ ਸਨ ਸਕੇ ਉਸ ਨੂੰ ਇੱਕ ਚੌਂਕੀ ਦਾ ਪਾਵਾ ਹਿਲ ਕੇ ਕਿਵੇਂ ਡੁਲਾ ਸਕਦਾ ਸੀ?) ਤਾਂ ਝਟ ਹੀ ਪਾਵੇ ਦੀ ਥਾਂ ਆਪਣਾ ਪੈਰ ਦੇ ਦਿੱਤਾ। ਪੈਰ ਦੇਣ ਦੀ ਦੇਰੀ ਸੀ ਕਿ ਪਾਵੇ ਦਾ ਨਿਕਲਿਆ ਹੋਇਆ ਕਿਲ, ਆਪ ਜੀ ਦੇ ਪੈਰ ਵਿੱਚ ਗਡ ਗਇਆ, ਜਿਸਦਾ ਫਲਸਰੂਪ ਖ਼ੂਨ ਦੀ ਧਾਰਾ ਵਹਿ ਤੁਰੀ ਅਤੇ ਸਾਰਾ ਫ਼ਰਸ਼ ਲਾਲ ਹੋ ਗਇਆ। ਏਧਰ ਬੀਬੀ ਜੀ ਬੜੇ ਧੀਰਜ ਨਾਲ ਸਾਹਿਬਾਂ ਨੂੰ ਇਸ਼ਨਾਨ ਕਰਵਾਂਦੇ ਰਹੇ। ਅਤੇ ਆਪਣੇ ਦਰਦ ਨੂੰ ਮੁਰਤੀ ਮਾਨ ਨਹੀਂ ਕੀਤਾ ਤਾਂ ਜੋ ਕਿਧਰੇ ਗੁਰੂ ਸਾਹਿਬ ਦਾ ਧਿਆਨ ਨ ਟੁਟ ਜਾਵੇ। ਜਦੋਂ ਆਪ ਜੀ ਇਸ਼ਨਾਨ ਕਰ ਬੈਠੇ ਤਾਂ ਲਾਲ ਫ਼ਰਸ਼ ਨੂੰ ਵੇਖ ਕੇ ਬੀਬੀ ਜੀ ਪਾਸੋਂ ਉਸਦਾ ਕਾਰਨ ਪੁਛਿਆ।

ਕਾਰਨ ਪੁਛਣ ਦਾ ਮੰਤਵ ਕੇਵਲ ਇਤਨਾਂ ਸੀ ਕਿ ਬੀਬੀ ਜੀ ਦੇ ਮੂੰਹੋਂ ਹੀ ਅਸਲ ਗਲ ਪੁਛੀ ਜਾਵੇ। ਅਤੇ ਵੇਖਿਆ ਜਾਵੇ ਕਿ ਬੀਬੀ ਜੀ ਨੂੰ ਆਪਣੇ ਕੀਤੇ ਕਰਮ ਦਾ ਮਾਣ ਸੀ ਜਾਂ ਕਿ ਖੂਨ ਨਿਕਲਣ ਨਾਲ ਉਤਨੀ ਹੀ ਮਾਤਰਾ ਵਿੱਚ ਨਿਰਮਾਣਤਾ ਭਰ ਗਈ ਸੀ। ਕਾਰਨ ਪੁਛਣ ਉਤੇ ਬੀਬੀ ਜੀ ਨੇਂ ਬੜੇ ਧੀਰਜ ਨਾਲ ਆਖਿਆ ( ਹਰ ਸ਼ਬਦ ਅਤਿ ਦੀ ਨਿਮਰਤਾ ਦੀ ਚਾਸ਼ਨੀ ਵਿੱਚ ਲਪੇਟਿਆ ਹੋਇਆ ਸੀ )। "ਪੈਰ ਇਸ ਲਈ ਰੱਖਿਆ ਗਇਆ ਸੀ ਕਿ ਪਾਵੇ ਦੇ ਟੁੱਟ ਜਾਣ ਕਾਰਨ ਤੁਹਾਡੇ ਧਿਆਨ ਵਿੱਚ ਕੋਈ ਖਲਲ ਨ ਪਵੇ।" ਹਜ਼ੂਰ ਨੇਂ ਨਿਮਰਤਾ, ਪਿਆਰ ਅਤੇ ਸਹਿਨਸ਼ੀਲਤਾ ਦੀ ਇਸ ਹੱਦ ਨੂੰ ਵੇਖਿਆ ਤਾਂ ਬੜੇ ਰੀਝੇ ਅਤੇ ਆਖਿਆ, " ਬੀਬੀ ਕੁਝ ਮੰਗ ਲੈ, ਤੇਰੀ ਸੇਵਾ ਥਾਇਂ ਪਈ। " ਤਾਂ ਕਹਿੰਦੇ ਹਨ ਕਿ ਬੀਬੀ ਜੀ ਨੇਂ ਆਪਣੇ ਪੋਤੇ ਲਈ ਗੁਰਿਆਈ ਮੰਗੀ। ਅਤੇ ਗੁਰੂ ਸਾਹਿਬ ਨੇਂ ਖੁਸ਼ ਹੋ ਕੇ ਵਰ ਦਿੱਤਾ ਅਤੇ ਭਾਈ ਜੇਠਾ ਜੀ ਨੂੰ ਚੌਥੇ ਗੁਰੂ ਨਾਨਕ ਨਿਰੰਕਾਰੀ ਦਾ ਸਰੂਪ ਬਖਸ਼ਿਆ।

ਇਹੋ ਜਹੀ ਇੱਕ ਹੋਰ ਗਾਥਾ ਇਹ ਦਸਦੀ ਹੈ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨਿਜ ਕਰਮ ਵਾਂਗ ਇੱਕ ਦਿੰਨ ਸਵੇਰੇ ਪ੍ਰਭੂ ਆਰਾਧਨਾਂ ਲਈ ਸਮਾਧੀ ਲਾਈ ਬੈਠੇ ਸਨ ਤਾਂ ਬੀਬੀ ਭਾਨੀ ਜੀ ਹਜ਼ੂਰ ਦੇ ਦਰਸ਼ਨਾਂ ਲਈ ਹਾਜ਼ਰ ਹੋਏ। ਕੀ ਵੇਖਦੇ ਹਨ ਕਿ ਅਚਾਨਕ ਹੀ ਚੌਕੀ ਦਾ ਥਾਵਾ ਕੜਕਿਆ ਤਾਂ ਬੀਬੀ ਜੀ ਨੇਂ ਝੱਟ ਹੀ ਆਪਣਾ ਹੱਥ ਪਾਵੇ ਦੇ ਹੇਠ ਦੇ ਦਿੱਤਾ*੧*

---

*੧* ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਿਰਤ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ।

ਜਿਲਦ ਨੰਃ ੫ ਪੰਨਾਂ ੧੬੧੨

ਇਕ ਦਿਨ ਜਾਗੁ ਪ੍ਰਭੂ ਕ੍ਰਿਪਾਲ। ਕਰੀ ਸੌਚ ਮੰਜੈ ਤਿਸ ਕਾਲ।
ਹਿਤ ਦਰਸ਼ਨ ਕੇ ਤਨੁਜਾ ਭਾਨੀ। ਪਹੁੰਚੀ ਨਿਕਟ ਭਗਤਿ ਜਿਹ ਭਾਨੀ।੨੨।
ਤਬਿ ਚੌਂਕੀ ਪਰ ਸਤਿਗੁਰ ਚਰੇ। ਧਯਾਨ ਧਰਨ ਹਿਤ ਬੈਠਬਿ ਕਰੇ।
ਦੋਨ ਬਿਲੋਚਨ ਮੁੰਦ੍ਰਿਤ ਕਰਿਕੈ। ਅੰਤਰਮੁਖੀ ਬ੍ਰਿਤਿ ਕੋ ਧਰਿ ਕੈ।੨੩।
ਹੁਇ ਅਡੋਲ ਤਬ ਲਾਇ ਸੁ ਧਯਾਨ। ਸ਼ੁੰਭ ਸਮਾਨ ਗੁਰੂ ਭਗਵਾਨ।
ਹੁਤੋ ਹੀਨ ਚੌਂਕੀ ਇਕ ਪਾਵਾ। ਪਿਖਿ ਭਾਨੀ ਮਨ ਇਮਿ ਠਹਿਰਾਵਾ।੨੪।

ਬਾਕੀ ਪੰਨਾਂ ੧੧੨

ਪਾਵੇ ਹੇਠ ਹੱਥ ਦੇਣ ਦਾ ਕਾਰਨ ਗੁਰੂ ਸਾਹਿਬ ਦੇ ਧਿਆਨ ਨੂੰ ਉਖੜਨ ਤੋਂ ਬਚਾਉਣਾ ਸੀ। ਜੇ ਗੁਰੂ ਸਾਹਿਬ ਦਾ ਸਮਾਧ ਖੁਲ ਜਾਂਦੀ ਤਾਂ ਉਨ੍ਹਾਂ ਦੀ ਪ੍ਰਭੂ ਆਰਾਧਨਾਂ ਭੰਗ ਹੋ ਜਾਣੀ ਸੀ। ਇੱਕ ਪਾਵੇ ਦੇ ਟੁਟਣ ਨਾਲ ਬਾਕੀ ਦੇ ਤਿੰਨਾਂ

---

ਪੰਨਾਂ ੧੧੧ ਦੀ ਬਾਕੀ।

ਹਾਲਹਿੰ ਪਿਤਾ ਇਤਹੰ ਬ ਹੋਇ। ਚੌਕੀ ਡੋਲ ਜਾਹਿ ਥਿਤ ਜੋਇ।
ਛੁਟਹਿ ਸਮਾਧਿ ਅਰਾਧ ਅਗਾਧੂ। ਜਿਸ ਹਿਤ ਜੋਗੀ ਜਤਨ ਸੁ ਸਾਧੂ।੨੫।
ਪਰਹਿ ਵਿਖੇਪ ਧਯਾਨ ਕੇ ਮਾਂਹੀ। ਬਿਰਤਿ ਅਡੋਲ ਟਿਕਹਿ ਤਬ ਨਾਂਹਿ।
ਅਪਰ ਵਸਤੁ ਤਹਿ ਪਾਇ ਨ ਕੋਈ। ਪਾਵੇ ਤਰੇ ਧਰੇ ਹਿਤ ਜੋਈ।੨੬।
ਚਹੁਦਿਸ਼ ਦ੍ਰਿਗਨ ਚਲਾਇ ਨਿਹਾਰਾ। ਨਹਿ ਸਮੀਪ ਜੋ ਦੇਹਿ ਅਧਾਰਾ।
ਉਤਲਾਵਤਿ ਨੇ ਦੀਨਸਿ ਹਾਥ। ਨਹਿੰ ਡੋਲੇ ਚੌਂਕੀ ਤਿਹ ਸਾਥ।੨੭।
ਚਹੁੰ ਪਾਵੇ ਪਰ ਇਕ ਸਮ ਭਾਰੂ। ਦੋਤਿ ਭਯੋ ਲੀਨ ਸਹਾਰੂ।
ਤਨੁ ਇਸਤਰੀ ਕਰਿ ਕੋਮਲ ਕਰ ਹੈਂ। ਭਯੋ ਭਾਰ ਤੇ ਪੀੜਤ ਤਰ ਹੈਂ।੨੮।
ਤਊ ਨ ਕਰਯੋ ਡਲਾਵਨ ਕਰਕੋ। ਬੈਠੀ ਰਹੀ ਧੀਰ ਧਰ ਉਰਕੋ।
ਪਾਵਾ ਰਹਯੋ ਹਥੇਰੀ ਗਡਿ ਕੈ। ਨਹੀਂ ਨਿਕਾਸੁਤਿ ਤਿਹ ਬਲ ਛਡਿਕੈ।੨੯।
. . . . . .
ਭੁਜਾ ਸੈਨ ਕੰਧੇ ਲਗ ਭਈ। ਉਤਰਯੋ ਰੁਧਰ ਲਾਲ ਹੋਇ ਗਈ।
ਧਯਾਨ ਹਟਾਵਨ ਸਮੇਂ ਭਯੋ ਜਬਿ। ਕਮਲ ਬਿਲੋਚਨ ਬਿਗਸਤਿ ਭੇ ਤਬਿ।੩੧।
ਬੈਠੀ ਸੁਤਾ ਸਮੀਪ ਨਿਹਾਰੀ। ਬਹੁਰੋ ਦ੍ਰਿਸ਼ਟਿ ਭੁਜਾ ਪਰ ਡਾਰੀ।
ਥੁਲ ਨਸਾ ਸ੍ਰੋਨਤ ਭਰਿ ਰਹਯੋ। ਸ੍ਰੀ ਸਤਿਗੁਰ ਬੂਝਨ ਹਿਤ ਕਹਯੋ।੩੨।
' ਇਹੁ ਕਯਾ ਕੀਨ ਕਹੀ ਕਯੋ ਕੈਸੇ? ਭੁਜ ਪਰ ਪੀੜਨਿ ਦੀ-ਖਤ ਐਸੀ।
ਸੁਨਿ ਬੋਲੀ ਬਡਭਾਗਾ ਭਾਨੀ' ਪਿਤਾ ਜੀ" ਪਾਵੇ ਹੀਨ ਪਛਾਨੀ।੩੩।
ਨਿਕਟ ਬਿਲੋਕਨ ਕਛੁ ਨ ਕੀਨ। ਜਾਂ ਤੇ ਹਾਥ ਤਰੇ ਮੈਂ ਦੀਨ।
ਡੋਲੇ ਤੇ ਸਮਾਧਿ ਛੁਟਿ ਜਾਇ। ਰਾਖੀ ਯਾਂਤੇ ਸਥਿਤ ਟਿਕਾਇ। ੩੪।
. . . . . . .
ਪਿਤ ਜੀ ਹਮਰੀ ਮਤਿ ਅਨਜਾਨੀ। ਹੋਇ ਨ ਸਕਹਿ ਸੇਵ ਗੁਨਖਾਨੀ।
ਨਿਸਬਾਸੁਰ ਮੈਂ ਰਹਿਤ ਬਿਸੂਰਤ । ਅਹੋ ਆਪ ਪਰਮੇਸ਼ੁਰ ਮੂਰਤਿ।੩੬।
ਹੋਇ ਪ੍ਰਸੰਨ ਬਰ ਦਯੋ ਸੁਜਾਨਾ। ਸੰਤਤਿ ਤੇਰੀ ਬਧੈ ਮਹਾਨਾਂ।
ਸਕਲ ਜਗਤ ਕੀ ਹੋਵਹਿੰ ਪੂਜ। ਜੈਸੇ ਚਢਹਿ ਚੰਦ੍ਰਮਾ ਦੂਜ।੩੯
ਬਡ ਐਸ੍ਵਰਜ ਬਧਹਿ ਤਿਮਆਗੈ। ਜੋ ਤਿਨ ਸੇਵਹਿ ਸੋ ਵਡਭਾਗੇ।
ਅਗੇ ਬੰਸ ਬਿਖੇ ਨਿਪਜੈ ਹੈਂ। ਮਹਾਂਬਲੀ ਸੇ ਜਗ ਮਹਿ ਹੈਵ ਹੈਂ।੪੦।

ਪਾਵਿਆਂ ਦਾ ਭਾਰ ਇੱਕ ਪਾਸੇ ਪੈਣ ਕਾਰਨ ਬੀਬੀ ਜੀ ਦੇ ਹੱਥ ਦੀ ਖੂਨ ਦੀ ਗਰਦਸ਼ ਰੁਕ ਗਈ ਅਤੇ ਬਾਂਹ ਸੁਜਣੀ ਸ਼ੁਰੂ ਹੋ ਗਈ ਪਰ ਆਪ ਜੀ ਨੇਂ ਉਸ ਪੀੜਾ ਨੂੰ ਮੁਰਤੀਮਾਨ ਨਹੀਂ ਕੀਤਾ ਨਹੀਂ ਤਾਂ ਉਨ੍ਹਾਂ ਦੇ ਮੰਤਵ ਦੀ ਪੂਰਤੀ ਨਹੀਂ ਸੀ ਹੋਣੀ। ਸੋ ਜਦੋਂ ਸਾਹਿਬਾਂ ਦਾ ਧਿਆਨ ਮੁੜਿਆ ਤਾਂ ਆਪ ਜੀ ਨੇਂ ਸਾਰਾ ਹਾਲ ਪੁਛ ਕੇ ਰੀਝ ਕੇ ਆਖਿਆ ਕਿ, "ਬੀਬੀ ਕੁਝ ਮੰਗ ਲੈ।" ਬੀਬੀ ਜੀ ਨੇਂ ਸਮਾਂ ਪਾ ਕੇ ਹਜ਼ੂਰ ਤੋਂ ਆਪਣੇ ਪੁੱਤੇ ਜੀ ਲਈ ਗੁਰਤਾ ਮੰਗੀ। ਅਤੇ ਗੁਰੂ ਸਾਹਿਬ ਨੇਂ ਪ੍ਰਸੰਨ ਹੋ ਕੇ ਵਰ ਦੇ ਦਿੱਤਾ।

ਜੇਕਰ ਇਹਨਾਂ ਕਹਾਣੀਆਂ ਅਨੁਸਾਰ ਅਸੀਂ ਆਪਣਾ ਮਨ ਬਣਾ ਲਈਏ ਤਾਂ ਇਹੋ ਹੀ ਸਿਧ੍ਹ ਹੁੰਦਾ ਹੈ ਕਿ ਬੀਬੀ ਭਾਨੀ ਜੀ ਨੇਂ ਆਪਣੇ ਤ੍ਰੀਆ ਹੱਠ ਨਾਲ ਆਪਣੇ ਪੁੱਤੀ ਲਈ ਗੁਰਤਾ ਪ੍ਰਾਪਤੀ ਕੀਤੀ ਸੀ। ਸਿਟੇ ਵਜੋਂ ਇਹ ਵੀ ਆਖਿਆ ਜਾ ਸਕਦਾ ਹੈ ਕਿ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਤੀਜੇ ਅਤੇ ਚੌਥੇ ਨਾਨਕ ਅਖਵਾਉਣ ਦਾ ਕੋਈ ਹੱਕ ਨਹੀਂ ਸੀ। ਕਿਉਂ? ਇਸ ਲਈ ਕਿ ਦੋਹਾਂ ਹੀ ਪਾਤਸ਼ਾਹੀਆਂ ਨੇਂ ਗੁਰਗਦੀ ਲੈਣ ਅਤੇ ਦੇਣ ਦੀ ਪ੍ਰੰਥਾ ਨੂੰ ਭੰਗ ਕੀਤਾ ਸੀ। ਦੋਵੇਂ ਹੀ ਗੁਰੂ ਘਰ ਦੇ ਚੋਰ ਸਨ। ਗੁਰੂ ਘਰ ਦੇ ਅਸਲ ਆਸ਼ੇ ਨੂੰ ਛਡ ਕੇ ਦੋਹਾਂ ਨੇਂ ਖੁਦਗਰਜ਼ੀ ਨੂੰ ਹੀ ਪਾਲਿਆ ਸੀ। ਦੋਹਾਂ ਨੇਂ ਸਿਖ ਧਰਮ ਦੀ ਆਲੀਸ਼ਾਨ ਅਸਲੀਅਤ (ਮਰਯਾਦਾ) ਦਾ ਮਲੀਆ ਮੇਟ ਕਰ ਦਿੱਤਾ ਸੀ।

ਪਰ ਜਿਥੋਂ ਤੱਕ ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਜੀਵਨ ਦਾ ਸਬੰਧ ਹੈ ਉਸਦੇ ਵਿਵੇਚਣ ਤੋਂ ਤਾਂ ਇਹੀ ਪੱਤਾ ਲਗਦਾ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਨਿਕਟਵਰਤੀਆਂ ਵਿੱਚੋਂ ਇੱਕ ਸਨ। ਆਪ ਜੀ ਹਜ਼ੂਰ ਦੇ ਨਿਰਮਾਣ ਅਤੇ " ਸੀਸ ਵਢੇ ਕਰਿ ਬੈਸਣੁ ਦੀਜੈ

ਵਿਣੁ ਸਿਰ ਸੇਵ ਕਰੀਜੈ॥

ਵਡਹੰਸੁ ਮਹਲਾ ੧

(ਪੰਨਾਂ੫੫੮) ਆਦਿ ਗ੍ਰੰਥ

ਵਾਲੇ ਸੇਵਕ ਸਨ ਅਤੇ

ਸੇਵਕ ਕਉ ਸੇਵਾ ਬਨਿ ਆਈ॥

ਹੁਕਮੁ ਬੂਝਿ ਪਰਮਪਦੁ ਪਾਈ॥ ਸੁਖਮਨੀ

(ਪੰਨਾਂ ੨੯੨) ਆਦਿ ਗ੍ਰੰਥ

ਵਾਲੀ ਸਥਿਤੀ ਵਿੱਚ ਵਿਚਰ ਰਹੇ ਸਨ। ਓਹਨਾਂ ਦੇ ਸਾਹਮਣੇ ਸੇਵਾ ਹੀ ਸੇਵਾ ਸੀ, ਸੇਵਾ ਦਾ ਫਲ ਨਹੀਂ ਸੀ। ਅਤੇ ਨ ਹੀ ਆਪ ਜੀ ਨੂੰ ਕਦੀ ਸੇਵਾ ਦੇ ਫਲ ਦਾ ਵਿਚਾਰ ਵੀ ਫੁਰਿਆ ਸੀ। ਕਿਉਂ ਜੋ,ਜਿਸ ਥਾਂ ਉਤੇ ਸੇਵਾ ਦੇ ਨਾਲ ਸੇਵਕ ਦੇ ਮਨ ਵਿੱਚ,ਸੇਵਾ ਦੇ ਫਲ ਦਾ ਵਿਚਾਰ ਵੀ ਪੈਦਾ ਹੋ ਜਾਵੇ ਤਾਂ ਓਹ ਸੇਵਾ ਨਹੀਂ ਰਹਿੰਦੀ, ਸਗੋਂ ਠੇਕਾ ਹੋ ਜਾਂਦਾ ਹੈ। ਜਦੋਂ ਫਲ ਪ੍ਰਾਪਤੀ ਦੀ ਤ੍ਰਿਸ਼ਨਾਂ ਪੈਦਾ ਹੋ ਗਈ ਤਾਂ ਓਹ ਸੇਵਾ ਨ ਰਹੀ।

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥੧੮॥

ਬਾਬਾ ਫ਼ਰੀਦ
( ਪੰਨਾਂ ੧੩੭੮ ) ਆਦਿ ਗ੍ਰੰਥ

ਸੋ ਭਾਈ ਜੇਠਾ ਜੀ ਯਕੀਨ ਕਰਦੇ ਸਨ ਕਿ

੧. ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥

ਰਾਗੁ ਸੂਹੀ ਮਹਲਾ ੪
(ਪੰਨਾਂ ੭੫੭) ਆਦਿ ਗ੍ਰੰਥ

੨. ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਊ॥

ਮਾਰੂ ਮਹਲਾ ੧
( ਪੰਨਾਂ ੯੯੧)ਆਦਿ ਗ੍ਰੰਥ

ਜੋ ਥੜੇ ਬਣਾਉਂਦਿਆਂ ਹੋਇਆਂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇਂ ਆਖਿਆ ਕਿ ਇਹ ਠੀਕ ਨਹੀਂ ਬਣਿਆਂ ਤਾਂ ਉਤਰ ਸੀ " ਸਤਿ ਬਚਨ।" ਇੱਕ ਵਾਰ ਥੜਾ ਬਣਾ ਚੁਕਣ ਮਗਰੋਂ ਝੱਟ ਹੀ ਦੂਜੇ ਫੁਰਨੇਂ ਨਾਲ ਥੜੇ ਨੂੰ ਗਿਰਾਣਾ ਵੀ ਸ਼ੁਰੂ ਕਰ ਦਿੱਤਾ। ਮੰਨ ਵਿੱਚ ਕੋਈ ਦੋ ਵਿਚਾਰ ਲਿਆਉਣ ਦੀ ਕੋਸ਼ਿਸ਼ ਨਹੀਂ ਕੀਤੀ। ਜੋ ਦੂਜੀ, ਤੀਜੀ ਅਤੇ ਚੌਥੀ ਵਾਰੀ ਵੀ ਥੜਾ ਗਲਤ ਹੀ ਬਣਿਆ ਹੋਇਆ ਦਸਿਆ ਗਇਆ ਤਾਂ ਆਪ ਜੀ ਨੇਂ ਉਤਰ ਦਿੱਤਾ ਕਿ " ਮਹਾਰਾਜ ਦਾਸ ਦੀ ਅਲਪ ਬੁਧ ਹੈ। ਤੁਸੀਂ ਮੈਨੂੰ ਉਜਲ ਬੁਧੀ ਪ੍ਰਦਾਨ ਕਰੋ ਤਾਂ ਜੋ ਮੈਂ ਤੁਹਾਡੀ ਹੀ ਮਰਜ਼ੀ ਅਨੁਸਾਰ ਇੱਕ ਥੜਾ ਬਣਾ ਸਕਾਂ।" ਭਾਵ ਇਹ ਕਿ ਆਪ ਜੀ ਦੇ ਦੀਮਾਗ ਵਿੱਚ ਸਿਰਫ ਸੇਵਾ ਸੀ ਹੋਰ ਕੁਝ ਨਹੀਂ। ਗੁਰੂ ਨੇਂ ਜੋ ਵੀ ਸ਼ੁਬਦ ਆਖੇ ਉਨ੍ਹਾਂ ਦਾ

ਅਨੂਠਾ ਸੱਤ ਸੀ। ਆਪ ਜੀ ਲਈ ਉਹ ਸ਼ਬਦ ਧਨ ਸਨ। *੧*

ਜੇ ਗੁਰੂ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥

ਸੂਹੀ ਮਹਲਾ ੪

(ਪੰਨਾਂ ੭੫੮) ਆਦਿ ਗ੍ਰੰਥ

ਇਥੋਂ ਤੱਕ ਕਿ ਸ਼ਾਦੀ ਤੋਂ ਮਗਰੋਂ ਵੀ ਇਹ ਸੁਭਾਗੀ ਜੋੜੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰਦੀ ਰਹੀ। *੨*

ਇਸ ਸੇਵਾ ਦੇ ਨਾਲ ਹੀ ਆਪ ਜੀ ਨੇਂ ਗੁਰੂ ਸਾਹਿਬ ਨੂੰ ਆਪਣੇ ਵਸ ਕਰ ਲਇਆ। ਗੁਰੂ ਨੂੰ ਵਸ ਕਰਨਾਂ ਕੋਈ ਸੌਖੀ ਜਹੀ ਗਲ ਨਹੀਂ। ਜਿਵੇਂ ਕਿ ਅਸੀਂ ਪਹਿਲਾਂ ਵੀ ਕਹਿ ਚੁਕੇ ਹਾਂ ਕਿ ਸੇਵਾ ਉਹ ਜਿਹੜੀ ਨਿਰਛਲ ਹੋਵੇ, ਉਹ ਨਹੀਂ ਕਿ ਜਿਸਦੇ ਪਿਛੇ ਸੌਦੇ ਦੀ ਰੁਚੀ ਕੰਮ ਕਰ ਰਹੀ ਹੋਵੇ। ਗੁਰੂ ਵੀ ਉਸੇ ਹੀ ਸੇਵਾ ਉਤੇ ਰੀਝਦਾ ਹੈ ਜਿਸ ਦਾ ਮੰਤਵ ਨਿਹਕਾਮ ਸੇਵਾ ਹੋਵੇ। ਸੋ ਗੁਰੂ ਰਾਮਦਾਸ ( ਭਾਈ ਜੇਠਾ) ਜੀ ਦੀ ਇਹ ਨਿਹਕਾਮ ਸੇਵਾ ਸੀ ਜਿਸ ਨੇਂ ਗੁਰੂ ਅਮਰਦਾਸ ਸਾਹਿਬ ਨੂੰ ਆਪਣੇ ਵੱਸ ਕਰ ਲਇਆ। *੩*। ਇਸੇ ਹੀ ਨਿਹਕਾਮ ਸੇਵਾ ਨੇਂ ਆਪ ਜੀ ਨੂੰ ਗੁਰਗਦੀ ਦੇ ਲਾਇਕ ਬਣਾਇਆ। ਇਹ ਗਲ ਕੋਈ

---

*੧* ਪੰਥ ਪ੍ਰਕਾਸ਼ ਕਿਰਤ ਗਿਆਨੀ ਗਿਆਨ ਸਿੰਘ ਜੀ
ਪੰਨਾਂ ੮੮-੮੯

ਏਕ ਜਨਮ ਕਿਆ ਜਨਮ ਅਪਾਰਾ। ਜੋ ਗੁਰ ਕਹੈ ਕਰੈਂ ਸੋ ਕਾਰਾ।

ਇਹੋ ਬਚਨ ਜਬ ਗੁਰ ਸੁਨ ਪਾਇਓ। ਰਾਮਦਾਸ ਅਤਿ ਸੈ ਪ੍ਰਿਯ ਭਾਇਓ।

*੨* ਪੰਥ ਪ੍ਰਕਾਸ਼ ਕਿਰਤ ਗਿਆਨੀ ਗਿਆਨ ਸਿੰਘ ਜੀ

੧੬ ਫਗਣ ੧੫੯੯ ਬਿঃ ਨੂੰ ਬੀਬੀ ਭਾਨੀ ਦੀ ਸ਼ਾਦੀ ਭਾਈ ਜੇਠਾ ਜੀ ਨਾਲ ਕਰ ਦਿੱਤੀ ਗਈ। ਜੇੜਾ ਗੁਰੂ ਸਾਹਿਬ ਦੀ ਸੇਵਾ ਕਰਦਾ ਰਿਹਾ। ਸੰਮਤ ੧੬੩੭ ਬਿঃ ਵਿੱਚ ਭਾਈ ਜੇਠਾ ਜੀ ਨੂੰ ਗੁਰਗਦੀ ਦਿਤੀ ਗਈ। ਇ ਫਲ ਸੇਵਾ ਦਾ ਸੀ।

*3* LIFE AND LIGHT OF SIKHISM By M.L.PEACE.
P.22.

All the same we do not hesitate to say that spirit of service found its fullest developtment in the lifw of this 4th Nanak.

ਕਹਿਣ ਸੁਣਨ ਵਾਲੀ ਨਹੀਂ, ਸਾਨੂੰ ਤਾਂ ਇਸ ਘਟਨਾਂ ਬਾਰੇ ਇਤਿਹਾਸਕ ਗਵਾਹੀਆਂ ਮਿਲਦੀਆਂ ਹਨ ਜਿਹੜੀਆਂ ਕਿ ਕਿਸੇ ਸ਼ੰਕੇ ਦੇ ਪੈਦਾ ਹੋਣ ਦੀ ਕੋਈ ਸੰਭਾਵਨਾਂ ਹੀ ਨਹੀਂ ਰਹਿਣ ਦਿੰਦੀਆਂ। *੧*

---

*੧* ਪੰਥ ਪ੍ਰਕਾਸ਼ ਕਿਰਤ ਗਿਆਨੀ ਗਿਆਨ ਸਿੰਘ ਜੀ

ਪੰਨਾਂ ੮੮-੮੯

ਔਰ ਵਕਤ ਭੀ ਬਹੁ ਪ੍ਰਕਾਰੇ। ਪਰਖ ਲਇਓ ਤੈ ਤਾਉ ਅਪਾਰੇ।
ਜਬ ਸਭ ਬਿਧਿ ਲਾਇਕ ਲਖ ਲੀਨੋ। ਤਬ ਹੀ ਤਿਲਕ ਗੁਰਿਆਈ ਦੀਨੋ।

ੳ) ਤਵਾਰੀਖ ਗੁਰ ਖਾਲਸਾ ਕਿਰਤ ਗਿਆਨੀ ਗਿਆਨ ਸਿੰਘ

ਪੰਨਾਂ ੧੮੬-੮੭ --

ਗੁਰੂ ਅਮਰਦਾਸ ਜੀ ਨੇਂ ਗੁਰੂ ਰਾਮਦਾਸ ਜੀ ਨੂੰ ਸਰਬ ਪ੍ਰਕਾਰ ਲਾਇਕ ਸਮਝ ਕੇ ਬੈਸਾਖ ਸੁਦੀ ੯ ਸੰ: ੧੬੨੯ ਬਿਕਰਮੀ ਨੂੰ ਗੁਰਿਆਈ ਦੇ ਦਿੱਤੀ।

ਅ) ਗੁਰੂ ਖਾਲਸਾ ਜੀ ਦੀ ਤਵਾਰੀਖ (ਸ੍ਰੀ ਸੋਢੀ ਚਮਤਕਾਰ) ਕਿਰਤ ਗਿਆਨੀ ਗਿਆਨ ਸਿੰਘ ਤੇ ਗਿਆਨੀ ਪ੍ਰਤਾਪ ਸਿੰਘ

ਪੰਨਾਂ੨ਵ ੩

ਹੇ ਪੁਤਰ ਜੀ! ਤੁਹਾਡੀ ਆਯੂ ਅਜ ਪੂਰੀ ਹੋ ਚਲੀ ਹੈ ਇਸ ਲਈ ਅਸੀਂ ਆਪਣੀ ਰੈਂਹਦੀ ਉਮਰਾ ਛੀ ਬਰਸ ਯਾਰਾਂ ਮਹੀਨੇਂ ਅਠਾਰਾਂ ਦਿਨ ਤੁਹਾਨੂੰ ਦਿੰਦੇ ਹਾਂ ਕਿਉਂਕਿ ਤੁਸਾਂ ਨੇਂ ਪ੍ਰੇਮਾਂ ਭਗਤੀ ਦਵਾਰੇ ਸਾਨੂੰ ਆਪਣੇ ਵਸ ਕਰ ਲਿਆ ਹੈ। ਅਜ ਤੋਂ ਤੁਹਾਡੇ ਸਾਡੇ ਵਿੱਚ ਕੋਈ ਭੇਦ ਨਹੀਂ ਰਿਹਾ ਇਕ ਰੂਪ ਹੋ ਗਏ ਹਾਂ...

ੲ) ਸੂਰਜ ਪ੍ਰਕਾਸ਼ ਕਿਰਤ ਕਵਿ ਸੰਤ ਰੇਣ ਪ੍ਰੇਮ ਸਿੰਘ ਨਿਰਯਾਬ(ਕੋਹਾਟ)

ਪੰਨਾਂ੩੧੦

ਇਕ ਸ੍ਰਤ ਸੰਮਤ ਖਟ ਅਰ ਚਾਰੀ।। ਆਰਬਲਾ ਹਮਰੇ ਤਨ ਸਾਰੀ।।
ਅਬ ਖਟ ਬਰਸ ਇਕਾਦਸ ਮਾਸ।। ਦਿਵਸ ਅਸਟ ਦਸ ਸੇਸ ਰਹਾਸ।।
ਸੋ ਹਮ ਅਪਨੀ ਤੁਮਕੋ ਦੀਨਸ।। ਪ੍ਰੇਮ ਭਗਤ ਮੈ ਲੀਨ ਪ੍ਰਬੀਨਸ।।
ਤੋਹਿ ਮੋਹਿ ਮਹਿੰ ਭੇਦ ਨ ਰਹਯੋ।। ਇਕ ਸਰੂਪ ਤਨ ਦੋਨਹੁ ਲਹਯੋ।।

ਸ) ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕਿਰਤ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ

ਜਿਲਦ ਨੰ:੫ ਪੰਨਾਂ ੧੬੨੦

ਹੇ ਸੁਤ! ਤੇਰੀ ਅਵਧ ਬਿਤਾਈ। ਮੈ ਅਬਿ ਜਾਨ ਲੀਨਿ ਅਗਵਾਈ।।
ਇਕ ਸ੍ਰਤ ਸੰਮਤ ਆਠ ਰ ਚਾਰੀ। ਆਰਬਲਾ ਹਮਰੇ ਤਨ ਸਾਰੀ।
... ਤੋਹਿ ਮੋਹਿ ਮੈਂ ਭੇਦ ਨ ਰਹਯੋ। ਇਕ ਸਰਪਤਾ ਦੋਨਹਾਂ ਲਹਯੋ।
... ਤਿਸ਼ ਸਰਪ ਮੇਰੋ ਇਕ ਹੋਵਾ। ਦਯੋਂ ਹੀ ਪਰਿਹ ਨਹਿੰ ਜੋਵਾ।
... ਪ੍ਰੇਮ ਭਗੱਤਿ ਅਸ ਤਵ ਉਰ ਬਸੀ। ਬਸੀ ਕੀਨਿ ਮੋਕਹੁ ਕਰਿ ਜਿਸੀ। ੧੫।

ਮੇਰੀ ਜਾਚੇ ਤਾਂ ਬੀਬੀ ਭਾਨੀ ਜੀ ਦੀ ਸ਼ਾਦੀ ਵੀ ਸਾਹਿਬਾਂ ਦੀ ਸੇਵਾ ਦਾ ਹੀ ਫ਼ਲ ਸੀ। ਗੁਰ ਇਤਿਹਾਸ ਦਾ ਪੜਚੋਲਵਾਂ ਅਤੇ ਆਲੋਚਨਾਤਮਕ ਅਧਿਐਨ ਇਹ ਸਾਬਤ ਕਰਦਾ ਹੈ ਕਿ ਆਪ ਜੀ ਨੂੰ ਗੁਰਗਦੀ ਸੇਵਾ ਦੇ ਫਲ ਵਜੋਂ ਹੀ ਮਿਲੀ ਸੀ।*੧*। ਇਹ ਕੋਈ ਅਚੰਭੇ ਵਾਲੀ ਗਲ ਨਹੀਂ ਕਿ ਜੇਕਰ ਆਪ ਜੀ ਦੀ ਥਾਂ ਕੋਈ ਆਮ ਪੱਧੱਰ ਦਾ ਮਨੁੱਖ ਹੁੰਦਾ ਤਾਂ ਸ਼ਾਦੀ ਤੋਂ ਝਟ ਹੀ ਮਗਰੋਂ ਸ਼ਰੀਕਪੁਣੇ ਦੀ ਸੁਗੀ ਆਕੜ ਵਿੱਚ ਆ ਜਾਂਦਾ ਅਤੇ ਸੇਵਾ ਤੋਂ ਮੁਖ ਮੋੜ ਲੈਂਦਾ। ਪਰ ਭਾਈ ਜੇਠਾ ਜੀ ਗੁਰੂ ਘਰ ਦੇ ਜਵਾਈ ਕੀ ਬਣੇ ਸਗੋਂ ਬਹੁਤੇ ਹੀ ਸੇਵਾ ਵਿੱਚ ਜੁਟ ਗਏ। ਪ੍ਰਭੂ ਨੇ ਦੋਵੇਂ ਹੀ ਆਤਮਾਵਾਂ ਅਜਿਹੀਆਂ ਮੇਲੀਆਂ ਕਿ ਹਰ ਇੱਕ ਦੂਜੇ ਨੂੰ ਸੇਵਾ ਦਾ ਗੂੜ੍ਹਾ ਰੰਗ ਚੜ੍ਹ ਗਇਆ। ਇਤਿਹਾਸਕਾਰ ਇੱਕ-ਜ਼ੁਬਾਨ ਹੋ ਕੇ ਕਹਿੰਦੇ ਹਨ ਕਿ ਦੋਹਾਂ ਵਿੱਚੋਂ ਕਿਸੇ ਨੇ ਵੀ ਗੁਰੂ ਘਰ ਉਤੇ ਆਪਣੀ ਸੇਵਾ ਦੇ ਫ਼ਲ ਦਾ ਦਾਹਵਾ ਨਹੀਂ ਕੀਤਾ। ਭਾਈ ਜੇਠਾ ਜੀ ਨੂੰ ਗੁਰ-ਗਦੀ ਮਿਲੀ ਅਤੇ ਬੀਬੀ ਭਾਨੀ ਜੀ ਨੂੰ ਗੁਰ-ਗਦੀ ਆਪਣੀ ਵੰਸ਼ ਵਿੱਚ ਰੱਖਣ ਦਾ ਵਰ ਪ੍ਰਾਪਤ ਹੋਇਆ।

ਇਹ ਕਦ ਮੰਨਿਆ ਜਾ ਸਕਦਾ ਹੈ ਕਿ ਦੂਜਿਆਂ ਨੂੰ ਸਿਧੇ ਰਾਹ ਪਾਉਣ ਵਾਲੀ ਮਹਾਨ ਵਿਅਕਤੀ ਆਪ ਇੱਕ ਇਤਨਾਂ ਵਡਾ ਗਲਤ ਕਦਮ ਉਠਾਉਂਦੀ। ਜੇ ਕਿਸੇ ਅਣਹੋਂਕੇ ਪੁਰਸ਼ ਨੂੰ ਗੁਰ-ਗਦੀ ਦੇਣੀ ਹੁੰਦੀ, ਤਾਂ ਉਹ ਆਪਣੇ ਪੁਤਰਾਂ ਨੂੰ, ਜਵਾਈ ਨਾਲੋਂ ਵਧੇਰੇ ਸਨਮਾਨ ਦਿੰਦੇ। ਪੁਤਰ ਨੂੰ ਦਿੱਤੀ ਤਾਂ ਆਪਣੇ ਘਰ ਰਹਿਣੀ ਸੀ ਅਤੇ ਜਵਾਈ ਨੂੰ ਦਿੱਤੀ ਹੋਈ ਦੂਜੇ ਘਰ ਚਲੀ ਜਾਣੀ ਸੀ। ਪਰ ਇਹ ਤਾਂ ਪੂਰਬਲੇ ਕਰਮਾਂ ਦੀ ਗਲ ਸੀ ਅਤੇ ਇਸ ਪੜਾ ਉਤੇ ਆਕੇ

---

*੧* LIFE AND LIGHT OF SIKHISM By M.L.PEACE.

**P.23**

At Gurughar not seniority but service is the criterian to determine one's rights to exalted positions. Both the sons-in-law were tried but Ramu was found signally failing in patient sewa-bhav, while Bhai Jetha stood the trial with wonderful fortitude and self composure. This resulted in the Guruship being given to Bhani's husband.

ਹੱਕਦਾਰ ਨੇਂ ਆਪਣਾ ਹੱਕ ਤਾਂ ਲੈ ਹੀ ਜਾਣਾ ਸੀ। ਉਹ ਹੱਕਦਾਰ ਸ੍ਰੀ ਗੁਰੂ ਰਾਮਦਾਸ ਜੀ ਹੀ ਸਨ।

ਜਬ ਬਰਦਾਨ ਸਮਾ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥
ਤਿਹ ਬਰਦਾਨ ਪੁਰਾਤਨ ਦੀਆ॥ ਅਮਰਦਾਸ ਸੁਪੁਰ ਮਗ ਲੀਆ॥

ਗੁਰੂ ਗੋਬਿੰਦ ਸਿੰਘ
ਬਚਿਤ੍ਰ ਨਾਟਕ

## 2. ਦੇਣ (Contributions)

ਮਨੁੱਖੀ ਮਨ ਵਿੱਚ ਚਲ ਰਹੀਆਂ ਧਾਰਮਕ ਅਤੇ ਵਿਗਿਆਨਕ ਦੋ ਪ੍ਰਬਲ ਧਾਰਾਵਾਂ ਹਨ। ਭਾਵੇਂ ਦੋਹਾਂ ਦਾ ਹੋਣਾ ਤਾਂ ਜ਼ਰੂਰੀ ਹੈ ਪਰ ਦੋਵੇਂ ਪ੍ਰਸਪਰ ਵਿਰੋਧੀ ਦਸ਼ਾ ਵਿੱਚ ਚਲਦੀਆਂ ਹਨ। ਵਿਗਿਆਨ ਅਨੁਸਾਰ ਮਨੁੱਖੀ ਮਨ ਮਸ਼ੀਨ ਦੀ ਨਿਆਈਂ ਕੰਮ ਕਰਦਾ ਹੈ ਅਤੇ ਧਰਮ ਅਨੁਸਾਰ ਪਿਆਰ, ਸਹਿਨ-ਸ਼ੀਲਤਾ, ਹਮਦਰਦੀ ਅਤੇ ਮਨੁੱਖ-ਵਾਦੀ ਰੁਚੀਆਂ ਨੂੰ ਗ੍ਰਹਿਣ ਕਰਦਾ ਹੈ।

ਆਦਿ ਕਾਲ ਤੋਂ ਧਰਮ ਦੀ ਸੋਝੀ ਦੇਣ ਵਾਲੇ ਕਈ ਮਹਾਨ ਵਿਅਕਤੀ ਪੈਦਾ ਹੁੰਦੇ ਰਹੇ ਅਤੇ ਭੁੱਲੀ ਭਟਕੀ ਜਨਤਾ ਨੂੰ ਰੱਬੀ ਰਾਹਾਂ ਉਤੇ ਪਾਂਦੇ ਰਹੇ।*੧* ਜਦੋਂ ਵੀ ਕਿਸੇ ਮਹਾਂਪੁਰਸ਼ ਦੇ ਦਸੇ ਹੋਏ ਧਾਰਮਕ ਜਜ਼ਬੇ ਵਿੱਚ ਮਨਮਤੀਆਂ ਦੀ ਬਹੁਲਤਾ ਹੋਣ ਕਾਰਨ ਘਾਟਾਂ ਪੈਂਦੀਆਂ ਅਤੇ ਖ਼ੁਦਗਰਜ਼ੀ, ਲਾਲਚ, ਕਮੀਨਾਂ-ਪਣ ਆਦਿਕ ਬੁਰੀਆਂ ਰੁਚੀਆਂ ਸਿਖਰਾਂ ਉਤੇ ਪੁਜੀਆਂ ਨਜ਼ਰ ਆਉਂਦੀਆਂ ਤਾਂ ਕੋਈ ਨਵੀਂ ਹਸਤੀ ਜਨਮ ਲੈ ਲੈਂਦੀ ਸੀ। ਉਹ ਹਸਤੀ ਮੁੜ ਧਰਮ ਦੇ ਉਸੇ ਹੀ ਜਜ਼ਬੇ ਨੂੰ ਸਾਕਾਰ ਅਤੇ ਦ੍ਰਿੜ ਕਰਵਾਉਣ ਵਿੱਚ ਰੁਝ ਜਾਂਦੀ ਸੀ। ਨਿਰਾਕਾਰ ਪ੍ਰਭੂ ਨੂੰ ਸਮੇਂ ਦੀਆਂ ਮੰਗਾਂ ਦੇ ਅਨੁਕੂਲ ਹੀ ਸਾਕਾਰ ਰੂਪ ਵਿੱਚ ਢਾਲ ਕੇ ਆਮ

---

*੧* SELECTIONS FROM THE SACRED WRITINGS OF THE SIKHS (UNESCO)
Introduction by S. RADHAKRISHNAN.

P. 20 Introduction.

God is not limited to any incarnation but sneds His messengers from time to time ,to lead struggling humanity towards Him. It is the law of the spiritual world that whenever evil and ignorance darken human affairs,morality and wisdom will come to our rescue.

ਜਨਤਾ ਨੂੰ ਸਿਧੇ ਰਾਹੇ ਪਾਇਆ ਜਾਂਦਾ ਸੀ।

ਮੁਢਲੇ ਤੌਰ ਉਤੇ ਧਰਮ ਅਸਥੂਲਤਾ ਦੇ ਰੂਪ ਵਿੱਚ ਤਾਂ ਓਵੇਂ ਜਿਵੇਂ ਰਹਿਆ ਪਰ ਸਥੂਲ ਰੂਪ ਵਿੱਚ ਲੋਕਾਂ ਦੀ ਪਹੁੰਚ ਗੋਚਰਾ ਕਰਨ ਲਈ ਲੋਕਾਂ ਦੀ ਸਮਝ ਦੇ ਮੁਤਾਬਕ ਹੀ ਇੱਕ ਪ੍ਰਵਾਨਤ ਰੂਪ ਰੇਖਾ ਵਿੱਚ ਪੇਸ਼ ਕੀਤਾ ਜਾਂਦਾ ਰਹਿਆ। ਰੱਬ ਇੱਕ ਹੈ ਦੋ ਨਹੀਂ। ਸਾਨੂੰ ਹਰ ਔਕੜ ਲਈ ਉਸੇ ਦਾ ਹੀ ਸਹਾਰਾ ਲੈਣਾ ਚਾਹੀਦਾ ਹੈ। ਉਹ ਸਰਬ ਵਿਆਪੀ ਹੈ, ਵਰਗੇ ਅਸੂਲ ਮੁਢਲੇ ਤੌਰ ਉਤੇ ਓਹੀ ਰਹੇ ਪਰ ਆਮ ਲੋਕਾਂ ਨੂੰ ਸਮਝਾਉਣ ਲਈ ਵੱਖੋ ਵੱਖਰੇ ਢੰਗ ਅਪਣਾਏ ਜਾਂਦੇ ਰਹੇ। ਸਿਟੇ ਵਜੋਂ ਇਹ ਪੱਤਾ ਲਗਦਾ ਹੈ ਕਿ ਜੋ ਵੱਖਰੇ ਵੱਖਰੇ ਢੰਗ ਉਸ ਪ੍ਰਭੂ ਨਾਲ ਵਿਛੜੀ ਹੋਈ ਰੂਹ ਨੂੰ ਮੇਲਣ ਲਈ ਅਪਣਾਏ ਗਏ ਸਨ, ਨੇਂ ਹੀ ਬਾਅਦ ਵਿੱਚ ਧਰਮ ਦਾ ਨਾਂ ਪ੍ਰਾਪਤ ਕੀਤਾ।

ਮਨੋਂ ਵਿਗਿਆਨਕ ਆਧਾਰ ਉਤੇ ਮਨੁੱਖੀ ਦੀਮਾਗ ਦੋ ਭਾਂਤੀਆਂ ਦਾ ਹੋਇਆ ਕਰਦਾ ਹੈ। ਸਾਦੀ ਬੋਲੀ ਵਿੱਚ ਖ਼ੁਦਗਰਜ਼ ਅਤੇ ਬੇਗਰਜ਼ ਵੀ ਕਹੇ ਜਾਂਦੇ ਹਨ। ਅੰਕੜਿਆਂ ਦੇ ਆਧਾਰ ਉਤੇ ਆਖਿਆ ਜਾ ਸਕਦਾ ਹੈ ਕਿ ਖ਼ੁਦਗਰਜ਼ ਬੰਦਿਆਂ ਦੀ ਬੇਗਰਜ਼ ਬੰਦਿਆਂ ਨਾਲੋਂ ਗਿਣਤੀ ਵਧੇਰੇ ਹੋਇਆ ਕਰਦੀ ਹੈ। ਇਸ ਦੇ ਨਾਲ ਹੀ ਖ਼ੁਦਗਰਜ਼, ਬੇਗਰਜ਼ ਬੰਦਿਆਂ ਨਾਲੋਂ ਵਧੇਰੇ ਚਾਲਾਕ ਅਤੇ ਚਤੁਰ ਹੋਇਆ ਕਰਦੇ ਹਨ। ਬੇਗਰਜ਼ ਦੀ ਰੁਚੀ ਦੂਜਿਆਂ ਦੀ ਸੇਵਾ ਵਿੱਚ ਹੋਇਆ ਕਰਦੀ ਹੈ, ਜਿਸ ਕਾਰਨ ਉਸ ਨੂੰ ਅਪਣੀ ਕੋਈ ਸੁਧ ਬੁਧ ਨਹੀਂ ਹੁੰਦੀ। ਉਹ ਆਪਣੀ ਲੋੜ ਤੋਂ ਵੱਧ ਕਿਸੇ ਚੀਜ਼ ਨੂੰ ਆਪਣੇ ਕਬਜ਼ੇ ਵਿੱਚ ਨਹੀਂ ਰੱਖਦਾ ਅਤੇ ਨ ਹੀ ਉਸਦੀ ਰੁਚੀ ਇਸ ਮਨੁੱਖੀ ਕਰਮ ਵਲ ਕੰਮ ਕਰਦੀ ਹੈ।


ਮਨੂ ਸਿਮਰਤੀਆਂ ਆਦਿਕ ਦੁਆਰਾ ਮਨੁੱਖ ਜਾਤੀ ਦੇ ਚਾਰੇ ਵਰਣਾਂ ਵਿੱਚੋਂ ਖ਼ੁਦਗਰਜ਼ ਭਾਂਤ ਦਾ ਇੱਕ ਬ੍ਰਾਹਮਣਾਂ ਦਾ ਵਰਣ ਸੀ। ਵੇਦਾਂ ਅਨੁਸਾਰ ਵੇਦਾਂ ਦੀ ਸਾਰੀ ਸਿਖਿਆ ਤਿੰਨ ਹਿਸਿਆਂ ਵਿੱਚ ਵੰਡੀ ਹੋਈ ਸੀ:-

ਵੇਦਾਂ ਦੀ ਸਿਖਿਆ

ਕਰਮ ਕਾਂਡ — ਉਪਨਿਸ਼ਦ ਕਾਂਡ — ਗਿਆਨ ਕਾਂਡ

ਕਰਮ ਕਾਂਡ ਅਨੁਸਾਰ ਪੂਜਾ ਦੇ ਵੱਖਰੇ ਵੱਖਰੇ ਸਾਧਨਾਂ ਦੀ ਪੂਰਤੀ ਕਰਨਾਂ

ਸੀ। ਭਾਵੇਂ ਇਹ ਕਰਮ




ਨਿਤਾ ਪ੍ਰਤੀ ਦਾ ਸੀ ਅਤੇ ਭਾਵੇਂ ਕਿਸੇ ਖਾਸ ਮੌਕੇ ਆਦਿਕ ਉਤੇ ਪੂਰਿਆਂ ਕਰਨ ਵਾਲਾ ਸੀ। ਵੇਦਾਂ ਦੇ ਇਸ ਕਰਮ ਦੀ ਪੂਰਤੀ ਲਈ ਕੋਈ ਖਾਸ ਮਿਹਨਤ ਸੀ ਕਰਨੀ ਪੈਂਦੀ। ਪਰ ਉਪਨਸ਼ਿਦ ਕਾਂਡ ਅਤੇ ਗਿਆਨ ਕਾਂਡ ਮਿਹਨਤ ਮੰਗਦੇ ਸਨ। ਜਿਹੜੀ ਬ੍ਰਾਹਮਣ ਸ਼੍ਰੇਣੀ ਲੋਕਾਂ ਦੇ ਮਨ ਪਵਿਤਰ ਕਰਨਾਂ ਚਾਹੁੰਦੀ ਸੀ ਅਤੇ ਕਰਨ ਦਾ ਦਾਹਵਾ ਕਰਦੀ ਸੀ ਉਨ੍ਹਾਂ ਦੇ ਆਪਣੇ ਮਨ ਪਵਿਤਰ ਨਹੀਂ ਸਨ। *੧*

ਸੋ ਖ਼ੁਦਗਰਜ਼ ਅਤੇ ਚਾਲਾਕ ਸ਼੍ਰੇਣੀ ਨੇਂ ਇਸੇ ਹੀ ਕਰਮ ਕਾਂਡ(ਕਰਮ) ਨੂੰ ਧਾਰਨ ਕੀਤਾ ਕਿਉਂ ਜੋ ਇਸ ਨਾਲ ਉਨ੍ਹਾਂ ਦੇ ਆਪਣੇ ਆਪ ਉਤੇ ਕੋਈ ਮਿਹਨਤ ਨਹੀਂ ਸੀ ਪਰ ਆਮਦਨੀਂ ਬਹੁਤੀ ਸੀ। ਇਸ ਤਰ੍ਹਾਂ ਆਮ ਜਨਤਾ ਨੂੰ ਬਹੁਤੀ ਹੀ ਸੌਖੀ ਤਰ੍ਹਾਂ ਉਲਝਾਇਆ ਜਾ ਸਕਦਾ ਸੀ ਅਤੇ ਆਪਣੀ ਰੋਜ਼ੀ ਦਾ ਸੌਖਾ ਤਰੀਕਾ ਕਾਇਮ ਕੀਤਾ ਜਾ ਸਕਦਾ ਸੀ। ਸੋ ਗਿਆਨ ਕਾਂਡ ਨੂੰ ਛੱਡ ਕੇ ਪਹਿਲੇ

---

*੧* A CRITICAL STUDY OF ADI GRANTH By Dr.SURINDER SINGH KOHLI

P.192

From the point of view of the abject-matter, the Vedas have been divided into three parts.

1. Karm Kand or the part dealing with rituals.
2. Upanasd Kand or the part dealing with methods of worship and
3. Gian Kand or the part giving knowledge about the realisation of God.

The Brahman laid stress on the first two because they helped to maintain his importance. He advocated for certain actions and methods of worship according to Scriptures for the purification of mind, but in fact his own mind was not pure.

ਦੋਨੋਂ ਹੀ ਕਾਂਡਾਂ ਉਤੇ ਬਹੁਤ ਜ਼ੋਰ ਦਿੱਤਾ ਗਇਆ ਸੀ। *੧*

ਹਿੰਦੂ ਧਰਮ ਦਾ ਕੇਂਦਰੀ ਧਰਮ ਹੋਣ ਕਾਰਨ ਅਤੇ ਬ੍ਰਾਹਮਣਾਂ ਦਾ ਉਸ ਕੇਂਦਰ ਦਾ ਵੀ ਕੇਂਦਰ ਹੋਣ ਕਾਰਨ, ਬਹੁਤਾ ਮਾਣ ਕੀਤਾ ਜਾਂਦਾ ਸੀ। *੨* ਜਿਵੇਂ ਕਿ ਅਸੀਂ ਪਹਿਲਾਂ ਵੀ ਕਹਿ ਚੁਕੇ ਹਾਂ ਕਿ ਬ੍ਰਾਹਮਣੀਕ ਸ਼੍ਰੇਣੀ ਚਾਲਾਕ ਅਤੇ ਖ਼ੁਦਗਰਜ਼ ਸੀ ਅਤੇ ਲੋਕੀਂ ਅੱਧਪੜ੍ਹੇ ਜਾਂ ਅਨਪੜ੍ਹੇ ਸਨ ਅਤੇ ਅਜਿਹੀ ਸਥਿਤੀ ਵਿੱਚ ਉਹ ਧਾਰਮਕ ਖੇਤਰ ਵਿੱਚ ਅਗਵਾਈ ਪ੍ਰਾਪਤ ਕਰਨ ਲਈ ਇਨ੍ਹਾਂ ਦਾ ਹੀ ਸਹਾਰਾ ਲੈਂਦੇ ਸਨ। ਸੋ ਇਹਨਾਂ ਲੋਕਾਂ ਨੇਂ ਧਰਮ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਦਾ ਸਾਧਨ ਬਣਾ ਲਇਆ ਸੀ। ਇਸ ਸਾਧਨ ਦੀ ਪੂਰਤੀ ਲਈ ਅਗੇ ਹੋਰ ਸਾਧਨ ਘੜੇ ਗਏ ਸਨ। ਜਿਵੇਂ ਕਿ ਦੇਸ਼ ਦੇ ਹਰ ਹਿਸੇ ਦੀਆਂ ਭੂਗੋਲਕ, ਸਾਹਿਤਕ, ਇਤਿਹਾਸਕ ਅਤੇ ਸਮਾਜਕ ਲੋੜਾਂ ਵੱਖਰੀਆਂ ਵੱਖਰੀਆਂ ਸਨ ਤਿਵੇਂ ਹੀ ਇਹ ਸਾਧਨ ਵੀ ਵੱਖਰੇ ਵੱਖਰੇ ਬਣਾ ਦਿੱਤੇ ਗਏ ਸਨ। ਸੋ ਇੱਕ ਧਰਮ ਨੇਂ ਇਸਤਰ੍ਹਾਂ ਅਨੇਕਾਂ ਹੀ ਰੂਪ ਧਾਰਨ ਕਰ ਲਏ। ਮਨੁੱਖ ਨੂੰ ਜੋ ਕੁਝ ਇੱਕ ਰੂਪ ਵਿੱਚ ਠੀਕ ਜਾਪਦਾ ਸੀ ਦੂਜੇ ਰੂਪ ਵਿੱਚ ਗਲਤ ਨਜ਼ਰ ਆਉਂਦਾ ਸੀ। ਹਰ ਧਰਮ ਦਾ ਸੰਖ ਅਤੇ ਅਜ਼ਾਂ, ਆਪਣੀਆਂ ਵੱਖਰੀਆਂ ਵੱਖਰੀਆਂ ਆਵਾਜ਼ਾਂ ਕਢਦੇ ਸਨ। ਅਤੇ ਭਾਂਤ ਭਾਂਤ ਦੀਆਂ ਆਵਾਜ਼ਾਂ ਦਾ ਰੌਲਾ, ਮਨੁੱਖ ਦੇ ਅੰਦਰੋਂ ਨਿਕਲਦੀ ਆਵਾਜ਼ ਨੂੰ ਵੀ ਉਸ ਤੱਕ ਪੁਜਣ ਨਹੀਂ ਦਿੰਦਾ ਸੀ। ਸੋ ਇਸ ਪੜਾ ਉਤੇ ਕਿਸੇ ਮਹਾਨ ਚਿੰਤਨ ਵਾਲੇ ਮਨੁੱਖ ਦੀ ਲੋੜ ਸੀ।

ਇਸੇ ਹੀ ਮਹਾਨ ਔਕੜ ਦੇ ਸਮੇਂ ਸਿੱਖ ਧਰਮ ਨੇਂ ਜਨਮ ਲਇਆ। ਸਿੱਖ ਧਰਮ ਦਾ ਮੰਤਵ ਕਰਮ ਕਾਂਡ, ਭਗਤੀ ਜਾਂ ਗਿਆਨ ਕਾਂਡ ਅਤੇ

---

*1* ACRITICAL STUDY OF ADI GRANTH By Dr. SURINDER SINGH KOHLI. P. 192

Hinduism is the main religion of India. It is also known as Brahmanism.

*2* Ibid P.191

The priests who conducted the form or forms of worship kept their material gains in view. The Brahman was supposed to be the custodian of religion in Hindu Society . The Brahman priest was the central figure in every rite and ceremony and accepted due or undue charity, which was the xk cause of his moral degenration.

ਸਰਗੁਣ ਕਾਵਿ -ਧਾਰਾ ਦੇ ਮੁਕਾਬਲੇ ਨਿਰਗੁਣ ਕਾਵਿ-ਧਾਰਾ ਅਤੇ ਇੱਕੋ ਪ੍ਰਭੂ ਦਾ ਪ੍ਰਚਾਰ ਕਰਨਾਂ ਸੀ। ਜਿਸ ਰਾਹੀਂ ਅਨੇਕਾਂ ਭੁਲ ਭੁਲਈਆਂ ਦੀ ਥਾਂ ਜਨਤਾ ਨੂੰ ਇੱਕ ਸੇਧ ਮਿਲ ਗਈ। ਇਸ ਕਰਮ ਵਿੱਚ ਗੁਰੂ ਸਾਹਿਬ ਦੀ ਬਹੁਤ ਵਡੀ ਦੇਣ ਹੈ, ਜਿਸ ਨੂੰ ਹੇਠ ਲਿਖਿਆਂ ਵਿਸ਼ਿਆਂ ਦੇ ਚਾਨਣ ਵਿੱਚ ਭਲੀ ਪ੍ਰਕਾਰ ਵੇਖਿਆ ਜਾ ਸਕਦਾ ਹੈ:-

੧. ਧਾਰਮਕ ਖੇਤਰ।
੨. ਸਮਾਜਕ ਖੇਤਰ।
੩. ਰਾਜਨੀਤਕ ਖੇਤਰ ਅਤੇ
੪. ਸਾਹਿਤਕ ਖੇਤਰ।

<u>੧. ਧਾਰਮਕ ਖੇਤਰ।</u>

ਕੀ ਹਿੰਦੂ ਅਤੇ ਕੀ ਇਸਲਾਮ ਦੋਵੇਂ ਹੀ ਧਰਮ, <u>ਅਧੋਗਤੀ ਦੇ ਸਿਖ਼ਰ</u> ਤੇ ਪੁਜ ਚੁਕੇ ਸਨ। ਸੰਸਾਰ ਭਰ ਵਿੱਚ ਮੰਨੇ ਪ੍ਰਮੰਨੇ ਫਲਸਫਾਕਾਰ ਡਾਕਟਰ ਸਰਵਪਲੀ ਰਾਧਾਕ੍ਰਿਸ਼ਨਨ ਅਨੁਸਾਰ ਕਿ " ਹਿੰਦੂ ਧਰਮ ਦੇ ਮੋਢੀ ਅਧਿਆਤਮਵਾਦੀ ਰੁਚੀਆਂ ਫੈਲਾਉਣ ਵਿੱਚ ਅਵੇਸਲੇ ਸਨ ਅਤੇ ਆਮ ਜਨਤਾ ਵਹਿਮਾਂ ਭਰਮਾਂ ਅਤੇ ਪਦਾਰਥਵਾਦੀ ਘੇਰੇ ਵਿੱਚ ਜਕੜੀ ਹੋਈ ਸੀ। ਧਰਮ ਕੇਵਲ ਜ਼ਾਤੀਆਂ ਦਾ ਹੀ ਭੇਦ ਭਾਵ ਬਣ ਕੇ ਰਹਿ ਗਇਆ ਸੀ।" *੧*। ਇਸ ਮੁਸੀਬਤ ਦਾ ਸ਼ਿਕਾਰ ਸਿਰਫ਼ ਹਿੰਦੂ ਜਾਤੀ ਹੀ ਨਹੀਂ ਸੀ ਮੁਸਲਮਾਨੀ ਸਮਾਜ ਵੀ ਇਸੇ ਤਰ੍ਹਾਂ ਧਰਮ ਦੇ ਠੇਕੇਦਾਰਾਂ ਦੇ ਹੱਥੋਂ ਦੁੱਖੀ ਸੀ। ਇਸਲਾਮ ਦੇ ਰਹਿਬਰ ਅਤੇ ਠੇਕੇਦਾਰ ਰਾਜਿਆਂ

---

*੧* SELECTIONS FROM THE SACRED WRITINGS OF THE SIKHS UNESCO.
Introduction by Dr.S. RADHAKRISHNAN.

<u>P. 18 Introduction.</u>

The Hindus leaders neglectedto teach the Spiritual realities to the people at large who were sunk in superstitions and materialism. Religion became confused with caste distinctions and taboos about eating and drinking. The muslims were also victims of superstitions and some of their leaders were afflicted with the <u>desease</u> of intolerance. Saints arose in different parts of the country, intent on correcting the injustices and cruelties of Society and redeeming it: Jnaneswar,Namdev, and Eknath in Kaharashtra, Narsing Mehta in Gujerat..........

ਅਤੇ ਅਮੀਰਾਂ ਦੇ ਹੱਥ ਵਿਕੇ ਹੋਏ ਸਨ। ਅਮੀਰਾਂ ਦੀ ਅਮੀਰੀ ਅਤੇ ਰਾਜਵਾੜਿਆਂ ਦੀ ਰਾਜਵਾੜਾ- ਸ਼ਾਹੀ ਤਾਂ ਹੀ ਕਾਇਮ ਰਹਿ ਸਕਦੀ ਸੀ ਜੇਕਰ ਆਮ ਜਨਤਾ ਧਰਮ ਦੇ ਦਬਾਓ ਹੇਠ ਦੱਬੀ ਰਹੇ। ਸੋ ਇੱਕ ਪਾਸੇ ਹਿੰਦੂ ਧਰਮ ਵਾਲੇ ਆਪਣੇ ਧਰਮ ਦੇ ਠੇਕੇਦਾਰਾਂ ਦੇ ਹੱਥੋਂ ਦੁੱਖੀ ਸੰਨ ਅਤੇ ਦੂਜੇ ਪਾਸੇ ਮੁਸਲਮਾਨ, ਇਸਲਾਮ ਦੇ ਹੱਥੋਂ ਦੁੱਖ ਦੀ ਭੱਠੀ ਵਿੱਚ ਝੋਕੇ ਜਾ ਰਹੇ ਸਨ। ਸੋ ਗੁਰੂ ਸਾਹਿਬ ਨੇਂ ਧਰਮ ਦੀ ਇਹ ਅਧੋਗਤੀ ਵੇਖ ਕੇ ਪਹਿਲਾਂ ਦਿੱਤੇ ਜਾ ਚੁਕੇ ਨਾਹਰੇ ਦੀ ਆਵਾਜ਼ ਨੂੰ ਬੁਲੰਦ ਕੀਤਾ ਕਿ

(ੳ) ਰੱਬੋਂ ਇੱਕ ਹੈ।

ਬਹੁਤੇ ਵਿਚਾਰਵਾਨਾਂ ਅਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਸਿੱਖ ਧਰਮ ਜਦੋਂ ਇਹ ਨਾਹਰਾ ਦਿੰਦਾ ਹੈ ਕਿ ਰੱਬ ਇੱਕ ਹੈ, ਉਸ ਹਾਲਤ ਵਿੱਚ ਇਹ ਧਰਮ, ਇਸਲਾਮ ਦਾ ਹੀ ਇੱਕ ਪ੍ਰਛਾਵਾਂ ਹੈ, ਕਿਓਂ ਜੋ ਦੋਹਾਂ ਧਰਮਾਂ ਦਾ ਮੁਢਲਾ ਅਸੂਲ "ਰੱਬ ਇੱਕ ਹੈ" ਦੀ ਹੀ ਆਵਾਜ਼ ਦਿੰਦਾ ਹੈ। ਸੋ ਇਸ ਹਾਲਤ ਵਿੱਚ ਇਸ ਧਰਮ ਦਾ ਕੋਈ ਨਵੀਂ ਸੇਧ ਦੇਣ ਵਾਲਾ ਕਰਮ ਸਾਡੇ ਸਾਹਮਣੇ ਨਹੀਂ ਉਘੜਦਾ।

ਪਰ ਡੂੰਘੇ ਅਧਿਐਨ ਮਗਰੋਂ ਇਹ ਸਾਬਤ ਹੁੰਦਾ ਹੈ ਕਿ ਇਸਲਾਮ ਜਿਥੇ ਮੁਹੰਮਦ ਸਾਹਿਬ ਨੂੰ ਹਿੰਦੂ ਧਰਮ ਵਾਂਗ ਪ੍ਰਮਾਤਮਾਂ ਦਾ ਅਵਤਾਰ ਮੰਨਦਾ ਹੈ, ਉਥੇ ਸਿਖ ਧਰਮ ਦੀ ਵਿਚਾਰਧਾਰਾ ਬਿਲਕੁਲ ਉਲਟ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇਂ ਭਾਰਤੀ ਸਮਾਜ ਨੂੰ ਢੇਰ ਚਿਰੂ ਪਹਿਲਾਂ ਹੀ ਸੁਚੇਤ ਕਰ ਦਿੱਤਾ ਸੀ ਕਿ ??

> ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥ ?
> ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥

ਗੂਜਰੀ ਕੀ ਵਾਰ ਮਹਲਾ ੩
(ਪੰਨਾਂ ੫੦੯) ਆਦਿ ਗ੍ਰੰਥ

ਅਤੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇਂ ਇਸਦੇ ਨਾਲ ਇੱਕ ਹੋਰ ਗਲ ਜੋੜ ਦਿੱਤੀ ਕਿ ਉਸ ਪ੍ਰਭੂ ਨੂੰ ਕਿਸੇ ਦੇ ਸਹਾਰੇ ਜਾਂ ਸਹਾਇਤਾ ਆਦਿਕ ਦੀ ਕੋਈ ਲੋੜ ਨਹੀਂ ਅਤੇ ਨ ਹੀ ਕੋਈ ਉਸਦਾ ਸਹਾਇਕ ਬਣ ਸਕਦਾ ਹੈ। ਉਹ ਸਰਬ ਵਿਆਪੀ ਹੈ, ਅਤੇ ਦੇਸ਼ ਅਤੇ ਕਾਲ ਤੋਂ ਰਹਿਤ ਹੈ। ਉਹ ਅਮਰ ਹੈ ਅਤੇ ਕਿਸੇ ਦੇ ਮਾਰਿਆਂ ਨਹੀਂ ਮਰਦਾ।

ਆਪ ਜੀ ਤੋਂ ਪਹਿਲਾਂ ਹੋਂਦ ਵਿੱਚ ਆ ਚੁਕੇ ਜ਼ੋਰਾਸਟਰੀ ਧਰਮ ਨੇਂ ਰੱਬ ਦੇ ਦੋ ਰੂਪ: ਆਹੁਰ ਮਜ਼ੁਹਦਾਹ, ਅਤੇ ਐਹਰੀਅਨ , ਦਸੇ ਹੋਏ ਸਨ। ਈਸਾਈ ਧਰਮ ਦੇ ਸੰਚਾਲਕ, ਯਸੂਹ ਮਸੀਹ ਨੇਂ ਆਪਣੇ ਆਪ ਨੂੰ ਪ੍ਰਭੂ ਦਾ ਪੁਤਰ ਹੋਣ ਦਾ ਦਾਹਵਾ ਦਿੱਤਾ ਅਤੇ ਆਖਿਆ ਕਿ ਕੋਈ ਵੀ ਜੋ ਉਸਦੀ ਸ਼ਰਨ ਲਏਗਾ ਉਸ ਨੂੰ ਨਵਾਂ ਜੀਵਨ ਮਿਲੇਗਾ। ਇਥੋਂ ਤੱਕ ਕਿ ਉਸਦੀ ਸ਼ਰਨ ਆਇਆ ਮਨੁੱਖ, ਮੁਕਤੀ ਦਾ ਪ੍ਰਾਪਤ -ਕਰਤਾ ਹੋਵੇਗਾ।

ਪਰ ਸਿਖ ਧਰਮ ਨੂੰ ਇਹ ਮਨਜ਼ੂਰ ਨਹੀਂ ਸੀ। ਸਿਖ ਧਰਮ ਦਾ ਇਹ ਵਿਚਾਰ ਸੀ ਕਿ ਪ੍ਰਭੂ ਦੇ ਤੁਲ ਹੋਰ ਕੋਈ ਨਹੀਂ ਹੋ ਸਕਦਾ।

ਤੂੰ ਕਰਤਾ ਪੁਰਖੁ ਅੰਗਮੁ ਹੈ ਕਿਸੁ ਨਾਲਿ ਤੂ ਵੜੀਐ॥
ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂਹੈ ਪੜੀਐ॥
ਮ: ੪

ਅਤੇ

ਵਿਣੁ ਨਾਵੈ ਹੋਰ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ॥
ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ॥
ਮ: ੪

(ਪੰਨਾਂ ੩੦੧) ਆਦਿ ਗ੍ਰੰਥ

ਅ) ਵੱਖੋ ਵੱਖਰੇ ਰੱਬਾਂ ਦੇ . ਨਾਲ ਨਾਲ ਰੱਬ ਦੇ ਰੂਪਾਂ ਬਾਰੇ ਵੀ ਬਹੁਤੇ ਮੱਤ ਭੇਦ ਸਨ। ਗੁਰੂ ਸਾਹਿਬ ਅਨੁਸਾਰ ਉਹ ਪ੍ਰਭੂ ਕਿਸੇ ਰੂਪ ਰੰਗ ਆਦਿਕ ਦਾ ਮਾਲਕ ਨਹੀਂ ਸੀ। ਰੂਪ ਉਹ ਹੀ ਧਾਰਨ ਕਰਦਾ ਹੈ ਜਿਹੜਾ ਵਿਨਾਸ਼ਕਾਰੀ ਹੋਵੇ। ਕਿਉਂਜੋ ਹਰ ਰੂਪ ਮੁੜ ਆਪਣੇ ਅਰੂਪ ਵਿੱਚ ਰਲ ਜਾਇਆ ਕਰਦਾ ਹੈ। ਵਿਗਿਆਨਕ ਵਿਚਾਰਧਾਰਾ ਅਤੇ ਤੱਤ ਅਨੁਸਾਰ ਵੀ ਜੇਕਰ ਪਰਖਿਆ ਜਾਵੇ ਤਾਂ ਪੱਤਾ ਲਗਦਾ ਹੈ ਕਿ ਸਾਡੇ ਸਾਹਮਣੇ ਜੋ ਵੀ ਵਸਤੂ ਕਿਸੇ ਆਕਾਰ ਵਿੱਚ ਹੈ, ਉਹ ਅਸਲ ਵਸਤੂ ਨਹੀਂ, ਅਸਲੀਅਤ ਤਾਂ ਉਸਦੇ ਪਿਛੇ ਹੈ। ਵਾਸਤਵ ਵਿੱਚ ਉਹ ਅਸਲੀਅਤ ਅਰੂਪ ਹੈ ਅਤੇ ਜਿਸ ਨੇਂ ਵੀ ਰੂਪ ਧਾਰਨ ਕੀਤਾ ਹੋਇਆ ਹੈ, ਉਹ ਉਸ ਅਸਲੀਅਤ ਦਾ ਪਰਛਾਵਾਂ ਹੈ। ਜਦੋਂ ਉਹ ਰੂਪ ਖ਼ਤਮ ਹੁੰਦਾ ਹੈ ਤਾਂ ਮੁੜ ਕੇ ਉਹ, ਅਰੂਪ ਵਿੱਚ ਜਾ ਰਲਦੀ ਹੈ। ਸੋ ਜਿਹੜੀ ਵੀ ਵਸਤੂ ਰੂਪ ਧਾਰਨ ਕਰਦੀ ਹੈ ਉਹ ਆਪਣੇ ਅਰੂਪ ਨੂੰ ਹੀ ਮੂਰਤੀਮਾਨ ਕਰਦੀ ਹੈ। ਕਿਉਂ ਜੋ ਪ੍ਰਭੂ

ਵਿਨਾਸ਼ਕਾਰੀ ਨਹੀਂ ਓਹ ਅਵਿਨਾਸ਼ੀ ਹੈ, ਇਸ ਲਈ ਓਹ ਰੂਪ ਨਹੀਂ ਧਾਰਦਾ।

ਭਜੁ ਰਾਮੋ ਮਨਿ ਰਾਮ॥
ਜਿਸੁ ਰੂਪ ਨ ਰੇਖ ਵਡਾਮ॥
ਕਾਨੜਾ ਮਹਲਾ ੪
(ਪੰਨਾਂ ੧੨੯੭) ਆਦਿ ਗ੍ਰੰਥ

ਗੁਰੂ ਗੋਬਿੰਦ ਸਿੰਘ ਜੀ ਨੇਂ ਵੀ ਪ੍ਰਭੂ ਦਾ ਇਹੋ ਹੀ ਰੂਪ ਪ੍ਰਚਾਰਿਆ ਹੈ।

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥
ਜਾਪੁ ਸਾਹਿਬ ਸ੍ਰੀ ਮੁਖਵਾਕ ਪਾਤਿਸ਼ਾਹੀ ੧੦

ਸੋ ਪ੍ਰਭੂ ਦੇ ਵੱਖਰੇ ਵੱਖਰੇ ਰੂਪਾਂ ਵਿੱਚ ਭੁਲੀ ਭਟਕੀ ਦੁਨੀਆਂ ਨੂੰ ਇੱਕ ਸੇਧ ਦਿੱਤੀ ਗਈ, ਕਿ ਝੂਠੀਆਂ ਮੂਰਤੀਆਂ ਵਿੱਚ ਮੂਰਤੀ ਮਾਨ ਹੋਏ ਰੱਬ ਦੀ ਥਾਂ ਅਰੂਪ ਪ੍ਰਭੂ ਦੀ ਆਰਾਧਨਾ ਕਰੋ ਜੋ ਸਭ ਥਾਂਈਂ ਸਮਾ ਇਆ ਹੋਇਆ ਹੈ। ਮੂਰਤੀਮਾਨ ਰੱਬ ਨਹੀਂ, ਅਮੂਰਤ ਰੱਬ ਹੀ ਸਰਬ ਨੂੰ ਪ੍ਰਿਤਪਾਲਣ ਵਾਲਾ ਹੈ। ਓਹ ਸਰਬ ਜੀਆਂ ਦਾ ਦਾਤਾ ਹੈ।

ਹਰਿ ਤੂਹੈ ਦਾਤਾ ਸਭਸ ਦਾ ਸਭਿ ਜੀਅ ਤੁਮਾਰੇ॥
ਮ:੪

ਅਤੇ (ਪੰਨਾਂ ੧੩੧੮) ਆਦਿ ਗ੍ਰੰਥ

ਜੀਅ ਜੰਤ ਪ੍ਰਤਿਪਾਲਦਾ ਜੋ ਕਰੇ ਸੁ ਹੋਈ॥ ਮ:੪ " "

ਇਹ ਸੀ ਗੁਰੂ ਸਾਹਿਬ ਦੀ ਰੱਬ ਬਾਰੇ ਕਲਪਨਾਂ, ਜਿਸ ਵਿੱਚ ਅਸਲੀਅਤ ਸੀ, ਇੱਕ ਤੱਤ ਸੀ, ਫਲਸਫਾ ਅ ਤੇ ਗਿਆਨ ਸੀ।

ੲ) ਰੱਬ ਦੀ ਕਲਪਨਾਂ ਦੇ ਨਾਲ ਨਾਲ ਹੀ ਉਸ ਦੀ ਪ੍ਰਾਪਤੀ ਬਾਰੇ, ਅਨੇਕ ਪ੍ਰਕਾਰ ਦੇ ਯੋਗਿਕ ਸਾਧਨ ਵੀ ਦਸੇ ਜਾਂਦੇ ਸਨ। ਬ੍ਰਾਹਮਣੀ ਧਰਮ ਨੇਂ ਵੇਦਾਂ ਦੇ ਤਿੰਨ ਹਿਸਿਆਂ (ਕਰਮ ਕਾਂਡ, ਉਪਨਿਸ਼ਦ ਕਾਂਡ ਅਤੇ ਗਿਆਨ ਕਾਂਡ) ਵਿੱਚੋਂ ਕਰਮ ਕਾਂਡ ਅਤੇ ਉਪਨਿਸ਼ਦ ਕਾਂਡ ਉਤੇ ਬਹੁਤਾ ਜ਼ੋਰ ਦਿੱਤਾ ਹੋਇਆ ਸੀ। ਇਸੇ ਤਰ੍ਹਾਂ ਓਹਨਾਂ ਨੇਂ ਮਨੁੱਖੀ ਜੀਵਨ ਦੇ ਵੀ ਚਾਰ ਹਿਸੇ ਕੀਤੇ ਹੋਏ ਸਨ। ਬ੍ਰਹਮਚਾਰੀ, ਗ੍ਰਿਹਸਤੀ, ਵਣ-ਪ੍ਰਸਤ ਅਤੇ ਸੰਨਿਆਸ। ਓਹਨਾਂ ਅਨੁਸਾਰ ਵਣਪ੍ਰਸਤ ਅਤੇ ਸੰਨਿਆਸ ਹੀ ਪ੍ਰਭੂ ਪ੍ਰਾਪਤੀ ਅਤੇ ਮੁਕਤੀ ਦੇ ਸਾਧਨ ਸਨ।

ਅਸਲੋਂ ਇਹ ਵੰਡੀਆਂ ਹੀ ਮਨੁੱਖ ਨੂੰ ਕੁਰਾਹੇ ਪਾਉਣ ਵਾਲੀਆਂ ਸਨ। ਇਸ ਭੁਲੇਖੇ ਨੂੰ ਵੀ ਦੂਰ ਕਰਨ ਵਿੱਚ ਗੁਰੂ ਸਾਹਿਬ ਦੀ ਬਹੁਤ ਵੱਡੀ ਦੇਣ ਹੈ। ਆਪ ਜੀ ਅਨੁਸਾਰ ਪ੍ਰਭੂ ਸਾਡੇ ਅੰਦਰ ਹੀ ਹੈ, ਬਾਹਰ ਨਹੀਂ। ਜਿਵੇਂ ਕਸਤੂਰੀ ਵਾਲਾ ਹਰਨ, ਕਸਤੂਰੀ ਦੀ ਭਾਲ ਵਿੱਚ ਇੱਕ ਭੁਲੇਖੇ ਨਾਲ ਭਟਕਦਾ ਫਿਰਦਾ ਹੈ ਪਰ ਇਹ ਨਹੀਂ ਜਾਣਦਾ ਕਿ ਕਸਤੂਰੀ ,ਅਸਲੋਂ ਉਸਦੇ ਅੰਦਰ ਹੀ ਹੈ, ਤਿਵੇਂ ਭੁਲਿਆ ਹੋਇਆ ਮਨੁੱਖ ,ਉਸ ਪ੍ਰਭੂ ਦੀ ਪ੍ਰਾਪਤੀ ਲਈ ਭਟਕਦਾ ਹੈ, ਹਾਲਾਂ ਕਿ ਉਹ ਜੋਤ ਉਸਦੇ ਆਪਣੇ ਅੰਦਰ ਹੀ ਹੈ।

੧. ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ॥
ਜਿਉਂ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ॥

ਪ੍ਰਭਾਤੀ ਮਹਲਾ ੪
(ਪੰਨਾਂ ੧੩੩੯) ਆਦਿ ਗ੍ਰੰਥ

੨. ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥

ਸਲੋਕ ਮਹਲਾ ੪
(ਪੰਨਾਂ ੩੧੨)ਆਦਿ ਗ੍ਰੰਥ

੩. ਬਨ ਫਿਰਿ ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲੁ॥

ਗਉੜੀ ਪੂਰਬੀ ਮਹਲਾ ੪
(ਪੰਨਾਂ ੨੩੪) ਆਦਿ ਗ੍ਰੰਥ

੪. ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ॥
ਪਰ ਤ੍ਰਿਅ ਤਿਆਗ ਕਰੀ ਬ੍ਰਹਮਚਾਰੀ॥

ਗਉੜੀ ਗੁਆਰੇਰੀ ਮਹਲਾ ੪
( ਪੰਨਾਂ ੧੬੪) ਆਦਿ ਗ੍ਰੰਥ

ਸੋ ਗੁਰੂ ਸਾਹਿਬ ਨੇਂ ਆਪਣੇ ਸਮੇਂ ਦੇ ਭੁਲੇ ਭਟਕਿਆਂ ਨੂੰ ਇੱਕ ਨਵੀਂ ਸੇਧ ਦਿੱਤੀ ਕਿ ਪ੍ਰਭੂ ਇਸ ਤਰ੍ਹਾਂ ਜੰਗਲਾਂ ਬੇਲਿਆਂ ਵਿੱਚ ਫ਼ਿਰਨ ਨਾਲ ਨਹੀਂ ਮਿਲਦਾ। ਅਤੇ ਨਾਲ ਹੀ ਇਹ ਵੀ ਦ੍ਰਿੜ ਕਰਵਾਇਆ ਕਿ ਉਹ ਮ੍ਰਿਗ ਦੇ ਅੰਦਰ ਵਸਦੀ, ਕਸਤੂਰੀ ਵਾਂਙ, ਉਨ੍ਹਾਂ(ਲੋਕਾਂ) ਦੇ ਅੰਦਰ ਹੀ ਵਸ ਰਹਿਆ ਸੀ। ਲੋੜ ਕੇਵਲ ਉਸ ( ਪ੍ਰਭੂ) ਨੂੰ ਆਪਣੇ ਅੰਦਰੋਂ ਲਭਣ ਦੀ ਹੀ ਸੀ।

ਸ) ਵਣਪ੍ਰਸਤ ਅਤੇ ਸੰਨਿਆਸ ਨੂੰ ਧਾਰਨ ਕਰਕੇ , ਪ੍ਰਭੂ ਪ੍ਰਾਪਤੀ ਅਤੇ ਮੁਕਤੀ ਪ੍ਰਾਪਤੀ ਦਾ ਪ੍ਰਚਾਰ ਕਰਨ ਵਾਲਿਆਂ ਦੀ ਗੁਰੂ ਸਾਹਿਬ ਨੇਂ ਕਰੜੀ ਨਿਖੇਧੀ ਕੀਤੀ ਹੈ। ਆਪ ਜੀ ਨੇਂ ਉਨ੍ਹਾਂ ਦਾ ਪ੍ਰਚਾਰ ਝੂਠ ਅਤੇ ਪਾਖੰਡ ਉਤੇ ਆਧਾਰਤ ਦਸਿਆ। ਜਿਵੇਂ ਕਿ ਪੰਜਾਬੀ ਦੀ ਮਸ਼ਹੂਰ ਕਹਾਵਤ ਹੈ ਕਿ " ਬੁਰੇ ਨੂੰ ਨ ਮਾਰੋ ਬੁਰੇ ਦੀ ਮਾਂ ਨੂੰ ਮਾਰੋ ਤਾਂ ਜੋ ਹੋਰ ਅਜਿਹੇ ਬੱਚਿਆਂ ਨੂੰ ਜਨਮ ਨ ਦੇਵੇ।" ਸੋ ਗੁਰੂ ਸਾਹਿਬ ਨੇਂ ਬੁਰਾਈ ਦੇ ਨਾਲ ਨਾਲ ਬੁਰਾਈ ਦਾ ਪ੍ਰਚਾਰ ਕਰਨ ਵਾਲਿਆਂ ਦੀ ਵੀ ਕਰੜੀ ਨਿਖੇਧੀ ਕੀਤੀ ਹੈ। ਕਾਰਨ ਕੇਵਲ ਇਹ ਸੀ ਕਿ ਲੋਕੀਂ ਅਜਿਹੀ ਭਾਂਤ ਦੇ ਮਨੁੱਖਾਂ ( ਕਰਮ ਕਾਂਡੀ ਅਤੇ ਆਪਣੇ ਸਹੀ ਰਸਤੇ ਤੋਂ ਖੁੰਝੇ ਹੋਏ) ਦੇ ਪੰਜੇ ਵਿੱਚੋਂ ਬੱਚ ਕੇ ਆਪਣੇ ਜੀਵਨ ਨੂੰ ਅਜਾਈਂ ਨ ਗਵਾਉਣ। ਉਹ ਅੰਮ੍ਰਿਤ ਨੂੰ ਮੂਰਤ ਕਹਿੰਦੇ ਸਨ ਅਤੇ "ਸਰਬ ਰਹਿਆ ਸਮਾਏ" ਨੂੰ ਕੁਝ ਨਿਸਚਤ ਥਾਵਾਂ ਤੇ ਦਾਇਰਿਆਂ ਵਿੱਚ ਬੰਦ ਕੀਤਾ ਹੋਇਆ ਸਾਬਤ ਕਰਦੇ ਸਨ। ਪ੍ਰੇਮ ਅਤੇ ਭਾਵਨਾਂ ਦੁਆਰੇ ਪ੍ਰਾਪਤ ਹੋਣ ਵਾਲੇ ਪ੍ਰਭੂ ਨੂੰ ਹਠ, ਤੱਪ ਅਤੇ ਯੋਗ ਸਾਧਨਾਂ ਰਾਹੀਂ ਪ੍ਰਾਪਤ ਹੋਇਆ ਦਸਦੇ ਸਨ।

੧. ਅੰਦਰਿਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥

ਮਹਲਾ ੪
(ਪੰਨਾਂ ੧੪੦) ਆਦਿ ਗ੍ਰੰਥ

੨. ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ॥
ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ॥
ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ॥

ਸ੍ਰਿਰੀ ਰਾਗ ਮਹਲਾ ੪
(ਪੰਨਾਂ ੩੯-੪੦) ਆਦਿ ਗ੍ਰੰਥ

੩. ਹਰਿ ਅੰਤਰਿ ਬਾਹਰਿ ਨਾਲ ਹੈ ਮੇਰੀ ਜਿੰਦੁੜੀਏ
ਸਭ ਵੇਖੈ ਮਨਿ ਮੁਕਰਾਈਐ ਰਾਮ॥
ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੁੜੀਏ
ਸਭ ਬਿਰਥੀ ਘਾਲ ਗਵਾਈਐ ਰਾਮ॥

ਬਿਹਾਗੜਾ ਮਹਲਾ ੪
( ਪੰਨਾਂ ੫੪੧) ਆਦਿ ਗ੍ਰੰਥ

ਹ) ਆਪ ਜੀ ਨੇਂ ਨਿਖੇਧੀ ਕੇਵਲ ਨਿਖੇਧੀ ਲਈ ਹੀ ਨਹੀਂ ਸੀ ਕੀਤੀ ਸਗੋਂ ਉਸ ਦੇ ਨਾਲ ਪ੍ਰਭੂ ਪ੍ਰਾਪਤੀ ਦਾ ਸਹੀ ਰਸਤਾ ਵੀ ਦਸਿਆ ਸੀ। ਆਪ ਜੀ ਨੇਂ ਦਸਿਆ ਕਿ ਪਿਆਰ ਵਿਹੂਣੇਂ ਅਤੇ ਬਿਰਹੋਂ ਕੁਠੇ ਦਿਲ ਹੀ ਪ੍ਰਭੂ ਦੀ ਪ੍ਰਾਪਤੀ ਕਰ ਸਕਦੇ ਹਨ।

ਹਰਿ ਦਰਸਨ ਕਉ ਮੇਰਾ ਮਨ ਬਹੁ ਤਪਤੈ ਜਿਉ ਤ੍ਰਿਖਾਵੰਤ
ਬਿਨੁ ਨੀਰ॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥

ਗੋਂਡ ਮਹਲਾ ੪
(ਪੰਨਾਂ ੮੬੧) ਆਦਿ ਗ੍ਰੰਥ

ਕ) ਪ੍ਰਭੂ ਪ੍ਰਾਪਤੀ ਦੇ ਇਸ ਰਸਤੇ ਨੂੰ ਪ੍ਰਮਾਰਥ ਆਖਿਆ ਜਾਂਦਾ ਹੈ। ਪਰ ਇਸ ਪ੍ਰਮਾਰਥ ਉਤੇ ਟਰਾਵੇ ਕੌਣ? ਪ੍ਰਮਾਰਥ ਉਤੇ ਟਰਾਉਣ ਲਈ ਤਾਂ ਕਿਸੇ ਪਰਮ ਮਨੁੱਖ ਜਾਂ ਕਾਮਲ ਮਨੁੱਖ ਦਾ ਰਹਿਬਰ ਹੋਣਾ ਚਾਹੀਦਾ ਹੈ ਤਾਂ ਜੋ ਮਨੁੱਖ ਭਲੀ ਪ੍ਰਕਾਰ ਇਸ ਭਵਸਾਗਰ ਨੂੰ ਤਰ ਕੇ ਪਾਰ ਹੋ ਸਕੇ। ਗੁਰੂ ਸਾਹਿਬ ਨੇਂ ਅਸਲ ਰਹਿਬਰ ਨੂੰ ਸਤਿਪੁਰਖ, ਗਿਆਨ ਕੁੰਡ ਅਤੇ ਨਿਰੰਵੈਰ ਦਸਿਆ ਹੈ। ਸਚੇ ਗੁਰੂ ਨੇਂ ਕਿਸੇ ਇੱਕ ਫਿਰਕੇ ਨੂੰ ਪ੍ਰਮਾਰਥ ਉਤੇ ਨਹੀਂ ਚਲਾਉਣਾ, ਉਸ ਨੇਂ ਤਾਂ ਮਨੁੱਖ ਨੂੰ ਮਨੁੱਖਤਾ ਦੇ ਰਿਸ਼ਤੇ ਵਿੱਚ ਪ੍ਰਮਾਰਥ ਉਤੇ ਟਰਨ ਲਈ ਕਹਿਣਾ ਹੈ।

੧. ਸਤਿਗੁਰ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ॥
੨. ਸਤਿਗੁਰ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥
੩. ਸਤਿਗੁਰ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥
੪. ਸਤਿਗੁਰ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ
ਤੇਹਾ ਫਲੁ ਖਾਏ॥

ਗਉੜੀ ਕੀ ਵਾਰ ਮਹਲਾ ੪

ਇਹ ਟੁਕਾਂ ਪੰਨਾਂ ੩੦੦,੩੦੨,੩੦੨,੩੦੨ ਆਦਿ ਗ੍ਰੰਥ ਤੋਂ ਲਈਆਂ ਗਈਆਂ ਹਨ।

ਅਜਿਹੇ ਸਤਿਪੁਰਖ ਦੀ ਸਚੀ ਚਾਕਰੀ ਹੀ ਪ੍ਰਭੂ ਪ੍ਰਾਪਤੀ ਹੈ।

ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿਨਾਮੇ
ਲਗੈ ਪਿਆਰੁ॥

ਮਹਲਾ ੩
(ਪੰਨਾਂ ੫੫੨) ਆਦਿ ਗ੍ਰੰਥ

ਜਿਹੜਾ ਸੇਵਕ ਆਪਣੇ ਹਿਸੇ ਆਈ ਹਰ ਵਸਤੂ ਨੂੰ ਆਪਣੇ ਗੁਰੂ ਦੀ ਹੀ ਸਮਝਦਾ ਹੈ ਅਤੇ ਉਸਦੀ ਸ਼ਰਨ ਪੈਂਦਾ ਹੈ , ਗੁਰੂ ਵੀ ਉਸ ਨਾਲ ਅਥਾਹ ਪਿਆਰ ਕਰਦਾ ਹੈ। ਸਾਹਿਤ ਇਸ ਗਲ ਦੀ ਗਵਾਹੀ ਭਰਦਾ ਹੈ ਕਿ ਮਾਂ ਅਤੇ ਪੁਤਰ ਦਾ ਰਿਸ਼ਤਾ ਸਭ ਤੋਂ ਵੱਧ ਨਜ਼ਦੀਕੀ ਅਤੇ ਵਧੇਰੇ ਦਰਦ ਭਰਿਆ ਹੁੰਦਾ ਹੈ। ਪੁਤਰ ਦੀਆਂ ਸਭ ਗਲਤੀਆਂ ਅਤੇ ਰੁਖੇ ਵਤੀਰੇ ਨੂੰ ਮਾਂ ਹਸ ਕੇ ਟਾਲ ਦਿੰਦੀ ਹੈ। ਮਾਂ ਪੁਤਰ ਪਿਆਰ ਬਾਰੇ ਇੱਕ ਮਿਥਿਹਾਸਕ ਕਹਾਣੀ ਇਵੇਂ ਦਸੀ ਜਾਂਦੀ ਹੈ।

ਇੱਕ ਵਾਰੀ ਕਿਸੇ ਜਵਾਨ ਪੁਤਰ ਦਾ ਇੱਕ ਯੁਵਤੀ ਨਾਲ ਪਿਆਰ ਹੋ ਗਇਆ । ਜਦ ਪਿਆਰ ਸਿਖਰਾਂ ਉਤੇ ਪੁਜਿਆ ਤਾਂ ਵਿਵਾਹ ਦੀ ਸ਼ਰਤ ਇਹ ਰੱਖੀ ਗਈ ਕਿ ਲੜਕਾ ਆਪਣੀ ਮਾਂ ਦਾ ਦਿਲ ਕਢ ਕੇ ਲਿਆਵੇ ਅਤੇ ਲੜਕੀ ਦੇ ਹਵਾਲੇ ਕਰ ਦੇਵੇ। ਸੋ ਸ਼ਰਤ ਨੂੰ ਪੂਰਿਆਂ ਕਰਦਿਆਂ ਹੋਇਆਂ ਲੜਕੇ ਨੇਂ ਆਪਣੀ ਮਾਂ ਦਾ ਦਿਲ ਕਢ ਲਿਆਂਦਾ। ਲੜਕੀ ਤੱਕ ਪੁਜਦਿਆਂ ਉਸ ਨੂੰ ਰਸਤੇ ਵਿੱਚ ਠੋਕਰ ਵਜੀ ਅਤੇ ਡਿਗ ਪਇਆ। ਉਸਦੇ ਡਿਗਣ ਦੀ ਦੇਰ ਸੀ ਕਿ ਝਟ ਹੀ ਮਾਂ ਦੇ ਮੁਰਦਾ ਦਿਲ ਵਿੱਚੋਂ ਆਵਾਜ਼ ਨਿਕਲੀ ਕਿ " ਪੁਤਰ ਤੈਨੂੰ ਸੱਟ ਤਾਂ ਨਹੀਂ ਲਗੀ?" ਕਹਿਣ ਦਾ ਭਾਵ ਇਹ ਕਿ ਮਾਂ ਨੂੰ ਪੁਤਰ ਦਾ ਹਦ ਦਰਜੇ ਦਾ ਪਿਆਰ ਹੁੰਦਾ ਹੈ। ਸੋ ਸਤਿਗੁਰੂ ਵੀ ਆਪਣੇ ਸਿਖ ਨਾਲ ਏਵੇਂ ਹੀ ਪਿਆਰ ਕਰਦਾ ਹੈ।

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ।।
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ।।
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ।।

ਗਉੜੀ ਬੈਰਾਗਣਿ ਮਹਲਾ ੪

(ਪੰਨਾਂ ੧੬੮) ਆਦਿ ਗ੍ਰੰਥ

ਗੁਰੂ ਆਪਣੇ ਅਨਿਨ ਭਗਤ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੀ ਅੱਗ ਵਿੱਚੋਂ ਵੀ ਕਢ ਲੈਂਦਾ ਹੈ ਕਿਉਂਕਿ ਸਤਿਗੁਰੂ ਸਮਰੱਥ ਹੈ। ਗੁਰੂ ਅਤੇ ਪ੍ਰਮਾਤਮਾਂ ਅਭੇਦ ਹਨ। ਦੋਨਾਂ ਵਿੱਚ ਕੋਈ ਭਿੰਨ ਭੇਦ ਨਹੀਂ।

ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ।।

ਮਹਲਾ ੪

(ਪੰਨਾਂ ੩੦੨) ਆਦਿ ਗ੍ਰੰਥ

ਅਜਿਹੇ ਗੁਰੂ ਦੀ ਸੰਗਤ ਨਾਲ ਹਉਮੈ ਵੀ ਖਤਮ ਹੋ ਜਾਂਦੀ ਹੈ

ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ॥
ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ॥

ਸੁਲੋਕ ਮਹਲਾ ੪
(ਪੰਨਾਂ ੧੩੧੭) ਆਦਿ ਗ੍ਰੰਥ

ਸੋ ਅਜਿਹੇ ਮਹਾਨ ਵਿਅਕਤੀ ਦਾ ਨਾਮ ਜਪਣ ਜਾਂ ਆਰਾਧਨਾਂ ਤੋਂ ਬਿਨਾਂ, ਜਿਹੜੇ ਵੀ ਭੋਜਨ ਆਦਿਕ ਪ੍ਰਵਾਨ ਕਰਦੇ ਹਨ, ਦੀ ਗੁਰੂ ਸਾਹਿਬ ਨੇਂ ਕਰੜੀ ਆਲੋਚਨਾਂ ਕੀਤੀ ਹੈ।

ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ
ਮਰਿ ਜੰਮੇ ਕੋੜ੍ਹੇ॥

ਸੁਲੋਕ ਮਹਲਾ ੪
(ਪੰਨਾਂ ੩੦੬) ਆਦਿ ਗ੍ਰੰਥ

ਸੋ ਪ੍ਰਮਾਰਥ ਦੇ ਸਚੇ ਰਹਿਬਰ ਨੂੰ ਜ਼ਾਤੀ ਭਿੰਨ ਭੇਦ ਨਾਲ ਕੋਈ ਵਾਸਤਾ ਨਹੀਂ। ਉਸ ਲਈ ਮਨੁੱਖ ਦੀ ਜ਼ਾਤ ਮਨੁੱਖਤਾ ਹੀ ਹੈ ਕਿਸੇ ਮੰਨੂੰ ਦੇ ਬਣਾਏ ਹੋਏ ਵਰਨ ਜਾਂ ਬ੍ਰਾਹਮਣੀਕ ਸਮਾਜ ਦੀ ਕਟੜਤਾ ਦੀ ਕੋਈ ਕੀਮਤ ਨਹੀਂ

ਖ) ਇਸ ਪੜਾ ਉਤੇ ਇਹ ਜ਼ਰੂਰੀ ਬਣਦਾ ਸੀ ਕਿ ਲੋਕੀਂ ਪ੍ਰਮਾਰਥ ਦੇ ਰਹਿਬਰ ਦੀ ਭਲੀ ਪ੍ਰਕਾਰ ਪਛਾਣ ਕਰ ਸਕਣ। ਕਿਧਰੇ ਇਹ ਨ ਹੋਵੇ ਕਿ ਪਹਿਲੇ ਭੁਲੇਖਿਆਂ ਨੂੰ ਛਡਣ ਦੀ ਥਾਂ ਹੋਰ ਨਵੇਂ ਭੁਲੇਖਿਆਂ ਨੂੰ ਆਪਣੇ ਗਲ ਪਾ ਲੈਣ।

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥

ਗਉੜੀ ਬੈਰਾਗਣਿ ਮਹਲਾ ੪
-(ਪੰਨਾਂ ੧੬੮) ਆਦਿ ਗ੍ਰੰਥ

ਜਿਹੜਾ ਗੁਰੂ ਇਸ ਕਸੌਟੀ ਉਤੇ ਪੂਰਾ ਉਤਰਦਾ ਹੈ ਓਹੀ ਪੂਰਨ ਗੁਰੂ ਹੈ। ਅਤੇ ਓਹੀ ਜਨਤਾ ਨੂੰ ਪ੍ਰਮਾਰਥ ਦੀ ਸੋਝੀ ਦਵਾ ਸਕਦਾ ਹੈ। ਇਥੇ ਅੰਧ ਵਿਸ਼ਵਾਸ਼ ਨਹੀਂ ਦਲੀਲ ਕੰਮ ਕਰਦੀ ਹੈ। ਇਸ ਕਸੌਟੀ ਉਤੇ ਓਹੀ ਪੂਰਾ ਉਤਰ ਸਕਦਾ ਹੈ ਜਿਹੜਾ ਆਪਣੇ ਕੰਮ ਵਿੱਚ ਪ੍ਰਪੱਕ ਹੈ। ਇਹੋ ਹੀ ਵਡਾ ਕਾਰਨ ਹੈ ਕਿ ਸਿਖ ਧਰਮ ਨੇਂ ਅੰਧਵਿਸ਼ਵਾਸ਼ ਦੀ ਨਿਖੇਧੀ ਕੀਤੀ ਅਤੇ ਇੱਕ ਦਲੀਲ-ਬਧ ਧਰਮ ਦੀ

ਨੀਂਹ ਰੱਖੀ। ਸੋ ਸਿਖ ਧਰਮ ਦਾ ਗੁਰੂ ਹੋਣਾ ਪੂਰਨਤਾ ਨੂੰ ਪ੍ਰਾਪਤ ਕਰਨਾਂ ਸੀ। ਇਥੇ ਕਰਮ ਕਾਂਡ ਅਤੇ ਉਪਨਿਸ਼ਦ ਕਾਂਡ ਉਤੇ ਜ਼ੋਰ ਦੇਣ ਦੀ ਥਾਂ ਗਿਆਨ ਕਾਂਡ ਉਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਸੀ।

ਗੁਰੂ ਪ੍ਰਾਪਤੀ ਦੇ ਨਾਲ ਨਾਲ ਲੋਕਾਂ ਨੂੰ ਗੁਰੂ ਦੀ ਸਮਰਥਾ ਦਾ ਵੀ ਪਰਤ ਤੌਰ ਉਤੇ ਗਿਆਨ ਹੋਣਾ ਚਾਹੀਦਾ ਸੀ। ਕੀ ਉਹ ਗੁਰੂ ਨਿਰਾ ਗੁਰੂ ਹੀ ਸੀ? ਜੇ ਨਿਰਾ ਗੁਰੂ ਹੀ ਸੀ ਤਾਂ ਅਨੇਕ ਭਾਂਤ ਦੇ ਦੇਹਧਾਰੀ ਗੁਰੂ ਮਿਲ ਜਾਂਦੇ ਸਨ। ਕੀ ਉਹ ਗੁਰੂ ਨਿਰਾ ਗਿਆਨੀ ਹੀ ਸੀ? ਜੇ ਉਹ ਨਿਰਾ ਗਿਆਨੀ ਹੀ ਸੀ ਤਾਂ ਅਨੇਕ ਪ੍ਰਕਾਰ ਦੇ ਵੇਦਾਂ ਦੇ ਗੁਣੀ ਪੰਡਤ ਅਤੇ ਮਹਾਨ ਵਿਦਵਾਨ ਮਿਲ ਜਾਂਦੇ ਸਨ। ਤਾਂ ਫ਼ਿਰ ਗੁਰੂ ਦੀ ਕੀ ਸਮਰਥਾ ਹੈ? ਤਤਵ ਰੂਪ ਵਿੱਚ ਗੁਰੂ ਕੀ ਹੈ? ਦਾ ਉਤਰ ਹਜ਼ੂਰ ਨੇਂ ਇਉਂ ਦਿੱਤਾ ਹੈ:-

> ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
> ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥
>
> ਨਟ ਮਹਲਾ ੪
> ( ਪੰਨਾਂ ੯੮੨) ਆਦਿ ਗ੍ਰੰਥ

ਉਹ ਗੁਰੂ ਅੰਮ੍ਰਿਤ ਹੈ ਉਸਦੀ ਬਾਣੀ ਅਜਿਹੀ (ਅੰਮ੍ਰਿਤ) ਹੈ ਕਿ ਜਿਸਦੀ ਪ੍ਰਾਪਤੀ ਨਾਲ ਮੁਕਤੀ ਮਿਲਦੀ ਹੈ। ਇਹੋ ਹੀ ਭਟਕੇ ਹੋਏ ਮਨੁੱਖ ਦੀ ਵਡੀ ਲੋੜ ਸੀ। ਇਹ ਬਾਣੀ ਹੀ ਪ੍ਰਭੂ ਦਾ ਨਾਮ ਹੈ। ਜਦੋਂ ਮਨੁੱਖ ਅਜਿਹੇ ਗੁਰੂ ਨੂੰ ਪ੍ਰਾਪਤ ਕਰਦਾ ਹੈ ਤਾਂ ਉਸ ਨੂੰ ਨਾਮ ਅਤੇ ਅੰਮ੍ਰਿਤ ਦੋਹਾਂ ਦੀ ਵੀ ਪ੍ਰਾਪਤੀ ਹੋ ਜਾਂਦੀ ਹੈ। ਇੱਕ ਪਾਸੇ ਨਾਮ-ਪ੍ਰਭੂ ਹੈ ਅਤੇ ਪ੍ਰਭੂ-ਨਾਮ ਹੈ ਤਾਂ ਦੂਜੇ ਪਾਸੇ ਸ਼ਬਦ ਗੁਰੂ ਹੈ ਅਤੇ ਗੁਰੂ ਸ਼ਬਦ ਹੈ। ਗੁਰੂ ਅਤੇ ਪ੍ਰਭੂ ਇੱਕ ਹਨ। ਜਿਸਦਾ ਅਰਥ ਇਹ ਹੋਇਆ ਕਿ ਗੁਰੂ ਦੀ ਪ੍ਰਾਪਤੀ ਪ੍ਰਭੂ ਦੀ ਪ੍ਰਾਪਤੀ ਹੈ।

ਗ) ਸੋ ਗੁਰੂ ਸਾਹਿਬ ਨੇਂ ਪ੍ਰਭੂ ਪ੍ਰਾਪਤੀ ਦਾ ਵਸੀਲਾ ਅਤੇ ਉਹ ਗੁਰੂ ਵੀ ਦਸਿਆ ਜਿਸ ਨੇਂ ਪ੍ਰਮਾਰਥ ਉਤੇ ਟੁਰਦੇ ਸਮੇਂ ਸਾਡੀ ਅਗਵਾਈ ਕਰਨੀ ਹੈ। ਪਰ ਪ੍ਰਾਪਤੀ ਦਾ ਸਾਧਨ ਕੀ ਹੈ? ਇਸ ਦਾ ਉਤਰ ਹੈ ਕਿ ਚੰਚਲ ਮਨ ਨੂੰ ਵਸ ਕਰਕੇ ਗੁਰੂ ਦੀ ਦਸੀ ਹੋਈ ਸੇਧ ਵਿੱਚ ਤੁਰਾਇਆ ਜਾਵੇ। ਗੁਰੂ ਦਾ ਦਸਿਆ ਹੋਇਆ ਰਸਤਾ ਇਹ ਹੈ ਕਿ ਸੰਸਾਰ ਵਿੱਚ ਰਹਿੰਦੇ ਹੋਏ ਵੀ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੀ ਲਪੇਟ ਤੋਂ ਬਾਹਰ ਰਹੇ। ਆਮ ਮਨੁੱਖ ਇਸੇ ਉਲਟ ਇਹਨਾਂ ਪੰਜਾਂ ਦੇ ਚਕਰ ਤੋਂ ਬਾਹਰ ਕੁਝ ਵੀ ਨਹੀਂ ਦੇਖ ਸਕਦਾ। ਉਹ

ਹਰ ਸਮੇਂ ਇਹਨਾਂ ਪੰਜਾਂ ਦੀ ਜਕੜ ਵਿੱਚ ਰਹਿੰਦਾ ਹੈ। ਖੂਹ ਦੇ ਡਡੂ ਵਾਂਗ ਉਸਦਾ ਸਮੁੰਦਰ ਓਹੀ ਛੋਟਾ ਜਹਿਆ ਘੇਰਾ ਹੈ। ਗੁਰੂ ਨਾਨਕ ਦੇਵ ਜੀ ਨੇਂ ਚਿੰਤਨ ਦੇ ਇਸ ਅੰਗ ਨੂੰ ਛੋਂਹਦੇ ਹੋਏ ਸਾਡੇ ਮਨ ਦੀ ਹਾਲਤ ਨੂੰ ਇਉਂ ਬਿਆਨ ਕੀਤਾ ਹੈ:-

ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉਕਰਿ ਮੂੜਾ ਪਾਵੈ॥

ਸਹੀ ਮਹਲਾ ੧
-(ਪੰਨਾਂ ੭੩੧)ਆਦਿ ਗ੍ਰੰਥ

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇਂ ਵੀ ਇਸੇ ਹੀ ਵਿਚਾਰ ਦੀ ਪ੍ਰਸ਼ਟੀ ਕਰਦਿਆਂ ਹੋਇਆਂ ਆਖਿਆ ਹੈ ਕਿ:-

ਵਸਿ ਆਣਿਹੁ ਵੇ ਜਨ ਇਸੁ ਮਨ ਕਉ
ਮਨੁ ਬਾਸੇ ਜਿਉ ਨਿਤ ਭਉਦਿਆ॥

ਸਹੀ ਮਹਲਾ ੪
-(ਪੰਨਾਂ ੭੭੬) ਆਦਿ ਗ੍ਰੰਥ

ਜੇ ਮਨ ਨੂੰ ਕਾਮਵਾਸ਼ਨਾਵਾਂ ਅਤੇ ਵਿਨਾਸ਼ਕਾਰੀ ਵਸਤੂਆਂ ਦੇ ਉਲਝਣ ਵਿੱਚ ਪੈਣੋ ਰੋਕ ਲਇਆ ਜਾਵੇ ਅਤੇ ਆਪਣੇ ਗੁਰੂ ਦੀ ਦੀਖਿਆ ਅਨੁਸਾਰ ਚਲਾਇਆ ਜਾਵੇ ਤਾਂ ਗੁਰੂ ਦੀ ਪ੍ਰਾਪਤੀ ਹੈ। ਜਦੋਂ ਗੁਰੂ ਪ੍ਰਾਪਤ ਹੋ ਗਇਆ ਤਾਂ ਪ੍ਰਭੂ ਪ੍ਰਾਪਤ ਹੋ ਗਇਆ। ਪ੍ਰਭੂ ਦੇ ਹਿਰਦੇ ਵਸਦਿਆਂ ਹੀ

ਨਵਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਰਿਦੈ ਸਦਾ ਵਸਾਇ॥

ਸਲੋਕ ਮਹਲਾ ੩
(ਪੰਨਾਂ ੬੪੯) ਆਦਿ ਗ੍ਰੰਥ

ਸੋ ਧਾਰਮਕ ਖੇਤਰ ਵਿੱਚ ਗੁਰੂ ਸਾਹਿਬ ਦੀ ਸਮੇਂ ਅਨੁਸਾਰ ਬਹੁਤ ਵਡੀ ਦੇਣ ਸੀ। ਜੋ ਪ੍ਰੰਬਾ ਸ੍ਰੀ ਗੁਰੂ ਨਾਨਕ ਦੇਵ ਜੀ ਨੇਂ ਚਲਾਈ ਸੀ ਉਸ ਨੂੰ ਅਧਿਆਤਮਵਾਦੀ ਰਸ ਨਾਲ ਸਿੰਜਿਆ ਗਇਆ ਸੀ। ਗੁਰਤਾ ਪ੍ਰਾਪਤੀ ਤੋਂ ਪਹਿਲਾਂ ਭਾਈ ਜੇਠਾ ਜੀ ਨੂੰ ਤਕਰੀਬਨ ੧੩ ਸਾਲ ਸਾਧਾਰਨ ਅਤੇ ੩੨ ਕੁ ਸਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਹਜ਼ੂਰੀ ਵਿੱਚੋਂ ਰਹਿਣ ਨੂੰ ਮਿਲੇ। ਸੋ ਆਪ ਜੀ ਨੇਂ ਗੁਰੂ ਹੋਣ ਤੋਂ ਪਹਿਲਾਂ ਧਾਰਮਕ ਖੇਤਰ ਵਿੱਚ ਭਾਰਤੀ ਸਮਾਜ ਦੀ ਅਧੋਗਤੀ ਵੇਖੀ ਹੋਈ ਸੀ ਅਤੇ ਜਨਤਾ ਦੇ ਭੋਲੇ-ਪਣ ਵਿੱਚ ਕੁਚਲੇ

ਜਾਣ ਨੂੰ ਵੀ ਭਲੀ ਪ੍ਰਕਾਰ ਮਹਿਸੂਸਿਆ ਹੋਇਆ ਸੀ। ਜਿਹੜਾ ਵਿਚਾਰ (ਬੀਜ) ਤਕਰੀਬਨ ੪੫ ਸਾਲ ਆਪ ਜੀ ਦੀ ਗੰਭੀਰ ਆਤਮਾਂ ਦੇ ਘੇਰੇ ਵਿੱਚ ਪਲਦਾ ਰਹਿਆ ਉਹ ਇੱਕ ਮਹਾਨ ਬ੍ਰਿਛ ਦੀ ਸ਼ਕਲ ਵਿੱਚ ਫੁਟਿਆ ਅਤੇ ਦੁਖੀਆਂ ਤੇ ਸਤਾਇਆਂ ਹੋਇਆਂ ਲਈ ਸੁਖ ਦੀ ਠਹੁਰ ਬਣਿਆ।

<u>ਸਮਾਜਕ ਖੇਤਰ।</u>

ਮਧ ਕਾਲ ਵਿੱਚ ਆਮ ਮਨੁੱਖ ਲਈ ਧਾਰਮਕ, ਸਮਾਜਕ ਅਤੇ ਰਾਜਨੀਤਕ ਖੇਤਰ ਵਿਚਲੇ ਜੀਵਨ ਦਾ ਕੋਈ ਅੰਤਰ ਨਹੀਂ ਸੀ। ਸਮਾਜਕ ਅਤੇ ਰਾਜਨੀਤਕ ਰੁਚੀਆਂ ਧਾਰਮਕ ਰੁਚੀ ਦੇ ਅਧੀਨ ਹੀ ਚਲਦੀਆਂ ਸਨ। ਮਨੁੱਖੀ ਜੀਵਨ ਵਹਿਮਾਂ ਭਰਮਾਂ ਦੇ ਅਧੀਨ ਹੋਣ ਕਾਰਨ ਧਾਰਮਕ ਲੀਹਾਂ ਉਤੇ ਹੀ ਚਲਦਾ ਸੀ। ਇਸਦਾ ਅਰਥ ਇਹ ਹੋਇਆ ਕਿ ਸਮਾਜਕ ਅਤੇ ਆਰਥਕ ਖੇਤਰ ਵਿੱਚ ਸੁਧਾਰ ਲਿਆਉਣ ਲਈ ਧਾਰਮਕ ਖੇਤਰ ਵਿੱਚ ਹੀ ਸੁਧਾਰ ਲਿਆਉਣਾ ਕਾਫ਼ੀ ਸੀ। ਪਰ ਗੁਰੂ ਸਾਹਿਬ ਨੇਂ, ਨਿਧੜਕ ਸਮਾਜ ਉਸਰਈਏ ਹੋਣ ਦੇ ਨਾਤੇ ਆਪਣੇ ਸਾਹਮਣੇ ਵਿੱਚਰ ਰਹੀਆਂ ਸਮਾਜਕ ਬੁਰਾਈਆਂ ਨੂੰ ਚੁਣ ਚੁਣ ਕੇ ਦੂਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸਫ਼ਲ ਰਹੇ।

ਸਮਾਜ ਕੀ ਹੈ? ਇਹ ਇੱਕ ਮਹਾਨ ਪ੍ਰਸ਼ਨ ਹੈ। ਸਮਾਜ ਕੋਈ ਬ੍ਰਿਛ, ਫਲ ਜਾਂ ਧਾਤ ਨਹੀਂ। ਸਮਾਜ ਸਮੂਹ ਮਨੁੱਖਾਂ ਦਾਂ ਇੱਕੱਠ ਹੈ। ਫਲ ਜਾਂ ਬ੍ਰਿਛ ਜਾਂ ਧਾਤ ਦੀ ਚੰਗਿਆਈ ਜਾਂ ਬੁਰਾਈ ਉਸ ਨੂੰ ਇੱਕ ਕਸੌਟੀ ਉਤੇ ਪ੍ਰਖਣ ਨਾਲ ਪੱਤਾ ਲਗਦੀ ਹੈ। ਸਮਾਜ ਦੀ ਬੁਰਾਈ ਜਾਂ ਹਛਾਈ ਉਸ ਵਿੱਚ ਵਿਚਰਦੇ ਮਨੁੱਖਾਂ ਦੀਆਂ ਦੀਮਾਗੀ ਰੁਚੀਆਂ ਤੋ ਪੱਤਾ ਲਗਦਾ ਹੈ। ਸੋ ਗੁਰੂ ਸਾਹਿਬ ਨੇਂ ਮਨੁੱਖਾਂ ਨੂੰ ਪ੍ਰਖਣੇ ਦੀ ਵੀ ਕਸੌਟੀ ਦਿੱਤੀ। ਆਪ ਜੀ ਨੇਂ ਸਾਨੂੰ ਪੂਰਨ ਸਮਾਜ ਦੇ ਲਖਸ਼ਣ ਦਸੇ ਹਨ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿਨਾਮੁ ਧਿਆਵੈ।। ਮ:੪
ਪੰਨਾਂ ੩੦੫)ਆਦਿ ਗ੍ਰੰਥ

ਜਿਸ ਸਮਾਜ ਦੇ ਸਰੀਰ ਨੂੰ ਬਣਾਉਣ ਵਾਲੇ ਮਨੁੱਖ ਅਜਿਹੀ ਕਸੌਟੀ ਉਤੇ ਪੂਰੇ ਉਤਰਦੇ ਹੋਣ ਉਹ ਸਮਾਜ ਧੰਨ ਹੈ। ਗੁਰੂ ਸਾਹਿਬ ਨੇ ਤਾਂ ਅਜਿਹੇ ਸਮਾਜ ਦੀ ਇਤਨੀ ਮਹਾਨਤਾ ਦਸੀ ਹੈ ਕਿ ਆਪ ਉਸ ਦੀ ਧੂੜ ਨੂੰ ਪ੍ਰਾਪਤ ਕਰਨਾਂ ਆਪਣੇ ਧੰਨਭਾਗ ਸਮਝਦੇ ਹਨ। ਅਜਿਹੇ ਗੁਣਾਂ ਦਾ ਧਾਰਨੀ ਸਿਖ ਮਨੁੱਖਤਾ ਦਾ ਭਲਾ ਕਮਾਣ ਵਾਲਾ ਹੈ। ਅਜਿਹਾ ਮਨੁੱਖ ਆਪਣੇ ਲਈ ਅਤੇ ਆਪਣੇ ਸਾਥ ਵਿੱਚ ਰਹਿਣ ਵਾਲਿਆਂ ਨੂੰ "ਚੰਦਨ ਬਾਸੁ ਬਸਤ ਹੈ" ਆਪਣੇ ਜਹਿਆ ਹੀ ਬਣਾ ਦਿੰਦਾ ਹੈ।

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ।।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ।।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।।

ਮਹਲਾ ੪
(ਪੰਨਾਂ ੩੦੫-੦੬)ਆਦਿ ਗ੍ਰੰਥ

ਆਮ ਤੌਰ ਉਤੇ ਵੇਖਿਆ ਜਾਂਦਾ ਹੈ ਕਿ ਹਰ ਮਨੁੱਖ ਆਪਣੇ ਆਪ ਨੂੰ ਦੂਜੇ ਮਨੁੱਖ ਨਾਲੋਂ ਉਚਾ ਸਮਝਦਾ ਹੈ। ਜਿਸ ਸਮਾਜ ਵਿੱਚ ਅਜਿਹੀ ਭਾਵਨਾਂ ਪੈਦਾ ਹੋ ਜਾਂਦੀ ਹੈ, ਉਥੇ ਖਿਚੋਤਾਣ ਜਨਮ ਲੈਂਦੀ ਹੈ। ਧੋਖਾ, ਫਰੇਬ, ਮਕਾਰ ਅਤੇ ਝੂਠੀ ਸ਼ਾਨ ਵਾਲੀ ਬ੍ਰਿਤੀ ਜਨਮ ਲੈਂਦੀ ਹੈ। ਹਜ਼ੂਰ ਇਸ ਉਚ ਨੀਚ ਦੇ ਹੱਕ ਵਿੱਚ ਨਹੀਂ ਸਨ। ਉਹ ਆਪਣੇ ਸਮਾਜ ਵਿੱਚ ਅਜਿਹੀ ਮੰਦ ਭਾਵਨਾਂ ਨੂੰ ਖ਼ਤਮ ਕਰਨਾਂ ਚਾਹੁੰਦੇ ਸਨ। ਆਪ ਜੀ ਜਨਮ ਦੇ ਆਧਾਰ ਉਤੇ ਉਚ ਨੀਚਤਾ ਦੇ ਭੇਦਾਂ ਦੇ ਖ਼ਿਲਾਫ਼ ਸਨ। ਆਪ ਜੀ ਨੇ ਸਹਿਪ੍ਰਮਾਣ ਇਹ ਸਾਬਤ ਕੀਤਾ ਹੈ ਕਿ ਪ੍ਰਭੂ ਆਰਾਧਨਾਂ ਨਾਲ ਮਨੁੱਖ ਨੀਵੇਂ ਤੋਂ ਉਚਾ ਬਣ ਸਕਦਾ ਹੈ।

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ।।
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ।।
ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ

ਦੁਖ ਭੁਖ ਸਭ ਲਹਿ ਜਾਇ॥ ੧॥ ਰਹਾਉ॥
ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥
ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥

ਸੂਹੀ ਮਹਲਾ ੪
(ਪੰਨਾਂ ੭੩੩) ਆਦਿ ਗ੍ਰੰਥ

ਇਹ ਕੇਵਲ ਮਨੁੱਖ ਹੀ ਨਹੀਂ ਜਿਹੜਾ ਕਿ ਪ੍ਰਭੂ ਆਰਾਧਨਾਂ ਨਾਲ ਨੀਚੋਂ ਉਚਾ ਹੋ ਸਕਦਾ ਹੈ, ਸਗੋਂ ਉਸ ਪ੍ਰਭੂ ਦੀ ਵਡਿਆਈ ਵੀ ਇਸੇ ਵਿੱਚ ਹੀ ਹੈ ਕਿ ਉਹ ਆਪ ਨੀਵਿਆਂ ਨੂੰ ਉਚਾ ਬਣਾਉਂਦਾ ਹੈ। ਪਰ ਉਹ( ਪ੍ਰਭੂ)ਉਸ ਨੂੰ ਉਚਾ ਚੁਕਦਾ ਹੈ ਜਿਹੜਾ ਨਿਮਾਣਾ ਹੋਵੇ।

ਹਰਿ ਕੀ ਵਡਿਆਈ ਦੇਖਹੁ ਸੰਤਹੁ
ਹਰਿ ਨਿਮਾਣਿਆ ਮਾਣੁ ਦੇਵਾਏ॥
ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ
ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭ ਪੈਰੀ ਪਾਏ॥

ਸੂਹੀ ਮਹਲਾ ੪
(ਪੰਨਾਂ ੭੩੪) ਆਦਿ ਗ੍ਰੰਥ

ਸੋ ਆਪ ਜੀ ਅਨੁਸਾਰ ਜਿਸ ਸਮਾਜ ਵਿੱਚ ਸਦਾਚਾਰ ਅਤੇ ਭ੍ਰਿਸ਼ਟਾਚਾਰ ਨਹੀਂ ਉਹ ਸਮਾਜ ਹੀ ਨਹੀਂ।

ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ
ਤਿਸਕੈ ਕੁਲਿ ਲਾਗੀ ਗਾਰੀ॥
ਹਰਿ ਤਿਸੁ ਕੈ ਕੁਲਿ ਪਰਸੂਤਿ ਨ ਕਰੀਅਹੁ
ਤਿਸੁ ਬਿਧਵਾ ਕਰਿ ਮਹਤਾਰੀ॥

ਮਲਾਰ ਮਹਲਾ ੪
(ਪੰਨਾਂ ੧੨੬੩) ਆਦਿ ਗ੍ਰੰਥ

ਵੇਦਾਂ , ਪੁਰਾਣਾ ਅਨੁਸਾਰ ਜਿਨ੍ਹਾਂ ਤੀਰਥਾਂ ਦੀ ਆਪਣੇ ਆਪ ਵਿੱਚ ਬਹੁਤ ਮਹਾਨਤਾ ਦ੍ਰਰਸਾਈ ਗਈ ਸੀ ਆਪ ਜੀ ਨੇਂ ਉਸ ਤੋਂ ਵੀ ਵੱਧ ਪ੍ਰਭੂ

ਆਰਾਧਨਾਂ ਵਾਲੇ ਮਨੁੱਖ ਦੀ ਮਹਾਨਤਾ ਦਸੀ ਹੈ। ਤੀਰਥਾਂ ਨਾਲੋਂ ਵੱਧ ਹਰੀ ਦਾ ਨਾਮ ਪਵਿਤ੍ਰ ਹੈ ਜਿਸਦੀ ਤੀਰਥਾਂ ਨੂੰ ਵੀ ਭਾਲ ਹੈ।

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥
ਤੀਰ ਥਿ ਅਠਸਠਿ ਮਜਨੁ ਨਾਈ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ
ਸਭ ਦੁਰਮਤਿ ਮੈਲੁ ਗਵਾਈ॥
..... ਜਿਤਨੇ ਤੀਰਥ ਦੇਵੀ ਥਾਪੇ
ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥

ਮਲਾਰ ਮਹਲਾ ੪
(ਪੰਨਾਂ ੧੨੬੩) ਆਦਿ ਗ੍ਰੰਥ

ਮਨੁੱਖ ਧੜੇਬਾਜ਼ ਵੀ ਹੋਇਆ ਕਰਦਾ ਹੈ। ਧੜੇਬਾਜ਼ੀ ਹੀ ਸਮਾਜ ਨੂੰ ਨੀਵਿਆਂ ਕਰਦੀ ਹੈ। ਇਸ ਨਾਲ ਸਮਾਜ ਨਿਹਕਪਟ, ਨਿਰਛਲ, ਨਿਰਮਾਣ, ਨਿਰਹੰਕਾਰ, ਬੇਗਰਜ਼ ਅਤੇ ਬੇਲਾਗ ਨਹੀਂ ਸਗੋਂ ਕਪਟੀ, ਛਲੀਆ, ਮਾਣਮਤਾ, ਹੰਕਾਰੀ, ਖ਼ੁਦਗਰਜ਼ ਅਤੇ ਲਾਗੀ ਬਣ ਜਾਂਦਾ ਹੈ। ਆਪ ਜੀ ਨੇਂ ਧੜੇਬਾਜ਼ੀ ਨੂੰ ਨੀਵਾਂ ਦਰਸਾਇਆ ਅਤੇ ਉਸ ਨੂੰ ਛਟਿਆਇਆ ਹੈ।

ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥
ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ॥

ਰਾਗੁ ਆਸਾ ਘਰੁ ੨ ਮਹਲਾ ੪
(ਪੰਨਾਂ ੩੬੬) ਆਦਿ ਗ੍ਰੰਥ

ਭਾਰਤੀ ਸਮਾਜ ਵਿੱਚ ਵਿਵਾਹ ਮੁਢ ਕਦੀਮ ਤੋਂ ਹੀ ਹੋਂਦ ਵਿੱਚ ਆਇਆ ਜਾਪਦਾ ਹੈ। ਇਹ ਵਖਰੀ ਗਲ ਹੈ ਕਿ ਸਮੇਂ ਸਮੇਂ ਅਨੁਸਾਰ ਵਿਵਾਹ ਦੇ ਤਰੀਕੇ ਆਦਿਕ ਬਦਲਦੇ ਰਹੇ ਹਨ। ਇਸੇ ਵਿਵਾਹ ਸਮੇਂ ਬ੍ਰਾਹਮਣੀ ਦੀਖਿਆ ਅਨੁਸਾਰ ਹਉਮੈ ਅਧੀਨ, ਅਨੇਕ ਪ੍ਰਕਾਰ ਦੀਆਂ ਰਸਮਾਂ ਰਵਾਇਤਾਂ ਪੂਰੀਆਂ

ਕੀਤੀਆਂ ਜਾਂਦੀਆਂ ਸਨ। ਸੋ ਗੁਰੂ ਸਾਹਿਬ ਨੇ ਇਹਨਾਂ ਫੋਕੀਆਂ ਰਸਮਾਂ ਨੂੰ ਦੂਰ ਕਰਨ ਲਈ ਮਨੁੱਖ ਨੂੰ ਪੱਤਨੀ ਅਤੇ ਪ੍ਰਭੂ ਨੂੰ ਪੱਤੀ ਦੇ ਰੂਪ ਵਿੱਚ ਕਲਪਿਆ ਅਤੇ ਦੋਨਾਂ ਦੇ ਵਤੀਰੇ ਬਾਰੇ ਸਹੀ ਅਨੁਮਾਨ ਦਿੱਤਾ। ਇਸਤ੍ਰੀ ਕੀ ਹੈ ਅਤੇ ਉਸ ਦੇ ਕੀ ਲਛਣ ਹਨ? ਜੇਕਰ ਇਸਤ੍ਰੀ ਗੁਣਵੰਤੀ ਹੈ ਤਾਂ ਰੂਪ ਤੋਂ ਬਿਨਾਂ ਵੀ ਆਪਣੇ ਪੱਤੀ ਨੂੰ ਰੀਝਾ ਸਕਦੀ ਹੈ। ਸਾਹੁਰੇ ਵੀ ਤਾਂ ਓਹੀ ਲੜਕੀ ਮਾਣ ਪ੍ਰਾਪਤ ਕਰ ਸਕਦੀ ਹੈ ਜਿਸਨੇ ਆਪਣੇ ਪੇਕਿਆਂ ਦੇ ਘਰ ਵਿੱਚ ਇਜ਼ਤ ਪ੍ਰਾਪਤ ਕੀਤੀ ਹੋਈ ਹੋਵੇ। ਉਹ ਆਪਣੀਆਂ ਸੱਖੀਆਂ ਸਹੇਲੀਆਂ ਵਿੱਚ ਮਾਣ ਨਾਲ ਹਸਦੀ ਫਿਰ ਸਕਦੀ ਹੈ ਅਤੇ ਉਸਦੀਆਂ ਸਹੇਲੀਆਂ ਅਤੇ ਸਾਥਣਾ ਉਸ ਨੂੰ ਸਤਿਕਾਰ ਦੇਣਗੀਆਂ।

ਮੁੰਧ ਇਆਣੀ ਪੇਈਅੜੇ ਕਿਉਕਰਿ ਹਰਿ ਦਰਸਨੁ ਪਿਖੈ॥
ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ॥
ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ॥
ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ॥

ਸਿਰੀਰਾਗ ਮਹਲਾ ੪
(ਪੰਨਾ - ੭੮) ਆਦਿ ਗ੍ਰੰਥ

ਦਾਜ ਦੇਣਾ ਅਤੇ ਲੈਣਾ ਸਾਡੇ ਪਾਸ ਢੇਰ ਚਿਰ ਤੋਂ ਚਲਿਆ ਆ ਰਹਿਆ ਹੈ। ਅਜੋਕੇ ਸਮੇਂ ਵਿੱਚ ਅਸੀਂ ਮਹਿਸੂਸ ਕਰਦੇ ਹਾਂ ਕਿ ਦਾਜ ਦੀ ਰਸਮ ਬਹੁਤ ਭੈੜੀ ਹੈ। ਅਸੀਂ ਲਗਦੀ ਵਾਹ ਇਸ ਰਸਮ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਹਾਂ। ਇਹ ਕਿਉਂ? ਇਸ ਲਈ ਕਿ ਸਾਡੇ ਸਾਰੇ ਲੜਾਈ ਝਗੜਿਆਂ ਦੀ ਮੂਲ ਜੜ੍ਹ ਕਬਜ਼ੇ ਦੀ ਰੁਚੀ ਹੈ। ਜਦੋਂ ਦਾਜ ਪ੍ਰਾਪਤ ਹੁੰਦਾ ਹੈ ਤਾਂ ਨਨਾਣਾਂ ਅਤੇ ਦੇਰ ਆਦਿਕ ਆਏ ਹੋਏ ਦਾਜ ਵਿੱਚੋਂ ਕੋਈ ਇੱਕ ਅਧੀ ਚੰਗੀ ਚੀਜ਼ ਲੈਣਾ ਚਾਹੁੰਦੇ ਹਨ। ਦੂਜੇ ਪਾਸੇ ਘਰ ਦੀ ਬਹੂ ਕੀਮਤੀ ਚੀਜ਼ਾਂ ਨੂੰ ਆਪਣੇ ਪਾਸੋਂ ਵਿਛੋੜਨਾਂ ਨਹੀਂ ਚਾਹੁੰਦੀ। ਨਤੀਜਾ ਝਗੜਾ ਹੋ ਹੁੰਦਾ ਹੈ। ਇਸ ਦੀ ਦੂਜੀ ਵਡੀ ਬੁਰਾਈ ਇਹ ਹੈ ਕਿ ਅਮੀਰ ਤਾਂ ਆਪਣੀ ਹਸਤੀ ਅਨੁਸਾਰ ਬਹੁਤਾ ਦੇ ਸਕਦੇ ਹਨ ਪਰ ਗਰੀਬ ਉਨ੍ਹਾਂ ਜਿਨਾਂ ਨਹੀਂ ਦੇ ਸਕਦੇ। ਵੇਖਾ ਵੇਖੀ ਗਰੀਬਾਂ ਨੂੰ ਵੀ ਉਤਨਾਂ ਹੀ ਕਰਨਾਂ ਪੈਂਦਾ ਹੈ, ਭਾਵੇਂ ਕਰਜ਼ਿਆਂ ਵਿੱਚ ਉਨ੍ਹਾਂ ਦਾ ਸਾਰਾ ਝੁਗਾ ਵਿਚ ਜਾਏ। ਗਰੀਬ ਜਨਤਾ ਇਸ ਕਰਕੇ ਵੀ ਮਾਰੀ ਜਾਂਦੀ ਹੈ ਕਿ ਉਨ੍ਹਾਂ ਦੀ ਲੜਕੀ ਵਿਆਹੁਣ ਵਾਲੇ ਉਨ੍ਹਾਂ ਪਾਸੋਂ ਜੇ ਅਮੀਰਾਂ ਦੇ ਬਰਾਬਰ ਨਹੀਂ ਤਾਂ ਘਟੋ ਘਟ ਅਮੀਰਾਂ ਵਰਗਾ

ਦਾਜ ਜ਼ਰੂਰ ਮੰਗਦੇ ਹਨ। ਜੇਕਰ ਮਾਪੇ ਆਪਣੇ ਕੁੜਮਾਂ ਦੀ ਮੰਗ ਪੁਜੀ ਕਰਦਿਆਂ ਹੋਇਆਂ, ਉਨ੍ਹਾਂ ਅਨੁਸਾਰ ਦਾਜ ਦੇ ਸਕਣ ਤਾਂ ਵਾਹ ਭਲਾ ਨਹੀਂ ਤਾਂ ਉਮਰ ਭਰ ਆਪਣੀ ਧੀ ਨੂੰ ਆਪਣੇ ਬੂਹੇ ਉਤੇ ਬਿਠਾਈ ਰਖਣ। ਸੋ ਇਸ ਲਿਹਾਜ਼ ਨਾਲ ਵਿਵਾਹ ਨਹੀਂ ਸੌਦਾ ਬਣ ਜਾਂਦਾ ਹੈ ਜਿਹੜਾ ਸਮਾਜ ਦੇ ਮੱਥੇ ਉਤੇ ਕਲੰਕ ਹੈ।

ਗੁਰੂ ਸਾਹਿਬ ਇਸਦੇ ਖ਼ਿਲਾਫ਼ ਸਨ। ਉਹ ਚਾਹੁੰਦੇ ਸਨ ਕਿ ਜੇਕਰ ਦਾਜ ਦੇਣਾ ਵੀ ਹੈ ਤਾਂ ਓਨਾਂ ਕੁ ਹੋਵੇ ਜਿਹੜਾ ਲੜਕੀ ਦੇ ਕੰਮ ਆਵੇ। ਇਹ ਨਹੀਂ ਕਿ ਅਣਗਿਣਤ ਵਸਤੂਆਂ ਉਸਦੇ ਹਵਾਲੇ ਕਰ ਦਿੱਤੀਆਂ ਜਾਣ ਜਿਹੜੀਆਂ ਮੁੜ ਕੇ ਨਿੰਦਿਆ ਅਤੇ ਬਖੀਲੀ ਦਾ ਕਾਰਨ ਬਣਨ।

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥
ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥

ਸਿਰੀਰਾਗੁ ਮਹਲਾ ੪
( ਪੰਨਾਂ ੭੮-੭੯) ਆਦਿ ਗ੍ਰੰਥ

ਦਾਜ ਦੇਣ ਦੇ ਨਾਲ ਨਾਲ ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਵਖਾਵਾ ਨ ਕੀਤਾ ਜਾਏ। ਵਖਾਵਾ ਕਰਨ ਸਮੇਂ ਮਨੁੱਖ ਦੇ ਮਨ ਵਿੱਚ ਮਾਣ ਪੈਦਾ ਹੁੰਦਾ ਹੈ, ਕਿ ਉਹ ਆਪਣੀ ਧੀ ਨੂੰ ਇਤਨਾਂ ਕੁਝ ਦੇ ਰਹਿਆ ਹੈ। ਇਸਦੇ ਨਾਲ ਨਾਲ ਉਹ ਇਹ ਵੀ ਸੋਚਦਾ ਹੈ ਕਿ ਕਿਤਨੇਂ ਹੀ ਲੋਕਾਂ ਨਾਲੋਂ ਉਸਦੀ ਧੀ ਕਿਤਨਾਂ ਵੱਧ ਦਾਜ ਲਿਜਾ ਰਹੀ ਹੈ।

ਵੇਖਣ ਵਾਲੇ ਲੋਕ ਵੀ ਆਪਣੀਆਂ ਧੀਆਂ ਨੂੰ ਓਵੇਂ ਹੀ ਦਾਜ ਦੇਣਾ ਚਾਹੁੰਦੇ ਹਨ। ਅਜਿਹੇ ਕਰਮ ਵਿੱਚ ਰੋਸ ਪੈਦਾ ਹੁੰਦੀ ਹੈ। ਰੋਸ ਨਿੰਦਿਆ ਚੁਗਲੀ ਅਤੇ ਬਖੀਲੀ ਨੂੰ ਪੈਦਾ ਕਰਦੀ ਹੈ। ਇਹੋ ਭੈੜੀਆਂ ਵਾਦੀਆਂ ਮਨੁੱਖ ਨੂੰ ਹਉਮੈ ਵਿੱਚ ਗਲੇਫ਼ ਕੇ ਪ੍ਰਭੂ ਦੇ ਸਚੇ ਰਾਹ ਤੋਂ ਦੂਰ ਲੈ ਜਾਂਦੀਆਂ ਹਨ। ਸੋ ਗੁਰੂ ਸਾਹਿਬ ਨੇਂ ਇਹ ਫੈਸਲਾ ਕੀਤਾ ਕਿ ਅਜਿਹੇ ਕਚੇ ਮਾਣ ਨੂੰ ਅਣਛੋਹਿਆ ਨਹੀਂ ਛੱਡਿਆ ਸਗੋਂ ਲੋਕਾਂ ਨੂੰ ਇਸਦੇ ਨਤੀਜੇ ਤੋਂ ਸੁਚੇਤ ਕੀਤਾ ਹੈ।

ਹੋਰਿ ਮਨਮੁਖ ਕਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥

ਸਿਰੀ ਰਾਗੁ ਮਹਲਾ ੪
( ਪੰਨਾਂ ੭੯) ਆਦਿ ਗ੍ਰੰਥ

ਆਪ ਜੀ ਦੀਆਂ ਨਜ਼ਰਾਂ ਵਿੱਚ " ਧਨ ਜੋਬਨ ਕਾ ਗਰਬ"ਫੋਕਾ ਮਾਣਾ ਸੀ। ਝੂਠੇ ਹਾਰ ਸ਼ਿੰਗਾਰ ਕਿਸੇ ਕੰਮ ਦੇ ਨਹੀਂ। ਪ੍ਰੀਤਮ ਕੁਸੰਭੜੇ ਨਾਲ ਪਸੀਜਣ ਵਾਲਾ ਨਹੀਂ ਉਸ ਨੂੰ ਮਜੀਠੇ ਰੰਗ ਦੀ ਲੋੜ ਹੈ, ਭਾਵੇਂ ਉਹ ਦਿਸਣ ਵਿੱਚ ਕਿਤਨਾਂ ਮਾੜਾ ਵੀ ਕਿਉਂ ਨ ਹੋਵੇ। ਉਹ ਭੁਲੇਖਿਆਂ ਉਤੇ ਰੀਝਣ ਵਾਲਾ ਨਹੀਂ ਸਗੋਂ ਅਸਲੀਅਤ ਦਾ ਕਾਇਲ ਹੈ। ਜੇ ਪੈਂਤੀ ਨੇਂ ਕੇਵਲ ਹਾਰ ਸ਼ਿੰਗਾਰ ਉਤੇ ਹੀ ਰੀਝਣਾ ਹੈ ਤਾਂ ਉਸ ਲਈ ਬਜ਼ਾਰੀ ਔਰਤਾਂ ਹੀ ਕਾਫੀ ਹਨ। ਆਪ ਜੀ ਅਜਿਹੀਆਂ ਹਸਤੀਆਂ ਤੋਂ ਵਾਰੇ ਵਾਰੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਮਿਲਣ ਦੀ ਇਛਾ ਪ੍ਰਗਟ ਕਰਦੇ ਹਨ।

ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ॥
ਜੋ ਮੇਰੀ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ॥

ਮਾਝ ਮਹਲਾ ੪
(ਪੰਨਾਂ ੯੬) ਆਦਿ ਗ੍ਰੰਥ

ਪ੍ਰਭੂ ਨੂੰ ਸਰਬ ਕਲਾ ਸਮਰੱਥ ਸਾਬਤ ਕਰਨ ਮਗਰੋਂ ਆਪ ਜੀ ਨੇਂ ਨਵੇਂ ਉਸਰਦੇ ਸਮਾਜ ਨੂੰ ਖ਼ਬਰਦਾਰ ਕੀਤਾ ਕਿ ਝੂਠੀਆਂ ਰਸਮਾਂ ਅਤੇ ਰਿਵਾਜਾਂ ਨੂੰ ਛਡ ਕੇ ਪ੍ਰਮਾਰਥ ਤੇ ਚਲਣ ਦੀ ਕੋਸ਼ਿਸ਼ ਕੀਤੀ ਜਾਵੇ।

ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ॥

ਸਿਰੀ ਰਾਗੁ ਮਹਲਾ ੪
(ਪੰਨਾਂ ੩੯-੪੦) ਆਦਿ ਗ੍ਰੰਥ

ਤਰ੍ਹਾਂ ਤਰ੍ਹਾਂ ਦੀਆਂ ਥੋਥੀਆਂ ਰਸਮਾਂ ਮਨੁੱਖ ਨੂੰ ਕਿਸੇ ਸੰਤੋਖ ਜਨਕ ਸਿਟੇ ਉਤੇ ਨਹੀਂ ਪੁਚਾ ਸਕਦੀਆਂ। ਸੋ ਅਜਿਹੀਆਂ ਤਾਕਤਾਂ ਤੋਂ ਡਰਨ ਦੀ ਲੋੜ ਨਹੀਂ। ਪੂ੍ਰੀ-ਪੁਰਨ ਪ੍ਰਮਾਤਮਾਂ ਇਹਨਾਂ ਸਾਰੀਆਂ ਤਾਕਤਾਂ ਤੋਂ ਉਚੇਰਾ ਹੈ ਤਾਂ ਫਿਰ ਕਿਉਂ ਨ ਉਸ ਨੂੰ ਹੀ ਧਿਆਇਆ ਜਾਵੇ।

ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥ ਹੈ
ਸਭ ਕਰੇ ਕਰਾਇਆ॥
ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ
ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ॥

ਗਉੜੀ ਬੈਰਾਗਣਿ ਮਹਲਾ ੪
(ਪੰਨਾਂ ੧੬੮) ਆਦਿ ਗ੍ਰੰਥ

ਸੋ ਅਜਿਹੇ ਸਮਾਜ ਵਿੱਚ ਵਿਅਕਤੀ-ਗਤ ਪੂਜਾ ਵੀ ਨਹੀਂ ਹੋਣੀ ਚਾਹੀਦੀ। ਪੂਜਾ ਕੇਵਲ ਭਗਤੀ ਭਾਵਨਾਂ ਦੁਆਰਾ ਉਸ ਅਸੀਮ ਪ੍ਰਭੂ ਦੀ ਹੋਣੀ ਚਾਹੀਦੀ ਹੈ। ਅਜਿਹੀ ਭਗਤੀ ਪੂਜਾ, ਮਨੁੱਖ ਨੂੰ ਗੁਰਮੁਖ ਬਣਾਏ ਗੀ ਪਰ ਵਿਅਕਤੀ-ਦੀ ਪੂਜਾ ਮਨੁੱਖ ਨੂੰ ਮਨਮੁਖ ਬਣਾਏਗੀ।

ਇਸ ਨਵੇਂ ਸਮਾਜ ਵਿੱਚ ਕੋਈ ਵੀ ਝੂਠ ਜਾਂ ਠੱਗੀ ਦੇ ਪੜਦੇ ਹੇਠ ਲੁਕ ਕੇ ਨਹੀਂ ਰਹਿ ਸਕਦਾ। ਉਹ ਸਰਬ ਕਲਾ ਸਮਰੱਥ ਝਟ ਹੀ ਖਰੇ ਜਾਂ ਖੋਟੇ ਨੂੰ ਪਛਾਣ ਲੈਂਦਾ ਹੈ ਕਿਉਂ ਜੋ ਉਸ ਅਦ੍ਰਿਸ਼ਟ ਲਈ ਕੁਝ ਵੀ ਅਸੰਭਵ ਨਹੀਂ। ਉਹ ਅਸੀਮ ਹੈ ਅਤੇ ਦੇਸ਼ ਕਾਲ ਤੋਂ ਰਹਿਤ ਹੈ। ਸੋ ਅਸੀਮ ਦੇ ਘੇਰੇ ਵਿੱਚ ਸਭ ਕੁਝ ਹੈ ਅਤੇ ਉਸ ਤੋਂ ਬਾਹਰ ਕੁਝ ਵੀ ਨਹੀਂ।

ਹਰਿ ਕੇ ਚੋਜਿ ਵਿਡਾਨ ਦੇਖੁ ਜਨ
ਜੋ ਖੋਟਾ ਖਰਾ ਇਕ ਨਿਮਖ ਪਛਾਨੈ॥
ਤਾ ਤੇ ਜਨ ਕਉ ਅਨਦੁ ਭਇਆ ਹੈ
ਰਿਦ ਸੁਧ ਮਿਲੇ ਖੋਟੇ ਪਛੁਤਾਨੈ॥
ਤੁਮ ਹਰਿ ਦਾਤੇ ਸਮਰਥ ਸੁਆਮੀ
ਇਕੁ ਮਾਗਉ ਤੁਝ ਪਾਸਹੁ ਹਰਿ ਦਾਨੈ॥

ਕਲਿਆਨ ਮਹਲਾ ੪
(ਪੰਨਾਂ ੧੩੨੦-੨੧) ਆਦਿ ਗ੍ਰੰਥ

ਆਪ ਜੀ ਨੇ ਪੁਰਾਣੇ ਵਹਿਮਾਂ ਭਰਮਾਂ ਵਿੱਚ ਗਰੱਸੇ ਹੋਏ ਸਮਾਜ ਦੀਆਂ ਰਗਾਂ ਵਿੱਚ ਨਵਾਂ ਖ਼ੂਨ ਭਰਿਆ। ਉਨ੍ਹਾਂ ਨੂੰ ਨਵੀਂ ਚੇਤਨਾਂ ਦਿੱਤੀ। ਇੱਕ ਨਵੀਂ ਸੇਧ ਦਿੱਤੀ ਤਾਂ ਜੋ ਆਉਂਦੀਆਂ ਨਸਲਾਂ ਸੁਖ ਦਾ ਸਾਹ ਲੈ ਸਕਣ। ਰੂਪਕ ਅਲੰਕਾਰ ਵਰਤਦਿਆਂ ਹੋਇਆਂ ਆਪ ਜੀ ਨੇ ਸਮਾਜ ਨੂੰ ਕੱਚ ਤੋਂ ਕੰਚਨ, ਬਿਖ ਤੋਂ ਅੰਮ੍ਰਿਤ, ਲੋਹੇ ਤੋਂ ਲਾਲ, ਪਾਹਣ ਤੋਂ ਪਾਣਕ, ਕਾਠ ਤੋਂ ਚੰਦਖੰਡ ਅਤੇ ਪਸ਼ੂ ਪਰੇਤ ਤੋਂ ਦੇਵਤਾ ਬਣਾ ਦਿੱਤਾ। ਇਹ ਹਜ਼ੂਰ ਦੀ ਸਮਾਜ ਨੂੰ ਇੱਕ ਤਹਾਨ ਦੇਣ ਸੀ ਜਿਸ ਨੂੰ ਜੁਗ ਜੁਗਾਂਤਰਾਂ ਤੀਕ ਆਉਂਦੀਆਂ ਨਸਲਾਂ ਭੁਲਾ ਨਹੀਂ ਸਕਣਗੀਆਂ। ਇਸ ਸਬੰਧ ਵਿੱਚ ਭਟਾਂ ਦੇ ਅਨਮੋਲ ਵਿਚਾਰਾਂ ਨੂੰ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ॥
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥

ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥

'ਕੀਰਤ ' ਭਟ

(ਪੰਨਾਂ ੧੪੦੬) ਆਦਿ ਗ੍ਰੰਥ

ਰਾਜਨੀਤਕ ਖੇਤਰ ।

ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਰਾਜਨੀਤਕ ਖੇਤਰ ਵਿੱਚ ਅਮਨ ਸੀ। ਭਾਵੇਂ ਇੱਕ-ਪੱਖੀ ਰਾਜ ਸੀ, ਪਰ ਅਕਬੱਰ ਵਰਗਾ ਰਾਜਾ ਲੋਕ ਹਿਤੈਸ਼ੀ ਰਾਜਾ ਸੀ। ਅਕਬੱਰ ਦੇ ਸਾਹਮਣੇ ਸਾਰੇ ਧਰਮ ਇੱਕੋ ਜਹੇ ਸਨ। ਫ਼ਿਰ ਗੁਰੂ ਘਰ ਵਾਸਤੇ ਤਾਂ ਅਕਬੱਰ ਦੇ ਹਿਰਦੇ ਵਿੱਚ ਅਥਾਹ ਪਿਆਰ ਅਤੇ ਸਤਿਕਾਰ ਸੀ। ੧੬੨੨ ਬਿਕ੍ਰਮੀ ਸੰਮਤ ਵਿੱਚ ਜਦੋਂ ਅਕਬੱਰ ਗੁਰੂ ਅਮਰਦਾਸ ਸਾਹਿਬ ਦੇ ਦਰਬਾਰ ਵਿੱਚ ਹਾਜ਼ਰ ਹੋਇਆ ਤਾਂ ਉਸਨੇਂ ਸ਼ਾਹੀ ਖ਼ਜ਼ਾਨੇਂ ਵਿੱਚੋਂ ੫੦੦ ਅਸ਼ਰਫ਼ੀਆਂ ਗੁਰੂ ਸਾਹਿਬ ਦੀ ਨਜ਼ਰ ਕੀਤੀਆਂ। ਪਰ ਗੁਰੂ ਸਾਹਿਬ ਨੇਂ ਆਪਣੇ ਖ਼ਜ਼ਾਨੇ ਵਿੱਚ ਜਮ੍ਹਾਂ ਕਰਨ ਦੀ ਥਾਂ ਝਟ ਹੀ ਗਰੀਬਾਂ ਨੂੰ ਵੰਡ ਦਿੱਤੀਆਂ। ਅਕਬੱਰ ਇਸ ਉਦਾਰਤਾ ਉਤੇ ਬਹੁਤ ਹੀ ਖ਼ੁਸ਼ ਹੋਇਆ। ਉਸਨੇਂ ਝਟ ਹੀ ੧੨ ਪਿੰਡ ਪਰਗਣੇ ਝੁਬਾਲ ਦਾ ਪਟਾ ਬੀਬੀ ਭਾਨੀ ਦੇ ਨਾਂ ਲਿਖ ਦਿੱਤਾ। *੧*

---

*੧* ਤਵਾਰੀਖ ਗੁਰੂ ਖਾਲਸਾ ਕਿਰਤ ਗਿਆਨੀ ਗਿਆਨ ਸਿੰਘ
ਪੰਨਾਂ ੧੮੧-੮੩

੧੬੨੨ ਬਿ: ਵਿੱਚ ਅਕਬਰ ਬਾਦਸ਼ਾਹ ਲਾਹੌਰ ਦੀ ਤਰਫ ਆਯਾ ਤੇ ਬਯਾਸਾ ਦਾ ਦਰਿਆ ਲੰਘ ਕੇ ਗੋਇੰਦਵਾਲ ਵਿੱਚ ਗੁਰੂ ਜੀ ਦੇ ਦਰਸ਼ਨਕਰਨੇ ਚਾਹੇ।......ਫੇਰ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਪੰਜ ਸੈ ਅਸ਼ਰਫੀ ਭੇਟਾ ਕੀਤੀ। " ਬਾਦਸ਼ਾਹ ਦੇ ਆਉਣ ਕਰ ਜੋ ਬੇਸ਼ੁਮਾਰ ਗ੍ਰੀਬ ਗੁਰਬਾ ਸਾਧੂ ਓਥੇ ਜਮਾ ਹੋ ਗਏ ਸੀ ਸਬ ਨੂੰ ਅਸ਼ਰਫੀਆਂ ਦੇਣ ਦਾ ਹੁਕਮ ਦੇ ਕੇ ਗੁਰੂ ਜੀ ਨੇਂ ਸਿਖਾਂ ਨੂੰ ਵੰਡਣ ਵਾਸਤੇ ਬਾਹਰ ਭੇਜ ਦਿਤਾ। ਏਹ ਉਦਾਰਤਾ ਦੇਖ ਕੇ ਬਾਦਸ਼ਾਹ ਅਚਰਜ ਰਹਿ ਗਿਆ। ਪੁਨਹ ੧੨ ਪਿੰਡ ਪਰਗਣੇ ਝਬਾਲ ਦਾ ਪਟਾ ਲਿਖਵਾ ਕੇ ਲੰਗਰ

ਗੁਰਤਾ ਪ੍ਰਾਪਤੀ ਤੋਂ ਪਹਿਲਾਂ ਵੀ ਆਪ ਜੀ ਨੇਂ ਆਪਣੀ ਪ੍ਰਤੀਭਾ ਦੀ ਚਮਕ ਅਕਬੱਰ ਨੂੰ ਦਿਖਾਈ ਹੋਈ ਸੀ। ਆਪ ਜੀ ਨੇਂ ਅਕਬੱਰ ਨੂੰ ਦੋਸਤੀ ਦਾ ਨਿਮੰਤਰਣ ਨਹੀਂ ਦਿੱਤਾ ਸਗੋਂ ਅਕਬੱਰ ਨੇਂ ਆਪ ਜੀ ਵਲ ਆਪਣੀ ਦੋਸਤੀ ਦਾ ਹੱਥ ਵਧਾਇਆ ਲਗਦਾ ਹੈ।

ਡਾः ਗੋਕਲ ਚੰਦ ਨਾਰੰਗ ਨੇਂ ਸਪੱਸ਼ਟ ਸ਼ਬਦਾਂ ਵਿੱਚ ਇਸ ਉਪ੍ਰੋਕਤ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ। ਆਪ ਲਿਖਦੇ ਹਨ ਕਿ "ਗੁਰੂ ਸਾਹਿਬ ਨੇਂ ਕਦੀ ਵੀ ਰਾਜਦਰਬਾਰ ਦੀ ਦੋਸਤੀ ਜਾਂ ਸਰਪ੍ਰਸਤੀ ਹਾਸਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਦੇ ਸਾਂਝੀਵਾਲਤਾ ਦੇ ਅਸੂਲ ਹਰ ਸ੍ਰੇਣੀ, ਜ਼ਾਤ ਅਤੇ ਧਰਮ ਦੇ ਲੋਕਾਂ ਨੂੰ ਆਪਣੇ ਵਲ ਖਿਚਦੇ ਸਨ। ਉਨ੍ਹਾਂ ਦਾ ਧਰਮ ਦੁਖੀਆਂ ਅਤੇ ਕੁਚਲੀਆਂ ਹੋਈਆਂ ਸ੍ਰੇਣੀਆਂ ਲਈ ਠਾਰ ਸੀ। ਓਹਨਾਂ ਨੇਂ ਅਮੀਰਾਂ ਅਤੇ ਉਚ ਪਦਵੀਆਂ ਵਾਲੇ ਲੋਕਾਂ ਲਈ ਹੰਕਾਰ ਭਰੀ ਘਿਰਣਾ ਵੀ ਜ਼ਾਹਰ ਨਹੀਂ ਕੀਤੀ।" ਕਿਸੇ ਦੂਜੇ ਨਾਲ ਘਿਰਣਾ ਉਹ ਕਰਿਆ ਕਰਦਾ ਹੈ ਜਿਸ ਨੂੰ ਉਸ ਨਾਲ ਲਾਗ-ਡਾਟਹੋਵੇ। ਗੁਰੂ ਸਾਹਿਬ ਨੂੰ ਕਿਸੇ ਨਾਲ ਲਾਗ -ਡਾਟ ਨਹੀਂ ਸੀ। ਉਹ ਤਾਂ ਆਪ ਧੜੇ ਬਾਜ਼ੀ ਦੇ ਖਿਲਾਫ ਸਨ। ਹਾਂ ਉਨ੍ਹਾਂ ਨੇਂ ਇਸ ਸਾਰੀ ਰਚਨਾਂ ਨੂੰ ਤੁਛ ਜਾਂ ਪਲ ਭਰ ਦਾ ਪ੍ਰਛਾਵਾਂ ਜ਼ੂਰਰ ਆਖਿਆ ਹੈ। ਉਨ੍ਹਾਂ ਨੇਂ ਅਮੀਰਾਂ ਦੀ ਅਮੀਰੀ ਨੂੰ ਬੁਰਾ ਇਸ ਕਰਕੇ ਨਹੀਂ ਆਖਿਆ ਕਿ ਅਮੀਰੀ ਵਿੱਚ ਰਹਿੰਦੇ ਹੋਏ ਵੀ ਮਨੁੱਖ ਪ੍ਰਭੂ ਦੇ ਨੇੜੇ ਹੋ ਸਕਦਾ ਹੈ, ਨਿਮਾਣਾ ਹੋ ਸਕਦਾ ਹੈ। ਡਾः ਗੋਕਲ ਚੰਦ ਅਗੇ ਚਲ ਕੇ ਲਿਖਦਾ ਹੈ ਕਿ ਗੁਰੂ ਸਾਹਿਬ ਨੇਂ ਗੁਰੂ ਘਰ ਲਈ

---

*੧* ਪੰਨਾਂ ੧੪੧ ਦੀ ਬਾਕੀ।

ਵਾਸਤੇ ਨਜ਼ਰ ਕੀਤਾ। ਗੁਰੂ ਜੀ ਨੇਂ ਫੁਰਮਾਯਾ ਅਸੀਂ ਗੁਰੂ ਘਰ ਨੂੰ ਕਿਸੇ ਦਾ ਅਧੀਨ ਨਹੀਂ ਕਰਣਾ ਚਾਹੁੰਦੇ ਫੇਰ ਸਬ ਕਾਰਜ ਗੁਰੂ ਦੇ ਘਰ ਦੇ ਚਲੇ ਜਾਂਦੇ ਹਨ ਕੋਈ ਘਾਟਾ ਨਹੀਂ ਜਿਸ ਕਰਕੇ ਅਸੀਂ ਜਾਗੀਰ ਲਈਏ।"

ਮਹਾਰਾਜ ਦੇ ਬਚਨ ਸੁਣ ਕੇ ਅਕਬਰ ਬਹੁਤ ਖੁਸ਼ੀ ਹੋਯਾ ਤੇ ਬੇਨਤੀ ਕੀਤੀ ਬੀਬੀ ਭਾਨੀ ਜੈਸੀ ਤੁਹਾਡੀ ਬੇਟੀ ਤੈਸੀ ਸਾਡੀ ਏਹ ਪਰਗਣਾ ਮੈ ਇਸ ਨੂੰ ਦਿਤਾ। ਕਯੋਂਕੇ ਮੇਰਾ ਭੀ ਕੁਛ ਭਲਾ ਹੋਵੇ। ਤਦ ਗੁਰੂ ਜੀ ਨੇਂ ਓਸਦਾ ਪ੍ਰੇਮ ਦੇਖ ਏਹ ਮਨਜ਼ੂਰ ਕਰ ਲੀਤਾ। ਬਾਦਸ਼ਾਹ ਆਗਿਆ ਲੈ ਕੇ ਲਾਹੌਰ ਨੂੰ ਗਿਆ।

ਜਾਗੀਰਾਂ ਲੈਣ ਤੋਂ ਬਿਲਕੁਲ ਇਨਕਾਰ ਕਰ ਦਿੱਤਾ। *੧*

ਗੁਰੂ ਸਾਹਿਬ ਨੇਂ ਅਮੀਰਾਂ ਦੀ ਅਮੀਰੀ ਅਤੇ ਰਾਜਿਆਂ ਦੀ ਰਾਜਵਾੜਾ-ਸ਼ਾਹੀ ਨੂੰ ਗਲੀ ਦੇ ਕੱਖਾਂ ਬਰਾਬਰ ਸਮਝਿਆ ਅਤੇ ਲੋਕਾਂ ਨੂੰ ਵੀ ਇਸੇ ਵਿਚਾਰ ਦਾ ਧਾਰਨੀ ਬਣਾਇਆ। ਰਾਜਿਆਂ ਅਤੇ ਅਮੀਰਾਂ ਨੂੰ ਆਪ ਜੀ ਨੇਂ ਖੁਲ੍ਹੇ ਸ਼ਬਦਾਂ ਵਿੱਚ ਹੰਕਾਰੀ, ਥੋਥੇ, ਝੂਠੇ ਅਤੇ ਮਕਾਰ ਆਖਿਆ ਹੈ। ਓਹ ਸਾਰੇ ਵਿਨਾਸ਼ੀ ਸਨ ਅਵਿਨਾਸ਼ੀ ਨਹੀਂ।

ਜਿਤਨੇ ਸਾਹ ਪਾਤਿਸਾਹ ਉਮਰਾਵ ਸਿਕਦਾਰ ਚਉਧਰੀ
ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥
ਹਰਿ ਅਬਿਨਾਸੀ ਸਦਾ ਥਿਰੁ ਨਿਹਚਲੁ
ਤਿਸੁ ਮੇਰੇ ਮਨ ਭਜੁ ਪਰਵਾਣੁ॥

ਗੋਂਡ ਮਹਲਾ ੪
( ਪੰਨਾਂ ੮੬੧) ਆਦਿ ਗ੍ਰੰਥ

ਜਿਥੇ ਆਪ ਜੀ ਨੇਂ ਜਨਤਾ ਨੂੰ ਪ੍ਰੇਮ ਪਿਆਰ , ਨਿਮਰਤਾ ਅਤੇ ਉਦਾਰਤਾ ਨਾਲ ਰਹਿਣ ਲਈ ਪ੍ਰੇਰਿਆ ਹੈ ਉਥੇ ਓਹਨਾਂ ਨੂੰ ਆਪਣੇ ਰਾਜਸੀ ਅਧਿਕਾਰਾਂ ਬਾਰੇ ਵੀ ਚੇਤਨ ਕਰਵਾਇਆ ਹੈ। ਆਪ ਜੀ ਨਿਵਣ ਬਾਰੇ ਤਾਂ ਆਦੇਸ਼ ਦਿੰਦੇ ਹਨ ਪਰ ਕੁਚਲੇ ਜਾਣ ਬਾਰੇ ਨਹੀਂ ਪ੍ਰੇਰਦੇ। ਸਮਾਜ ਨੂੰ ਚੇਤੰਨ ਕਰਦਿਆਂ ਹੋਇਆਂ, ਆਪ ਜੀ ਨੇਂ ਅਕਬੱਰ ਦੀ ਬਾਦਸ਼ਾਹਤ ਦੇ ਮੁਕਾਬਲੇ, ਇੱਕ ਸਚੀ ਬਾਦਸ਼ਾਹਤ ਕਾਇਮ ਕੀਤੀ ਅਤੇ ਲੋਕਾਂ ਨੂੰ ਝੂਠੀ ਬਾਦਸ਼ਾਹਤ ਦੀ ਥਾਂ, ਇਸ ਸੱਚੀ ਬਾਦਸ਼ਾਹਤ ਪ੍ਰਤੀ ਭਉ ਅਤੇ ਭੈ ਦੀ ਭਾਵਨਾਂ ਪੈਦਾ ਕਰਨ ਲਈ ਪ੍ਰੇਰਨਾਂ ਦਿੱਤੀ।

---

*੧* GURU RAM DAS JI DI KAVITA By Dr. TRILOCHAN SINGH.
P.16

It is important to note that the Gurus never made an effort to seek the friendship, for less the patronage of the ruling dynasty, Their piety and altruistic principles drew the high as well as the low to them. And while they always welcomed the most lowly and the despised to their church they were too politic to alienate the high placed by an attitude of arrogance and cyncism by which many a Diogenes of India, even at present time, sneers at wealth and power as something too mean to deserve any regard at his hand. The Guru however refused all offers of Jagirs and other kinds of patronage.

Dr. Gokal Chand Narang.
Transformation of Sikhism page 58

ਭਾਈ ਮਨੀ ਸਿੰਘ ਜੀ ਲਿਖਦੇ ਹਨ:-

" ਸਤਿਗੁਰ ਜੋ ਹੈਨਿ ਸੁ ਸਚੇ ਪਾਤਿਸ਼ਾਹ ਹੈਨਿ, ਜਿਨ੍ਹਾਂ ਦੇ ਪਾਸ ਨਾਮ ਦਾ ਅਰ ਗਿਆਨ ਦਾ ਸਚਾ ਧਨ ਹੈ। ਇਨ੍ਹਾਂ ਦਾ ਹੁਕਮ ਸਭਸ ਦੇ ਉਪਰ ਹੈ ਤੇ ਬਾਦਸ਼ਾਹ ਦਾ ਹੁਕਮ ਆਪਣੇ ਦੇਸ ਪਰ ਚਲਤਾ ਹੈ। ਬਾਦਸ਼ਾਹ ਜੋ ਆਪਣਿਆਂ ਸੇਵਕਾਂ ਨੂੰ ਧਨੁ ਦੇਂਦੇ ਹੈਨਿ ਸੋ ਲੇਖੇ ਨਾਲਿ ਦੇਂਦੇ ਹੈਨਿ ਤੇ ਜਿਸ ਸਮੇਂ ਬਖਸੀਸ ਦਾ ਝਰੋਖਾ ਬੋਲਦੇ ਹੈਨਿ ਤਿਸ ਸਮੇਂ ਜਿਸ ਤੇ ਕਿਰਪਾ ਕਰਦੇ ਹੈਨਿ ਸੋ ਝੂਠਾ ਧਨ ਉਸ ਨੂੰ ਦੇਕੇ ਨਿਹਾਲ ਕਰਦੇ ਹੈਨਿ। ਪਰ ਸਤਿਗੁਰਾਂ ਦਾ ਝਰੋਖਾ ਸਾਧ ਸੰਗਤਿ ਹੈ, ਜੇੜਾ ਸਾਧ ਸੰਗਤਿ ਵਿਖੇ ਟੁਰ ਆਂਵਦਾ ਹੈ ਉਸ ਨੂੰ ਸਚਾ ਧਨੁ ਨਾਮ ਕਾ ਅਰ ਗਿਆਨ ਕਾ ਦੇ ਕਰਿ ਤਿਸ ਦਾ ਜਨਮ ਮਰਨ ਕਟਿ ਦੇਂਦੇ ਹਨ।..........ਸੁਤਿਗੁਰਾਂ ਦਾ ਜੋ ਸਬਦੁ ਹੈ ਸੋ ਸਚਾ ਅੰਮ੍ਰਿਤ ਹੈ ਤੇ ਜੋ ਸਬਦ ਸੁਣਦੇ ਹੈਨਿ ਓਹ ਆਪ ਨੂੰ ਆਤਮਾਂ ਸਰੂਪ ਜਾਣਦੇ ਹੈਨਿ, ਫੇਰ ਕਦੇ ਨਹੀ ਮਰਦੇ ਤੇ ਈਰਖਾ ਤੇ ਅਭਿਮਾਨ ਤੇ ਕਾਮ ਕ੍ਰੋਧ ਉਨ੍ਹਾਂ ਦਾ ਸਭ ਮਿਟ ਜਾਂਦਾ ਹੈ। ਇਸ ਵਾਸਤੇ ਗੁਰਾਂ ਦਾ ਸਬਦ ਸਚਾ ਅੰਮ੍ਰਿਤ ਹੈ। ਬਾਦ;ਸ਼ਾਹ ਦੀ ਮਜਲਸ ਵਿੱਚ ਜੋ ਮਦ ਦਾ ਪਿਆਲਾ ਓਸ ਨੋਂ ਪੀਲਾਂਵਦੇ ਹੈਨਿ ਜੇਹੜਾ ਗੱਲ ਦਰਬਾਰ ਦੀ ਬਾਹਰ ਨ ਕਵੇ। ਤੈਸੇ ਗੁਰੂ ਕੇ ਸਿਖਾਂ ਨੂੰ ਸਭ ਤ੍ਰਿਕਾਲੱਗਦਾ ਪ੍ਰਾਪਤ ਹੁੰਦੀ ਹੈ ਤੇ ਆਪਣੀ ਕਲਾ ਜਣਾਂਵਦੇ ਨਹੀਂ। ਪਿਆਲੇ ਦੀ ਮਸਤੀ ਚੜ੍ਹੀ ਪਹਿਲਾਂ ਨੂੰ ਦੂਰ ਹੋ ਜਾਂਦੀ ਹੈ ਤੇ ਸ਼ਬਦ ਦੀ ਮਸਤੀ ਉਤਰਦੀ ਨਹੀਂ, ਤੇ ਭਾਇ ਭਗਤ ਸਭਸ ਨਾਲਿ ਕਰਦੇ ਹੈਨਿ। ਸਤਿਗੁਰਾਂ ਦੇ ਦਰਬਾਰ ਸ਼ਬਦ ਦਾ ਅਖੁਟ ਭੰਡਾਰ ਹੈ।"*੧*

ਜਨਤਾ ਨੂੰ ਝੂਠੇ ਪਾਤਸ਼ਾਹ ਦੀ ਥਾਂ ਸੱਚੇ ਪਾਤਸ਼ਾਹ ਦਾ ਸਹਾਰਾ ਲੈਣ ਦੀ ਪ੍ਰੇਰਨਾਂ ਦੇਣ ਦਾ ਵਡਾ ਕਾਰਨ ਇਹ ਸੀ ਕਿ ਜਨਤਾ ਵਿੱਚ ਸਵੈਮਾਨ ਪੈਦਾ ਕੀਤਾ ਜਾਵੇ। ਲੋਕੀਂ ਆਤਮ ਨਿਰਭਰ ਹੋ ਜਾਣ। ਜੇ ਰਾਜਨੀਤਕ ਪੱਧਰ ਉਤੇ ਜਾਗਰਤੀ ਪੈਦਾ ਨ ਕੀਤੀ ਜਾਂਦੀ ਤਾਂ ਧਾਰਮਕ ਪੱਧਰ ਉਤੇ ਜਾਗਰਤੀ ਪੈਦਾ ਕਰਨਾਂ ਅਸਫਲ ਅਤੇ ਅਜਾਈਂ ਜਾਣਾ ਸੀ। ਕਿਉਂ ਜੋ ਰਾਜਾ ਆਪਣੇ ਝੂਠ ਦੇ ਪਸਾਰੇ ਨਾਲ ਮੁੜ ਲੋਕਾਂ

---

*੧* ਭਗਤ ਰਤਨਾਵਲੀ ਕਿਰਤ ਭਾਈ ਮੰਨੀ ਸਿੰਘ ਜੀ।

ਨੂੰ ਗਲਤ ਪਾਸੇ ਵਲ ਲਗਾ ਸਕਦਾ ਸੀ। ਸੋ ਗੁਰੂ ਸਾਹਿਬ ਨੇਂ ਦੂਰਦਰਸ਼ੀ ਹੁੰਦੇ ਹੋਏ ਅਤੇ ਆਪਣੀ ਸੂਝ ਤੋਂ ਕੰਮ ਲੈਂਦਿਆਂ ਹੋਇਆਂ ਲੋਕਾਂ ਵਿੱਚ ਰਾਜਨੀਤਕ ਪੱਧਰ ਉਤੇ ਵੀ ਜਾਗਰਤੀ ਪੈਦਾ ਕੀਤੀ। ਆਪ ਜੀ ਨੇਂ ਵਾਰ ਵਾਰ ਲੋਕਾਂ ਨੂੰ ਚੇਤਾਵਨੀ ਦਿੱਤੀ ਕਿ ਇਹ ਮਾਇਆ ਅਤੇ ਮਰਾਤਬੇ ਚਿਰਸਥਾਈ ਨਹੀਂ। ਇਹਨਾਂ ਦੇ ਜਾਲ ਅਤੇ ਝੂਠੇ ਪਸਾਰੇ ਤੋਂ ਬਚੋ

ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ॥
ਗੜ੍ਹ ਮੰਦਰ ਗਚਗੀਰੀਆ ਕਿਛੁ ਸਾਥਿ ਨ ਜਾਈ॥
ਸੋਇਨ ਸਾਖਤਿ ਪਉਣਵੇਗ ਧ੍ਰਿਗੁ ਧ੍ਰਿਗੁ ਚਤੁਰਾਈ॥

ਮਹਲਾ ੪
(ਪੰਨਾਂ ੧੨੪੬) ਆਦਿ ਗ੍ਰੰਥ

ਸੋ ਗੁਰੂ ਸਾਹਿਬ ਨੇਂ ਬਿਨਾਂ ਕਿਸੇ ਡਰ ਡਰਾਵੇ ਦੇ ਰਾਜਿਆਂ ਮਹਾਰਾਜਿਆਂ ਦੇ ਝੂਠੇ ਦਾਵਿਆਂ ਦੀ ਨਿਖੇਧੀ ਕੀਤੀ ਅਤੇ ਲੋਕਾਂ ਦੇ ਸਿਰੋਂ ਰਾਜ ਦਰਬਾਰਾਂ ਦਾ ਡਰ ਲਾਹਿਆ।

੧. ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥
ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ॥
ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ॥

ਅਤੇ

੨. ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥

ਸਿਰੀ ਰਾਗੁ ਕੀ ਵਾਰ ਮ:੪
(ਪੰਨਾਂ ੮੪ ਅਤੇ ੯੧) ਆਦਿ ਗ੍ਰੰਥ

੩. ਅਸਾ ਜੋਰੁ ਨਾਹੀ ਜੋ ਕਿਛੁ ਕਰਿ ਹਮ ਸਾਕਹ
ਜਿਉ ਭਾਵੈ ਤਿਵੈ ਬਖਸਿ॥

ਸੂਹੀ ਮਹਲਾ ੪

੪. ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ
ਸਾ ਨਿਹਫਲ ਆਸ ਸਭ ਬਿਰਥੀ ਜਾਈ॥

ਅਤੇ

੫. ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ
ਤਾ ਹਰਿ ਨਿਹਫਲ ਸਭ ਘਾਲ ਗਵਾਸਾ॥

ਗੋਂਡ ਮਹਲਾ ੪
(ਪੰਨਾਂ ੭੩੬, ੮੫੯-੬੦, ੮੬੦)ਆਦਿ ਗ੍ਰੰਥ

ਸਾਹਿਤਕ ਖੇਤਰ ।

ਸਾਹਿਤਕ ਖੇਤਰ ਵਿੱਚ ਵੀ ਗੁਰੂ ਰਾਮਦਾਸ ਸਾਹਿਬ ਜੀ ਦੀ ਮਹਾਨ ਦੇਣ ਹੈ। ਇਹ ਸੱਚ ਹੈ ਕਿ ਸਾਹਿਤ ਜੀਵਨ ਦਾ ਸਹੀ ਦਰਪਣ ਹੈ। ਗੁਰੂ ਸਾਹਿਬ ਨੇਂ ਇਸੇ ਹੀ ਵਿਚਾਰਧਾਰਾ ਅਨੁਸਾਰ, ਆਪਣੇ ਵਿਚਾਰਾਂ ਨੂੰ ਬੋਲੀ ਅਤੇ ਲਿਪੀ, ਦੋਹਾਂ ਸਾਧਨਾਂ ਦੁਆਰਾ ਜਨਤਾ ਤੱਕ ਪੁਚਾਇਆ।

ਆਪ ਜੀ ਨੇਂ ਆਪਣੇ ਕਾਵਿ ਸਾਹਿਤ ਵਿੱਚ ਅਨੇਕ ਪ੍ਰਕਾਰ ਦੇ ਤਜਰਬੇ ਕੀਤੇ। ਆਪ ਜੀ ਨੇਂ ਆਪਣੇ ਭਾਵਾਂ ਨੂੰ ਉਜਾਗਰ ਕਰਨ ਲਈ ਕਿਧਰੇ ੨ ਪੁਰਾਣੇ ਭਾਰਤੀ ਮੱਤਾਂ ਮੱਤਾਂਤਰਾਂ ਦੀ ਪ੍ਰਚਲਤ ਸ਼ੁਬਦਾਵਲੀ ਗ੍ਰਹਿਣ ਕੀਤੀ। ਜਿਥੇ ਉਹ ਸ਼ੁਬਦਾਵਲੀ ਕਾਫੀ ਨਹੀਂ ਸੀ ਉਥੇ ਆਪ ਜੀ ਨੇਂ ਆਪਣੇ ਵੀ ਸ਼ੁਬਦ ਘੜੇ, ਜਿਨ੍ਹਾਂ ਨੇਂ ਪੰਜਾਬੀ ਸ਼ੁਬਦ ਭੰਡਾਰ ਵਿੱਚ ਘਣਾ ਵਾਧਾ ਕੀਤਾ ਜਾਪਦਾ ਹੈ। ਜਦੋਂ ਆਪ ਜੀ ਨੇਂ ਇਹ ਮਹਿਸੂਸ ਕੀਤਾ ਕਿ ਗੁਰੂ ਸਾਹਿਤ ਵਿੱਚ ਪ੍ਰਚਲਤ ਰਾਗ ਆਪ ਜੀ ਦੇ ਵਲਵਲੇ ਦੇ ਵੇਗ ਨੂੰ ਠਲਣ ਵਿੱਚ ਅਸਮਰੱਥ ਸਨ, ਓਦੋਂ ਆਪ ਜੀ ਨੇਂ ਨਵੇਂ ਰਾਗਾਂ ਨੂੰ ਗ੍ਰਹਿਣ ਕੀਤਾ। ਇਹ ਵੀ ਹੋ ਸਕਦਾ ਹੈ ਕਿ ਗਦ ਕਾਵਿ ਦੀ ਪ੍ਰੰਪਰਾ ਨੂੰ ਵੀ ਆਪ ਜੀ ਨੇਂ ਹੀ ਜਨਮ ਦਿੱਤਾ ਹੋਵੇ। ਪੰਜਾਬੀ ਸਾਹਿਤ ਵਿੱਚ ਇਹ ਪਹਿਲਾ ਤਜਰਬਾ ਲਗਦਾ ਹੈ। ਇਸ ਵਿੱਚ ਕੋਈ ਸ਼ੁਕ ਨਹੀਂ ਕਿ ਆਪ ਜੀ ਨੇਂ ਪ੍ਰੰਪਰਾਈ ਕਾਵਿ ਧਾਰਾਵਾਂ ਨੂੰ ਅਪਣਾਇਆ ਹੈ ਪਰ ਕਿਧਰੇ ਕਿਧਰੇ ਉਨ੍ਹਾਂ ਨੂੰ ਕਲਾਤਮਕ ਸਪੱਰਸ਼ ਦੇ ਕੇ, ਆਪ ਜੀ ਨੇਂ ਉਨ੍ਹਾਂ ਦਾ ਰੂਪ ਹੀ ਬਦਲ ਕੇ ਰੱਖ ਦਿੱਤਾ ਹੈ। ਆਪ ਨੇਂ ਪਿੰਗਲ ਦੀ ਨਵਾਬੀ ਜਤੀ ਵਾਲੀ ਕੈਦ ਨੂੰ ਪ੍ਰਵਾਨ ਨਹੀਂ ਕੀਤਾ। ਖਿਆਲਾਂ ਦੇ ਰੂਪ ਨਾਲ ਕਵਿਤਾ ਦੇ ਰੂਪ ਵੀ ਬਦਲਦੇ ਰਹੇ ਜਾਪਦੇ ਹਨ। ਆਪ ਜੀ ਦਾ ਬਿੰਬ ਵਿਧਾਨ ਬੜਾ ਵਿਸ਼ਾਲ ਹੈ।

ਗੁਰੂ ਰਾਮਦਾਸ ਜੀ ਦੀ ਇਸੇ ਹੀ ਸਾਹਿਤਕ ਦੇਣ ਨੇਂ ਜਨਤਾ ਵਿੱਚ ਇੱਕ ਨਵੀਂ ਰੂਹ ਫੂਕੀ। ਮਿਸਾਲ ਦੇ ਤੌਰ ਉਤੇ ਵਾਰ ਜੋ ਉਸ ਸਮੇਂ ਦਾ ਅਤਿ ਪਿਆਰਾ ਕਾਵਿ ਰੂਪ ਸੀ, ਉਸ ਨੂੰ ਅਪਣਾਂਦਿਆਂ ਹੋਇਆਂ ਗੁਰੂ ਸਾਹਿਬ ਨੇਂ ਪਹਿਲੇ ਗੁਰੂ ਸਾਹਿਬਾਂ ਦੀਆਂ ਦਿੱਤੀਆਂ ਹੋਈਆਂ ਵਾਰਾਂ ਨਾਲੋਂ ਵੀ ਵੱਧ ਗਿਣਤੀ ਵਿੱਚ ਵਾਰਾਂ ਲਿਖੀਆਂ।

ਸੋ ਚੇਤੰਨ ਭਾਂਤ ਦੇ ਮਨੁੱਖ ਨੇਂ ਚੇਤੰਨ ਭਾਂਤ ਦਾ ਸਾਹਿਤ ਲਿਖ ਕੇ

ਜਨਤਾ ਨੂੰ ਵੀ ਚੇਤੰਨ ਕੀਤਾ। ਜਦੋਂ ਕੁਝ ਕੁ ਮਕਾਰ ਲੋਕਾਂ ਦੀਆਂ ਬੁਰਾਈਆਂ ਨੂੰ ਸੁਰ੍ਹੇ ਆਮ ਗਾਇਆ, ਸੁਣਾਇਆ ਅਤੇ ਵਿਚਾਰਿਆ ਜਾਣ ਲਗਾ ਤਾਂ ਉਨ੍ਹਾਂ ਨੇਂ ਆਪਣੇ ਬੁਰੇ ਕਰਮਾਂ ਤੋਂ ਕਿਨਾਰਾ ਕਰਨਾਂ ਸ਼ੁਰੂ ਕੀਤਾ।

ਅਗਲੇ ਅਧਿਆਏ ਵਿੱਚ ਇਸੇ ਹੀ ਪੱਖ ਉਤੇ ਹੋਰ ਖੁਲੀ ਵਿਚਾਰ ਕੀਤੀ ਜਾਵੇਗੀ।

3. ਪ੍ਰਭਾਵ (Influences)

ਜਦੋਂ ਵੀ ਕੋਈ ਨਵੀਂ ਵਸਤੂ ਜਨਮ ਲੈਂਦੀ ਹੈ ਉਹ ਕਿਸੇ ਪੁਰਾਣੀ ਵਸਤੂ ਦਾ ਹੀ ਨਵਾਂ ਰੂਪ ਧਾਰਨ ਕਰਦੀ ਹੈ। ਨਵਾਂ ਰੂਪ ਅਸਲ ਵਿੱਚ ਧਿਆਨ ਵਿੱਚ ਟਿੱਕ ਚੁਕੇ ਕਿਸੇ ਪੁਰਾਣੇ ਰੂਪ ਦਾ ਹੀ ਪ੍ਰਤੀਬਿੰਬ ਹੋਇਆ ਕਰਦਾ ਹੈ। ਜੇ ਇਹ ਨਹੀਂ ਤਾਂ ਨਵਾਂ ਰੂਪ ਪੈਦਾ ਕਿਵੇਂ ਹੋਇਆ? ਛੋਟੀ ਜਹੀ ਮਿਸਾਲ ਹੈ ਕਿ ਇੱਕ ਪੁਰਾਣਾ ਮਕਾਨ ਦੀਵਾਰਾਂ ਦੇ ਸਿਰ ਤੇ ਬਣਿਆ ਹੋਇਆ ਹੈ ਪਰ ਅਜੋਕੇ ਨਵੇਂ ਮਕਾਨ ਨੂੰ ਪਾਏ ਖੜੇ ਕਰਕੇ ਵਿਚਕਾਰਲੀ ਥਾਂ ਸ਼ੀਸ਼ੇ ਭਰ ਦਿੱਤੇ ਗਏ ਹਨ। ਕਹਿਣ ਨੂੰ ਤਾਂ ਅਸੀਂ ਕਹਿੰਦੇ ਹਾਂ ਕਿ ਇਹ ਨਵੀਂ ਭਾਂਤ ਦਾ ਮਕਾਨ ਬਣਾਇਆ ਗਇਆ ਹੈ। ਪਰ ਜੇ ਆਪਣੇ ਧਿਆਨ ਨੂੰ ਪੁਰਾਣੀ ਭਾਂਤ ਦੇ ਮਕਾਨ ਵਲ ਲੈ ਜਾਈਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਨਵਾਂ ਮਕਾਨ ਕੁਝ ਘੜਨ ਸਵਾਰਨ ਮਗਰੋਂ ਪੁਰਾਣੇ ਰੂਪ ਦਾ ਹੀ ਪ੍ਰਤੀਬਿੰਬ ਹੈ। ਜਦੋਂ ਵੀ ਕੋਈ ਨਵੀਂ ਪਗਡੰਡੀ ਬਣਿਆ ਕਰਦੀ ਹੈ ਉਹ ਕਿਸੇ ਪੁਰਾਣੀ ਸੜਕ ਤੋਂ ਹੀ ਸ਼ੁਰੂ ਹੋਇਆ ਕਰਦੀ ਹੈ। ਪਹਿਲੀ ਸੜਕ ਦਾ ਰਸਤਾ ਸਾਡੇ ਅਨੁਭਵ ਵਿੱਚ ਟਿਕ ਚੁਕਿਆ ਹੋਇਆ ਹੁੰਦਾ ਹੈ ਤਾਂ ਹੀ ਤਾਂ ਕੋਈ ਨਵੀਂ ਪਗਡੰਡੀ ਕਢਣ ਦੀ ਸੁਝਦੀ ਹੈ। ਸੋ ਹਰ ਕਾਵ ਅਤੇ ਹਰ ਰਚਨਾਂ ਲਈ ਕੋਈ ਨ ਕੋਈ ਪੁਰਾਣੀ ਜ਼ਮੀਨ ਪਹਿਲਾਂ ਹੋਂਦ ਵਿੱਚ ਆ ਚੁਕੀ ਹੁੰਦੀ ਹੈ। ਸਾਡੇ ਨਵੇਂ ਘਰ, ਪਿੰਡ ਅਤੇ ਸ਼ਹਿਰ ਕਿਸੇ ਨਵੇਂ ਮਨੁੱਖ ਨੇਂ ਨਹੀਂ ਸਗੋਂ ਆਦਿ ਕਾਲ ਵਿੱਚ ਵਿਚਰਦੇ ਹੋਏ ਮਨੁੱਖ ਨੇਂ ਘੜੇ ਉਸਾਰੇ ਹਨ। ਸੋ ਹਰ ਨਵੀਨਤਾ ਪ੍ਰਾਚੀਨਤਾ ਤੋਂ ਹੀ ਜਨਮ ਲੈਂਦੀ ਹੈ ਅਤੇ ਨਵੀਨ ਪ੍ਰਕ੍ਰਾਸ਼ ਪਾ ਕੇ ਜਗਮਗਾ ਉਠਦੀ ਹੈ। ਤਾਂ ਇਸ ਪੱਧਰ ਉਤੇ ਨਵੀਨਤਾ ਅਤੇ ਪ੍ਰਾਚੀਨਤਾ ਇੱਕ ਜਾਨ ਹਨ। ਜਦੋਂ ਇਹ ਆਖਿਆ ਜਾਂਦਾ ਹੈ:-

ਜਨਨੀ ਜਨੈ ਤ ਭਗਤ ਜਨੁ ਕੈ ਦਾਤਾ ਕੈ ਸੂਰ॥
ਨਹੀਂ ਤ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ॥

ਤਾਂ ਸਾਬਤ ਹੁੰਦਾ ਹੈ ਕਿ ਨਵੇਂ ਜਮਦੇ ਬੱਚੇ ਨੂੰ ਪੁਰਾਣੀ ਮਾਂ ਆਪਣਾ ਰੂਪ ਦਿੰਦੀ ਹੈ। ਸੋ ਨਵੀਨਤਾ ਅਤੇ ਪ੍ਰਾਚੀਨਤਾ ਦਾ ਨਹੁੰ ਮਾਸ ਵਾਲਾ ਸਬੰਧ ਹੈ।

ਇਸੇ ਆਧਾਰ ਉਤੇ ਹਰ ਨਵਾਂ ਲੇਖਕ ਆਪਣੇ ਵਿਚਾਰਾਂ ਨੂੰ ਆਪਣੇ ਸਾਹਿਤ ਦੇ ਪਿਤਾ ਪੁਰਖੀ ਲਖਾਰੀਆਂ ਦੀਆਂ ਪਾਈਆਂ ਹੋਈਆਂ ਲੀਹਾਂ ਉਤੇ ਹੀ ਉਭਾਰਿਆ ਕਰਦਾ ਹੈ। ਇਹ ਗਲ ਵੱਖਰੀ ਹੈ ਕਿ ਸਮੇਂ ਦੀਆਂ ਲੋੜਾਂ ਅਨੁਸਾਰ ਵਾਧੇ ਘਾਟੇ ਕਰਨ ਦਾ ਉਸ ਨੂੰ ਪੂਰਾ ਪੂਰਾ ਹੱਕ ਹੋਇਆ ਕਰਦਾ ਹੈ। ਨਵੀਨਤਾ ਦੇ ਗੁਣ ਔਗੁਣ ਵੇਖਣ ਸਮੇਂ ਵੀ ਅਸੀਂ ਉਸ ਨੂੰ ਪੁਰਾਤਨਤਾ ਜਾਂ ਪ੍ਰਾਚੀਨਤਾ ਦੀਆਂ ਕਸੌਟੀਆਂ ਉਤੇ ਹੀ ਪਰਖਿਆ ਕਰਦੇ ਹਾਂ। ਮਿਸਾਲ ਦੇ ਤੌਰ ਉਤੇ ਅਸੀਂ ਵੇਖ ਸਕਦੇ ਹਾਂ ਕਿ ਜਦੋਂ ਗੁਰੂ ਸਾਹਿਬ ਨੇਂ ਇਹ ਸਾਬਤ ਕਰਨਾਂ ਸੀ ਕਿ ਪ੍ਰਭੂ 'ਨਾਮੁ ਨਿਧਾਨੁ' ਹੈ ਅਤੇ ਉਸ ਦੇ ਜਪਣ ਨਾਲ ਮਨੁੱਖ ਦਾ ਉਧਾਰ ਹੁੰਦਾ ਹੈ ਤਾਂ ਆਪ ਜੀ ਨੇਂ ਸੁਕ, ਜਨਕ, ਸੁਦਾਮਾ, ਧਰੂ, ਪ੍ਰਹਿਲਾਦ, ਬਿਦਰ, ਨਾਮਾ, ਕਬੀਰ, ਜੈਦੇਉ, ਤ੍ਰਿਲੋਚਨ, ਅਜਾਮਲੁ, ਉਗਰਸੈਨਿ, ਧਨਾ ਅਤੇ ਬਾਲਮੀਕੁ ਆਦਿਕ ਦੀ ਭਗਤੀ ਦੇ ਹਵਾਲੇ ਦਿੱਤੇ ਹਨ। ਜਿਹੜੇ ਭਗਤ ਇਸ ਖੇਤਰ ਵਿੱਚ ਆਪ ਜੀ ਤੋਂ ਪਹਿਲਾਂ ਹੋ ਗੁਜ਼ਰੇ ਸਨ।

ਜਦੋਂ ਗੁਰੂ ਸਾਹਿਬ ਨੇਂ "ਸਰਗੁਣ" ਦੀ ਥਾਂ "ਨਿਰਗੁਣ ਪ੍ਰਭੂ" ਦਾ ਪ੍ਰਚਾਰ ਕਰਨਾਂ ਸੀ ਤਾਂ ਨਿਰਗੁਣ ਦਾ ਵਿਚਾਰ ਵੀ ਤਾਂ ਸਰਗੁਣ ਧਾਰਾ ਦੇ ਹੋਂਦ ਵਿੱਚ ਹੋਣ ਕਰਕੇ ਹੀ ਪੈਦਾ ਹੋਇਆ ਜਾਪਦਾ ਹੈ। ਪਰ ਇਸਦੇ ਨਾਲ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਇਸ ਪ੍ਰਕਾਰ ਨਵੀਨਤਾ ਦੀ ਕੀਮਤ ਆਪਣੇ ਆਪ ਵਿੱਚ ਕਦੀ ਘਟ ਨਹੀਂ ਜਾਂਦੀ। ਜਦੋਂ ਵੀ ਉਧਾਰੇ ਰੂਪ ਵਿੱਚ ਕੋਈ ਨਵੀਂ ਚੀਜ਼ ਮਿਲਾਈ ਜਾਂਦੀ ਹੈ ਤਾਂ ਹੀ ਉਹ ਨਵੀਂ ਬਣਦੀ ਹੈ। ਸੋ ਜਦੋਂ ਵੀ ਕੋਈ ਨਵਾਂ ਤੱਤ ਪੁਰਾਣੇ ਤੱਤਾਂ ਵਿੱਚ ਮਿਲਿਆ ਤਾਂ ਉਸਨੇਂ, ਪੁਰਾਤਨਤਾ ਵਿੱਚ ਕੁਝ ਵਾਧਾ ਕਰਕੇ ਉਸ ਪੁਰਾਤਨਤਾ ਨੂੰ ਕੋਈ ਨ ਕੋਈ ਨਵਾਂ ਰੂਪ ਦੇ ਦਿੱਤਾ।

ਗੁਰ ਸਾਹਿਤ ਅਤੇ ਵਿਚਾਰ ਧਾਰਾ ਵਿੱਚ, ਭਾਵੇਂ ਗੁਰ ਰਾਮਦਾਸ ਸਾਹਿਬ ਨੇਂ ਆਪਣੇ ਬਜੁਰਗਾਂ ਵਾਂਗ ਨਾਮ, ਸਿਮਰਨ, ਸਤਿ ਸੰਗਤ, ਕੀਰਤਨ ਅਤੇ ਸੇਵਾ ਆਦਿਕ ਉਚੇ ਗੁਣਾ ਉਤੇ ਜ਼ੋਰ ਦਿੱਤਾ,*੧* ਪਰ ਇਸਦੇ ਨਾਲ ਹੀ ਆਪ ਜੀ ਨੇਂ ਆਪਣੀ ਨਿਜੀ ਸੁਖਸੀਅਤ ਤੋਂ ਵੀ ਜਨਤਾ ਨੂੰ ਰਜਵੇਂ ਤੌਰ ਉਤੇ ਪ੍ਰਭਾਵਤ ਕੀਤਾ। ਇਸ ਪ੍ਰਭਾਵ ਦੀ ਗਵਾਹੀ ਆਪ ਜੀ ਦਾ ਰਚਿਆ ਹੋਇਆ ਸਾਹਿਤ ਹੀ ਦੇ ਸਕਦਾ ਹੈ। ਆਪ ਜੀ ਦੇ ਸਾਹਿਤ ਤੋਂ ਬਾਹਰ ਹੋਰ ਕੋਈ ਅਜਿਹਾ ਸੋਮਾਂ ਨਹੀਂ

---

*੧* "ਪੰਜਾਬੀ ਦੁਨੀਆਂ" ਅਕਤੂਬਰ, ਨਵੰਬਰ ੧੯੬੨ ਪੰਨਾਂ ੭੬
ਗੁਰੂ ਰਾਮਦਾਸ ਜੀ ਦੀ ਬਾਣੀ ਲੇਖਕ ਡਾ: ਤਾਰਨ ਸਿੰਘ

ਸਾਰੇ ਸਿਧਾਂਤਕ ਵਿਚਾਰ ਆਪ ਜੀ ਦੀ ਰਚਨਾਂ ਦੇ ਤਾਣੇ ਪੇਟੇ ਵਿੱਚ ਸਮਾਏ ਹੋਏ ਹਨ, ਜਿਵੇਂ ਕਿ ਬ੍ਰਹਮ, ਆਤਮਾ, ਪ੍ਰਕ੍ਰਿਤੀ, ਬੰਧਨ ਤੇ ਮੁਕਤੀ। ਇਹ ਦਰਸ਼ਨ ਦੇ ਮਸਲੇ ਹਨ। ਧਾਰਮਕ ਸਿਧਾਂਤ ਜਿਵੇਂ ਗੁਰ, ਨਾਮ, ਮਨ ਬਾਰੇ ਆਪ ਦੀ ਹਰ ਰਚਨਾ ਦੇ ਵਿਚਾਰ ਖਿਲਰੇ ਹੋਏ ਹਨ, ਤਿਵੇਂ ਹੀ ਰੋਜ਼ਾਨਾ ਸਦਾਚਾਰ, ਸਭਿਆਚਾਰ ਤੇ ਪਰਸਾਰ ਮਨੁੱਖੀ ਵਿਹਾਰ ਬਾਰੇ ਹਰ ਰਚਨਾ ਵਿੱਚ ਕੋਈ ਨਾ ਕੋਈ ਸੰਕੇਤ ਹੈ। ਇਸੇ ਤਰ੍ਹਾਂ ਆਤਮਕ ਉਨਤੀ ਵਿੱਚ ਸਹਾਇਕ ਹੋਣ ਵਾਲੇ ਸਾਧਨਾ ਦਾ ਵਿਸਥਾਰ ਤੇ ਆਤਮਕ ਉਨਤੀ ਵਿੱਚ ਵਿਘਨਕਾਰੀ ਸਿਧ ਹੋਣ ਵਾਲੇ ਕਰਤਵਾਂ ਦੀ ਪਹਿਚਾਨ ਕਰਵਾਈ ਹੈ। ਗੁਰ-ਧਿਆਨ, ਨਾਮ-ਸਿਮਰਨ, ਸਾਧ ਸੰਗਿ, ਸੰਤ-ਸੇਵਾ, ਕੀਰਤਨ, ਸਰੀਰਕ ਸੇਵਾ, ਪਾਠ-ਵਿਚਾਰ, ਪੁੰਨ-ਦਾਨ, ਸਤਿ ਸੰਗਤ, ਅੰਮ੍ਰਿਤ ਵੇਲੇ ਦਾ ਜਾਗਣਾ, ਸੋਚ-ਇਸ਼ਨਾਨ, ਸਦਾਚਾਰਕ ਕਰਮ ਤੇ ਵਤੀਰਾ ਸਭ ਆਤਮਕ ਉਨਤੀ ਲਈ ਸਹਾਇਕ ਹਨ। ਆਮ ਕਰਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਦਾ ਪੰਜੋਗੜਾ, ਬਹੁਰੂਪੀ ਮਾਇਆ ਦਾ ਲੋਭ, ਪਖੰਡ, ਭੇਖ, ਭਰਮ, ਅਗਿਆਨਤਾ, ਗੁਰ ਨਿੰਦਾ, ਸਾਧ ਵਿਰੋਧ, ਸੰਤ ਨਿੰਦਾ, ਰਿਧੀਆਂ ਦੀ ਉਪਾਸ਼ਨਾ, ਤੇ ਆਪ ਹੁਦਰਾਪਨ ਆਤਮਕ ਅਵਨਤੀ ਵਲ ਲੈ ਜਾਂਦੇ ਹਨ।

ਇਹ ਸਾਰੇ ਗੁਰ ਸਾਹਿਬਾਨ ਦੇ ਸਰਬ-ਸਾਂਝੇ ਵਿਸ਼ੇ ਹਨ। ਹਰ ਰਚਨਾਂ ਵਿੱਚ ਇਨ੍ਹਾਂ ਵਿਸ਼ਿਆਂ, ਸਿਧਾਂਤਾਂ ਤੇ ਵਿਚਾਰਾਂ ਦੇ ਸੰਕੇਤ ਸ਼ਾਮਲ ਹੁੰਦੇ ਹਨ। ਨਾ ਕੇਵਲ ਗੁਰ ਸਾਹਿਬਾਨ ਵਿੱਚ, ਸਗੋਂ ਸਾਰੇ ਸੰਸਾਰ ਦੀ ਅਧਿਆਤਮਕ, ਧਾਰਮਕ ਤੇ ਰਹਿਸਵਾਦੀ ਕਵਿਤਾ ਵਿੱਚ ਇਹੋ ਵਿਸ਼ੇ ਹਨ।

ਜਿਹੜਾ ਇਸ ਗਲ ਦੀ ਸਾਖੀ ਭਰ ਸਕੇ। ਸੋ ਹੇਠ ਲਿਖੇ ਪੱਖਾਂ ਤੋਂ ਅਸੀਂ ਆਪ ਜੀ ਦੇ ਸਮਾਜ ਉਤੇ ਪ੍ਰਭਾਵ ਦਾ ਜਾਇਜ਼ਾ ਲਵਾਂਗੇ।

ੳ) ਸੇਵਾ।

ਸੇਵਾ ਅਤੇ ਸੇਵਕ ਦੀ ਮਿਸਾਲ ਆਪ ਜੀ ਨੇਂ ਜਨਤਾ ਨੂੰ ਆਪਣੇ ਅਮਲੀ ਜੀਵਨ ਵਿੱਚੋਂ ਦਿੱਤੀ। ਆਪ ਸਾਹਿਬ ਸ੍ਰੀ ਗੁਰ ਅਮਰਦਾਸ ਜੀ ਦੀ ਹਜ਼ੂਰੀ ਵਿੱਚ ਆਮ ਮਨੁੱਖ ਅਤੇ ਜਵਾਈ ਦੋਹਾਂ ਹੀ ਰੂਪਾਂ ਵਿੱਚ ਪੂਰਨ ਤੌਰ ਉਤੇ ਨਿਰਮਾਣ ਸੇਵਕ ਬਣੇ ਰਹੇ। ਆਪ ਜੀ ਨੇਂ ਹਜ਼ੂਰ ਦੇ ਅਨਿਨ ਸੇਵਕ ਹੋਣ ਦਾ ਸਬੂਤ ਦਿੱਤਾ, ਜਿਸ ਬਾਰੇ ਇਥੇ ਬਹੁਤੇ ਵਿਸਤਾਰ ਦੀ ਲੋੜ ਨਹੀਂ। ਆਪ ਜੀ ਦੇ ਹੀ ਜੀਵਨ ਦੀ ਮਿਸਾਲ ਲੈਂਦਿਆਂ ਹੋਇਆ ਜਨਤਾ ਵਿੱਚ ਸਚੇ ਗੁਰੂ ਦੀ ਕਦਰ ਅਤੇ ਸੇਵਾ ਦੀ ਰੀਤ ਚਲੀ।

ਅ) ਪਰਗਾਸੁ

ਆਪ ਜੀ ਨੇਂ ਜਨਤਾ ਵਿੱਚ ਇੱਕ ਲੀਹ ਪਾਈ ਕਿ ਜੇ ਕੁਝ ਮੰਗਣਾ ਹੈ ਤਾਂ ਸਰਬ ਵਿਨਾਸ਼ਕਾਰੀ ਵਸਤੂਆਂ ਦੀ ਥਾਂ ਅਵਿਨਾਸ਼ੀ ਨਾਮ ਦੀ ਮੰਗ ਕਰੋ। ਇਸ ਨਾਮੁ ਦੀ ਮੰਗ ਦੇ ਨਾਲ ਨਾਲ ਆਪ ਜੀ ਦੀ ਵਿਸ਼ੇਸ਼ ਮੰਗ ਪਰਗਾਸੁ ਹੈ।

ਗੁਰੂ ਨਾਨਕ ਸਾਹਿਬ ਨੇਂ ਆਪਣੇ ਸਮੇਂ ਵਿੱਚ ਨਿਰਮਲਤਾ ਮੰਗੀ, ਗੁਰੂ ਅਮਰਦਾਸ ਸਾਹਿਬ ਜੀ ਨੇਂ ਅਨੰਦ, ਗੁਰੂ ਅਰਜਨ ਸਾਹਿਬ ਨੇਂ ਨਾਮ ਅਤੇ ਗੁਰੂ ਗੋਬਿੰਦ ਸਿੰਘ ਜੀ ਨੇਂ ਸੁਭ ਕਰਮਨ। ਸੋ ਆਪ ਜੀ ਨੇਂ ਪਰਗਾਸੁ ਦੀ ਦਾਤ ਮੰਗੀ।

ਹਰਿ ਕੇ ਜਨ ਸਤਿਗੁਰ ਸਤਪੁਰਖਾ
ਹਉ ਬਿਨਉ ਕਰਉ ਗੁਰਪਾਸਿ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ
ਕਰ ਦਇਆ ਨਾਮੁ ਪਰਗਾਸਿ॥
ਮੇਰੇ ਮੀਤ ਗੁਰਦੇਵ ਮੋ ਕਉ ਰਾਮਨਾਮੁ ਪਰਗਾਸਿ॥੧॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ।
ਹਰਿ ਕੀਰਤਿ ਹਮਰੀ ਰਹਰਾਸਿ॥

ਹਰਿਜਨ ਕੇ ਵਡਭਾਗ ਵਡੇਰੇ
ਜਿਨ ਹਰਿ ਹਰਿ ਸਰਧਾ ਹਰਿ ਪਿਆਸ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ
ਮਿਲਿ ਸੰਗਤਿ ਗੁਣ ਪਰਗਾਸਿ॥
...... ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਨਾਨਕ ਨਾਮੁ ਪਰਗਾਸਿ॥

ਰਾਗੁ ਗੂਜਰੀ ਮਹਲਾ ੪
(ਪੰਨਾਂ ੪੯੨) ਆਦਿ ਗ੍ਰੰਥ

ਰਾਗੁ ਗੂਜਰੀ ਦੇ ਇਸ ਇੱਕ ਸ਼ਬਦ ਵਿੱਚ ਗੁਰੂ ਸਾਹਿਬ ਨੇਂ ਪਰਗਾਸਿ ਦੀ ਦਾਤ ਚਾਰ ਵਾਰੀ ਮੰਗੀ ਹੈ।

ੲ) ਬਿਹਬਲਤਾ ।

? ਸਮਾਂ ਅਤੇ ਸਮਾਜ ਇਹ ਜਾਣਨਾਂ ਚਾਹੁੰਦਾ ਸੀ ਕਿ ਪਿਆਰ, ਵਲੇਵਲਾ, ਕਰਲਾਹਟ ਅਤੇ ਬਿਹਬਲਤਾ ਕਿਸ ਲਈ ਹੋਵੇ? ਗੁਰੂ ਸਾਹਿਬ ਨੇਂ ਇਸ ਪ੍ਰਸ਼ਨ ਦਾ ਬੜਾ ਸੁਹਣਾ ਉਤਰ ਦਿੱਤਾ ਹੈ। ਆਪ ਜੀ ਅਨੁਸਾਰ ਵਿਨਾਸ਼ੀ ਪ੍ਰੀਤਮ ਲਈ ਕੀ ਬਿਹਬਲ ਹੋਣਾ ਹੋਇਆ। ਬਿਹਬਲ ਹੋਈਏ ਤਾਂ ਅਵਿਨਾਸ਼ੀ ਪ੍ਰੀਤਮ ਲਈ। ਉਸ ਪ੍ਰੀਤਮ ਲਈ ਜੋ " ਨ ਮਰੈ ਨ ਜਾਇਆ"। ਅਜਿਹੇ ਪ੍ਰਭੂ ਪ੍ਰੀਤਮ ਲਈ ਤਾਂ ਆਪ ਜੀ ਉਪਭਾਵਕ ਹੋ ਜਾਂਦੇ ਹਨ

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥
ਹਉ ਰਹਿਨਸਕਾ ਬਿਨੁ ਦੇਖੇ ਪ੍ਰੀਤਮਾ
ਮੈ ਨੀਰੁ ਵਹੇ ਵਹਿ ਚਲੈ ਜੀਉ॥

ਰਾਗੁ ਮਾਝ ਮਹਲਾ ੪
( ਪੰਨਾਂ ੯੪) ਆਦਿ ਗ੍ਰੰਥ

ਸੋ ਜਨਤਾ ਨੇਂ ਥਾਂ ਥਾਂ ਧੱਕੇ ਖਾਣ ਦੀ ਥਾਂਵੇਂ ਇੱਕ ਪ੍ਰਭੂ ਪ੍ਰੀਤਮ ਦੀ ਸੇਧ ਫੜੀ। ਆਪ ਜੀ ਨੇਂ ਜਨਤਾ ਨੂੰ ਦ੍ਰਿੜ ਕਰਵਾਇਆ ਕਿ ਅਜਿਹੇ ਪ੍ਰੀਤਮ ਦੀ ਝਾਕ, ਉਨ੍ਹਾਂ ਦੇ ਅੰਦਰ ਇੱਕ ਟਿਕਾਉ ਲਿਆਵੇਗੀ ਅਤੇ ਉਸਦੀ ਪ੍ਰਾਪਤੀ, ਉਨ੍ਹਾਂ

ਲਈ ਮੁਕਤੀ ਦਾ ਦਰ ਖੋਲੇਗੀ।

## ਸ) ਅਦਵੈਤ ( ਪ੍ਰਭੂ ਇੱਕ ਹੈ)

ਜਿਉ ਪਸਰੀ ਸੂਰਜ ਕਿਰਣਿ ਜੋਤਿ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ॥
ਏਕੋ ਹਰਿ ਰਵਿਆ ਸ੍ਰਬ ਥਾਇ॥
ਗੁਰਸਬਦੀ ਮਿਲੀਐ ਮੇਰੀ ਮਾਇ॥

ਰਾਗੁ ਬਸੰਤੁ ਮਹਲਾ ੪
( ਪੰਨਾਂ ੧੧੭੭) ਆਦਿ ਗ੍ਰੰਥ

ਗੁਰੂ ਕਾਲ ਤੋਂ ਪਹਿਲਾਂ ਪ੍ਰਮਾਤਮਾਂ ਨੂੰ ਅਨੇਕ ਪ੍ਰਕਾਰ ਦੇ ਰੂਪਾਂ ਵਿੱਚ ਮੂਰਤੀ ਮਾਨ ਹੋਇਆ ਮੰਨਿਆ ਜਾਂਦਾ ਸੀ। ਗੁਰੂ ਸਾਹਿਬ ਦਾ ਅਤੇ ਸਾਰੇ ਭਗਤੀ ਮੱਤ ਦਾ ਇਹ ਦਾਹਵਾ ਸੀ ਕਿ ਪ੍ਰਭੂ ਇੱਕ ਹੈ ਅਤੇ ਉਹ ਹਰ ਥਾਂ ਸਮਾਇਆ ਹੋਇਆ ਹੈ। ਉਸਦਾ ਕੋਈ ਇੱਕ ਨਿਸਚਤ ਦਾਇਰਾ ਨਹੀਂ ਕਿ ਜਿਸ ਵਿੱਚ ਉਹ ਲੁਕਿਆ ਬੈਠਾ ਹੈ ਅਤੇ ਜਿਸ ਤੋਂ ਬਾਹਰਾ ਉਹ ਹੋ ਨਹੀਂ ਸਕਦਾ। ਉਹ ( ਪ੍ਰਭੂ) ਦੇਸ਼ ਅਤੇ ਕਾਲ ਤੋਂ ਰਹਿਤ ਹੈ। ਉਹ ਸਾਡੇ ਲਈ ਤਾਂ ਅਦ੍ਰਿਸ਼ਟ ਹੈ( ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ। ਪੰਨਾਂ ੧੧੦੦ ਆਦਿ ਗ੍ਰੰਥ), ਪਰ ਆਪ " ਸਰਬ ਰਹਿਆ ਸਮਾਈ ਹੈ।

੧. ਸਰਬੇ ਰਵਿ ਰਹਿਆ ਸੁਖਦਾਤਾ॥
ਅਤੇ
ਸਰਬੇ ਰਵਿ ਰਹਿਆ ਘਟ ਵਾਸੀ॥

੨. ਹਰਿ ਅਗਮੁ ਅਗੋਚਰੁ ਸਦਾ ਅਬਿਨਾਸੀ॥
ਅਤੇ
ਤਿਸੁ ਬਿਨੁ ਅਵਰੁ ਨ ਕੋਈ ਦਾਤਾ ਹਰਿ
ਤਿਸਹਿ ਸਰੇਵਹੁ ਪ੍ਰਾਣੀ ਹੇ॥

ਮਾਰੂ ਮਹਲਾ ੪
(ਪੰਨਾਂ ੧੦੭੦) ਆਦਿ ਗ੍ਰੰਥ

੩. ਸਰਬ ਜੀਆ ਪ੍ਰਤਿਪਾਲਦਾ ਕੇਰੀ ਜਿੰਦੜੀਏ
ਪੂਰਨ ਪੁਰਖੁ ਬਿਧਾਤਾ ਰਾਮ॥

ਬਿਹਾਗੜਾ ਮਹਲਾ ੪
(ਪੰਨਾਂ ੫੪੧) ਆਦਿ ਗ੍ਰੰਥ

ਇਹਨਾਂ ਵਿਚਾਰਾਂ ਨੇਂ ਜਨਤਾ ਦੇ ਦਿਲਾਂ ਉਤੇ ਘਰ ਕਰ ਲਇਆ ਅਤੇ ਉਹ ਇਸ ਵਿਚਾਰ ਦੇ ਧਾਰਨੀ ਹੋ ਗਏ ਕਿ ਪ੍ਰਭੂ ਇੱਕ ਹੀ ਹੈ। ਉਹ ਅਸੀਮ ਪ੍ਰਮਾਤਮਾਂ ਸਭ ਦੇ ਨੇੜੇ ਹੈ, ਅਤੇ "ਸਰਬ ਜੀਆ ਪ੍ਰਿਤਪਾਲਦਾ" ਹੈ। ਇਹ ਭੁਲੇਖਾ ਹੈ ਕਿ ਉਹ(ਪ੍ਰਭੂ) ਸਾਥੋਂ ਬਹੁਤ ਦੂਰ ਅਤੇ ਅਪੁੰਹਚ ਹੈ। ਉਹ ਤਾਂ ਕੇਵਲ ਮਨਮੁਖਾਂ ਨੂੰ ਹੀ ਦੂਰ ਹੈ ਪਰ ਗੁਰਮੁਖਾਂ ਲਈ ਤਾਂ

ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥
ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ॥
ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ॥

ਸੋਰਠਿ ਮਹਲਾ ੪
(ਪੰਨਾਂ ੬੦੫) ਆਦਿ ਗ੍ਰੰਥ

ਹ) ਕੰਚਨ ਕਾਇਆਂ ਕੋਟਗੜ੍ਹ।

ਗੁਰੂ ਕਾਲ ਤੋਂ ਪਹਿਲਾਂ ਅਤੇ ਗੁਰੂ ਕਾਲ ਵਿੱਚ ਜੋਗੀਆਂ ਜੈਤੀਆਂ ਅਤੇ ਭੇਖਧਾਰੀਆਂ ਨੇਂ, 'ਇਹ ਮਾਣਸ ਜਨਮੁ ਦੁਲੰਭੁ' ਨੂੰ ਅਜਾਈ ਗਵਾਇਆ ਹੋਇਆ ਸੀ। ਹੱਠ, ਤਪ, ਜੋਗ ਅਨੇਕ ਪ੍ਰਕਾਰ ਦੀਆਂ ਤੱਪ ਸਾਧਨਾਵਾਂ ਕੀਤੀਆਂ ਜਾਂਦੀਆਂ ਸਨ ਜਿਨ੍ਹਾਂ ਵਿੱਚ ਆਤਮਾਂ ਅਤੇ ਸਰੀਰ ਦੀ ਅਸੀਮ ਅਸਲ ਕੀਮਤ ਨਹੀਂ ਸੀ ਜਾਣੀ ਗਈ। ਗੁਰੂ ਸਾਹਿਬ ਦੇ ਇਸ ਵਿਚਾਰ ਕਿ

ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮਰਾਜੇ॥
ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ॥

ਆਸਾ ਮਹਲਾ ੪
(ਪੰਨਾਂ ੪੪੯) ਆਦਿ ਗ੍ਰੰਥ

ਨੇਂ ਜਨਤਾ ਵਿੱਚ ਇਹ ਦ੍ਰਿੜ ਕਰਵਾਇਆ ਕਿ ਹਰੀ ਮਨੁੱਖ ਦੇ ਅੰਦਰ ਹੀ ਹੈ ਬਾਹਰ ਨਹੀਂ। ਸੋ ਕੰਚਨ ਵਨੀ ਕਾਇਆਂ ਨੂੰ ਐਵੇਂ ਨ ਗਵਾਇਆ ਜਾਵੇ। ਪ੍ਰਭੂ ਹਠ ਜਾਂ ਤਪ ਸਾਧਨਾ ਦੁਆਰਾ ਨਹੀਂ ਮਿਲ ਸਕਦਾ।

ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ॥

ਸਿਰੀ ਰਾਗੁ ਮਹਲਾ ੪
(ਪੰਨਾਂ ੩੯-੪੦) ਆਦਿ ਗ੍ਰੰਥ

ਕ) ਪ੍ਰੀਵਾਰਕ ਜੀਵਨ।

ਸਿਖ ਧਰਮ ਪ੍ਰੀਵਾਰਕ ਜੀਵਨ ਨੂੰ ਤਿਆਗਣ ਦੇ ਹੱਕ ਵਿੱਚ ਨਹੀਂ। ਇਸ ਸ਼ਾਂਤੀਵਾਦੀ- ਕ੍ਰਾਂਤੀਕਾਰੀ ਧਰਮ ਦੀ ਚੂਲ ਹੀ ਪ੍ਰੀਵਾਰਕ ਜੀਵਨ(ਗ੍ਰਿਹਸਤ) ਹੈ। ਪਹਿਲੇ ਪਾਤਸ਼ਾਹ ਨੇ ਵੀ ਆਪ ਗ੍ਰਿਹਸਤੀ ਹੁੰਦੇ ਹੋਏ ਜਨਤਾ ਨੂੰ ਗ੍ਰਿਹਸਤ ਧਾਰਨ ਕਰਨ ਦੀ ਪ੍ਰੇਰ-ਨਾਂ ਦਿੱਤੀ। ਜਿਥੇ ਹਿੰਦੂ ਮੱਤ ਇਹ ਕਹਿੰਦਾ ਸੀ ਕਿ ਗ੍ਰਿਹਸਤ ਮੁਕਤੀ ਪ੍ਰਾਪਤੀ ਅਤੇ ਪ੍ਰਭੂ ਭਗਤੀ ਦੇ ਰਸਤੇ ਵਿੱਚ ਰੋੜਾ ਅਟਕਾਊ ਹੈ, ਉਥੇ ਸਿਖ ਧਰਮ ਦੇ ਸੰਚਾਲਕਾਂ ਨੇਂ ਇਸ ਨੂੰ ਮੁਕਤੀ ਪ੍ਰਾਪਤੀ ਅਤੇ ਪ੍ਰਭੂ ਭਗਤੀ ਦਾ ਇੱਕ ਰਸਤਾ ਦਸਿਆ। ਉਨ੍ਹਾਂ ਖ਼ੁਦ ਇਸ ਭਾਂਤ ਦਾ ਜੀਵਨ ਜੀਅ ਕੇ ਹਿੰਦੂ ਮੱਤ ਦੇ ਫਲਸਫੇ ਨੂੰ ਗਲਤ ਸਾਬਤ ਕੀਤਾ। ਉਨ੍ਹਾਂ ਵਣਪ੍ਰਸਤ ਅਤੇ ਸਨਿਆਸ ਦਾ ਜੀਵਨ ਪ੍ਰਚਾਰਨ ਵਾਲਿਆਂ ਦੀ ਕਰੜੀ ਨਿਖੇਧੀ ਕੀਤੀ।

ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ॥

ਮਹਲਾ ੪
(ਪੰਨਾਂ ੧੪੦) ਆਦਿ ਗ੍ਰੰਥ

ਪ੍ਰੀਵਾਰ ਅਤੇ ਗ੍ਰਿਹਸਤ ਦੀ ਪ੍ਰਧਾਨਤਾ ਦਰਸਾਂਦੇ ਹੋਏ ਆਪ ਜੀ ਨੇਂ ਸਨੇਹ ਅਤੇ ਪਿਆਰ ਦੀ ਭਾਵਨਾਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਿਹੜਾ ਪ੍ਰੀਵਾਰ ਦਾ ਸਭ ਤੋਂ ਵਡਾ ਅੰਗ ਹੈ। ਇਹ ਨਿਰਾ ਪ੍ਰਚਾਰ ਹੀ ਨਹੀਂ ਸੀ ਸਗੋਂ ਸਰਬ ਸੰਗਤ ਦੇ ਸਾਹਮਣੇ ਬਾਬਾ ਪ੍ਰਿਥੀ ਚੰਦ ਜੀ ਨੂੰ ਨਸੀਹਤ ਦਿੰਦੇ ਹੋਏ ਆਖਿਆ

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹੋ ਤਿਨ ਸਿਉ ਝਗਰਤ ਪਾਪ॥

ਸਾਰਗ ਮਹਲਾ ੪
(ਪੰਨਾਂ ੧੨੦੦) ਆਦਿ ਗ੍ਰੰਥ

ਖ) ਸਮਾਜ ਵਿੱਚ ਇਸਤ੍ਰੀ ਦਾ ਅਸਥਾਨ।

ਮਨਮਤੀਆਂ ਦਾ ਹਿੰਦੂ ਧਰਮ ਦੇਵੀਆਂ ਨੂੰ ਪੂਜਦਾ ਹੋਇਆ ਵੀ ਇਸਤ੍ਰੀ ਨੂੰ ਪੈਰ ਦੀ ਜੁਤੀ ਕਹਿ ਕੇ ਪੁਕਾਰਦਾ ਰਹਿਆ। ਗੁਰੂ ਸਾਹਿਬ ਨੇਂ

ਇਸਦੇ ਵਿਰੁਧ ਆਵਾਜ਼ ਉਠਾਈ। ਜਿਥੇ ਗੁਰੂ ਨਾਨਕ ਸਾਹਿਬ ਨੇਂ

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਮਃ ੧
(ਪੰਨਾਂ ੪੭੩) ਆਦਿ ਗ੍ਰੰਥ

ਅਤੇ ਗੁਰੂ ਅਮਰਦਾਸ ਸਾਹਿਬ ਜੀ ਨੇਂ ਪੜਦਾ ਅਤੇ ਸੱਤੀ ਦੀ ਰਸਮ ਬੰਦ ਕਰਦੇ ਹੋਏ

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥

ਮਃ ੩
( ਪੰਨਾਂ ੭੮੮) ਆਦਿ ਗ੍ਰੰਥ

ਕਹਿਕੇ ਇਸਤ੍ਰੀ ਦਾ ਸਤਿਕਾਰ ਕੀਤਾ ਅਤੇ ਉਸਨੂੰ ਆਦਮੀ ਦੇ ਬਰਾਬਰ ਦਰਜਾ ਦਿਵਾਇਆ ਉਥੇ ਗੁਰੂ ਰਾਮਦਾਸ ਸਾਹਿਬ ਜੀ ਨੇਂ ਰਾਗੁ ਸੂਹੀ ਦੇ ਛੰਤਾਂ ਵਿੱਚ "ਲਾਵਾਂ" ਲਿਖ ਦੇ ਦੰਪਤੀ ਜੀਵਨ ਦਾ ਪੂਰਾ ਪੂਰਾ ਵਿਸਤਾਰ ਕੀਤਾ।

ਆਪ ਜੀ ਦੇ ਸਮੇਂ ਤੋਂ ਇਸਤ੍ਰੀ ਦਾਸਤਿਕਾਰ ਹੋਰ ਵੀ ਵੱਧ ਗਇਆ।

ਇਸ ਉਪਰਲੀ ਵਿਚਾਰ ਤੋਂ ਭਲੀ ਪ੍ਰਕਾਰ ਸਿਧ ਹੋ ਜਾਂਦਾ ਹੈ ਕਿ ਆਪ ਜੀ ਨੇਂ ਭਾਰਤੀ ਸਮਾਜ ਦੇ ਹਰ ਪੱਖ ਨੂੰ ਆਪਣੀ ਸ਼ੁਖਸੀਅਤ ਦੀ ਕਰੜੀ ਖਿਚ ਨਾਲ ਪ੍ਰਭਾਵਤ ਕੀਤਾ ਹੈ। ਜਿਵੇਂ ਅੰਮ੍ਰਿਤ ਵਰਖਾ ਨਾਲ ਧਰਤੀ ਦਾ ਹਰ ਸੁਕਿਆ ਕੋਨਾਂ ਅਤੇ ਘਾ ਦੀ ਹਰ ਸੁਕੀ ਡੰਡੀ ਰਸ ਪ੍ਰਾਪਤ ਕਰਦੀ ਹੈ ਤਿਵੇਂ ਆਪ ਜੀ ਦੇ ਅੰਮ੍ਰਿਤ ਬੱਚਨਾਂ ਨੇਂ ਹਰ ਮਨੁੱਖ ਅਤੇ ਮਨੁੱਖੀ ਜੀਵਨ ਦੀ ਹਰ ਸ਼ਾਖ ਨੂੰ ਸਿੰਜਿਆ ਅਤੇ ਉਸ ਨੂੰ ਨਵਾਂ ਰੂਪ ਬਖਸ਼ਿਆ।

# CHAPTER V.

## As a man of letters.

Literary traditions of the age,
His experience, Inspirations, Poetic talent
Heritage, out-put.

## ਅਧਿ-ਆਏ ਪੰਜਵਾਂ

## ਸਾਹਿਤਕਾਰ ਦੇ ਰੂਪ ਵਿੱਚ

ਸਮੇਂ ਦੀਆਂ ਸਾਹਿਤਕ ਪ੍ਰੰਪਰਾਵਾਂ, ਅਨੁਭਵ,
ਵਿਚਾਰ ਸੋਮੇਂ, ਕਾਵਿਕ ਪ੍ਰਤਿਭਾ, ਵਿਰਾਸਤ,
ਰਚਨਾ।

- - - -

(Literary traditions of the age)

### ੧. ਸਮੇਂ ਦੀਆਂ ਸਾਹਿਤਕ ਪ੍ਰੰਪਰਾਵਾਂ (੧੬ਵੀਂ ਸਦੀ ਦਾ ਪਹਿਲਾ ਅੱਧ)

ਗੁਰੂ ਰਾਮਦਾਸ ਸਾਹਿਬ ਦਾ ਜੀਵਨ ਕਾਲ ੧੫੩੪ ਈਸਵੀ ਤੋਂ ੧੫੮੧ ਈਸਵੀ ਤੱਕ ਦਾ ਮੰਨਿਆ ਗਇਆ ਹੈ। ਇਸ ਕਾਲ ਦੇ ਆਪ ਜੀ ਨੂੰ ਅਖੀਰਲੇ ੬ ਸਾਲ, ੧੧ ਮਹੀਨੇਂ ਅਤੇ ੧੮ ਦਿਨ ਗੁਰੂ ਹੋਣ ਲਈ ਪ੍ਰਾਪਤ ਹੋਏ। ਅਸੀਂ ਇਹ ਵੀ ਮੰਨ ਚੁਕੇ ਹਾਂ ਕਿ ਆਪ ਜੀ ਨੇਂ ਇਹਨਾਂ ੭ ਕੁ ਸਾਲਾਂ ਦੇ ਛੋਟੇ ਜਹੇ ਸਮੇਂ ਵਿੱਚ ਸਭ ਗੁਰੂਆਂ ਨਾਲੋਂ ਔਸਤਨ ਜ਼ਿਆਦਾ ਬਾਣੀ ਰੱਚੀ। ਇਹ ਵੀ ਸਿਧ ਹੋ ਚੁਕਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰਾਗਾਂ ਵਿੱਚੋਂ ਆਪ ਜੀ ਨੇਂ ਸਭ ਤੋਂ ਵੱਧ, ਭਾਵ ੩੦ ਰਾਗਾਂ ਵਿੱਚ ਆਪਣੀ ਬਾਣੀ ਦਾ ਦਰਸ਼ਨ ਕਰਵਾਇਆ ਹੈ।

ਆਪ ਜੀ ਦੇ ਸਮੇਂ ਪੰਜਾਬੀ ਸਾਹਿਤ ਵਿੱਚ ਕੋਈ ਖਾਸ ਝੁਕਾ ਮੌਜੂਦ ਨਹੀਂ ਸੀ। ਜਿਸਦਾ ਕਾਰਨ ਕੇਵਲ ਸਮਾਜ ਅਤੇ ਦੇਸ਼ ਵਿੱਚ ਹੋ ਰਹੇ ਅਤੇ ਹੋ ਗੁਜ਼ਰੇ ਗਦਰਾਂ ਦੀ ਮਿਹਰਬਾਨੀ ਹੋ ਸਕਦਾ ਹੈ। ਇਸ ਤੋਂ ਬਿਨਾਂ ਹੋਰ ਕੋਈ ਕਾਰਨ ਪਰਖ ਦੀ ਕਸਵੱਟੀ ਉਤੇ ਨਹੀਂ ਟਿਕਦਾ। ਪੰਜਾਬ ਅਥਵਾ ਭਾਰਤ ਦੇ ਪੁਰਾਣੇ ਇਤਿਹਾਸ ਉਤੇ ਅਜ਼ੂਰ ਮਾਰਿਆਂ ਪੱਤਾ ਲਗਦਾ ਹੈ ਕਿ ਭਾਰਤ ਵਿੱਚ

ਕਿਸੇ ਤਕੜੇ ਅਤੇ ਪ੍ਰਬੀਨ ਹਾਕਮ ਦੇ ਗਦੀ ਉਤੇ ਨ ਬੈਠਣ ਕਾਰਨ, ਇਸ ਦੇਸ਼ ਉਤੇ ਜਰਵਾਣੇ ਤਕਰੀਬਨ ਹਲੇ ਕਰਦੇ ਹੀ ਰਹਿੰਦੇ ਸਨ। ਹਿੰਦੁਸਤਾਨ ਵਿੱਚ ਹਰ ਹਮਲਾਵਰ ਪੰਜਾਬ ਦੇ ਰਸਤਿਓਂ ਹੀ ਦਾਖਲ ਹੋਇਆ ਕਰਦਾ ਸੀ। ਭਾਰਤ ਉਤੇ ਭਾਵੇਂ ਕੋਈ ਸਾੜ੍ਹ ਸੱਤੀ ਆਵੇ ਜਾਂ ਨਾਂਹ ਪੰਜਾਬ ਉਤੇ ਇਹ ਸਾੜ੍ਹ ਸੱਤੀ ਸਦਾ ਛਾਈ ਹੀ ਰਹਿੰਦੀ ਸੀ। ਲੋਕੀਂ ਇੱਕੜ ਦੁਕੜ ਦਲਾਂ ਅਤੇ ਕਬੀਲਿਆਂ ਦੀ ਸ਼ਕਲ ਵਿੱਚ ਇਹਨਾਂ ਹਲਿਆਂ ਦਾ ਮੁਕਾਬਲਾ ਕਰਿਆ ਕਰਦੇ ਸਨ। ਪੰਜਾਬ ਦੇ ਨਾਲ ਲਗਦੇ ਇਲਾਕੇ ਰਾਜਸਥਾਨ ਦੀ ਵੀ ਹਾਲਤ ਵੀ ਇਹੋ ਜਹੀ ਸੀ। ਆਰਥਕ, ਸਮਾਜਕ, ਅਤੇ ਰਾਜਨੀਤਕ ਪੱਧਰ ਉਤੇ ਕਾਫੀ ਬੇਚੈਨੀ ਸੀ। ਸੋ ਜੀਵਨ ਸੁਰੱਖਿਆ ਲਈ, ਲੜਨ ਲਈ ਸਦਾ ਤੱਤਪਰ ਰਹਿਣ ਦੀ ਅਤੇ ਰਣ ਭੂਮੀ ਵਿੱਚ ਮਰ ਮਿਟਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਸੀ। ਇਹੋ ਹੀ ਕਾਰਨ ਹੈ ਕਿ ਪੰਜਾਬੀ ਦਾ ਪ੍ਰਸਿਧ ਅਖਾਣ ਆਮ ਤੌਰ ਉਤੇ ਦੌਹਰਾਇਆ ਜਾਂਦਾ ਹੈ ਕਿ:-

"ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ"

ਅਜਿਹੀ ਹਾਲਤ ਵਿੱਚ ਨ ਤਾਂ ਮਨੁੱਖੀ ਜੀਵਨ ਸੁਰੱਖਿਅਤ ਸੀ ਅਤੇ ਨ ਹੀ ਸਾਹਿਤ ਸੁਰੱਖਿਅਤ ਹੋ ਸਕਿਆ।

੧੪੬੯ ਈਸਵੀ ਤੋਂ ਲੈਕੇ ੧੬੦੦ ਈਸਵੀ ਤੱਕ ਦੇ ਸਮੇਂ ਦਾ ਪੰਜਾਬੀ ਸਾਹਿਤ ਸਾਡੇ ਪਾਸ ਕਿਸੇ ਖਾਸ ਆਕਾਰ ਵਿੱਚ ਮੌਜੂਦ ਨਹੀਂ। ਕੁਝ ਕੁ ਲਭੀਆਂ ਹੱਥ-ਲਿਖਤਾਂ ਜ਼ਰੂਰ ਮਿਲਦੀਆਂ ਹਨ ਪਰ ਓਹਨਾਂ ਦੇ ਰਚਨਹਾਰੇ ਅਤੇ ਰਚਨ ਕਾਲ ਬਾਰੇ ਕੁਝ ਵੀ ਅੰਕਤ ਨਹੀਂ ਕੀਤਾ ਹੋਇਆ ਜਿਸ ਕਾਰਨ ਉਨ੍ਹਾਂ ਰਚਨਾਵਾਂ ਨੂੰ ਕਿਸੇ ਖਾਸ ਕਾਲ ਹੇਠ ਨਹੀਂ ਲਿਆਇਆ ਜਾ ਸਕਦਾ। ਅਜਿਹੀ ਹਾਲਤ ਵਿੱਚ ਕਿਸੇ ਪ੍ਰੰਪਰਾ ਦੇ ਹੋਂਦ ਵਿੱਚ ਹੋਣ ਬਾਰੇ ਕੋਈ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਮਿਸਾਲ ਦੇ ਤੌਰ ਉਤੇ ਅਸੀਂ ਕਹਿ ਸਕਦੇ ਹਾਂ ਕਿ ਬਾਬਾ ਫ਼ਰੀਦ ਜੀ ਦੇ ਕਾਲ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ ਦੇ ਕਾਲ ਤੱਕ( ਬਾਰਵੀਂ ਸਦੀ ਤੋਂ ੧੫ਵੀਂ ਸਦੀ ਤੱਕ) ਦਾ ਵਿਚਲਾ ਸਾਹਿਤ ਸਾਥੋਂ ਗੁਮ ਹੈ। ਪਰ ਬਾਬਾ ਫ਼ਰੀਦ ਜੀ ਦੀ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਤੁਲਨਾਤਮਕ ਅਧਿਐਨ ਤੋਂ ਸਾਨੂੰ ਪੱਤਾ ਲਗਦਾ ਹੈ ਕਿ ਉਸ ਸਮੇਂ ਵਿੱਚ ਸਾਹਿਤ ਰੱਚਿਆ ਜ਼ਰੂਰ ਜਾਂਦਾ ਰਹਿਆ ਹੈ। ਕਿਉਂ ਜੋ ਬਾਬਾ ਫ਼ਰੀਦ ਜੀ ਦੀ ਪੰਜਾਬੀ ਨਾਲੋਂ ਗੁਰੂ ਨਾਨਕ ਦੇਵ

ਜੀ ਦੀ ਪੰਜਾਬੀ ਬਹੁਤੀ ਨਿਖਰੀ ਅਤੇ ਮਾਂਜੀ ਸਵਾਰੀ ਹੋਈ ਹੈ। ਜਿਸਦਾ ਸਿਟਾ ਇਹ ਨਿਕਲਿਆ ਕਿ ਪੰਜਾਬੀ ਭਾਸ਼ਾ ਦਾ ਸਾਹਿਤ ਭਾਵੇਂ ਸਾਡੇ ਪਾਸ ਲਿਖਤੀ ਰੂਪ ਵਿੱਚ ਮੌਜੂਦ ਨਹੀਂ ਪਰ ਲਿਖਿਆ ਜ਼ਰੂਰ ਜਾਂਦਾ ਰਹਿਆ ਹੈ। ਇਹੋ ਹਾਲ ਗੁਰੂ ਰਾਮਦਾਸ ਸਾਹਿਬ ਦੇ ਕਾਲ ਦਾ ਵੀ ਹੈ। ਖਾਸੇ ਯਤਨਾਂ ਮਗਰੋਂ ਕੁਝ ਕੁ ਸਾਹਿਤਕ ਪ੍ਰੰਪਰਾਵਾਂ ਇਸ ਪ੍ਰਕਾਰ ਮਿਥੀਆਂ ਗਈਆਂ ਹਨ।

**ਸੋਲ੍ਹਵੀਂ ਸਦੀ ਦਾ ਪੰਜਾਬੀ ਸਾਹਿਤ**

੧. ਗੁਰਮਤਿ ਸਾਹਿਤ

| | |
|---|---|
| ੳ) ਗੁਰੂ ਨਾਨਕ ਦੇਵ ਜੀ | ੧੪੬੯ -੧੫੩੯ ਈਸਵੀ |
| ਅ) ਗੁਰੂ ਅੰਗਦ ਦੇਵ ਜੀ | ੧੫੦੪- ੧੫੫੨ " ਗੁਰਤਾ ੧੫੩੯ ਈ: |
| ੲ) ਗੁਰੂ ਅਮਰਦਾਸ ਜੀ | ੧੪੭੯- ੧੫੭੪ " ਗੁਰਤਾ ੧੫੫੨ ਈ: |

੨. ਸੂਫ਼ੀ ਸਾਹਿਤ

| | |
|---|---|
| ਸ਼ਾਹ ਹੁਸੈਨ | ੧੫੩੮-੧੫੯੯ ਈਸਵੀ |

੩. ਕਿਸਾ ਸਾਹਿਤ

| | |
|---|---|
| ਦਮੋਦਰ ਰਚਨਾਂ "ਹੀਰ" | ਬਾਦਸ਼ਾਹ ਅਕਬੱਰ ਦਾ ਸਮਕਾਲੀ। |

੪. ਵਾਰ ਸਾਹਿਤ

| | |
|---|---|
| ਸਤਾ ਬਲਵੰਡ। | ਗੁਰੂ ਕਾਲ |

੫. ਗਦ ਸਾਹਿਤ

"ਪੱਧਤੀ ਨਾਮਾ।" ਬਾਬਾ ਫ਼ਰੀਦ ਬਾਰਵੀਂ ਸਦੀ।

ਉਪ੍ਰੋਕਤ ਸਾਰੀਆਂ ਰਚਨਾਵਾਂ ਗੁਰੂ ਰਾਮਦਾਸ ਸਾਹਿਬ ਜੀ ਦੇ ਜੀਵਨ ਕਾਲ ਵਿੱਚ ਹੀ ਰੱਚੀਆਂ ਗਈਆਂ ਸਨ। ਕੇਵਲ ਬਾਬਾ ਫ਼ਰੀਦ ਜੀ ਦਾ ਪੱਧਤੀ ਨਾਮਾ ਹੀ ਗੁਰੂ ਰਾਮਦਾਸ ਕਾਲ ਤੋਂ ਪਹਿਲਾਂ ਦਾ ਰੱਚਿਆ ਹੋਇਆ ਦਸਿਆ ਜਾਂਦਾ ਹੈ। ਜਾਂ ਫਿਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਪ ਤੋਂ ਪਹਿਲਾਂ ਦੀ ਰੱਚੀ ਹੋਈ ਦਸੀ ਜਾਂਦੀ ਹੈ। ਜਿਸਦਾ ਅਰਥ ਇਹ ਹੋਇਆ ਕਿ ਗੁਰੂ ਸਾਹਿਬ,

ਇਹਨਾਂ ਬਣ ਚੁਕੀਆਂ ਪ੍ਰੰਪਰਾਵਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਇਹ ਵਖਰੀ ਗਲ ਹੈ ਕਿ ਗੁਰੂ ਸਾਹਿਬ ਨੇ ਸੰਪਰਦਾਇਕ ਕਵੀ ਦੇ ਰੂਪ ਵਿੱਚ ਪ੍ਰੰਪਰਾਗਤ ਵਿਸ਼ੇ ਵਸਤੂ ਨੂੰ ਅਪਣਾਇਆ ਜਾਂ ਨਹੀਂ ਪਰ ਕਵਿਤਾ ਦੀ ਪ੍ਰੰਪਰਾ ਨੂੰ ਕੁਝ ਭੰਨ ਤ੍ਰੋੜ ਕੇ ਆਪ ਜੀ ਨੇ ਜ਼ਰੂਰ ਅਪਣਾਇਆ।

੧. ਗੁਰਮਤਿ ਸਾਹਿਤ।

ਮੱਧ ਕਾਲੀਨ ਪੰਜਾਬੀ ਸਾਹਿਤ ਵਿੱਚ ੧੬ਵੀਂ ਸਦੀ ਹੀ ਸਭ ਤੋਂ ਮਾੜੀ ਹੈ ਜਿਥੇ ਕਿ ਭਗਤੀ ਸਾਹਿਤ ਤੋਂ ਬਿਨਾਂ ਹੋਰ ਭਾਵਾਂ ਦੀ ਵੰਨਗੀ ਦਾ ਸਾਹਿਤ ਪੈਦਾ ਹੀ ਨਹੀਂ ਹੋ ਸਕਿਆ। ਭਗਤੀ ਅਤੇ ਸੂਫ਼ੀ ਸਾਹਿਤ ਦੇ ਪੈਦਾ ਹੋਣ ਦਾ ਕਾਰਨ ਵੀ ਤਾਂ ਦੇਸ਼ ਵਿੱਚ ਬਦਅਮਨੀ, ਆਪਸੀ ਖਿਚੋਤਾਣ, ਰਾਜਨੀਤਕ, ਆਰਥਕ ਅਤੇ ਸਮਾਜਕ ਦਾਇਰਿਆਂ ਵਿੱਚ ਆਪਾ ਧਾਪੀ ਪਈ ਹੋਈ ਸੀ। ਜੇਕਰ ਜਨਤਾ, ਅਜਿਹੀ ਵਿਵ-ਸਥਾ ਵਿੱਚ ਨ ਵਿਚਰ ਰਹੀ ਹੁੰਦੀ ਤਾਂ ਜਿਥੇ ਪੰਜਾਬੀ ਸਾਹਿਤ ਨੇ ਇਹਨਾਂ ਦੋਹਾਂ ਅੰਗਾਂ ਵਿੱਚ, ਸਿਖਰਾਂ ਨੂੰ ਛੋਹਿਆ ਸੀ ਉਥੇ ਕੁਝ ਨਵੀਆਂ ਵੰਨਗੀਆਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲੈਂਦਾ। ਜੇਕਰ ਇਸ ਸਮੇਂ ਮਾਨਸਕ ਸਥਿਰਤਾ ਹੁੰਦੀ ਤਾਂ ਸ਼ਾਇਦ ਕੋਮਲ ਹੁਨਰਾਂ ਦੇ ਮਾਲਕ ਮਨ-ਪ੍ਰਚਾਵਿਆਂ ਦੇ ਹੋਰ ਅਨੇਕ ਸਾਧਨਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦੇ। ਭਗਤੀ ਮੱਤ ਅਤੇ ਸੂਫ਼ੀ ਮੱਤ ਦੀ ਸੁਧਾਰਕ ਕਵਿਤਾ ਦੇ ਪੈਦਾ ਹੋਣ ਦਾ ਇਹ ਸਭ ਤੋਂ ਵਡਾ ਕਾਰਨ ਸੀ।

ੳ) ਗੁਰੂ ਨਾਨਕ ਦੇਵ ਜੀ ੧੪੬੯-੧੫੩੯ ਈਸਵੀ।

ਗੁਰੂ ਨਾਨਕ ਦੇਵ ਜੀ ਨੇ ਕਿਸੇ ਪ੍ਰੰਪਰਾ ਨੂੰ ਸੰਪਰਦਾਇਕ ਢੰਗ ਨਾਲ

---

*੧* ਪੰਜਾਬੀ ਸਾਹਿਤ ਇੱਕ ਸੰਖੇਪ ਸਰਵੇਖਣ ਭਾਗ ੧
ਕਿਰਤ ਨਰਿੰਦਰ ਸਿੰਘ ਦੁਗਲ।
ਪੰਨਾਂ ੩੧

ਸਮੁੱਚੇ ਤੌਰ ਤੇ ਇਸ ਕਾਲ ਦੇ ਭਿੰਨ ਭਿੰਨ ਪੱਖਾਂ ਤੇ ਨਜ਼ਰ ਮਾਰਿਆਂ ਇਹ ਸਿਟਾ ਨਿਕਲਦਾ ਹੈ ਕਿ ਇਹ ਸਮਾਂ ਸਾਹਿੱਤ-ਰਚਨਾ ਲਈ ਅਨੁਕੂਲ ਸੀ। ਤੇ ਇਸ ਸਮੇਂ ਢੇਰ ਸਾਰਾ ਸਾਹਿਤ ( ਗੁਰਮਤ- ਸਾਹਿਤ, ਸੂਫੀ-ਸਾਹਿਤ, ਕਿਸਾ-ਸਾਹਿਤ, ਵਾਰ-ਸਾਹਿਤ ਤੇ ਗੱਦ-ਸਾਹਿਤ ) ਰਚਿਆ ਗਿਆ।

ਨਹੀਂ ਅਪਣਾਇਆ। ਦੋਸ਼ ਤਾਂ ਕਾਵਿ ਰੂਪ ਨੂੰ ਅਪਣਾਉਣ ਵਿੱਚ ਨਹੀਂ ਸਗੋਂ ਉਸੇ ਪੁਰਾਣੇ ਵਿਸ਼ੇ ਅਤੇ ਵਸਤੂ ਨੂੰ ਅਪਣਾਉਣ ਵਿੱਚ ਹੈ। ਉਹੀ ਪੁਰਾਣੀਆਂ ਗਲਾਂ ਉਸੇ ਹੀ ਪੁਰਾਣ ਅੰਦਾਜ਼ ਵਿੱਚ ਪ੍ਰਗਟਾਣੀਆਂ ਦੋਸ਼ ਦੀਆਂ ਭਾਗੀ ਹੋ ਸਕਦੀਆਂ ਹਨ। ਗੁਰੂ ਸਾਹਿਬ ਤਾਂ ਰੱਬੀ ਆਵੇਸ਼ ਨੂੰ ਆਪਣੇ ਸ਼ਬਦਾਂ ਦਾ ਜਾਮਾ ਪਵਾ ਕੇ ਬਿਆਨ ਕਰਿਆ ਕਰਦੇ ਸਨ। ਆਪ ਜੀ ਨੇਂ ਸਾਰੀ ਬਾਣੀ ਕਿਸੇ ਚਾਲਾਕੀ ਜਾਂ ਮਨਮਤ ਦੇ ਅਧੀਨ ਨਹੀਂ ਰੱਚੀ। *੧/ ਆਪ ਜੀ ਦੇ ਆਪਣੇ ਸ਼ਬਦ ਇਸ ਗਲ ਦੀ ਗਵਾਹੀ ਭਰਦੇ ਹਨ।

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।।

ਤਿਲੰਗ ਮਹਲਾ ੧
(ਪੰਨਾਂ ੭੨੨) ਆਦਿ ਗ੍ਰੰਥ

ਭਾਵ ਜਿਵੇਂ ਇਹ ਬਾਣੀ ਖਸਮ ( ਪ੍ਰਭੂ) ਨੇਂ ਭੇਜੀ ਓਵੇਂ ਹੀ ਸਾਹਿਬਾਂ ਨੇਂ ਰਚ ਕੇ ਸਾਡੇ ਹਵਾਲੇ ਕਰ ਦਿੱਤੀ। ਆਪ ਜੀ ਦੀ ਬਾਣੀ ਵਿੱਚ ਹਰ ਪ੍ਰਕਾਰ ਦੇ ਭਾਵ, ਜਜ਼ਬਾਤ, ਕਾਵਿ ਦੇ ਕਲਾਤਮਕ ਪੱਖ ਆਦਿਕ ਦੀ ਝਲਕ ਮਿਲਦੀ ਹੈ। ਆਪ ਜੀ ਨੇਂ ਕਿਸੇ ਪ੍ਰੰਪਰਾ ਦੇ ਵਸ ਹੋਣ ਦੀ ਥਾਂ ਇੱਕ ਨਵੀਂ ਪ੍ਰੰਪਰਾ ਨੂੰ ਜਨਮ ਦਿੱਤਾ।

ਜਦੋਂ ਕੋਈ ਆਲੋਚਕ ਇਹ ਕਹਿੰਦਾ ਹੈ ਕਿ ਆਪ ਜੀ ਦੇ ਗੁਰੂ ਕਬੀਰ ਜੀ ਸਨ ਜਾਂ ਆਪ ਨੇਂ ਤਾਂ ਹਿੰਦੂ ਅਤੇ ਇਸਲਾਮ ਦੇ ਹੀ ਚੰਗੇ ਗੁਣਾਂ ਨੂੰ ਪ੍ਰਚਾਰਿਆ ਹੈ ਤਾਂ ਸਾਨੂੰ ਇੱਕ ਅਜੀਬ ਅਤਿ-ਕਥਨੀ ਦਿਸ ਆਉਂਦੀ ਹੈ। ਗੁਰੂ ਸਾਹਿਬ ਨੂੰ ਤਾਂ ,ਪ੍ਰਭੂ ਦਾ ਹੁਕਮ ਸੀ ਕਿ ਇਨਸਾਨੀਅਤ ਦੇ ਫ਼ਰਜ਼ਾਂ ਦਾ ਪ੍ਰਚਾਰ ਕੀਤਾ ਜਾਵੇ ਅਤੇ ਮਨੁੱਖ ਮਾਤਰ ਨੂੰ ਓਹਨਾਂ ਫ਼ਰਜ਼ਾਂ ਦੀ ਸੋਝੀ

---

*੧* ਪੰਜਾਬੀ ਸਾਹਿਤ ਦਾ ਇਤਿਹਾਸ ਕਿਰਤ ਡਾ: ਸੁਰਿੰਦਰ ਸਿੰਘ ਕੋਹਲੀ। ਪੰਨਾਂ ੨੯

ਇਹ ਸਾਹਿਤ ਸਹਿਜ ਸੁਭਾ ਹੀ ਅਲਾਪਿਆ ਗਿਆ ਹੈ। ਇਹ ਗੁਰੂ ਸਾਹਿਬ ਤੇ ਰੱਬ ਵਲੋਂ ਉਤਰੀ ਹੋਈ ਬਾਣੀ ਹੈ। ਜਿਸ ਤਰ੍ਹਾਂ ਖਸਮ ਦੀ ਬਾਣੀ ਆਈ ਹੈ ਉਸੇ ਤਰ੍ਹਾਂ ਹੀ ਗਿਆਨ ਕੀਤਾ ਹੈ।

ਦਿਵਾਈ ਜਾਵੇ।

ਇਹ ਵਖਰੀ ਗਲ ਹੈ ਕਿ ਹਰ ਧਰਮ ਦੇ ਅਸੂਲ ਮਨੁੱਖਤਾ ਨੂੰ ਉਚਿਆ ਕਰਨ ਦੇ ਹਨ। ਪਰ ਦੁਖ ਭਰੀ ਘਟਨਾਂ ਇਹ ਵਾਪਰੀ ਕਿ ਗੁਰੂ ਸਾਹਿਬ ਦੀ ਸਮਕਾਲੀ ਸਮੁਚੀ ਮਨੁਖਤਾ, ਵਿਚਰਦੇ ਧਰਮਾਂ ਦੇ ਚੰਗੇ ਗੁਣਾਂ ਤੋਂ ਗਾਫ਼ਲ ਹੋ ਚੁਕੀ ਸੀ। ਸੋ ਗੁਰੂ ਸਾਹਿਬ ਨੇਂ ਮਨੁੱਖਤਾ ਦੇ ਸਚੇ ਅਤੇ ਸੁਚੇ ਅਸੂਲਾਂ ਦਾ ਪ੍ਰਚਾਰ ਕੀਤਾ ਨ ਕਿ ਕਿਸੇ ਖਾਸ ਧਰਮ ਜਾਂ ਫਿਰਕੇ ਦਾ ਪ੍ਰਚਾਰ ਕੀਤਾ। ਜੇ ਇਉਂ ਨਹੀਂ ਤਾਂ ਭਾਈ ਗੁਰਦਾਸ ਦੀ ਗਵਾਹੀ ਝੂਠੀ ਸਾਬਤ ਹੁੰਦੀ ਹੈ ਜਿਹੜੀ ਡਾਕਟਰ ਮੋਹਣ ਸਿੰਘ ਦੀਵਾਨਾ ਦੇ ਸ਼ਬਦਾਂ ਵਿੱਚ ਗੁਰੂ ਸਾਹਿਬ ਦੇ ਅਰਸ਼ੀ ਅਤੇ ਸਚੇ ਰਹਿਬਰ ਹੋਣ ਬਾਰੇ ਹੈ।*੧*। ਆਪ ਜੀ ਨੇਂ ਤਾਂ ਪ੍ਰਪਰਾਵਾਂ ਤੋੜੀਆਂ ਹਨ। ਕਵਿਤਾ ਦੇ ਕਿਸੇ ਕਲਾਤਮਕ ਰੂਪ ਨੂੰ ਅਪਣਾਉਣਾ ਕੋਈ ਪ੍ਰੰਪਰਾ ਵਸ ਹੋਣਾ ਨਹੀਂ। ਆਪ ਜੀ ਤੋਂ ਤਾਂ ਗੁਰਮਤ ਸਾਹਿਤ ਦੀ ਪ੍ਰੰਪਰਾ ਤੁਰਦੀ ਹੈ।*੨* ਇਸੇ ਹੀ ਪ੍ਰੰਪਰਾ ਦੁਆਲੇ ਬਾਕੀ ਸਾਰੇ ਗੁਰੂ ਸਾਹਿਬਾਂ ਨੇਂ ਆਪਣੀ ਬਾਣੀ ਨੂੰ ਉਸਾਰਿਆ ਅਤੇ ਜਨਤਾ ਨੂੰ ਚਾਨਣ ਦਿੱਤਾ।

ਅ) ਸੁੰਦਰ

ਗੁਰੂ ਘਰ ਤੋਂ ਬਾਹਰ ਦਾ ਵੀ ਸਾਨੂੰ ਕੁਝ ਸਾਹਿਤ ( ਇੱਕ ਸਦ) ਇਸ ਕਵੀ ਦੇ ਨਾਂ ਹੇਠ ਮਿਲਦਾ ਹੈ। ਇਸ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਗਇਆ ਹੈ। ਇਸ ਕਵਿਤਾ ਉਤੇ ਗੁਰਮਤਿ ਦਾ ਅਸਰ ਬਹੁਤ ਹੱਦ ਤੱਕ ਵੇਖਿਆ ਗਇਆ ਹੈ। ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ

---

*੧* ਪੰਜਾਬੀ ਸਾਹਿਤ ਦੀ ਇਤਿਹਾਸ-ਰੇਖਾ ਕਿਰਤ ਡਾঃ ਮੋਹਣ ਸਿੰਘ ਪੰਨਾਂ ੬੪

ਭਾਈ ਗੁਰਦਾਸ ਜੀ ਦੀ ਪਕੀ ਉਗਾਹੀ ਅਨੁਸਾਰ ਗੁਰੂ ਜੀ ਨੂੰ ਪਹਿਲਾਂ ਵਾਹਿਗੁਰੂ ਦੇ ਦਰ ਤੋਂ ਬਖਸ਼ਸ਼ ਮਿਲੀ। ਪਿਛੋਂ ਦੇ ਆਪ ਨੇਂ ਕਮਾਈ ਘਾਲੀ! ਰੇਤ ਤੇ ਅੱਕ ਦਾ ਅਹਾਰ ਕੀਤਾ ਤੇ ਰੋੜਾਂ ਦੀ ਵਿਛਾਈ ਕੀਤੀ।

*੨* ਉਪਰਲੀ ਪੁਸਤਕ ਪੰਨਾਂ ੭੮

---

ਗੁਰੂ ਜੀ ਨੇਂ ਹਾਕਮਾਂ ਨੂੰ, ਕਾਜੀਆਂ ਨੂੰ ਤੇ ਹੋਰ ਉਚਿਆਂ ਨੂੰ ਕਸਾਈ, ਰੱਤ ਪੀਣੇ ਆਦਿਕ ਕਹਿ ਕੇ ਸਾਹਿਤ ਵਿੱਚ ਨਿਰਭੈਤਾ ਦੀ ਪਰਪਾਟੀ ਤੋਰੀ ਹੈ। ਆਦਿ

ਗੁਰਮਤਿ ਸਾਹਿਤ ਦੀ ਪ੍ਰੰਪਰਾ ਕਾਫੀ ਤਕੜੀ ਹੋ ਚੁਕੀ ਸੀ। ਇਸ ਪ੍ਰੰਪਰਾ ਦਾ ਪ੍ਰਭਾਵ ਇਸ ਹੱਦ ਤੱਕ ਵੀ ਵੇਖਿਆ ਜਾਂਦਾ ਹੈ ਕਿ ਬੋਲੀ ਅਤੇ ਸ਼ੈਲੀ ਤੱਕ ਵੀ ਇਸ ਕਵੀ ਨੇਂ ਗੁਰੂ ਘਰ ਤੋਂ ਉਧਾਰੀ ਲਈ ਹੈ। ਇਹ ਕਵੀ ਤਾਂ ਗੁਰਮਤਿ ਦੀ ਪ੍ਰੰਪਰਾ ਦੇ ਇਤਨਾਂ ਅਧੀਨ ਹੈ ਕਿ ਇਸ ਨੇਂ ਆਪਣੇ ਵਿਚਾਰ ਵੀ ਗੁਰੂ ਘਰ ਦੀ ਵਿਧੀ ਅਨੁਸਾਰ ਪ੍ਰਗਟਾਏ ਹਨ। ਜੇ ਇਸਦੀ ਸ਼ੁਬਦਾਵਲੀ ਨੂੰ ਗੁਰੂਆਂ ਦੀ ਸ਼ੁਬਦਾਵਲੀ ਕਹਿ ਲਇਆ ਜਾਵੇ ਤਾਂ ਸ਼ੱਕ ਪੈਣ ਦੀ ਕੋਈ ਸੰਭਾਵਨਾ ਨਹੀਂ ਰਹਿ ਜਾਂਦੀ। *੧*

## ੨. ਸੂਫ਼ੀ ਮੱਤ ।

ਸੂਫ਼ੀ ਮੱਤ ਦਾ ਮੁਢ ਮੁਹੰਮਦ ਸਾਹਿਬ ਦੀ ਮਿਰਤੂ ਭਾਵ ੬੩੨ ਈਸਵੀ ਤੋਂ ਝੱਟ ਹੀ ਮਗਰੋਂ ਬਝ ਗਇਆ ਸੀ। ਇਹ ਵਖਰੀ ਗਲ ਹੈ ਕਿ ੮ਵੀਂ ਸਦੀ ਤੋਂ ਲੈ ਕੇ ੧੫ਵੀਂ ਸਦੀ ਤੱਕ ਦੇ ਵਿਚਲੇ ਸਮੇਂ ਵਿੱਚ ਇਹ ਮੱਤ ਮੁਸਲਮਾਨੀ ਦੇਸ਼ਾਂ ਖ਼ੁਰਾਸਾਨ, ਅਰਬ, ਈਰਾਨ ਅਤੇ ਬਗਦਾਦ ਵਿੱਚ ਵਧਿਆ ਫੁਲਿਆ। ਇਸੇ ਹੀ ਸਮੇਂ ਵਿੱਚ ਇਸ ਧਰਮ ਦੇ ਪ੍ਰਚਾਰਕ ਬਸਰਾ ਆਦਿਕ ਨੂੰ ਛਡ ਕੇ ਹੋਰ ਦੇਸ਼ਾਂ ਅਤੇ ਪ੍ਰਾਂਤਾਂ ਵਿੱਚ ਵੀ ਫੈਲਣੇ ਸ਼ੁਰੂ ਹੋ ਗਏ। ਨੌਵੀਂ ਸਦੀ ਦੇ ਮੁਢ ਤੱਕ ਸੂਫ਼ੀ ਵਿਚਾਰਧਾਰਾ ਨੇਂ ਕੋਈ ਖ਼ਾਸ ਮੱਤ ਦੀ ਸ਼ੁਕਲ ਧਾਰਨ ਨਹੀਂ ਸੀ ਕੀਤੀ, ਕਿਉਂਜੋ ਅਜੇ ਤਾਂ ਇਹ

---

*੧* ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ ਕਿਰਤ ਡਾਃ ਮੋਹਨ ਸਿੰਘ ਪੰਨਾਂ ੧੦੩

..... ਗੁਰੂ ਘਰ ਤੋਂ ਬਾਹਰ ਇਕ ਕਵੀ ਦੀ, ਚਲਾਣੇ ਸਨਬੰਧੀ ਨਜ਼ਮ ਸਾਡੇ ਪਾਸ ਮੌਜੂਦ ਹੈ, ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਜੋ ਠੇਠ ਅੰਮ੍ਰਿਤਸਰੀ ਪੰਜਾਬੀ ਦਾ ਤਥਾ ਮਾਝੀ ਦਾ ਪਰ ਮੰਨਿਆ ਨਮੂਨਾ ਹੈ, ਕੁਝ ਲਫਜ਼ ਇਸ ਵਿਚੋਂ ਦੇਖੋ। ਸਮਾਵਦੇ, ਧਿਆਵਹੇ, ਪਕਵੀ, ਹਕਾਰਾ ਅਰਦਾਸਿ, ਕੇਰੀ, ਨਿਰੰਜਨੋ, ਅੰਤਿ ਚਲਦਿਆਂ ਹੋਇ ਏਰੀ, ਸਤਿਗੁਰੁ ਕੀ ਬੇਨਤੀ, ਸੁਣਹੁ ਭਾਈਹੋ ਮੇਰੇ, ਮਿਪਾਸਿ, ਨਿਰਜਾਸਿ, ਪਰਵਾਣਾ, ਸਤਿਗੁਰੁ ਭਾਣੇ ਆਪਣੈ ਬਹਿ ਸਦਾਇਆ, ਮਤ ਮੈ ਪਿਛੈ ਕੋਈ ਰੋਵਸੀ, ਅੰਤੇ ਬੋਲਿਆ ਮੈਂ ਪਿਛੈ ਕੀਰਤਨੁ ਕਰੀਅਹੋ ਨਿਰਬਾਣ ਜੀਉ ਆਦਿਕ।

ਵਿਚਾਰਧਾਰਾ ਆਪਣੇ ਆਪ ਵਿੱਚ ਸੰਪੂਰਨ ਨਹੀਂ ਸੀ ਹੋ ਸਕੀ। ਇਸੇ ਹੀ ਦੌਰਾਨ ਵਿੱਚ ਇਸ ਵਿਚਾਰਧਾਰਾ ਨੇ ਈਰਾਨੀ, ਨਵ-ਅਫਲਾਤੂਨੀ, ..., ਭਾਰਤੀ ਅਤੇ ਈਸਾਈ ਪ੍ਰਭਾਵਾਂ ਨੂੰ ਗ੍ਰਹਿਣ ਕੀਤਾ। ਇਹਨਾਂ ਦੀ ਵਿਆਖਿਆ ਤਬਾਕਤ ਅਰ ਨੁਸਾਕ ਰਚਿਤ ਇਬਨ ਅਲ ਅਰਬੀ, ਕੂਤ ਅਲ ਕੁਲਬ ਰਚਿਤ ਅਬੂ ਸਾਲਿਬ ਅਰ ਮੱਕੀ ਆਦਿ ਅਨੇਕ ਪੁਸਤਕਾਂ ਵਿੱਚ ਕੀਤੀ ਗਈ ਜਿਸਦਾ ਵੇਰਵਾ ਦੇਣਾ ਸਾਡੇ ਖੇਤਰ ਤੋਂ ਬਾਹਰ ਹੈ। ਸੋ ਜਦੋਂ ਇਹ ਵਿਚਾਰਧਾਰਾ ਇੱਕ ਪੂਰਨ ਮੱਤ ਦੀ ਸ਼ਕਲ ਧਾਰਨ ਕਰ ਗਈ ਤਾਂ ਅਨੇਕ ਪ੍ਰਕਾਰ ਦੇ ਸਿਧਾਂਤਾਂ ਨੇ ਜਨਮ ਲਇਆ। ਜਿਵੇਂ ਕਿ ਬਾਰਵੀਂ ਤੇਰ੍ਹਵੀਂ ਸਦੀ ਦੇ ਪ੍ਰਸਿਧ ਸੂਫ਼ੀ ਇਬਨੇ ਅਰਬੀ ਨੇ ਸੂਫ਼ੀ ਮੱਤ ਦੀ ਸੋਝੀ ਦੇਣ ਲਈ ਆਪਣੇ ੬ ਨਿਰਣੇ ਦਿੱਤੇ ਹਨ। *੧*

ਸੂਫ਼ੀਆਂ ਦਾ ਅਸਲ ਤਨੋਰਥ ਰੱਬ ਨਾਲ ਇੱਕ ਮਿਕ ਹੋਣਾ ਹੈ। ਜਿਸ ਜੋਤ ਵਿੱਚੋਂ ਉਸਦੀ ਜੋਤ ਨਿਖੜ ਕੇ ਆਈ ਹੈ ਉਸੇ ਵਿੱਚ ਮੁੜ ਕੇ

---

*੧* ਪੰਜਾਬੀ ਸਾਹਿਤ ਦਾ ਇਤਿਹਾਸ ( ਮਧ ਕਾਲ)
ਲੇਖ ਸੂਫੀ ਮਤ ਤੇ ਪੰਜਾਬੀ ਸੂਫੀ ਸਾਹਿਤ ਕਿਰਤ ਪ੍ਰੋ: ਮੋਹਨ ਸਿੰਘ।
ਪੰਨਾਂ ੨੮

੧. ਰੱਬ ਅੰਤਿਮ ਸਤਯ ਹੈ।

੨. ਰੱਬ ਪਾਰਬ੍ਰਹਮ ਵੀ ਹੈ ਤੇ ਬ੍ਰਹਮ ਵੀ, ਨਿਰਗੁਣਤਾ(Transendence) ਤੇ ਸਰਗੁਣਤਾ(Immanence) ਇੱਕੋ ਸਤਯ ਦੇ ਦੋ ਬੁਨਿਆਦੀ ਪੱਖ ਹਨ। ਭਾਵ ਹੱਕ ਤੇ ਖਲਕ ਵਿੱਚ ਕੋਈ ਭੇਦ ਨਹੀਂ।

੩. ਪ੍ਰਾਣੀਆਂ ਦੀ, ਰੱਬ ਤੋਂ ਵੱਖਰੀ ਹੋਂਦ, ਰੱਬ ਦੀ ਮਰਜ਼ੀ ਨਾਲ ਹੀ ਹੈ।

੪. ਹੋਂਦ ਵਿੱਚ ਆਉਣ ਤੋਂ ਪਹਿਲਾਂ ਇਸ ਦੁਨੀਆਂ ਦੀਆਂ ਸਭ ਚੀਜ਼ਾਂ "ਰੱਬ ਦੇ ਮਨ" ਵਿੱਚ ਸਥਿਤ ਸਨ। ਚੀਜ਼ਾਂ ਦੀ ਇਸ ਅਵਸਥਾ ਨੂੰ ਇਬਨੇ ਅਰਬੀ "ਅਯਾ ਨੇ ਸਾਬਿਤਾ" ਕਹਿੰਦਾ ਹੈ, ਇਸ ਅਯਾਨੇ ਸਾਬਿਤਾ ਹੀ ਹੀ ਅਦ੍ਰਿਸ਼ਟ ਸਤਯ ਅਤੇ ਦ੍ਰਿਸ਼ਟਮਾਨ ਸੰਸਾਰ ਵਿਚਾਲੇ ਇੱਕ ਕੜੀ ਵਾਂਗ ਹਨ।

੫. ਸੰਸਾਰ ਦੀ ਪ੍ਰਥਮ ਚੇਤੰਨਤਾ(First Intellect) ਮੁਹੰਮਦ ਦਾ ਖਿਆਲ (ਅਲ-ਹਕੀਕਤ ਅਲ-ਮੁਹੰਮਦੀਆ) ਹੀ ਹੈ ਜਿਸ ਨੂੰ ਸੱਚਾਂ ਦਾ ਸੱਚ ( ਹਕੀਕਤ ਅਲ-ਹਕਾਇਕ) ਵੀ

ਬਾਕੀ ਪੰਨਾਂ ੧੬੪

ਰਲ ਜਾਣਾ ਹੀ ਮਨੁੱਖੀ ਆਤਮਾਂ ਦਾ ਅਸਲ ਮਨੋਰਥ ਹੋਣਾ ਚਾਹੀਦਾ ਹੈ। ਰੱਬ ਅਸਲੋਂ ਸਾਨੂੰ ਆਪਣੀ ਜੋਤ ਵਿੱਚ ਰਲਾਣਾ ਚਾਹੁੰਦਾ ਹੈ ਨ ਕਿ ਆਪਣੇ ਤੋਂ ਨਖੇੜ ਕੇ ਇੱਕ ਪਾਸੇ ਸੁਟ ਦੇਣਾ ਚਾਹੁੰਦਾ ਹੈ। ਮੁਹੰਮਦ ਸਾਹਿਬ ਨੇਂ ਵੀ ਕੁਰਾਨ ਦੀਆਂ ਕੁਝ ਹਦੀਸਾਂ ਜਿਵੇਂ ਕਿ ਉਲੇਖ ਇਸ ਪ੍ਰਕਾਰ ਹੈ," ਫਕਰ ਭਾਵ ਗਰੀਬੀ ਉਤੇ ਮੈਨੂੰ ਫਖਰ ਹੈ"," ਹੇ ਰਬਾ ਮੈਨੂੰ ਨੀਵਿਆਂ ਜੀਣ, ਨੀਵਿਆਂ ਮਰਨ ਤੇ ਕਿਆਮਤ ਵਾਲੇ ਦਿਨ ਨੀਵਿਆਂ ਵਿਚੋਂ ਉਠਣ ਦੀ ਸਮਰੱਥਾ ਦੇਵੀਂ"। ਸੂਫੀਆਂ ਦੇ ਵਿਚਾਰ ੧੦੦ ਵਿਸਵੇ ਇਹਨਾਂ ਹਦੀਸਾਂ ਅਤੇ ਬੱਚਨਾਂ " ਜੇ ਤੁਸੀਂ ਰੱਬ ਵਿੱਚ ਭਰੋਸਾ ਕਰੋਗੇ ਉਹ ਤੁਹਾਨੂੰ ਉਨ੍ਹਾਂ ਪੰਛੀਆਂ ਵਾਂਙ ਪਾਲੇਗਾ ਜੋ ਸਵੇਰੇ ਭੁਖਿਆਂ ਨਿਕਲ ਜਾਂਦੇ ਹਨ ਤੇ ਸ਼ਾਮਾਂ ਨੂੰ ਰਜਪੁਜ ਕੇ ਮੁੜਦੇ ਹਨ" ਨਾਲ ਮਿਲਦੇ ਹਨ। ਜੇ ਕਰ ਅਸੀਂ ਹਦੀਸਾਂ ਨੂੰ ਸੂਫੀ ਮਤ ਦੀ ਚੂਲ ਕਹਿ ਲਈਏ ਅਤੇ ਬਚਨਾਂ ਨੂੰ ਭਰੋਸਾ ਕਹਿ ਲਈਏ ਤਾਂ ਕੋਈ ਅੱਤ ਕੱਥਨੀਂ ਨਹੀਂ ਹੋਵੇਗੀ। ਅਸਲੋਂ ਸੂਫ਼ੀ ਮੱਤ ਇਸਲਾਮ ਦੇ ਸੁਧਾਰ ਲਈ ਹੀ ਚਲਾਈ ਹੋਈ ਇੱਕ ਲਹਿਰ ਸੀ ਜਿਸ ਨੂੰ ਦੇਰ ਚਿਰ ਪਿਛੋਂ ਜਾਕੇ ਇੱਕ ਵਿਅਕਤੀਗਤ ਧਰਮ ਦਾ ਸਰੂਪ ਮਿਲਿਆ।

ਸੂਫ਼ੀਆਂ ਦੇ ਵਿਚਾਰ ਅਨੁਸਾਰ ਇਸ ਮਨੋਰਥ ਦੀ ਪ੍ਰਾਪਤੀ ਲਈ ਜੀਵ ਆਤਮਾਂ ਨੂੰ " ਦਾਇਰਾ ਤੁਲ ਵਜੂਦ ਅਨੁਸਾਰ ਚਲਣਾ ਪੈਂਦਾ ਹੈ ਜਿਸ ਦੇ ""ਆਲਮੇ ਲਾਹੂਤ" ਤੋਂ ਲੈ ਕੇ "ਆਲਮੇ ਹੈਵਾਨਾਤ" ਤਕ "ਤੋਬਾ " ਤੋਂ ਲੈ ਕੇ "ਬਕਾਬਿਲਾ" ਤੱਕ ਦੇ ਦੋ ਪੜਾ ਹਨ।( ਇਹਨਾਂ ਸਾਰਿਆਂ ਪੜਾਵਾਂ ਨੂੰ ਦਾਇਰੇ ਦੀ ਸ਼ਕਲ ਵਿੱਚ ਅਗਲੇ ਪੰਨੇਂ ਉਤੇ ਦਸਿਆ ਗਇਆ ਹੈ।) " ਆਲਮੇ ਲਾਹੂਤ" ਤੋਂ ਲੈ ਕੇ " ਆਲਮੇ ਹੈਵਾਨਾਤ" ਤੱਕ ਦਾ ਉਤਰਾਈ ਦਾ ਅੱਧ ਹੈ ਅਤੇ "ਤੋਬਾ" ਤੋਂ ਲੈ ਕੇ " ਬਕਾ ਬਿਲਾ" ਤੱਕ ਦਾ ਚੜ੍ਹਾਈ ਦਾ ਅੱਧ ਹੈ। ਇਹਨਾਂ ਲੋਕਾਂ


---

ਪੰਨਾਂ ੧੬੩ ਦੀ ਬਾਕੀ

ਕਿਹਾ ਜਾਂਦਾ ਹੈ। ਅਤੇ ਇਹ ਹਕੀਕਤ ਕਿਸੇ ਪਰਿਪੂਰਨ ਪੁਰਸ਼( ਅਲ-ਇਨਸਾਨ ਅਲ-ਕਾਮਿਲ) ਦੇ ਰੂਪ ਵਿੱਚ ਪਰਗਟ ਹੁੰਦਾ ਹੈ।

੬. ਹਰ ਅਵਤਾਰ ਯਾ ਪੈਗੰਬਰ ਰੱਬ ਦਾ ਲੋਗੋਸ (Logos) ਹੁੰਦਾ ਹੈ। ਮੁਹੰਮਦ ਰੱਬ ਦਾ ਉਚੇਚਾ ਲੋਗੋਸ ਯਾ ਕੁਤਬ ਹੈ ਜੋ ਹੋਰ ਸਾਰੇ ਨਬੀਆਂ ਉਤੇ ਮੁਹਰ ਵਾਂਗ ਹੈ। ਇਸੇ ਲਈ ਉਹ ਮੁਹੰਮਦ ਸਾਹਿਬ ਨੂੰ ਖ਼ਾਤਿਮ ਅਲ-ਅੰਬੀਆ ਕਹਿੰਦਾ ਹੈ।

ਦੇ ਮੱਤ ਅਨੁਸਾਰ ਉਤਰਾਈ ਦੇ ਅੱਧ ਵਿੱਚ ਤਾਂ ਪ੍ਰਮਾਤਮਾਂ ਦੇ ਰਚੇ ਹੋਏ ਸਾਰੇ ਜਗਤ ਹਨ ਅਤੇ ਦੂਜੇ ਅੱਧ ਵਿੱਚ ਇਨਸਾਨ ਦੇ "ਬਰਾਬਿਲਾ" ਭਾਵ ਸਾਰੇ ਪ੍ਰਮਾਤਮਾਂ ਨੂੰ ਮਿਲਣ ਦੇ ਪੜਾ ਹਨ।



ਅਲਕਰੈਸ਼ੀ ਨੇ " ਤੌਬਾ" ਤੋਂ "ਰਿਜ਼ਾ" ਤੱਕ ਦੀਆਂ ੨੦ ਪੌੜੀਆਂ ਨੂੰ ਤਾਂ ਮਕਾਮ ਦਾ ਨਾਂ ਦਿੱਤਾ ਹੈ ਅਤੇ ੨੧ ਤੋਂ ੪੨ ( ਅਬੂਦੀਅਤ, ਇਰਾਦਾ ਇਸਤਕਾਮਤ , ਇਖਲਾਸ, ਸਿਦਕ, ਹਯਾ, ਹੁਰੀਅਤ, ਜ਼ਿਕਰ, ਫਤੂਵਤ, ਫਿਰਾਸਤ , ਦੁਆਫਕਰ ਅਤੇ ਅਦਬ ਆਦਿ) ਤੱਕ ਦੀਆਂ ਪੌੜੀਆਂ ਨੂੰ ਮੁਕਾਮ ਅਤੇ ਹਾਲ ਦੇ ਵਿਚਾਲੇ ਰੱਖਿਆ ਹੈ। ਬਾਕੀ ਦੀਆਂ ਪੌੜੀਆਂ ਨੂੰ ਹਾਲ ਦਾ ਨਾਂ

ਦਿੱਤਾ ਹੈ। ਉਸਦਾ ਇਹ ਵੀ ਵਿਚਾਰ ਹੈ ਕਿ ਮਕਾਮ ਦੀ ਹਰ ਪੌੜੀ ਦੀ ਪ੍ਰਾਪਤੀ ਤਾਂ ਸੂਫ਼ੀ ਆਪਣੇ ਯਤਨਾਂ ਭਾਵ ਤੱਪ ਸਾਧਨਾਂ ਦੁਆਰਾ ਕਰ ਸਕਦਾ ਹੈ ਪਰ "ਹਾਲ" ਦੀ ਪ੍ਰਾਪਤੀ ਲਈ ਜੋ ਮਨੁੱਖੀ ਆਤਮਾਂ ਦਾ ਮੁਕਤੀ ਦਾ ਅੰਤਮ ਪੜਾ ਹੈ ਤੱਕ ਪੁਜਣ ਲਈ ਪ੍ਰਭੂ ਦੀ ਕ੍ਰਿਪਾ ਦੀ ਲੋੜ ਹੈ। ਪ੍ਰਭੂ ਵਿੱਚ ਲੀਨ ਹੋਣ ਨਾਲ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਇਥੇ " ਚਤੁਰਾਈ ਕਿਨੈਂ ਨ ਪਾਇਆ" ਸਗੋਂ ਜਿਹੜਾ ਵੀ " ਹਾਰ ਪਰਿਓ ਸੁਆਮੀ ਕੇ ਦੁਆਰੇ" ਤਾਂ ਮੁਕਤੀ ਪ੍ਰਾਪਤ ਕਰ ਗਇਆ। ਹਰ ਧਰਮ ਦਾ ਕੇਂਦਰੀ ਨੁਕਤਾ ਮਨੁਸ਼, ਪ੍ਰਮਾਤਮਾਂ ਦਾ ਇੱਕ ਤੱਤ ਹੈ। ਤੱਤ ਦਾ ਆਪਣੇ ਮੂਲ ਵਿੱਚ ਸਮਾ ਜਾਣਾ ਹੀ ਉਸਦੀ ਮਹਾਨਤਾ ਹੈ ਸੋ ਮਹਾਨ ਮੂਲ ਹੈ ਤੱਤ ਨਹੀਂ। ਤੱਤ ਕੇਵਲ ਤੱਤ ਦੀ ਅਵਸਥਾ ਵਿੱਚ ਆਪਣੇ ਆਪ ਨੂੰ ਦ੍ਰਿਸ਼ਟਮਾਨ ਨਹੀਂ ਕਰ ਸਕਦਾ। ਇਸ ਅੰਤਮ ਅਵਸਥਾ ਨੂੰ ਹਰ ਧਰਮ ਨੇਂ ਆਪਣੀ ਆਪਣੀ ਸ਼ਬਦਾਵਲੀ ਅਤੇ ਸੰਕੇਤਾਵਲੀ ਵਿੱਚ ਬਿਆਨ ਕੀਤਾ ਹੈ। ਸਿਖ ਧਰਮ ਨੇਂ ਇਸੇ " ਬਕਾਬਿਲਾ " ਨੂੰ "ਬੇਗਮਪੁਰ ਸਹਿਰ ਕੋ ਨਾਉਂ" ਆਖਿਆ ਹੈ। ਬੇਗਮਪਰੇ ਵਿੱਚ ਆਤਮਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਪੰਜਾਂ ਤੱਤਾਂ ਦੇ " ਜਲੇ ਮੈ ਕੰਵਲ ਨਿਰਾਲਮ" ਦੀ ਨਿਆਈਂ ਰਹਿੰਦੀ ਹੈ।

ਫ਼ਾਰਸੀ ਦੇ ਮਸ਼ਹੂਰ ਕਵੀ ਅਤਾਰ ਨੇਂ ਆਪਣੀ ਪੁਸਤਕ "ਮੰਤਿਕੱਤ ਤੈਰ" ( ਪੰਛੀਆਂ ਦੀ ਬੋਲੀ) ਵਿੱਚ ਇਸੇ ਹੀ ਮਨੁੱਖੀ ਆਤਮਾਂ ਦੀ ਮੁਕਤੀ ਪ੍ਰਾਪਤੀ ਲਈ ਕੀਤੀ ਯਾਤਰਾ ਨੂੰ ਸੱਤ ਪੜਾਵਾਂ ਵਿੱਚ ਵੰਡਿਆ ਹੈ।*੧*

---

*੧* ਪੰਜਾਬੀ ਸਾਹਿਤ ਦਾ ਇਤਿਹਾਸ ( ਮਧ ਕਾਲ)

ਸੂਫੀ ਮਤ ਤੇ ਪੰਜਾਬੀ ਸੂਫੀ ਸਾਹਿਤ ਕਿਰਤ ਪ੍ਰੋ: ਮੋਹਨ ਸਿੰਘ

ਪੰਨਾਂ ੩੧ ਅਤਾਰ ਨੇਂ ਸਤਾਂ ਵਾਦੀਆਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ।

੧. ਵਾਦੀਏ ਤਲਾਸ਼। ਇਹ ਵਾਦੀ ਬੜੀ ਲੰਬੀ ਤੇ ਬਿਖੜੀ ਹੈ। ਇਸ ਵਾਦੀ ਵਿੱਚ ਸਾਲਿਕ ਨੂੰ ਸਭ ਦੁਨਿਆਵੀ ਚੀਜ਼ਾਂ ਤਿਆਗ ਕੇ ਗਰੀਬ ਤੇ ਨੰਗ ਹੋ ਜਾਣਾ ਚਾਹੀਦਾ ਹੈ। ਇਸ ਅਵਸਥਾ ਨੂੰ ਡਾਂਟੇ ਦੇ ਪਰਗੇਟੋਰੀਓ ਨਾਲ ਮੇਲੋ।

੨. ਵਾਦੀਏ ਇਸ਼ਕ। ਪਹਿਲੀ ਵਾਦੀ ਵਿੱਚੋਂ ਨਿਕਲ ਕੇ ਸਾਲਿਕ ਇਸ਼ਕ ਦੀ ਅਮੁਕ ਵਾਦੀ ਵਿੱਚ ਦਾਖਲ ਹੋ ਜਾਂਦਾ ਹੈ।

ਬਾਕੀ ਪੰਨਾ੧੬੭

ਪੰਜਾਬ ਦੀ ਧਰਤੀ ਅਤੇ ਜੀਵਨ ਵਿੱਚ ਇਸ ਅਮੀਰ ਪ੍ਰੰਪਰਾ ਦਾ ਪ੍ਰਚਾਰ ਬਾਬਾ ਫ਼ਰੀਦ ੧੧੦੩ ਤੋਂ ੧੨੬੬ ਈਸਵੀ, ਵਰਗੇ ਮਹਾਨ ਤਪਸਵੀ ਅਤੇ ਰਹਿਸਵਾਦੀ ਨੇਂ ਪੰਜਾਬ ਦੀ ਕਲੇਕਿਅਲ ਭਾਸ਼ਾ ਵਿੱਚ ਕੀਤਾ ਹੋਇਆ ਸੀ। ਬਾਬਾ ਫ਼ਰੀਦ ਜੀ ਨੇਂ ਆਪਣੀ ਤੱਪ ਸਾਧਨਾਂ ਅਤੇ ਮਨੁੱਖਤਾ ਦੇ ਪ੍ਰੇਮ ਦੁਆਰਾ ਪੰਜਾਬੀ ਜੀਵਨ ਅਤੇ ਸਾਹਿਤ ਨੂੰ ਬੇਹਦ ਪ੍ਰਭਾਵਤ ਕੀਤਾ। ਆਪ ਜੀ ਨੇਂ ਪੰਜਾਬੀ ਸਾਹਿਤ ਦੇ ਕਵਿਤਾ ਪੱਖ ਨੂੰ ਨਿਰਗੁਣ ਧਾਰਾ ਰਾਹੀਂ ਬਹੁਤ ਅਮੀਰ ਕੀਤਾ। ਆਪ ਜੀ ਦੇ ਸਮੇਂ ਪੰਜਾਬੀ ਸਾਹਿਤ ਅਤੇ ਪੰਜਾਬੀ ਜੀਵਨ ਵਿੱਚ ਸੂਫ਼ੀ ਧਾਰਾ ਪ੍ਰਤੀ ਕੋਈ ਵਿਦ੍ਰੋਹ ਹੋਂਦ ਵਿੱਚ ਆਇਆ ਨਜ਼ਰੀਂ ਨਹੀਂ ਆਉਂਦਾ। ਇਸਦਾ ਸਭ ਤੋਂ ਵਡਾ ਕਾਰਨ ਇਹ ਹੈ ਕਿ ਉਨ੍ਹਾਂ ਤੋਂ ਤਕਰੀਬਨ ੨ ਸਦੀਆਂ ਪਹਿਲਾਂ ਸ਼ੇਖ ਅਲੀ ਮਖ਼ਦੂਮ ਹੁਜਵੀਰੀ ਜੋ ਪੰਜਾਬ ਵਿੱਚ ਦਾਤਾ ਗੰਜ ਬਖ਼ਸ਼ ਦੇ ਨਾਂ ਨਾਲ ਵੀ ਮਸ਼ਹੂਰ ਹੋਏ ਲਾਹੌਰ ਵਿੱਚ ਟਿੱਕ ਚੁਕੇ ਸਨ। ਲਾਹੌਰ ਜਿਹੜਾ ਕਿ ਪੰਜਾਬ ਦਾ ਇੱਕ ਭਾਂਤ ਦਾ ਕੇਂਦਰ ਸੀ ਉਥੇ ਆ ਕੇ ਟਿਕਣਾ ਅਤੇ ਫਿਰ ਮਨੁੱਖਵਾਦੀ ਪ੍ਰਚਾਰ ਕਰਨਾਂ ਪੰਜਾਬੀ ਜਨਤਾ ਨਾਲ ਸੂਫ਼ੀਆਂ ਦੀ ਜਾਣ-ਪਛਾਣ

---

ਪੰਨਾਂ ੧੯੬ ਦੀ ਬਾਕੀ

**੩. ਵਾਦੀਏ ਮਾਰਫ਼ਤ** ਇਸ ਵਾਦੀ ਵਿੱਚ ਪਹੁੰਚ ਕੇ ਜਗਿਆਸੂ ਨੂੰ ਗਿਆਨ ਯਾ ਚਾਨਣ ਦੀ ਪ੍ਰਾਪਤੀ ਹੋ ਜਾਂਦੀ ਹੈ।

**੪. ਵਾਦੀਏ ਮਹਵੀਅਤ** ਏਥੇ ਪਹੁੰਚ ਕੇ ਸੂਫੀ ਹੋਰ ਹਰ ਤਰ੍ਹਾਂ ਦੇਖਿਆਲਾਂ ਨਾਲੋਂ ਕਟੀਜ ਕੇ ਰੱਬ ਨਾਲ ਲਿਵ ਜੋੜ ਲੈਂਦਾ ਹੈ।

**੫. ਵਾਦੀਏ ਹੈਰਤ** ਏਥੇ ਪਹੁੰਚ ਕੇ ਸੂਫ਼ੀ ਤਜੱਲੀ (ਦਰਸ਼ਨ) ਦੀ ਤਾਬ ਨਹੀਂ ਲਿਆ ਸਕਦਾ ਅਤੇ ਅਸਚਰਜਤਾ ਦੇ ਹਨੇਰੇ ਵਿੱਚ ਗੁੰਮ ਹੋ ਜਾਂਦਾ ਹੈ। ਇਸੇ ਨੂੰ ਪੱਛਮੀ ਰਹੱਸਵਾਦੀ ਦੈਵੀ ਹਨੇਰਾ ਆਖਦੇ ਹਨ ਅਤੇ ਉਨ੍ਹਾਂ ਦੇ ਖਿਆਲ ਵਿੱਚ ਇਹ ਹਨੇਰਾ ਬੇਓੜਕ ਚਾਨਣ ਵਿੱਚ ਪੈਦਾ ਹੁੰਦਾ ਹੈ।

**੬. ਵਾਦੀਏ ਫ਼ਨਾ** ਇਹ ਸਭ ਤੋਂ ਉਚੀ ਤੇ ਆਖ਼ਰੀ ਅਵਸਥਾ ਹੈ ਜਦ ਸੂਫ਼ੀ ਆਪਣੀ ਖ਼ੁਦੀ ਤੇ ਹੋਂਦ ਨੂੰ ਤਿਆਗ ਕੇ ਪੂਰੀ ਤਰ੍ਹਾਂ ਵਿੱਚ ਫ਼ਨਾ ਹੋ ਜਾਂਦਾ ਹੈ।

**7. ਵਾਦੀਏ ਵਹਿਦਤ** ਏਥੇ ਪਹੁੰਚ ਕੇ ਸਭ ਭਿੰਨ ਭੇਦ ਮਿਟ ਜਾਂਦੇ ਹਨ ਅਤੇ ਵਹਿਦਤ ਦੀ ਪ੍ਰਾਪਤ ਹੋ ਜਾਂਦੀ ਹੈ। ਇਹ ਉਹੀ ਅਵਸਥਾ ਹੈ ਜਿਸ ਨੂੰ ਬਾਦ (Beauty of vision) ਕਹਿੰਦਾ ਹੈ।

ਕਰਵਾ ਚੁਕਾ ਸੀ। ਅਜਿਹੇ ਮਹਾਂਪੁਰਸ਼ਾਂ ਦੀ ਤੱਪ ਸਾਧਨਾਂ ਵੀ ਤਾਂ ਇੱਕ ਪ੍ਰੰਪਰਾ ਨੂੰ ਜਨਮ ਦੇ ਚੁਕੀ ਸੀ।

ੳ) ਸ਼ਾਹ ਹੁਸੈਨ।

ਬਾਬਾ ਫ਼ਰੀਦ ਤੋਂ ਸ਼ਾਹ ਹੁਸੈਨ ਦੇ ਸਮੇਂ ਤੱਕ ਸਾਨੂੰ ਸੂਫੀਆਂ ਦੀ ਲਿਖੀ ਕੋਈ ਪੰਜਾਬੀ ਕਵਿਤਾ ਨਹੀਂ ਮਿਲਦੀ। ਡਾਕਟਰ ਮੋਹਣ ਸਿੰਘ ਦੀਵਾਨਾ ਨੇਂ ਸ਼ਾਹ ਹੁਸੈਨ ਦਾ ਸਮਾਂ ੧੫੭੦-੧੬੪੦ ਈਸਵੀ, ਪ੍ਰੋ: ਮੋਹਨ ਸਿੰਘ ਨੇਂ ੧੫੩੮-੧੫੯੯ ਈਸਵੀ, ਡਾਕਟਰ ਸੁਰਿੰਦਰ ਸਿੰਘ ਕੋਹਲੀ ਨੇਂ ੧੫੩੮-੧੫੯੯ ਈਸਵੀ ਅਤੇ ਪ੍ਰੋ: ਨਰਿੰਦਰ ਸਿੰਘ ਦੁਗਲ ਨੇਂ ੧੫੩੮-੧੫੯੯ ਈਸਵੀ ਮੰਨਿਆ ਹੈ। *੧*। ਇਸ ਚਾਨਣ ਵਿੱਚ ਅਸੀਂ ਸ਼ਾਹ ਹੁਸੈਨ ਦਾ ਸਮਾਂ ੧੫੩੮-੧੫੯੯ ਈਸਵੀ ਹੀ ਮਿਥਦੇ ਹਾਂ। ਗੁਰੂ ਰਾਮਦਾਸ ਸਾਹਿਬ ਦਾ ਸਮਾਂ ੧੫੩੪-੧੫੮੧ ਈਸਵੀ ਤੱਕ ਦਾ ਹੈ। ਜਿਸਦਾ ਅਰਥ ਇਹ ਹੋਇਆ ਕਿ ਇਹ ਸੂਫ਼ੀ ਕਵੀ ਹਜ਼ੂਰ ਦਾ ਸਮਕਾਲੀ ਕਵੀ ਸੀ।

ਪੰਜਾਬੀ ਸੂਫ਼ੀ ਕਵੀਆਂ ਦੀ ਪ੍ਰਣਾਲੀ ਵਿੱਚ ਬਾਬਾ ਫ਼ਰੀਦ ਸ਼ਕਰ-ਗੰਜ ਤੋਂ ਮਗਰੋਂ ਆਪ ਜੀ ਦਾ ਹੀ ਨਾਂ ਆਉਂਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਵੀ ਕਹਿ ਚੁਕੇ ਹਾਂ ਕਿ ੧੨ਵੀਂ ਸਦੀ ਤੋਂ ੧੬ਵੀ ਸਦੀ ਵਿਚਲੇ ਸਮੇਂ ਪੰਜਾਬੀ

---

*੧* ਪੰਜਾਬੀ ਸਾਹਿਤ ਦੀ ਇਤਿਹਾਸ-ਰੇਖਾ ਕਿਰਤ ਡਾ: ਮੋਹਣ ਸਿੰਘ
ਪੰਨਾਂ ੧੦੯

....ਏਹ ਅਕਬਰ ਤੇ ਜਹਾਂਗੀਰ ਦੇ ਵੇਲੇ ਹੋਇਆ ੧੫੭੦ ਤੋਂ ੧੬੪੦ ਈਸਵੀ।

ੳ) ਪੰਜਾਬ ਵਿੱਚ ਸੂਫੀ ਮਤ(ਲੇਖ) ਪੰਜਾਬੀ ਸਾਹਿਤ ਦਾ ਇਤਿਹਾਸ(ਮਧ ਕਾਲ)
ਪੰਨਾਂ ੪੪ - ਪ੍ਰੋ: ਮੋਹਨ ਸਿੰਘ
੧੫੩੯ ਤੋਂ ੧੫੯੩ ਈਸਵੀ।

ਅ) ਪੰਜਾਬੀ ਸਾਹਿਤ ਦਾ ਇਤਿਹਾਸ ਕਿਰਤ ਡਾ: ਗੋਪਾਲ ਸਿੰਘ
ਪੰਨਾਂ ੧੨੬

ਸ਼ਾਹ ਹੁਸੈਨ ( ੧੫੩੮ ਤੋਂ ੧੫੯੯ ਈਸਵੀ)

ੲ) ਪੰਜਾਬੀ ਸਾਹਿਤ ਦਾ ਇਤਿਹਾਸ ਕਿਰਤ ਡਾਕਟਰ ਸੁਰਿੰਦਰ ਸਿੰਘ ਕੋਹਲੀ।
ਪੰਨਾਂ ੨੩੧

ਸ਼ਾਹ ਹੁਸੈਨ ( ੧੫੩੮ -੧੫੯੯ ਈਸਵੀ) ੯੪੫ ਹਿਜਰੀ ਵਿੱਚ ਜੰਮੇ।

ਸ) ਪੰਜਾਬੀ ਸਾਹਿਤ ਇੱਕ ਸੰਖੇਪ ਸਰਵੇਖਣ ਕਿਰਤ ਪ੍ਰੋ: ਨਰਿੰਦਰ ਸਿੰਘ ਦੁਗਲ
ਪੰਨਾਂ ੮੩

ਸ਼ਾਹ ਹੁਸੈਨ ੧੫੩੮-੧੫੯੯ ਈਸਵੀ।

ਵਿੱਚ ਸੂਫ਼ੀ ਕਾਵਿ ਸਾਹਿਤ ਦਾ ਕੋਈ ਥਹੁ ਪੱਤਾ ਨਹੀਂ ਲਗਦਾ। ਪਰ ਇਸਤੋਂ ਇਹ ਭਾਵ ਕਦਾ ਚਿਤ ਨਹੀਂ ਲਇਆ ਜਾ ਸਕਦਾ ਕਿ ਇਸ ਸਮੇਂ ਕਵਿਤਾ ਰਚੀ ਹੀ ਨਹੀਂ ਗਈ ਸੀ। ਸ਼ਾਹ ਹੁਸੈਨ ਦੀ ਬੋਲੀ, ਸ਼ੈਲੀ ਅਤੇ ਬਿੰਬਾਵਲੀ ਬਾਬਾ ਫ਼ਰੀਦ ਨਾਲੋਂ ਕਿਤੇ ਵੱਧ ਨਿਖਰੀ ਹੋਈ ਹੈ। ਸਾਹਿਤ ਕੋਈ ਮਸ਼ੀਨੀ ਉਤਪਤੀ ਨਹੀਂ ਜਿਹੜੀ ਕਿ ਰਾਤੋ ਰਾਤ ਕਿਸੇ ਮਨ ਚਾਹੇ ਵਡੇ ਜਾਂ ਛੋਟੇ ਆਕਾਰ ਵਿੱਚ ਕੀਤੀ ਜਾ ਸਕੇ। ਇਹ ਤਾਂ ਜੀਵਨ ਦਾ ਸਹੀ ਦਰਪਣ ਹੈ ਅਤੇ ਜੀਵਨ ਦੀ ਮੱਠੀ ਜਾਂ ਤੇਜ਼ ਚਾਲ ਨਾਲ ਵਧਿਆ ਫੁਲਿਆ ਕਰਦਾ ਹੈ। ਸੋ ਇੱਕ ਪੜਾ ਤੋਂ ਦੂਜੇ ਪੜਾ ਤੱਕ ਦੀ ਪ੍ਰਗਤੀ ਇਸ ਗਲ ਦੀ ਗਵਾਹੀ ਭਰਦੀ ਹੈ ਕਿ ਵਿਚਲੇ ਸਮੇਂ ਵਿੱਚ ਸਾਹਿਤ ਜ਼ਰੂਰ ਰਚਿਆ ਗਇਆ ਹੈ।

ਜਿਵੇਂ ਕਿ ਅਸੀਂ ਪਹਿਲਾਂ ਵੀ ਕਹਿ ਚੁਕੇ ਹਾਂ ਕਿ ਹੋ ਸਕਦਾ ਹੈ ਕਿ ਇਸ ਸਮੇਂ ( ਵਿਚਲਾ ਸਮਾਂ) ਦਾ ਸਾਹਿਤ ਗੜਬੜ ਤੇ ਵਿਦ੍ਰੋਹਾਂ ਕਾਰਨ ਗੁਮ ਹੋ ਚੁਕਾ ਹੋਵੇ। ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਅਤੇ ਇਤਿਹਾਸਕ ਗਵਾਹੀਆਂ ਤੋਂ ਤਾਂ ਇਹੀ ਸਿਧ ਹੁੰਦਾ ਹੈ ਕਿ ਇਹ ਵਿਚਾਰ ਅਧੀਨ ਸਮਾਂ ਰਾਜਸੀ ਵਿਦ੍ਰੋਹਾਂ ਦਾ ਸਮਾਂ ਸੀ। ਪ੍ਰਸ਼ਨ ਉਠਦਾ ਹੈ ਕਿ ਗੁਰੂ ਸਾਹਿਬਾਂ ਦੀ ਬਾਣੀ ਕਿਵੇਂ ਸੁਰੱਖਿਅਤ ਰਹਿ ਸਕੀ? ਇਹ ਬਾਣੀ ਵੀ ਹੋਰ ਰਚਨਾਵਾਂ ਵਾਂਗ ਨਸ਼ਟ ਕਿਉਂ ਨ ਹੋ ਗਈ? ਗੁਰੂ ਸਾਹਿਬਾਂ ਦੀ ਬਾਣੀ ਦੇ ਸੁਰੱਖਿਅਤ ਹੋਣ ਦਾ ਵਡਾ ਕਾਰਨ ਇਹ ਸੀ ਕਿ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਮਗਰੋਂ ਇਹ ਗਦੀ ਤੁਰ ਪਈ ਅਤੇ ਹਰ ਗੁਰੂ ਨੇਂ ਆਪਣੇ ਪਿਤਾ ਗੁਰੂ ਦੇ ਬਚਨਾਂ ਨੂੰ ਸੰਭਾਲਣ ਦਾ ਹਰ ਯਤਨ ਕੀਤਾ। ਅਤੇ ਦੂਜਾ ਵਡਾ ਕਾਰਨ ਇਹ ਸੀ ਕਿ ਇਸ ਧਰਮ ਦੇ ਰਾਖੇ ਗੁਰੂਆਂ ਨੇਂ ਬੜੇ ਸੁਚੱਜੇ ਮਨੋ-ਵਿਗਿਆਨਕ ਢੰਗ ਨਾਲ ਸਮੇਂ ਦੇ ਰਾਜਿਆਂ ਅਤੇ ਸਰਦਾਰਾਂ ਨੂੰ ਬੁਰੇ ਕੰਮਾਂ ਤੋਂ ਰੋਕਿਆ, ਜਿਸ ਕਾਰਨ ਰ ਰਾਜਿਆਂ ਦੀ ਗੁਰੂ ਸਾਹਿਬਾਂ ਨਾਲ ਦੁਸ਼ਮਣੀ ਤਾਂ ਪੈਦਾ ਨਹੀਂ ਹੋਈ ਭਾਵੇਂ ਈਰਖਾ ਜ਼ਰੂਰ ਸੀ। ਗੁਰੂ ਸਾਹਿਬ ਤਾਕਤ ਕਰਕੇ ਰਾਜ ਵਿਦ੍ਰੋਹੀ ਨਹੀਂ ਸਨ ਰਾਜਿਆਂ ਦੇ ਮਾੜੇ ਕਰਮਾਂ ਦੇ ਵਿਦ੍ਰੋਹੀ ਜ਼ਰੂਰ ਸਨ। ਸੋ ਗੁਰੂ ਸਾਹਿਤ ਇਹਨਾਂ ਹਾਲਤਾਂ ਕਾਰਨ ਬਚਿਆ ਰਹਿਆ।

ਦੂਜੇ ਪਾਸੇ ਸੂਫ਼ੀਆਂ ਦੇ ਸਾਹਿਤ ਅਪਰਾਪਤੀ ਦਾ ਕਾਰਨ ਇਹ ਹੋ ਸਕਦਾ ਹੈ ਕਿ ਸੂਫ਼ੀ ਸੰਤ ਅਤੇ ਮੁਗਲ ਰਾਜੇ ਇੱਕੋ ਹੀ ਧਰਤੀ ਦੇ ਜੰਮ-ਪਲ ਸਨ।

ਕੁਝ ਕੁ ਖੋਜੀਆਂ ਦਾ ਮਤ ਹੈ ਕਿ ਪੰਜਾਬ ਦੀ ਧਰਤੀ ਉਤੇ ਸੂਫ਼ੀਆਂ ਦੇ ਪਹਿਲੇ ਰਾਹਨੁਮਾ ਸ਼ੇਖ ਅਲੀ ਮਖ਼ਦੂਮ ਹੁਜਵੇਰੀ, ਮਹਿਮੂਦ ਗਜ਼ਨਵੀ ਦੀਆਂ ਫ਼ੌਜਾਂ ਨਾਲ ਹੀ ਪੁਜੇ ਸਨ। ਗੁਰੂ ਸਾਹਿਬਾਂ ਵਾਂਗ ਇਹ ਸੂਫ਼ੀ ਵੈਰਾਗੀਆਂ ਦੇ ਮੰਦ ਕਰਮਾਂ ਆਦਿਕ ਦਾ ਵਿਰੋਧ ਕਰਿਆ ਕਰਦੇ ਸਨ। ਮਾਣ ਮਤੇ ਹੰਕਾਰੀ ਰਾਜਿਆਂ ਨੇਂ ਇਹ ਮਨ ਬਣਾ ਲਇਆ ਕਿ ਭਾਰਤੀ ਧਰਤੀ ਉਤੇ ਜੇ ਕੋਈ ਉਨ੍ਹਾਂ ਦੇ ਰਾਜ ਤੇਜ ਤੋਂ ਸੜਦਾ ਜਾਂ ਕਰੜਾ ਵਿਰੋਧੀ ਸੀ ਤਾਂ ਇਹ ਸੂਫੀ ਹੀ ਸਨ। ਮਨਸੂਰ ਆਦਿਕ ਸੂਫ਼ੀਆਂ ਨੂੰ ਸੂਲੀ ਚੜ੍ਹਾਉਣ ਦਾ ਕਾਰਨ ਉਸ ਦੇ ਸ਼ਬਦ "ਅਨਹਲਹਕ" ਨਹੀਂ ਸਗੋਂ ਰਾਜਸੀ ਪੱਧਰ ਦੀ ਦੁਸ਼ਮਣੀ ਸੀ। ਸੋ ਹੋ ਸਕਦਾ ਹੈ ਕਿ ਸੂਫ਼ੀਆਂ ਦੇ ਸਾਹਿਤ ਨੂੰ ਇਸ ਪ੍ਰਕਾਰ ਦੇ ਰਾਜਿਆਂ ਨੇ ਖ਼ਤਮ ਕੀਤਾ ਜਾਂ ਕਰਵਾਇਆ ਹੋਵੇ। ਨਿਸਚੈ ਹੀ ਪੰਜਾਬੀ ਭਾਸ਼ਾ ਵਿੱਚ ਸੂਫ਼ੀ ਸਾਹਿਤ ਰਚਿਆ ਜਾਂਦਾ ਰਹਿਆ ਹੈ।

ਜਿਥੇ ਬਾਬਾ ਫ਼ਰੀਦ ਚਤਰਾਂਗ ਮਾਰਗ ਦੇ ਅਧੀਨ ਰੱਬੀ ਰਾਹ ਦੇ ਚਾਰ ਪੜਾਃ- ਸ਼ਰੀਅਤ, ਤਰੀਕਤ, ਮਾਰਫਤ ਅਤੇ ਹਕੀਕਤ ਵਿੱਚੋਂ ਸ਼ਰੀਅਤ ਜੋ ਪਹਿਲੀ ਪੌੜੀ ਦੇ ਧਾਰਨੀ ਹਨ

ਕਬਹੂੰ ਚਲ ਨ ਆਇਓਂ ਪੰਜੇ ਵਖਤ ਮਸੀਤ।

ਬਾਬਾ ਫ਼ਰੀਦ
(ਪੰਨਾਂ ੧੩੮੧) ਆਦਿ ਗ੍ਰੰਥ

ਉਥੇ ਸ਼ਾਹ ਹੁਸੈਨ ਇਹਨਾਂ ਰਸਮਾਂ ਤੇ ਸ਼ਰੀਅਤ ਨੂੰ ਪ੍ਰਵਾਨ ਨਹੀਂ ਕਰਦੇ। ਇਹ ਸੂਫ਼ੀ ਧਾਰਾ ਅਤੇ ਸਾਹਿਤ ਦੇ ਵਿਕਾਸ਼ ਦੇ ਸਬੂਤਾਂ ਵਿੱਚੋਂ ਇੱਕ ਹੈ। ਆਪ ਜੀ ਨੇਂ ਅਨੁਹਲਹਕ ਦਾ ਨਾਹਰਾ ਤਾਂ ਨਹੀਂ ਦਿੱਤਾ ਪਰ ਸ਼ਰੀਅਤ ਵਿੱਚ ਯਕੀਨ ਵੀ ਨਹੀਂ ਕੀਤਾ। ਇਸ ਲਈ ਆਪ ਜੀ ਦੀ ਕਵਿਤਾ ਕਟੜਪਣੇ ਦੀਆਂ ਵਲਗਣਾ ਵਿੱਚ ਬਨ੍ਹੀ ਨਹੀਂ ਰਹਿ ਜਾਂਦੀ। ਇਥੋਂ ਤੱਕ ਕਿ ਆਪ ਜੀ ਨੇਂ

ਜੇਤੀ ਜੇਤੀ ਦੁਨੀਆ ਰਾਮ ਜੀ, ਤੇਰੇ ਕੋਲੋਂ ਮੰਗਦੀ। ਰਹਾਉ।
ਕੂੰਡਾ ਦੇਈਂ ਸੋਟਾ ਦੇਈਂ, ਕੋਠੀ ਦੇਈਂ ਭੰਗ ਦੀ।
ਸਾਫੀ ਦੇਈਂ ਮਿਰਚਾਂ ਦੇਈਂ, ਬੇਮਿਨਤੀ ਦਈਂ ਰੰਗ ਦੀ।
ਪੋਸਤ ਦੇਈਂ ਬਾਟੀ ਦੇਈਂ, ਚਾਟੀ ਦੇਈਂ ਖੰਡ ਦੀ।

ਇਹੋ ਹੀ ਕਾਰਨ ਹੈ ਕਿ ਸ਼ਾਹ ਹੁਸੈਨ ਨੂੰ ਮਲਾਮਤੀ ਸੂਫ਼ੀਆਂ ਵਿੱਚੋਂ ਗਿਣਿਆ

ਜਾਂਦਾ ਹੈ। ਸ਼ਾਹ ਹੁਸੈਨ ਦੇ ਆਪਣੇ ਸ਼ਬਦ ਹਨ:-

ਬੁਰੀਆਂ ਬੁਰੀਆਂ ਵੇ ਅਸੀਂ ਬੁਰੀਆਂ ਵੇ ਲੋਕਾ!
ਬੁਰੀਆਂ ਕੋਲ ਨ ਬਹੁ ਵੇ, ਅਸੀਂ ਬੁਰੀਆਂ ਵੇ ਲੋਕਾ!

ਆਪ ਜੀ ਨੇ ਬੋਲੀ ਵੀ ਬੜੀ ਠੇਠ ਵਰਤੀ ਹੈ। ਬੋਲੀ ਦੀ ਇਤਨੀ ਸਾਦਗੀ ਸ਼ਾਇਦ ਹੀ ਕਿਸੇ ਹੋਰ ਸੂਫ਼ੀ ਕਵੀ ਵਿੱਚ ਹੋਵੇ। ਇਸ ਵਿੱਚ ਵੇਦਾਂਤ ਵਾਂਗ ਫਲਸਫੇ ਨਹੀਂ ਛਾਣੇ ਗਏ ਜਾਪਦੇ। ਆਮ ਜਨਤਾ ਨੂੰ ਰਾਹੇ ਪਾਉਣ ਵਾਲੀਆਂ ਗਲਾਂ ਉਨ੍ਹਾਂ ਲੋਕਾਂ ਦੀ ਬੋਲੀ ਵਿੱਚ ਹੀ ਕੀਤੀਆਂ ਹਨ ਤਾਂ ਜੋ ਜਨਤਾ ਕਿਸੇ ਸਿਟੇ ਤੇ ਪੁਜ ਸਕੇ।

ਜੰਗਲ ਜੰਗਲ ਫਿਰਾਂ ਢੂੰਡੇਦੀ
ਅਜੇ ਨ ਆਇਆ ਮਹੀਵਾਲ
ਨੀਂ ਮੈ ਕੈਨੂੰ ਆਖਾਂ।
ਰਾਂਝਣ ਰਾਂਝਣ ਫਿਰਾਂ ਕੂਕੇਂਦੀ
ਰਾਂਝਣ ਮੇਰੇ ਨਾਲ ਨੀਂ
ਨੀਂ ਮੈਂ ਕੈਨੂੰ ਆਖਾਂ।
ਕਹੈ ਹੁਸੈਨ ਫ਼ਕੀਰ ਸਾਈਂ ਦਾ
ਵੇਸ ਨਿਮਾਣਿਆਂ ਦਾ ਹਾਲ
ਨੀਂ ਮੈਂ ਕੈਨੂੰ ਆਖਾਂ।

ਨਿਰਗੁਣ ਪਿਆਰੇ ਨੂੰ ਮਿਲਣ ਦੀ ਖਿਚ, ਦਰਦ ਅਤੇ ਤਰਲਾ ਹੈ। ਵਿਰਲਾਪ ਅਤੇ ਹਿਰਦੇ ਵੇਧਕ ਕੀਰਨੇ ਹਨ।

ਸਜਣ ਬਿਨ ਰਾਤੀਂ ਹੋਈਆਂ ਵਡੀਆਂ,
ਮਾਸ ਝੜੇ ਝੜੇ ਪਿੰਜਰ ਹੋਆ,
ਕੜ ਕੜ ਕਰਦੀਆਂ ਹਡੀਆਂ।

ਅਤੇ

ਦੁਖਾਂ ਸੂਲਾਂ ਕੀਤਾ ਏਕਾ।
ਨ ਕੋਈ ਸਹੁਰਾ ਨ ਕੋਈ ਪੇਕਾ,
ਆਸ ਰਹੀ ਹੁਣ ਤੇਰੀ ਏਕਾ
ਪਲਾ ਪਕੜ ਨਿਮਾਣੀ ਦਾ।

ਉਸ ਪ੍ਰਭੂ ਤੱਕ ਪੁਚਾਣ ਵਾਲਾ ਵੀ ਤਾਂ ਮੁਰਸ਼ਦ ਹੀ ਹੈ। ਮੁਰਸ਼ਦ ਤੋਂ ਬਿਨਾਂ ਕੋਈ

ਨਹੀਂ ਪੁਚਾ ਸਕਦਾ।

ਕਹੈ ਹੁਸੈਨ ਫਕੀਰ ਨਿਮਾਣਾ,
ਮੁਰਸ਼ਦ ਦੋਸਤ ਮਿਲਾਇਆ ਈ ॥

ਪ੍ਰੇਮ, ਪ੍ਰੇਮੀ ਅਤੇ ਪ੍ਰੇਮਿਕਾ ਨੂੰ ਅਸਲੋਂ ਇੱਕ ਮਿਕ ਕਰਦਾ ਹੈ। ਪ੍ਰੇਮ ਉਪਜਦਾ ਹੀ ਓਦੋਂ ਹੈ ਜਦੋਂ ਦੂਈ ਦਵੈਤ ਮਿਟ ਜਾਵੇ। ਅਤੇ ਜਦੋਂ ਦੂਈ ਦਵੈਤ ਮਿਟ ਜਾਂਦੀ ਹੈ ਓਦੋਂ ਜਿਧਰ ਵੇਖੋ ਪਿਆਰਾ ਹੀ ਪਿਆਰਾ ਦਿਸਦਾ ਹੈ।

ਜਬ ਆਪਾ ਪਰਕਾ ਮਿਟਿ ਗਇਆ
ਜਤ ਦੇਖਉ ਤਤ ਤੂ॥੨੦੪॥
ਸਲੋਕ ਭਗਤ ਕਬੀਰ ਜੀਉ।
( ਪੰਨਾਂ ੧੩੭੫) ਆਦਿ ਗ੍ਰੰਥ

ਭਗਤ ਦੀ ਸਭ ਤੋਂ ਵਡੀ ਇਛਾ ਅਤੇ ਸੂਫ਼ੀ ਦੀ " ਬਕਾ ਬਿਲਾ" ਇਹੋ ਇੱਕ ਮਿਕਤਾ ਹੈ। ਬਾਬਾ ਫ਼ਰੀਦ ਜੀ ਨੇਂ ਇਸ ਪ੍ਰੇਮ ਪ੍ਰਗਟਾਵੇ ਲਈ ,ਮਨੁੱਖੀ ਆਤਮਾਂ ਨੂੰ ਪੱਤਨੀ ਅਤੇ ਪ੍ਰਭੂ ਪ੍ਰਮਾਤਮਾਂ ਨੂੰ ਪੱਤੀ ਦਸਿਆ ਹੈ। ਪਰ ਸ਼ਾਹ ਹੁਸੈਨ ਨੇਂ ਪ੍ਰੇਮੀਂ ਅਤੇ ਪ੍ਰੇਮਿਕਾ ਦਾ ਸੰਕੇਤ ਵਰਤ ਕੇ ਇਸ਼ਕੇ ਹਕੀਕੀ ਵਾਲੀ ਪ੍ਰਭੂ ਭਗਤੀ ਦੀ ਕਵਿਤਾ ਨੂੰ ਇੱਕ ਨਵਾਂ ਹੀ ਰੰਗ ਦਿੱਤਾ ਹੈ, ਜਿਵੇਂ ਕਿ

ਨਦੀਓਂ ਪਾਰ ਰਾਂਝਣ ਦਾ ਠਾਣਾ,
ਕੀਤੇ ਕੌਲ ਜ਼ਰੂਰੀ ਜਾਣਾ॥

ਆਪ ਜੀ ਨੇਂ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਕਈ ਥਾਈਂ ਬੋਲੀ ਅਤੇ ਸੰਕੇਤ ਵੀ ਪੇਂਡੂ, ਭਾਵ ਨਿਤਾ ਪ੍ਰਤੀ ਜੀਵਨ ਵਿੱਚੋਂ ਚੁਣੇ ਹਨ।

ਦਿਨ ਲਥੜਾ ਹਰਟ ਨ ਗੇੜ ਮੁਈਏ,
ਇਕ ਭਰ ਆਈਆਂ ਇਕ ਭਰ ਚਲੀਆਂ,
ਇਕਨਾਂ ਲਾਈ ਡੇਰ ਮੁਈਏ॥

ਜਿਥੇ ਆਪ ਜੀ ਨੇਂ ਸੂਫ਼ੀ ਮੱਤ ਦੀ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਹੋਇਆਂ ਸੰਸਾਰ ਨੂੰ ਨਾਸ਼ੁਮਾਨ ਦਸਿਆ ਉਥੇ ਇਸ ਵਿੱਚ ਰਹਿੰਦੇ ਹੋਏ ਜੀਵਾਂ ਨੂੰ ਇਸ "ਕਪਟੀ ਸੰਸਾਰ" ਤੋਂ " ਗੋਸ਼ਾ ਨਸ਼ੀਨੀ" ਕਰਨਾਂ, "ਖ਼ੁਦੀ ਤੇ ਗੁਮਾਨ" ਅਤੇ "ਮਤਲਬ" ਛਡਣਾਂ, " ਬਾਹਰੋਂ ਪਾਕ ਅੰਦਰ ਆਲੂਦਾ" ਨ ਹੋਣਾ, "ਪੰਜਾਂ

ਨੂੰ ਧਾਗੇ" ਪਾਣਾ, ਆਦਿਕ ਲਈ ਪ੍ਰੇਰਿਆ। ਆਪ ਜੀ ਨੇਂ ਮਨੁੱਖ ਦੇ ਇਸ ਕਾਰਜ ਨੂੰ ਸੌਖਿਆਂ ਕਰਨ ਲਈ ਆਖਿਆ ਕਿ ਉਹ " ਸੁਰਤ ਦੀ ਸੁਈ" ਤੇ "ਪ੍ਰੇਮ ਦੇ ਧਾਗੇ" ਦਾ ਸਹਾਰਾ ਲਵੇ। ਆਤਮਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਆਪ ਜੀ ਨੇਂ ਚੇਤਾਵਨੀ ਦਿੱਤੀ ਕਿ ਹੇ ਨਾਸ਼ਵਾਨ ਪੰਜ ਭੂਤਕ ਸਰੀਰ ਵਿਚਲੀ ਆਤਮਾਂ " ਤੈਨੂੰ ਰੱਬ ਨ ਭੁਲੀ" ਅਤੇ ਹੇ "ਬੰਦੇ ਆਪ ਨੂੰ ਪਛਾਣ"। ਆਪ ਜੀ ਨੇਂ ਗੁਰੂ ਸਾਹਿਤ ਦਾ ਇਤਨਾਂ ਅਸਰ ਕਬੂਲਿਆ ਹੈ ਕਿ ਆਪ ਜੀ ਦੀ ਬਾਣੀ ਦੀ ਸ਼ਬਦਾਵਲੀ ਅਤੇ ਵਾਕੰਸ਼ ਤੱਕ ਗੁਰਬਾਣੀ ਨਾਲ ਮਿਲਦੇ ਹਨ। ਜਿਵੇਂ ਕਿ

੧. ਜਿਸ ਨਗਰੀ ਠਾਕੁਰ ਜਸ ਨਾਹੀ,
ਸੋ ਠਾਕੁਰ ਕੂਕਰ ਬਸਤੀ ਹੈ।
੨. ਅੰਦਰ ਤੂੰ ਹੈਂ ਬਾਹਰ ਤੂੰ ਹੈਂ।

ਸ਼ਾਹ ਹੁਸੈਨ। *੧*

ਇਸਦੇ ਮੁਕਾਬਲੇ ਗੁਰਬਾਣੀ ਦੇ ਵਾਕ ਹਨ

੧. ਅੰਤਰਿ ਬਾਹਰਿ ਹਰਿ ਪ੍ਰਭੁ ਏਕੋ
ਮਿਲਿ ਹਰਿਜਨ ਮੰਗਲ ਗਾਏ।।

ਸੂਹੀ ਮਹਲਾ ੪

੨. ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ
ਮਨਿ ਬੀਜਿਆ ਖਾਵਾਰੇ।।

ਨਟ ਮਹਲਾ ੪
(ਪੰਨਾਂ ੭੭੪ ਅਤੇ ੯੮੨) ਆਦਿ ਗ੍ਰੰਥ

ਜਿਥੇ ਸ਼ਾਹ ਹੁਸੈਨ ਸਮਕਾਲੀ ਹੋਣ ਕਰਕੇ ਗੁਰੂ ਘਰ ਦੇ ਇਨਾਂ ਨੇੜੇ ਹੋਇਆ ਉਥੇ ਕੋਈ ਹੈਰਾਨੀ ਅਤੇ ਸ਼ੱਕ ਵਾਲੀ ਗਲ ਨਹੀਂ ਕਿ ਗੁਰੂ ਸਾਹਿਬ ਵੀ ਸ਼ਾਹ ਹੁਸੈਨ ਤੋਂ ਕਿਧਰੇ ਕਿਸੇ ਪੱਖ ਤੋਂ ਪ੍ਰਭਾਵਤ ਹੋਏ ਹੋਣ। ਵਕਤ ਦੇ ਸ਼ਾਇਰਾਂ ਦਾ ਆਪੋ ਵਿੱਚ ਵਿਚਾਰ ਵਟਾਂਦਰ ਾ ਹੋ ਹੀ ਜਾਂਦਾ ਹੈ। ?

### ੩. ਕਿਸਾ ਸਾਹਿਤ।

ਗੁਰੂ ਸਾਹਿਤ ਅਤੇ ਸੂਫ਼ੀ ਸਾਹਿਤ ਦੀਆਂ ਪ੍ਰੰਪਰਾਵਾਂ ਦੇ ਨਾਲ ਨਾਲ ਕਿਸਾ ਸਾਹਿਤ ਦੀ ਪ੍ਰੰਪਰਾ ਵੀ ਹੋਂਦ ਵਿੱਚ ਆ ਚੁਕੀ ਸੀ। ੧੬ਵੀਂ ਸਦੀ ਅਸਲੋਂ ਪੰਜਾਬੀ ਸਾਹਿਤ ਦੀ ਜਨਮਦਾਤੀ ਹੈ। ਕਿਸਾ ਸਾਹਿਤ ੧੬ਵੀਂ ਸਦੀ ਦੇ ਦੂਜੇ ਅੱਧ ਵਿੱਚ ਪੈਦਾ ਹੋਇਆ ਲਗਦਾ ਹੈ। ਸਾਹਿਤਕਾਰਾਂ ਦਾ ਇਹ ਵਿਚਾਰ ਹੈ

ਕਿ ਦਮੋਦਰ ਦੀ ਹੀਰ ਦੇ ਨਾਲ ਹੀ ਪੰਜਾਬੀ ਦਾ ਕਿਸਾ ਸਾਹਿਤ ਸ਼ੁਰੂ ਹੁੰਦਾ ਹੈ। ਉਨ੍ਹਾਂ ਦਾ ਇਹ ਵੀ ਵਿਚਾਰ ਹੈ ਕਿ ਦਮੋਦਰ ਅਕਬਰ ਦਾ ਸਮਕਾਲੀ ਸੀ। ਅਤੇ ਝੰਗ ਸਿਆਲਾਂ ਵਿੱਚ ਹੋਇਆ ਦਸਿਆ ਜਾਂਦਾ ਹੈ। ਭਾਵੇਂ ਉਸਨੇਂ ਆਪਣੀ ਰਚਨਾਂ ਵਿੱਚ ਸੰਮਤ ੧੫੨੯ ਬਿਕ੍ਰਮੀ ਦਸਿਆ ਹੈ ਜਿਸ ਅਨੁਸਾਰ ਈਸਵੀ ਸੰਨ ੧੪੭੨ ਬਣਦਾ ਹੈ। ਜੇ ਸੰਮਤ ੧੫੨੯ ਬਿਕ੍ਰਮੀ ਠੀਕ ਮੰਨ ਲਇਆ ਜਾਵੇ ਤਾਂ ਉਹ ਅਕਬਰੋਂ ਦਾ ਸਮਕਾਲੀ ਨਹੀਂ ਹੋ ਸਕਦਾ। ਸੋ ਸਿਟਾ ਕਢਿਆ ਜਾਂਦਾ ਹੈ ਕਿ ਇਹ ਸੰਮਤ ੧੬੨੯ ਹੈ ਅਤੇ ਹੋ ਸਕਦਾ ਹੈ ਕਿ ਕਿਸੇ ਨਕਲ ਉਤਾਰਨ ਵਾਲੇ ਨੇਂ ਗਲਤੀ ਨਾਲ ੧੫੨੯ ਬਿਕ੍ਰਮੀ ਲਿਖ ਦਿੱਤਾ ਹੋਵੇ।*੧*। ਇਸ ਤੋਂ ਬਿਨਾਂ

---

*੧* ਪੰਜਾਬੀ ਸਾਹਿਤ ਦਾ ਇਤਿਹਾਸ ਕਿਰਤ ਡਾঃਸੁਰਿੰਦਰ ਸਿੰਘ ਕੋਹਲੀ। ਪੰਨਾਂ ੨੮੨-੮੩

ਦਮੋਦਰ ਅਕਬਰ ਦੇ ਸਮੇਂ (ਠੰਗ) ਵਿੱਚ ਹੋਇਆ, ਉਹ ਜ਼ਾਤ ਦਾ ਗੁਲਾਟੀ ਅਰੋੜਾ ਸੀ। ਉਹਦੇ ਕਿੱਸੇ ਚੋਂ ਹੀ ਪਤਾ ਲਗਦਾ ਹੈ ਕਿ ਹੀਰ ਦੇ ਪਿਉ ਚੂਚਕ ਨੇਂ ਹੀ ਉਹਨੂੰ ਦਿਲਾਸਾ ਦੇ ਕੇ ਝੰਗ ਵਿੱਚ ਹੱਟੀ ਪਵਾ ਦਿੱਤੀ। ਜਿਵੇਂ

ਚੂਚਕ ਬਹੁੰ ਦਿਲਾਸਾ ਦਿਤਾ ਤਾਂ ਦਿਲਗੀਰੀ ਲਾਹੀ।।
ਆਖ ਦਮੋਦਰ ਹੋਇਆ ਦਿਲਾਸਾ ਹੱਟੀ ਉਥੇ ਬਣਾਈ।।

........ ਉਸ ਨੇਂ ਆਪਣੀ ਰਚਨਾਂ ਸੰਮਤ ੧੫੨੯ ਵਿੱਚ ਖ਼ਤਮ ਕੀਤੀ। ਉਹ ਕਿਸੇ ਵਿੱਚ ਲਿਖਦਾ ਹੈ।

ਪੰਦਰਾਂ ਸੈ ਅਤੇ ਉਨਤਰੀ ਸੰਮਤ ਵਿਕਰਮ ਰਾਏ।
ਹੀਰ ਤੇ ਰਾਂਝਾ ਹੋਏ ਇਕਠੇ ਝਗੜੇ ਰਬ ਚੁਕਾਏ।
ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸੁਵਾਏ।
ਆਖ ਦਮੋਦਰ ਦੇ ਅਸੀਸਾਂ ਦੇ ਸ਼ੁਹਿਰੋਂ ਬਾਹਰ ਆਏ।

ਮੌਲਾ ਬਖਸ਼ ਕੁਸ਼ਤਾ ਦੇ ਲਿਖੇ ਅਨੁਸਾਰ ਕਾਤਬ ਨੇ ਗਲਤੀ ਨਾਲ ਸੋਲਾਂ ਸੈ ਉਨਤਰੀ ਦੀ ਥਾਂ ਪੰਦਰਾਂ ਸੈ ਉਨਤਰੀ ਲਿਖ ਦਿਤਾ ਹੈ। ਅਕਬਰ ਦੇ ਰਾਜ ਨੂੰ ਮੁਖ ਰਖਦਿਆਂ ੧੬੨੯ ਸੰਮਤ ਹੀ ਠੀਕ ਬੈਠਦਾ ਹੈ। ਲਿਖਣ ਲਗਿਆਂ ਕਾਤਬ ਤੋਂ ਗਲਤੀ ਹੋ ਗਈ ਹੋਣੀ ਹੈ।

*੧* (ੳ) ਪੰਜਾਬੀ ਸਾਹਿਤ ਦਾ ਇਤਿਹਾਸ ਕਿਰਤ ਡਾঃ ਗੋਪਾਲ ਸਿੰਘ ਪੰਨਾਂ ੧੪੦

.....ਇਸ ਨੇਂ ਹੀਰ ਦੇ ਕਿਸੇ ਵਿੱਚ ਹੀਰ ਰਾਂਝੇ ਦੇ ਕੋਟ ਕਬੂਲਿਉਂ

ਹੋਰ ਕੋਈ ਸੰਭਾਵਨਾਂ ਨਹੀਂ ਹੋ ਸਕਦੀ। ਜੇਕਰ ਦਮੋਦਰ ਨੇਂ ਆਪ ਅਕਬੱਰ ਦੇ ਰਾਜ ਦਾ ਥਾਂ ਥਾਂ ਹਵਾਲਾ ਨ ਦਿੱਤਾ ਹੁੰਦਾ ਤਾਂ ਸ਼ਾਇਦ ਅਸੀਂ ਇਸ ਸੰਮਤ ਨੂੰ ੧੫੨੯ ਹੀ ਮੰਨਦੇ। ਸੋ ਉਕਾਈ ਇੱਕ ਥਾਂ ਹੋ ਸਕਦੀ ਹੈ ਸਾਰੇ ਕਿਸੇ ਵਿੱਚ ਥਾਂ ਪਰ ਥਾਂ ਨਹੀਂ ਹੋ ਸਕਦੀ।

ਸੂਫ਼ੀ ਸਾਹਿਤ ਦੀ ਪ੍ਰੰਪਰਾ ਵੇਖਦਿਆਂ ਸਾਨੂੰ ਪ੍ਰਤੱਖ ਰੂਪ ਦਿਸ ਆਇਆ ਹੈ ਕਿ ਬਾਬਾ ਫ਼ਰੀਦ ਤੋਂ ਸ਼ਾਹ ਹੁਸੈਨ ਦੇ ਸਮੇਂ ਤੱਕ ਚੰਗੀ ਅਮੀਰ ਸੂਫੀ ਸਾਹਿਤ ਦੀ ਰਚਨਾਂ ਕੀਤੀ ਗਈ ਸੀ। ਸੋ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਜਿਥੇ ਕਿਸਾ ਕਾਵਿ ਹੀਰ ਦਮੋਦਰ ਦਾ ਪਹਿਲਾ ਕਿਸਾ ਹੈ ਉਥੇ ਕਿਸਾ ਕਾਵਿ ਦੀ ਪ੍ਰੰਪਰਾ " ਹੀਰ" ਦਮੋਦਰ ਤੋਂ ਸ਼ੁਰੂ ਨਹੀਂ ਹੁੰਦੀ ਸਗੋਂ ਇਹ ਬਹੁਤ ਪੁਰਾਣੀ ਹੈ। ਦਮੋਦਰ ਦੀ ਵਰਤੀ ਹੋਈ ਬੋਲੀ ਅਤੇ ਸ਼ੈਲੀ, ਹੀਰ ਦੇ ਕਲਾਤਮਕ ਅਤੇ ਰੂਪਕ ਪੱਖ ਅਤੇ ਵਿਸ਼ਾ ਵਸਤੂ ਆਦਿਕ ਨੂੰ ਸਾਹਮਣੇ ਰੱਖਿਆਂ ਭਾਈ ਗੁਰਦਾਸ ਅਨੁਸਾਰ

ਸੋਰਠ ਬੀਜਾ ਗਾਵੀਐ ਜਸ ਸੁਘੜਿ ਵਾਤੀ
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।

ਅਤੇ ਗੁਰੂ ਨਾਨਕ ਸਾਹਿਬ ਦਾ ਤੇ ਗੁਰੂ ਰਾਮਦਾਸ ਸਾਹਿਬ ਦਾ

੧. ਹਉ ਢਾਢੀ ਵੇਕਾਰੁ ਕਾਰੈ ਲਾਇਆ।। ਮਹਲਾ ੧
੨. ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ। ਮਹਲਾ ੧
੩. ਹਉ ਢਾਢੀ ਹਰਿ ਪ੍ਰਭ ਖਸਮ ਕਾ
ਹਰਿ ਕੈ ਦਰਿ ਆਇਆ।। ਸਿਰੀ ਰਾਗੁ ਕੀ ਵਾਰ ਮ:੪
(ਪੰਨਾਂ ੧੫੦,੪੬੭,੯੧) ਆਦਿ ਗ੍ਰੰਥ

ਬਿਆਨ ਸਾਮਰਤਖ ਇਹ ਸਾਬਤ ਕਰਦੇ ਹਨ ਕਿ ਕਵਿਤਾ ਨੂੰ ਗਾਇਆ ਜ਼ਰੂਰ ਜਾਂਦਾ ਸਲ। ਗਾਉਣ ਦੀ ਪ੍ਰੰਪਰਾ ਉਸ ਸਮੇਂ ਕਾਇਮ ਹੋ ਚੁਕੀ ਸੀ। ਪ੍ਰਬੰਧ ਕਾਵਿ

---

ਸਫਾ ੧੭੪ ਦੀ ਬਾਕੀ

ਚਲਣ ਦੀ ਮਾਰੀਖ ( ੧੫੨੯ ਬਿ: ਜਾਂ ੧੪੭੨ ਈ:) ਪੰਦਰਾਂ ਸੈ ਉਤਰ੍ਹੀਆਹਾ ਸੰਮਤ ਬਿਕਰਮ ਰਾਏ" ਦਿਤੀ ਹੈ। ਪਰ ਉਹ ਨਾਲ ਹੀ (੧੫੫੬-੧੬੦੫ ਈ:) ਥਾਉਂ ਥਾਈਂ ਅਕਬਰ ਦੇ ਰਾਜ ਵਲ ਪ੍ਰਸੰਸਾ ਸਹਿਤ ਇਸ਼ਾਰੇ ਕਰਦਾ ਹੈ। ... ਹੋ ਸਕਦਾ ਹੈ, ਕ੍ਰਿਕ ਪੰਦਰਾਂ ਸੈ ਉਨਤ੍ਰੀ ਦੀ ਥਾਂ ਸੋਲਾਂ ਸੈ ਉਨਤ੍ਰੀ ਹੋਵੇ ਤੇ ਕਿਸੇ ਬਰੜੇ ਦੇ ਲਿਖਾਰੀ ਦੀ ਭੁਲ ਨਾਲ ਬਦਲ ਦਿਤੀ ਗਈ ਹੋਵੇ।

ਵਿੱਚੋਂ ਚਾਂਦ ਬਰਦਾਈ ਦੀ " ਪ੍ਰਿਥਵੀ ਰਾਜ ਰਾਸੋ" ਸਾਡੇ ਪਾਸ ਹੈ। ਭਾਵੇਂ ਇ ਰਚਨਾਂ ਪੰਜਾਬੀ ਵਿੱਚ ਤਾਂ ਨਹੀਂ ਪਰ ਇਸਦਾ ਰਚਨਹਾਰਾ ਲਾਹੌਰ ਦਾ ਵਾਸੀ ਸੀ। *੧*। ਸੋ ਚਾਂਦ ਬਰਦਾਈ, ਗੁਰੁ ਨਾਨਕ ਦੇਵ ਜੀ ਅਤੇ ਭਾਈ ਗੁਰਦਾਸ ਨੇਂ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਧਰਤੀ ਉਤੇ ੧੬ਵੀਂ ਸਦੀ ਤੋਂ ਪਹਿਲਾਂ ਕਿਸਾ ਸਾਹਿਤ ਦੀ ਪ੍ਰੰਪਰਾ ਮੌਜੂਦ ਸੀ। ਪਰ ਨਿਸਚੇ ਨਾਲ ਨਹੀਂ ਕਹਿਆ ਜਾ ਸਕਦਾ ਕਿ ੧੬ਵੀਂ ਸਦੀ ਤੋਂ ਪਹਿਲਾਂ ਪੰਜਾਬ ਦੀ ਧਰਤੀ ਉਤੇ ਪੰਜਾਬੀ ਸਾਹਿਤ ਵਿੱਚ ਕੋਈ ਕਿਸਾ ਰਚਿਆ ਗਇਆ ਜਾਂ ਨਹੀਂ। ਰਾਜਪੂਤਾਨੇ ਦੀ ਧਰਤੀ ਤੋਂ ਵੀ ਸਾਨੂੰ ਢੋਲ ਸਮੀਂ ਆਦਿਕ ਦੇ ਕਿਸੇ, ਰਾਜਾ ਰਸਾਲੂ, ਰਾਜਾ ਗੋਪੀ ਚੰਦ ਅਤੇ ਭਰਥਰੀ ਹਰੀ ਆਦਿ ਦੀਆਂ ਸਾਖੀਆਂ ਅਤੇ ਪੂਰਨ ਭਗਤ ਆਦਿਕ ਦੇ ਕਿਸੇ ਗਾਏ ਅਤੇ ਸੁਣਾਏ ਜਾਂਦੇ ਰਹੇ ਸਨ। *੨* ਰਾਜਸਥਾਨੀ ਪ੍ਰੰਪਰਾ ਅਨੁਸਾਰ ਢੋਲ ਸ਼ਬਦ ਦੇ ਅਰਥ ਹਨ " ਪਿਆਰਾ"। ਜਿਸ ਨੂੰ ਬਾਅਦ ਵਿੱਚ ਧਾਰਮਕ ਸਾਹਿਤ ਵਿੱਚ ਇਸ਼ਕੇ ਹਕੀਕੀ ਦੇ ਬਿਆਨ ਕਰਨ

---

*੧* ਪੰਜਾਬੀ ਸਾਹਿਤ ਦਾ ਇਤਿਹਾਸ ( ਮਧ ਕਾਲ)
ਕਿਸਾ ਕਾਵਿ ( ਲੇਖ) ਲੇਖਕ ਪ੍ਰੋ: ਗੁਰਚਰਨ ਸਿੰਘ।

ਚਾਂਦ ਬਰਦਾਈ ਲਾਹੌਰ ਦਾ ਰਹਿਣ ਵਾਲਾ ਪੰਜਾਬੀ ਕਵੀ ਸੀ। ਉਸ ਦੀ ਰਚਨਾ " ਪ੍ਰਿਥਵੀ ਰਾਜ ਰਾਸੋ" ਇਕ ਅਜਿਹਾ ਪਰਬੰਧ-ਕਾਵਿ ਹੈ ਜੋ ਪ੍ਰਾਪਤ ਹੈ, ਪਰ ਇਹ ਰਚਨਾਂ ਪੰਜਾਬੀ ਬੋਲੀ ਦੀ ਨਹੀਂ।

*੨* ਉਪਰਲੀ ਪੁਸਤਕ ਕਿਸਾ ਕਾਵਿ ਦੀ ਪਰੰਪਰਾ (ਲੇਖ)
ਲੇਖਕ ਡਾ: ਸ਼ੇਰ ਸਿੰਘ

...... ਰਾਜਪੂਤਾਨੇ ਦੇ ਢੋਲ ਸਮੀ ਆਦਿ ਕਿੱਸੇ, ਰਾਜਾ ਗੋਪੀਚੰਦ ਹਰੀ ਚੰਦ ਭਰਤਰੀ ਆਦਿ, ਜੋਗ ਸੰਪਰਦਾਵਾਂ ਦੀਆਂ ਸਾਖੀਆਂ, ਪੂਰਨ ਭਗਤ, ਰਾਜਾ ਰਸਾਲੂ ਆਦਿ ਦੇ ਅਦਭੁਤ ਬਿਰਤਾਂਤ ਵਾਡੀਆਂ ਤੇ ਦੂਜੇ ਲੋਕ-ਗਮੰਤਰੀਆਂ ਕੋਲ ਜ਼ੁਬਾਨੀ ਯਾਦਾਸ਼ਤ ਦੇ ਰੂਪ ਵਿੱਚ ਮੌਜੂਦ ਸਨ।

ਲਈ ਵਰਤਿਆ ਗਇਆ ਜਿਵੇਂ ਕਿ ਬਾਬਾ ਫ਼ਰੀਦ ਜੀ ਨੇਂ

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥

ਅਤੇ ਗੁਰੂ ਨਾਨਕ ਦੇਵ ਜੀ ਨੇਂ ਤੁਖਾਰੀ ਛੰਤ ਅਤੇ ਆਸਾ ਛੰਤ ਵਿੱਚ

੧. ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਵੁ ਨ ਮੋਲੋ॥
ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥

੨. ਮੋਲਿ ਅਮੋਲੋ ਸਚ ਘਰਿ ਢੋਲੋ ਪ੍ਰਭ ਭਾਵੈ ਤਾ ਮੁੰਧ ਭਲੀ॥

(ਪੰਨਾਂ ੧੧੦੮ ਅਤੇ ੪੨੬)
ਆਦਿ ਗ੍ਰੰਥ

ਵਿੱਚ ਇਸ ਸ਼ਬਦ ਦਾ ਪ੍ਰਯੋਗ ਕੀਤਾ ਹੈ। ਸੋ ਪੰਜਾਬ ਦੀ ਧਰਤੀ ਉਤੇ ਬੰਗਾਲ ਰਾਜਪੁਤਾਨਾ। ਯੂਨਾਨ ਅਤੇ ਬਿਹਾਰ ਦੀਆਂ ਪ੍ਰੀਤ ਕਹਾਣੀਆਂ ਨੂੰ ਪੰਜਾਬ ਦੀਆਂ ਪ੍ਰੀਤ ਕਹਾਣੀਆਂ ਹੀਰ ਰਾਂਝਾ ਅਤੇ ਮਿਰਜ਼ਾ ਸਾਹਿਬਾਂ ਸਮਾਨ ਹੀ ਪਿਆਰ ਅਤੇ ਸਤਿਕਾਰ ਮਿਲਿਆ ਹੈ। ਇਹ ਕਹਾਣੀਆਂ ਓਵੇਂ ਹੀ ਗਰਮਜੋਸ਼ੀ ਨਾਲ ਗਾ ਕੇ ਸਰੋਤਿਆਂ ਨੂੰ ਸੁਣਾਈਆਂ ਜਾਂਦੀਆਂ ਹਨ ਜਿਵੇਂ ਪੰਜਾਬ ਦੀਆਂ ਆਪਣੀਆਂ ਪ੍ਰੀਤ ਕਹਾਣੀਆਂ। *੧* |

ਦਮੋਦਰ ਉਤੇ ਸਾਨੂੰ ਗੁਰੂ ਸਾਹਿਤ ਦਾ ਪ੍ਰਭਾਵ ਵੀ ਦਿਸ ਆਉਂਦਾ ਹੈ। ਜਦੋਂ ਹੀ ਪੇਕਿਆਂ ਨੂੰ ਛਡ ਕੇ ਸਾਹੁਰਿਆਂ ਦੇ ਜਾਂਦੀ ਹੈ ਤਾਂ ਦਮੋਦਰ ਉਸ ਝਾਕੀ

---

*੧* ਪੰਜਾਬੀ ਸਾਹਿਤ ਦਾ ਇਤਿਹਾਸ ( ਮਧ ਕਾਲ)
ਕਿਸਾ ਕਾਵਿ ਦੀ ਪ੍ਰੰਪਰਾ ( ਲੇਖ) ਲੇਖਕ ਡਾ: ਸ਼ੇਰ ਸਿੰਘ

ਪੰਨਾਂ ੪-੫
ਸੱਸੀ ਪੁੰਨੂੰ ਨੂੰ ਯੂਨਾਨ-ਮੂਲਕ-ਕਹਾਣੀ ਸਮਝਿਆ ਜਾਂਦਾ ਹੈ ਪਰ ਹਰਨਾਮ ਸਿੰਘ ਸ਼ਾਨ ਦੀ ਖੋਜ ਅਨੁਸਾਰ ਇਹ ਪੰਜਾਬ ਵਿੱਚ ਕਛ ਤੇ ਸਿੰਧ ਦੇ ਰਸਤੇ ਪਹੁੰਚੀ ਜਾਪਦੀ ਹੈ। ਸੋਹਣੀ ਮਹੀਂਵਾਲ ਦੀ ਕਥਾ, ਯੂਨਾਨੀ ਕਹਾਣੀ, ਹੀਰੋ ਲੀਆਂਡਰ, ਨਾਲ ਮੇਲ ਖਾਂਦੀ ਹੈ। ਇਸੇ ਤਰ੍ਹਾਂ ਸੱਸੀ ਪੁੰਨੂੰ ਦੀ ਕਹਾਣੀ ਵੀ ਸੋਹਣੀ ਮਹੀਂਵਾਲ ਦਾ ਭੂਗੋਲਿਕ ਅਸਰਾਂ ਹੇਠਾਂ ਬਦਲਿਆ, ਇਸੇ ਕਹਾਣੀ ਦਾ ਰੂਪਾਂਤਰ ਹੀ ਜਾਪਦੀ ਹੈ। ਹੀਰ ਰਾਂਝਾ ਤੇ ਮਿਰਜ਼ਾ ਸਾਹਿਬਾਂ, ਪੰਜਾਬੀ ਦੀਆਂ ਮੁਸਲਮਾਨੀ ਕਹਾਣੀਆਂ ਹਨ। ਪੂਰਨ ਭਗਤ, ਹਰੀ ਚੰਦ, ਰਾਜਾ ਭਰਤਰੀ , ਰਸਾਲੂ, ਕੌਲਾਂ ਆਦਿ ਪੁਰਾਣੇ ਪੰਜਾਬੀ ਤੇ ਭਾਰਤੀ ਸੋਮਿਆਂ ਦੀਆਂ ਕਥਾਵਾਂ ਹਨ। ... ਢੋਲ ਸੰਮੀ ਦੀ ਕਹਾਣੀ ਦਾ ਘਟਨਾ-ਸਥਲ ਰਾਜਪੂਤਾਨਾ ਹੈ ਪਰ ਪੰਜਾਬ ਵਿੱਚ ਵੀ ਲੋਕ ਪਿਆਰੀ ਹੋਈ।

ਨੂੰ ਇਉਂ ਬਿਆਨ ਕਰਦਾ ਹੈ।

੧. ਰੋਂਦੇ ਆਣ ਤੇ ਰੋਂਦੇ ਵਿਹੜੇ, ਜਿਉਂ ਜਿਉਂ ਵਿਦਾ ਕਰੇਂਦੀ
ਰੋਵਣ ਬਿਰਖ, ਬੰਬੂਲ, ਪੰਖੇਰੂ, ਸਹੀਆਂ ਵਾਰੇ ਦੇਂਦੀ।।
੨. ਰੋਵਣ ਪਤਰ ਦਰਖ਼ਤਾਂ ਸੰਦੇ ਰੋਵਣ ਬੂਟੇ ਕਾਹੀ।
ਰੋਵੇ ਬਾਰੀ ਨਵੀ ਲੋਕਾ ਰੋਵਣ ਸੱਤੇ ਪਾਹੀ।।

ਇਸੇ ਹੀ ਦ੍ਰਿਸ਼ ਨੂੰ ਦਮੋਦਰ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਇਉਂ ਪ੍ਰਗਟ ਕੀਤਾ ਸੀ।

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ।।
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ
ਹਉ ਪਿਰਹੁ ਵਿਛੋੜੀ।।

ਰਾਗੁ ਵਡਹੰਸੁ ਮਹਲਾ ੧
( ਪੰਨਾਂ ੫੫੮) ਆਦਿ ਗ੍ਰੰਥ

ਕਿਸੇ ਵਿੱਚ ਰਾਂਝੇ ਦੇ ਸਿਰ ਉਤੇ ਪੰਜਾਂ ਪੀਰਾਂ ਦਾ ਹੱਥ ਹੋਣਾ ਵੀ ਧਾਰਮਕ ਰੰਗਣ ਦੀ ਗਵਾਹੀ ਦਿੰਦਾ ਹੈ। ਦਮੋਦਰ ਨੇ ਜਿਨਸੀ ਭੁਖ ਨੂੰ ਛਡ ਕੇ ਉਸਨੂੰ ਇਸ਼ਕੇ ਹਕੀਕੀ ਦਾ ਰੂਪ ਦਿੱਤਾ ਹੈ। ਇਹ ਸੋਚ ਸ਼ੁਕਤੀ ਵੀ ਇਹੋ ਹੀ ਸਾਬਤ ਕਰਦੀ ਹੈ ਕਿ ਦਮੋਦਰ ਉਤੇ ਧਾਰਮਕ ਭਾਵਾਂ ਦਾ ਗੂੜ੍ਹਾ ਪ੍ਰਭਾਵ ਸੀ।

## ੪. ਵਾਰ ਸਾਹਿਤ।

ਵਾਰ ਸ਼ਬਦ ਦਾ ਧਾਤੂ ਸਾਨੂੰ ਸੰਸਕ੍ਰਿਤ ਵ੍ਰਿ ਤੋਂ ਮਿਲਦਾ ਹੈ। ਜਿਸ ਤੋਂ ਵਾਰੀ, ਵੈਰੀ, ਵਾਹਰ ਅਤੇ ਬਾਰ ਸ਼ਬਦ ਬਣੇ ਜਾਪਦੇ ਹਨ। ਵਾਰਾਂ ਪ੍ਰਾਚੀਨ ਕਾਲ ਵਿੱਚ ਭਟਾਂ ਅਤੇ ਗੁਮੰਤਰੀਆਂ ਦੇ ਹੱਥ ਹੀ ਰਹੀਆਂ ਹਨ। ਇਹ ਲੋਕੀਂ ਅਮੀਰਾਂ ਦੇ ਬੂਹਿਆਂ ਜਾਂ ਬਾਰਾਂ ਤੇ ਜਾ ਕੇ ਓਹਨਾਂ ਦੀ ਸਿਫ਼ਤ ਸਲਾਹ ਦਾ ਗਾਇਨ ਕਰਿਆ ਕਰਦੇ ਸਨ ਅਤੇ ਇਸ ਪ੍ਰਕਾਰ ਆਪਣੀ ਰੋਜ਼ੀ ਕਮਾਇਆ ਕਰਦੇ ਸਨ। ਕਈ ਵਾਰ ਮਧ ਕਾਲੀਨ ਸਮੇਂ ਰਾਜਿਆਂ ਮਹਾਰਾਜਿਆਂ ਦੇ ਦਰਬਾਰ ਵਿੱਚ ਵੀ ਓਹਨਾਂ ਦੇ ਜਸ ਅਤੇ ਵਡਿਆਈਆਂ ਗਾਈਆਂ ਜਾਂਦੀਆਂ ਸਨ ਅਤੇ ਉਨ੍ਹਾਂ ਦੇ ਵਿਰੋਧੀਆਂ ਦੀ ਨਿੰਦਾ ਕੀਤੀ ਜਾਂਦੀ ਸੀ। ਇਹਨਾਂ ਵਾਰਾਂ ਵਿੱਚ ਚੰਗਿਆਈ ਅਤੇ ਬੁਰਾਈ ਦੀ ਟੱਕਰ ਵਿਖਾਕੇ ਚੰਗਿਆਈ ਨੂੰ ਪਹਿਲਾਂ ਤਾਂ ਬੁਰਾਈ ਦੇ ਹੱਥੋਂ ਸਤਿਆ

ਹੋਇਆ ਸਾਬਤ ਕੀਤਾ ਜਾਂਦਾ ਸਲ ਪਰ ਅੰਤ ਜਿਤ ਚੰਗਿਆਈ ਦੀ ਹੁੰਦੀ ਦਸੀ ਜਾਂਦੀ ਸੀ।

ਪੰਜਾਬੀ ਵਾਰ ਦੀ ਪ੍ਰੰਪਰਾ ਇਸ ਤੋਂ ਬਿਲਕੁਲ ਵਖਰੇ ਸੀ। ਪੰਜਾਬ ਦੀ ਧਰਤੀ ਉਤੇ ਵਾਰ ਪੈਦਾ ਕੀਤੀ ਨਹੀਂ ਸੀ ਗਈ ਸਗੋਂ ਆਪ ਹੀ ਪੈਦਾ ਹੋਈ ਜਾਪਦੀ ਹੈ। ਇਹ ਤਾਂ ਧਰਤੀ ਵਿੱਚੋਂ ਆਪ ਮੁਹਾਰੇ ਜੜੀ ਬੂਟੀਆਂ ਵਾਂਙ ਫੁਟੀ ਹੋਈ ਲਗਦੀ ਹੈ। ਇਤਿਹਾਸਕ ਗਵਾਹੀ ਮਿਲਦੀ ਹੈ ਕਿ ਪੰਜਾਬ ਮੁਢ ਤੋਂ ਹੀ ਰਣਖੇਤਰ ਬਣਿਆ ਰਹਿਆ ਹੈ। ਭਾਰਤੀ ਰਾਜ ਦੀ ਕੰਮਜ਼ੋਰੀ ਕਾਰਨ ਹਰ ਜਰਵਾਣਾ ਪੰਜਾਬ ਦੀ ਧਰਤੀ ਨੂੰ ਲਤਾੜ ਕੇ ਦਿਲੀ ਪੁਜਦਾ ਸੀ। ਸੋ ਪੰਜਾਬ ਦਾ ਵਾਯੂ ਮੰਡਲ ਹੀ ਅਜਹਿਆ ਸੀ ਕਿ ਜਿਥੇ ਲੜਨਾਂ ਮਰਨਾਂ ਤਾਂ ਖਬੇ ਹੱਥ ਦੀ ਖੇਡ ਬਣ ਗਇਆ ਸੀ। ਅਤੇ ਲੜਾਈ ਵਿੱਚ ਮਰ ਮਿਟਣਾ ਤਾਂ ਸੂਰਮਤਾਈ ਨੂੰ ਪ੍ਰਾਪਤ ਕਰਨਾਂ ਹੁੰਦਾ ਸੀ। ਸੋ ਰਣ ਵਿੱਚ ਜੂਝ ਮਰਨਾਂ ਅਤੇ ਜੂਝਣ ਲਈ ਤੱਤਪਰ ਰਹਿਣਾ ਹੀ ਪੰਜਾਬੀ ਦੇ ਜੀਵਨ ਦਾ ਅਸਲੀ ਮਨੋਰਥ ਬਣ ਗਇਆ ਸੀ।

ਪੰਜਾਬੀ ਵਾਰਾਂ ਵਿੱਚ ਰਾਜਸਥਾਨੀ ਵਾਰਾਂ ਵਾਂਙ ਵਿਅਕਤੀ ਨੂੰ ਮਹੱਤਤਾ ਪ੍ਰਦਾਨ ਨਹੀਂ ਸੀ ਕੀਤੀ ਗਈ ਸਗੋਂ ਇਹ ਤਾਂ ਜਾਤੀ ਨਾਲ ਸਬੰਧਤ ਸਨ। ਸਾਨੂੰ ਵਾਰ ਦੇ ਸਿਰਲੇਖ ਤੋਂ ਵੀ ਇਹੋ ਹੀ ਪੱਤਾ ਲਗਦਾ ਹੈ ਕਿ ਬਜਾਏ ਸਰਦਾਰ ਦੇ ਉਸਦੀ ਜਾਤੀ ਦਾ ਨਾਂ ਹੁੰਦਾ ਸੀ। ਜਿਵੇਂ ਕਿ " ਬਰਾੜਾਂ ਦੀ ਵਾਰ", "ਭਟਾਂ ਦੀ ਵਾਰ" ਅਤੇ "ਚੌਠਿਆਂ ਦੀ ਵਾਰ" ਇਤਿ ਆਦਿਕ। ਇਸ ਦੇ ਨਾਲ ਹੀ ਸਮਾਂ ਪਾ ਕੇ ਯੁਧਾਂ, ਇਤਿਹਾਸ ਅਤੇ ਅਵਤਾਰਾਂ ਬਾਰੇ ਵੀ ਵਾਰਾਂ ਲਿਖੀਆਂ ਜਾਂਦੀਆਂ ਰਹੀਆਂ ਸਨ। ਅਜਿਹੀਆਂ ਵਾਰਾਂ ਨੂੰ ਅਧਿਆਤਮਕ ਵਾਰਾਂ ਦਾ ਨਾਂ ਵੀ ਦਿੱਤਾ ਗਇਆ ਹੈ। ਜੇ ਹਿੰਦੂ ਕਵੀਆਂ ਨੂੰ ਦਾਅ ਲਗਾ ਤਾਂ ਉਨ੍ਹਾਂ ਨੇਂ ਆਪਣੇ ਸਭਿਆਚਾਰਕ ਰੰਗ ਦੀ ਪਾਣ ਚਾੜ੍ਹੀ ਅਤੇ ਜੇ ਕਰ ਮੁਸਲਮਾਨਾਂ ਨੂੰ ਢੌਬ ਲਗਾ ਤਾਂ ਓਹਨਾਂ ਨੇ ਆਪਣੇ ਧਰਮ ਅਤੇ ਸਭਿਆਚਾਰ ਦੀ ਪਾਣ ਚਾੜ੍ਹੀ। ਅਜਿਹੀਆਂ ਘਟਨਾਵਾਂ ਭਾਵੇਂ ਬਹੁਤ ਹੀ ਘੱਟ ਹਨ ਪਰ ਫਿਰ ਵੀ ਕਿਧਰੇ ਨ ਕਿਧਰੇ ਵੇਖਣ ਵਿੱਚ ਆ ਹੀ ਜਾਂਦੀਆਂ ਹਨ। ਜਿਵੇਂ ਕਿ ਸਤਾਰਵੀਂ ਸਦੀ ਦੀ "ਚੌਠਿਆਂ ਦੀ ਵਾਰ" ਵਿੱਚ ਪੀਰ ਮੁਹੰਮਦ ਨੇਂ ਆਖਿਆ

ਇਬਰਾਹੀਮ ਖਲੀਲ ਨੂੰ ਜਾ ਚਿਖਾ ਚੜ੍ਹਾਇਆ।।
ਇਸਮਾਈਲ ਉਸ ਬਾਪ ਥੀਂ, ਸੀ ਆਪ ਕੁਹਾਇਆ।।

....ਵੰਦ ਰਸੂਲ ਕਰੀਮ ਦਾ, ਚਾ ਭੰਨ ਗਵਾਇਆ।।
ਹਸਨ ਹੁਸੈਨ ਸੁਜ਼ਾਦਿਆਂ, ਕਰਬਲ ਖਪਾਇਆ।।

ਇਥੇ ਇੱਕ ਗਲ ਧਿਆਨ ਯੋਗ ਹੈ ਕਿ ਉਪ੍ਰੋਕਤ ਵਾਰ ਸਤਾਰਵੀਂ ਸਦੀ ਦੀ ਹੈ ਇਸ ਤੋਂ ਪਹਿਲਾਂ ਦੀ ਨਹੀਂ।

ਪੰਜਾਬੀ ਵਾਰਾਂ ਦੀ ਇਹ ਵੀ ਪ੍ਰੰਪਰਾ ਹੈ ਕਿ ਇਤਿਹਾਸ ਤੋਂ ਬਹੁਤ ਘਟ ਮਦਦ ਲਈ ਜਾਵੇ ਪਰ ਸਚਾਈ ਨੂੰ ਅਖੋਂ ਓਹਲੇ ਨ ਕੀਤਾ ਜਾਵੇ। ਜੇ ਦੁਸ਼ਮਣ ਕਿਸੇ ਪੜਾ ਉਤੇ ਤਾਕਤਵਰ ਦਿਸ ਆਉਂਦਾ ਹੈ ਤਾਂ ਉਸ ਨਾਲ ਵੀ ਪੂਰਾ ਪੂਰਾ ਕਾਵਿਕ ਇਨਸਾਫ਼ ਕੀਤਾ ਜਾਵੇ। ਪੰਜਾਬੀ ਵਾਰਾਂ ਵਿੱਚ ਕਵੀਆਂ ਨੇਂ ਬਜਾਏ ਅਤਿ ਕੱਥਨੀ ਦੇ ਜੰਗਾਂ ਜੁਧਾਂ ਦੇ ਵਿਸਤਾਰ ਉਤੇ ਬਹੁਤਾ ਜ਼ੋਰ ਦਿੱਤਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਾਰਾਂ ਨੂੰ ਗਾਉਣ ਲਈ ਧੁਨੀਆਂ ਦਾ ਸੰਕੇਤ ਦੇਣ ਦਾ ਕਰਮ ਵੀ ਇਹ ਸਾਬਤ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਵਾਰਾਂ ਮੌਜੂਦ ਸਨ। ਭਾਵੇਂ ਇਹ ਲਿਖੀਆਂ ਹੋਈਆਂ ਸਨ ਜਾਂ ਅਣ-ਲਿਖੀਆਂ ਸਨ। ਸਾਡਾ ਤਾਂ ਵਿਸ਼ਾ ਤਾਂ ਇਹ ਜਾਣਨਾ ਹੈ ਕਿ ਪੰਜਾਬੀ ਵਿੱਚ ਵਾਰਾਂ ਦੀ ਪ੍ਰੰਪਰਾ ਕਾਇਮ ਸੀ ਜਾਂ ਨਹੀਂ। ਜੇ ਇਹ ਆਖਿਆ ਜਾਵੇ ਕਿ ਇਹ ਧੁਨੀਆਂ, ਵਾਰਾਂ ਦੇ ਕਰਤਾ ਨੇਂ ਨਹੀਂ, ਸ੍ਰੀ ਗੁਰੂ ਅਰਜਨ ਦੇਵ ਜੀ ਨੇਂ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਕਰਦੇ ਸਮੇਂ ਲਿਖੀਆਂ ਸਨ ਤਾਂ ਵੀ ਸਿਧ ਹੋ ਜਾਂਦਾ ਹੈ ਕਿ ਪੰਜਾਬ ਵਿੱਚ ਵਾਰਾਂ ਦੀ ਪ੍ਰੰਪਰਾ ਕਾਇਮ ਹੋ ਚੁਕੀ ਸੀ। ਹਾਲਾਂ ਕਿ ਇਹ ਮੂਲੋਂ ਹੀ ਗਲਤ ਹੈ ਕਿ ਵਾਰਾਂ ਲਿਖੀਆਂ ਪਹਿਲਾਂ ਗਈਆਂ ਅਤੇ ਗਾਉਣ ਦੀਆਂ ਧੁਨੀਆਂ, ਬਾਅਦ ਵਿੱਚ ਅੰਕਿਤ ਕੀਤੀਆਂ ਗਈਆਂ ਸਨ।

ਸੋ ਇਹ ਸਾਬਤ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਰਾਮਦਾਸ ਜੀ ਦੇ ਵਾਰਾਂ ਰਚਣ ਤੋਂ ਪਹਿਲਾਂ ਵਾਰਾਂ ਦੀ ਪ੍ਰੰਪਰਾ ਕਾਇਮ ਹੋ ਚੁਕੀ ਸੀ। ਆਪ ਜੀ ਨੇਂ ਜੋ ਪੁਰਾਣੀ ਪ੍ਰੰਪਰਾ ਤੋੜੀ ਅਤੇ ਨਵੀਂ ਪ੍ਰੰਪਰਾ ਕਾਇਮ ਕੀਤੀ, ਉਹ ਬੀਰ ਰਸੀ ਵਾਰਾਂ ਦੀ ਥਾਂ ਗੈਰ ਬੀਰ ਰਸੀ ਵਾਰਾਂ( ਅਧਿਆਤਮਕ ਵਾਰਾਂ) ਲਿਖਣਾ। ਗੁਰੂ ਸਾਹਿਬਾਂ ਦੀ ਪੰਜਾਬੀ ਸਾਹਿਤ ਨੂੰ ਇਹ ਸਭ ਤੋਂ ਵਡੀ ਦੇਣ ਹੈ।

ਹੀਰਾ ਸਿੰਘ ਦਰਦ ਇਸ ਵਿਚਾਰ ਦਾ ਕਾਇਲ ਹਨ। ਉਨ੍ਹਾਂ ਅਨੁਸਾਰ ਤਾਂ ਗੁਰੂ ਨਾਨਕ ਸਾਹਿਬ ਨੇਂ ਬੀਰ ਰਸੀ ਵਾਰ ਦੀ ਥਾਂ ਅਧਿਆਤਮਕ ਵਾਰ

ਲਿਖਣ ਵਿੱਚ ਪਹਿਲ ਕਦਮੀ ਕੀਤੀ ਹੈ। *੧*

ਪੁਰਾਤਨ ਵਾਰਾਂ ਜਿਨ੍ਹਾਂ ਦੇ ਨਾਵਾਂ ਆਦਿਕ ਦਾ ਸਾਨੂੰ ਕੋਈ ਥੁਹ ਪਤਾ ਨਹੀਂ ਲਗਦਾ ਗਿਣਤੀ ਵਿੱਚ ਨੌਂ(੯) ਹਨ। ਜਿਵੇਂ ਕਿ

੧. ਰਾਏ ਕਮਾਲਦੀ ਮੌਜਦੀਨ ਦੀ ਵਾਰ

ਰਾਣਾ ਰਾਇ ਕਮਾਲਦੀ, ਰਣ ਭਾਰਾ ਬਾਹੀਂ।
ਮੌਜਦੀਨ ਤਲਵੰਡੀਓਂ, ਚੜ੍ਹਿਆ ਸਾਬਾਹੀਂ।
ਧੂਲੀ ਅੰਬਰ ਛਾਇਆ, ਫੌਲੇ ਅਜ ਕਾਹੀਂ।
ਜੁੱਝੇ ਆਮੋ ਸਾਹਮਣੇ, ਨੇਜ਼ੇ ਝਲਕਾਹੀਂ।
ਮੌਜੇ ਘਰ ਵਧਾਈਆਂ, ਘਰ ਚਾਚੇ ਧਾਹੀਂ।

੨. ਹਸਨੇ ਮਹਿਮੇ ਦੀ ਵਾਰ

ਮਹਿਮਾ ਹਸਨਾ ਰਾਜਪੁਤ, ਰਾਇ ਭਾਰੇ ਭੱਟੀ।
ਹਸਨੇ ਬੇਈਮਾਨਗੀ, ਨਾਲ ਮਹਿਮੇ ਖੱਟੀ।
ਭੇੜ ਦੁਹਾਂ ਦਾ ਮੱਚਿਆ ਸਿਰ ਵੱਗੇ ਫੱਟੀ।
ਮਹਿਮੇ ਪਾਈ ਫਤਹਿ ਰਣ, ਗਲ ਹਸਨੇ ਘੱਟੀ।
ਬੰਨ੍ਹ ਹਸਨੇ ਨੂੰ ਛਡਿਆ, ਜਸ ਮਹਿਮੇ ਖੱਟੀ।

੩. ਵਾਰ ਮੂਸੇ ਕੀ ।

ਚੜ੍ਹਿਆ ਮੂਸਾ ਬਾਦਸ਼ਾਹ ਸੁਣਿਐ ਸਭ ਜੰਗੀ।
ਤ੍ਰੈ ਸੈ ਸਠ ਮਰਾਤਬਾ, ਇਕ ਘੁਰਿਐ ਡੰਗੀ।
ਦੰਦ ਚਿਟੇ ਵਡ ਹਾਥੀਆਂ, ਕਹੁ ਕਿਤ ਵਰ੍ਹੰਗੇ।
ਰੁਤ ਪਛਾਤੀ ਬਗਲਿਆਂ, ਘਟੈ ਕਾਲੀ ਬਗੇ।
ਏਹੀ ਕੀਤੀ ਮੂਸਿਆਂ, ਕਿਨ ਕਰੀ ਨ ਐਗੇ।

---

*੧* ਪੰਜਾਬੀ ਦੁਨੀਆਂ ਅਕਤੂਬਰ-ਨਵੰਬਰ ੧੯੬੨ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਵਾਰਾਂ (ਲੇਖ) ਲੇਖਕ ਹੀਰਾ ਸਿੰਘ ਦਰਦ ਪੰਨਾਂ ੮੪

ਆਪ ( ਗੁਰੂ ਨਾਨਕ ਦੇਵ ਜੀ) ਨੇ 'ਵਾਰ' ਨੂੰ ਅਧਿਆਤਮਕ ਤੇ ਸਮਾਜਕ ਸਿਧਾਂਤਾਂ ਦੀ ਵਿਆਖਿਆ ਤੇ ਪਰਚਾਰ ਲਈ ਵਰਤਣ ਦੀ ਪਹਿਲ-ਕਦਮੀ ਕਰ ਕੇ ਪੰਜਾਬੀ ਕਵੀਆਂ ਨੂੰ ਇਕ ਨਵਾਂ ਰਾਹ ਦਿਖਾਇਆ।

### ੪. ਸਿਕੰਦਰ ਬਿਰਾਹਮ ਦੀ ਵਾਰ

ਪਾਪੀ ਖਾਨ ਬਿਰਾਹਮ ਪਰ ਚੜ੍ਹਿਆ ਸੇਕੰਦਰ।
ਭੇੜ ਦੁਹਾਂ ਦਾ ਮੱਚਿਆ, ਬਡ ਰਣ ਦੇ ਅੰਦਰ।
ਫੜ੍ਹਿਆ ਖਾਨ ਬਿਰਾਮ ਨੂੰ ਕਰ ਬੱਡ ਅਡੰਬਰ।
ਬੱਧਾ ਸੰਗਲ ਪਾਇਕੈ, ਜਣੁ ਕੋਲੇ ਬੰਦਰ।
ਆਪਣਾ ਹੁਕਮ ਮਨਾਇਕੈ, ਛਡਿਆ ਜਗ ਅੰਦਰ।

### ੫. ਲਲਾ ਬਹਿਲਾਮਾ ਦੀ ਵਾਰ

ਕਾਲ ਲਲਾ ਦੇ ਦੇਸ ਦਾ, ਖੋਹਿਆ ਬਹਿਲੀਮਾ।
ਹਿੱਸਾ ਛਠਾ ਮਨਾਇਕੈ, ਜਲ ਨਹਿਰੋਂ ਦੀਮਾਂ।
ਫਿਰਾਹੂਣ ਹੋਇ ਲਲਾ ਨੇ, ਰਣ ਮੰਡਿਆ ਧੀਮਾਂ।
ਭੇੜ ਦੁਹੁੰ ਇਸ ਮਚਿਆ, ਸੱਟ ਪਈ ਅਜੀਮਾਂ।
ਸਿਰ ਧੜ ਡਿਗੇ ਖੇਤ ਵਿੱਚ, ਜਿਉਂ ਵਾਹਣ ਢੀਮਾਂ।
ਮਾਰ ਲਲਾ ਬਹਿਲੀਮ ਨੇਂ, ਰਣ ਮੇਂ ਧਰ ਸੀਮਾਂ।

### ੬. ਟੁੰਡੇ ਅਸਰਾਜੇ ਦੀ ਵਾਰ

ਭਬਕਿਆ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ।
ਸੁਲਤਾਨ ਖਾਨ ਬਡ ਸੂਰਮੇ, ਵਿਚ ਰਣ ਦੇ ਗੱਜੇ।
ਖਤ ਲਿਖੇ ਟੁੰਡੇਅਸਰਾਜ ਨੂੰ, ਪਾਤਸ਼ਾਹੀ ਅੱਜੇ।
ਟਿਕਾ ਸਾਰੰਗ ਬਾਪ ਨੇਂ, ਦਿਤਾ ਭਰ ਲੱਜੇ।
ਫਤੇ ਪਾਈ ਅਸਰਾਜ ਜੀ, ਸ਼ਾਹੀ ਘਰ ਸੱਜੇ।

### ੭. ਮਲਕ ਮੁਰੀਦ ਤੇ ਚੰਦ੍ਰਹੜਾ ਸੋਈਆਂ ਦੀ ਵਾਰ

ਕਾਬਲ ਵਿੱਚ ਮੁਰੀਦ ਖਾਂ, ਫੜਿਆ ਬਡ ਜ਼ੋਰ।
ਚੰਦ੍ਰਹੜਾ ਲੈ ਫ਼ੌਜ ਕੋ, ਚੜ੍ਹਿਆ ਬਡ ਤੌਰ।
ਦੁਹਾਂ ਕੰਧਾਰਾਂ ਮੂੰਹ ਜੁੜੇ, ਦਾਮਾਮੇ ਦੌਰ।
ਸ਼ਸਤ੍ਰ ਪਜੂਤੇ ਸੂਰਿਆਂ, ਸਿਰ ਬੱਧੇ ਟੌਰ।

ਹੋਲੀ ਖੇਲੇ ਚੰਦ੍ਰਹੜਾ, ਰੰਗ ਲਗੇ ਸੌਰ।
ਦੋਵੇਂ ਤਰਫਾਂ ਜੁਟੀਆਂ, ਤਰ ਵੱਗਨ ਕੌਰ।
ਮੈਂ ਭੀ ਰਾਇ ਸਦਾਇਸਾਂ, ਵੜਿਆ ਲਾਹੌਰ।
ਦੋਵੇਂ ਸੂਰੇ ਸਾਮ੍ਹਣੇ ਜੂਝੇ ਉਸ ਠੌਰ।

੮. ਜੋਧੇ ਵੀਰੇ ਪੂਰਬਾਣੀ ਦੀ ਵਾਰ

ਜੋਧੇ ਪੂਰਬਾਣੀਏ, ਦੋ ਗੱਲਾਂ ਕਰੀਆਂ ਕਰਾਰੀਆਂ।
ਫੌਜਾਂ ਚੜ੍ਹੀਆਂ ਬਾਦਸ਼ਾਹ, ਅਕਬਰ ਰਣ ਭਾਰੀਆਂ।
ਸਨਮੁਖ ਹੋਏ ਰਾਜਪੂਤ, ਸੁਤਰੀ ਰਣਕਾਰੀਆਂ।
ਉਨ੍ਹਾਂ ਧੂ ਮਿਆਣੋਂ ਕਢੀਆਂ, ਬਿਜੁਲ ਚਮਕਾਰੀਆਂ।
ਇੰਦਰ ਸਣੇ ਅਪਛਰਾਂ ਮਿਲ ਕਰਨ ਜੁਹਾਰੀਆਂ।
ਏਹੋ ਕੀਤੀ ਜੋਧ ਬੀਰ, ਪਾਤਸ਼ਾਹੀ ਗਲਾਂ ਸਾਰੀਆਂ।

੯. ਰਾਣਾ ਕੈਲਾਸ਼ਦੇਵ ਤਥਾ ਮਾਲਦੇ ਕੀ ਵਾਰ

ਧਰਤ ਘੋੜਾ ਪਰਬਤ ਪਲਾਣ ਸਿਰ ਟੱਟਰ ਅੰਬਰ।
ਨੌਂ ਸੈ ਨਦੀ ਨੜਿੰਦਵੇਂ, ਰਾਣਾ ਜਲ ਕੰਬਰ।
ਢੁਕਾ ਰਾਇ ਅਮੀਰ ਦੇਵ, ਕਰ ਮੇਘ ਅਡੰਬਰ।
ਆਣਤ ਖੀਡਾ ਰਾਣਿਆ, ਕੈਲਾਸੇ ਅੰਦਰ।
ਬਿਜੁਲ ਜਿਉਂ ਚਮਕਾਣੀਆਂ, ਤੇਗਾਂ ਵਿੱਚ ਅੰਬਰ।
ਮਾਲਦੇਵ ਕੈਲਾਸ਼ ਨੂੰ, ਬੰਨ੍ਹਿਆ ਕਰ ਸੰਘਰ।
ਫਿਰ ਅੱਧਾ ਧਨ ਮਾਲਦੇ, ਛਡਿਆ ਗੜ੍ਹ ਅੰਦਰ।
ਮਾਲ ਦੇਉ ਜਸ ਖਟਿਆ, ਜਿਉਂ ਸ਼ਾਹ ਸਿਕੰਦਰ।

ਪ੍ਰੋ: ਪ੍ਰੀਤਮ ਸਿੰਘ ਦਾ ਇਹਨਾਂ ਦੇ ਪ੍ਰਾਚੀਨ ਹੋਣ ਬਾਰੇ ਇਹ ਵਿਚਾਰ ਹੈ ਕਿ ਇਹਨਾਂ ਵਿੱਚ ਆਈਆਂ ਧੁਨੀਆਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਕੀਤਾ ਗਇਆ ਹੈ। ਨਾਲ ਆਪ ਆਪਣੇ ਲੇਖ ਦੇ ਪੰਨਾਂ ੨੭ ਉਤੇ ਲਿਖਦੇ ਹਨ ਕਿ ਇਹਨਾਂ ਦੇ ਪ੍ਰਾਚੀਨ ਹੋਣ ਬਾਰੇ ਕੁਝ ਕਹਿਆ ਤਾਂ ਨਹੀਂ ਜਾ ਸਕਦਾ ਪਰ ਇਹ

ਪਕਾ ਹੈ ਕਿ, ਸੋਲ੍ਹਵੀਂ ਸਦੀ ਤੋਂ ਪਹਿਲਾਂ ਦੀਆਂ ਹੀ ਹਨ। *੧*

ਸੋ ਵਾਰਾਂ ਦੇ ਵਿਰਸੇ ਬਾਰੇ ਨਿਸਚਤ ਤੌਰ ਉਤੇ ਕੁਝ ਵੀ ਨਹੀਂ ਕਹਿਆ ਜਾ ਸਕਦਾ।ਲਿਖਤ ਦੀ ਪੁਰਾਤਨਤਾ ਤਾਂ ਉਸਦੇ ਲੇਖਕ ਦੇ ਨਾਂ ਜਾਂ ਦਰਜ ਕੀਤੇ ਹੋਏ ਸੰਮਤ ਤੋਂ ਹੀ ਲਾਈ ਜਾ ਸਕਦੀ ਹੈ। ਪਰ ਜਿਨ੍ਹਾਂ ਲਿਖਤਾਂ ਉਤੇ ਅਜਿਹੀਆਂ ਘਾਟਾਂ ਦਿਸ ਆਉਣ ਉਨ੍ਹਾਂ ਦੇ ਵਿਸ਼ੇ ਵਸਤੂ ਅਤੇ ਬੋਲੀ ਸ਼ੈਲੀ ਨੂੰ ਹੀ ਜਾਚਣਾ ਪੈਂਦਾ ਹੈ। ਪਰਖ ਦੀ ਇਸ ਕਸਵਟੀ ਉਤੇ ਅਸੀਂ ਪ੍ਰੋ: ਪ੍ਰੀਤਮ ਸਿੰਘ ਨਾਲ ਸਹਿਮਤ ਹਾਂ ਕਿ ਇਹ ਵਾਰਾਂ ਜ਼ਰੂਰ ਪੂਰਬ ੧੬ਵੀਂ ਸਦੀ ਦੀਆਂ ਹਨ। ਸੋ ਪੰਜਾਬੀ ਵਿੱਚ ਵਾਰਾਂ ਭਾਵੇਂ ਬੀਰ-ਰਸੀ ਸਨ ਜਾਂ ਜਸ ਅਪ-ਜਸ ਦੀਆਂ ਪਰ ਵਾਰਾਂ ਜ਼ਰੂਰ ਲਿਖੀਆਂ ਜਾਂਦੀਆਂ ਸਨ। ਗੁਰੂ ਸਾਹਿਬ ਤੋਂ ਪਹਿਲਾਂ ਵਾਰ ਦੀ ਪ੍ਰੰਪਰਾ ਕਾਇਮ ਹੋ ਚੁਕੀ ਸੀ।

ਗੁਰੂ ਗ੍ਰੰਥ ਸਾਹਿਬ ਵਿੱਚ ਸਤਾ ਬਲਵੰਡ ਦੀ ਵਾਰ ਵੀ ਇਸੇ ਹੀ ਪ੍ਰੰਪਰਾ ਦਾ ਨਤੀਜਾ ਹੈ।

## ੫. ਗਦ ਸਾਹਿਤ

ਪੰਜਾਬੀ ਗਦ ਸਾਹਿਤ ਦੀ ਪ੍ਰੰਪਰਾ ਲਭਦੇ ਸਮੇਂ ਸੰਘ ਇੰਦਰ ਸਿੰਘ ਚਕਰਵਰਤੀ ਜੀ ਨੇਂ ਨਾਗਰੀ ਪ੍ਰਚਾਰਨੀ ਸਭਾ ਬਨਾਰਸ ਦੇ ਪੁਸਤਕ ਭੰਡਾਰ ਵਿੱਚ

---

*੧* ਪੰਜਾਬੀ ਸਾਹਿਤ ਦਾ ਇਤਿਹਾਸ ( ਮਧ ਕਾਲ)
ਬੀਰ-ਕਾਵਿ ਦੀ ਉਤਪਤੀ ਤੇ ਵਿਕਾਸ(ਲੇਖ) ਲੇਖਕ ਪ੍ਰੋ: ਪ੍ਰੀਤਮ ਸਿੰਘ
ਪੰਨਾਂ ੨੭

ਇਹਨਾਂ ਵਿੱਚੋਂ ਕਿੰਨੀਆਂ ਕੁ ਵਾਰਾਂ ਪੂਰਬ- ਨਾਨਕ ਕਾਲ ਦੀਆਂ ਹਨ। ਇਹ ਅਸੀਂ ਨਹੀਂ ਕਹਿ ਸਕਦੇ। ਪਰ ਇਕ ਗਲ ਤਾਂ ਪੱਕੀ ਹੈ ਕਿ ਇਹ ਸੋਲ੍ਹਵੀਂ ਸਦੀ ਜਾਂ ਉਸ ਤੋਂ ਪਹਿਲਾਂ ਦੀਆਂ ਹਨ। ਇਹ ਭੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੌਂ ਵਾਰਾਂ ਤੋਂ ਇਲਾਵਾ ਵੀ ਹੋਰ ਕਈ ਵਾਰਾਂ ਉਸ ਸਮੇਂ ਪਰਚਲਤ ਹੋਣਗੀਆਂ, ਜਿਹੜੀਆਂ ਸਾਡੇ ਤਕ ਨਹੀਂ ਪੁਜੀਆਂ।

ਇੱਕ ਪੁਸਤਕ " ਪਧਤੀ ਨਾਮਾ ਸ੍ਰੀ ਫਰੀਦ ਜੀ ਕਾ" ਵੇਖਿਆ ਹੈ। *੧* ਆਪ ਜੀ ਨੇਂ ਇਸਦੀ ਬੋਲੀ ਮਿਲੀ ਜੁਲੀ ਹਿੰਦੀ ਦਸੀ ਹੈ। ਆਪ ਜੀ ਦੇ ਬਿਆਨ ਤੋਂ ਇਹ ਵੀ ਮਹਿਸੂਸ ਹੁੰਦਾ ਹੈ ਕਿ ਆਪ ਜੀ ਨੇਂ ਇਸ ਪਧਤੀ ਨਾਮੇਂ ਦਾ ਚੰਗਾ ਅਧਿਐਨ ਕੀਤਾ ਹੋਇਆ ਹੈ। ਕਿਉਂਕਿ ਜੋ ਟੂਕਾਂ ਆਪ ਜੀ ਨੇਂ ਪ੍ਰਕਾਸ਼ਤ ਕੀਤੀਆਂ ਹਨ ਅਤੇ ਜੋ ਫਰੀਦ ਜੀ ਦੀ ਬਾਣੀ ਨਾਲ ਉਸਦਾ ਤੁਲਨਾਤਮਕ ਅਧਿਐਨ ਸਾਡੇ ਸਾਹਮਣੇ ਪੇਸ਼ ਕੀਤਾ ਹੈ ਸਾਰਾ ਉਨ੍ਹਾਂ ਦੀ ਖੋਜ ਬਾਰੇ ਚਾਨਣਾ ਪਾਉਂਦਾ ਹੈ। ਸਾਡੀ ਖੋਜ ਅਨੁਸਾਰ ਇਹ ਇੱਕੋ ਇੱਕ ਪੁਸਤਕ ਹੈ ਜਿਹੜੀ ਸਾਨੂੰ ਪੂਰਬ ਨਾਨਕ ਕਾਲ ਦੇ ਪੰਜਾਬੀ ਗਦ ਸਾਹਿਤ ਨਾਲ ਜਾਣ ਪਛਾਣ ਕਰਵਾਉਂਦੀ ਹੈ। ਆਪ ਜੀ ਅਨੁਸਾਰ ਹੀ ਇਸ ਪਧਤੀ ਨਾਮੇਂ ਦੇ ਕਰਤਾ ਅਤੇ ਕਾਲ ਦਾ ਕੋਈ ਪੱਤਾ ਨਹੀਂ, ਜਿਹੜਾ ਅਜੇ ਅਗੇਤਰੀ ਖੋਜ ਦਾ ਮੁਥਾਜ ਹੈ।

ਬਾਬਾ ਫ਼ਰੀਦ ਜੀ ਦਾ ਸਮਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਨਾਲੋਂ ਤਕਰੀਬਨ ੪੦੦ ਸਾਲ ਪਹਿਲਾਂ ਦਾ ਹੈ। ਜੇ ਇਹ ਪਧਤੀ ਨਾਮਾਂ ਬਾਬਾ ਫਰੀਦ ਜੀ ਦੇ ਸਮੇਂ ਜਾਂ ਝੱਟ ਹੀ ਮਗਰੋਂ ਦਾ ਨਹੀਂ ਲਿਖਿਆ ਹੋਇਆ ਤਾਂ ਇਹ ਵੀ ਨਹੀਂ ਹੋ ਸਕਦਾ ਕਿ, ਇਹ, ਗੁਰੂ ਰਾਮਦਾਸ ਸਾਹਿਬ ਦੇ ਜੀਵਨ ਕਾਲ ਤੋਂ ਮਗਰੋਂ ਦਾ ਰਚਿਆ ਹੋਇਆ ਹੈ। ਸੋ ਹਰ ਹਾਲਤ ਵਿੱਚ ਇਹ ਪਧਤੀ - ਨਾਮਾ ਪੂਰਬ ਨਾਨਕ ਕਾਲ ਦਾ ਹੀ ਹੈ। ਇਸ ਦੀ ਬੋਲੀ ਫ਼ਰੀਦ ਜੀ ਦੇ ਯੁਗ ਦੀ ਬੋਲੀ ਨਾਲ ਰਲਦੀ ਹੈ। ਇਸ ਵਿੱਚ ਅੰਕਤ ਕੀਤੇ ਵਿਚਾਰ ਵੀ ਫ਼ਰੀਦ ਜੀ ਦੇ ਵਿਚਾਰਾਂ ਦੇ ਅਨੁਕੂਲ ਹਨ ਪ੍ਰਤੀ-ਕੂਲ ਨਹੀਂ। ਸੰਤ ਇੰਦਰ ਸਿੰਘ ਚਕਰਵਤੀ ਦਾ ਇਹ ਵੀ ਖਿਆਲ ਹੈ ਕਿ ਇਹ ਰਚਨਾਂ ਫ਼ਰੀਦ ਜੀ ਦੀ ਹੀ ਹੈ। *੨*

---

*੧* ਪੰਜਾਬੀ ਦੁਨੀਆਂ ਫ਼ਰੀਦ ਅੰਕ ਅਪ੍ਰੈਲ-ਮਈ ੧੯੬੦

ਸ੍ਰੀ ਫ਼ਰੀਦ ਜੀ ਕਾ ਪਧਤੀ ਨਾਮਾ (ਲੇਖ) ਲੇਖਕ ਸੰਤ ਇੰਦਰ ਸਿੰਘ ਚਕਰਵਰਤੀ

ਪੰਨਾਂ ੫੯

...... ਜਿਸ ਵਿੱਚ ਤ੍ਰੈ-ਚਾਰ ਪੁਸਤਕਾਂ ਵੇਖੀਆਂ ਗਈਆਂ ਇਹ ਸਨ। ਇਨਾਂ ਦੀ ਲਿਪੀ ਦੇਵ ਨਾਗਰੀ ਹੈ ਤੇ ਭਾਸ਼ਾ ਪੰਜਾਬੀ ਹੈ। ਪੱਧਤੀ ਨਾਮਾ ਸ੍ਰੀ ਫਰੀਦ ਜੀ ਕਾ। ਮਿਲੀ ਜੁਲੀ ਬੋਲੀ, ਲਿਪੀ ਹਿੰਦੀ।

*੨* ਪੁਸਤਕ, ਲੇਖ ਅਤੇ ਲੇਖਕ ਉਪਰਲੇ। ਪੰਨਾਂ ੬੧

....... ਪਰ ਇਨ੍ਹਾਂ ਉਪ੍ਰੋਕਤ ਅੰਦਰਲੀਆਂ ਮੋਹਤਬਿਰ ਸ਼ਹਾਦਤਾਂ ਦੇ ਆਧਾਰ ਤੇ ਇਹ ਸ੍ਰੀ ਭਗਤ ਸ਼ੇਖ ਫਰੀਦ ਜੀ ਦੀ ਕ੍ਰਿਤ ਹੀ ਜਾਪਦਾ ਹੈ। ਇਸ ਵਿੱਚ ਸ਼ੱਕ ਦੀ ਗੁੰਜਾਇਸ਼ ਨਹੀਂ।

ਬੋਲੀ ਦਾ ਨਮੂਨਾ ਵੇਖੋ। ਪਧਤੀ ਨਾਮੇ ਦਾ ਮੁਢ ਇਸ ਪ੍ਰਕਾਰ ਹੈ। " ਅਥ ਸ੍ਰੀ ਫਰੀਦ ਜੀ ਦਾ ਪੱਧਤੀ ਨਾਮਾ ਲਿਖ੍ਯਤੇ" ਬਾਕੀ ਥਾਉਂ ਖਾਈਂ ਸ਼ਬਦ ਇਸ ਪ੍ਰਕਾਰ ਹਨ " ਬੰਦਗੀ, ਦੀਨ, ਸਾਹਿਬ, ਸਬਰ, ਮੂੰਹ ਅਤੇ ਦਰਗਾਹ ਆਦਿਕ। ਪਧਤੀ ਨਾਮੇ ਦੀ ਬਾਣੀ (ਵਾਰਤਕ) ਵੀ ਫ਼ਰੀਦ ਜੀ ਦੀ ਬਾਣੀ (ਕਵਿਤਾ) ਨਾਲ ਮਿਲਦੀ ਹੈ। ਜਿਵੇਂ ਕਿ

| ਪੱਧਤੀ ਨਾਮਾ (ਵਾਰਤਕ) | ਬਾਣੀ ਬਾਬਾ ਫਰੀਦ ਜੀ(ਕਵਿਤਾ) |
|---|---|
| ੧. ਬਗੈਰ ਗੁਨਾਹ ਏਕ ਘੜੀ ਨਹੀਂ ਮੁਝ ਪਰ। | ੧. ਗੁਨਹੀ ਭਰਿਆ ਮੈਂ ਫਿਰਾਂ ਲੋਕ ਕਹਿਣ ਦਰਵੇਸੁ। |
| ੨. ਦੋਸ ਤੈਂ ਪਰ ਆਰੋਪੇ........ ਤੇ ਤੂੰ ਉਸ ਆਗੇ ਦੀਨ ਹੋਇ। | ੨. ਫਰੀਦਾ ਜੋ ਤੈਂ ਮਾਰਨ ਮੁਕੀਆਂ ਤਿਨਾ ਨ ਮਾਰੇ ਘੁੰਮ। |

੨. **ਅਨੁਭਵ** (**His experience**)

ਸਾਡੇ ਵਿਚਾਰ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਆਪਣੀ ਛੋਟੀ ਉਮਰੇ ਹੀ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਾਜ਼ਰ ਹੋਏ। ਸਾਨੂੰ ਕੁਝ ਮਾਨਨੀਯ ਗਵਾਹੀਆਂ ਤੋਂ ਇਹ ਵੀ ਪ੍ਰਾਪਤ ਹੋਇਆ ਹੈ ਕਿ ਆਪ ਜੀ ਇੱਕ ਅਨਿੰਨ ਭਗਤ ਸਨ ਅਤੇ ਸੇਵਾ ਕਰਨਾਂ ਆਪ ਜੀ ਦੇ ਜੀਵਨ ਦਾ ਆਸ਼ਾ ਸੀ। ਦਿੰਨ ਦਾ ਬਹੁਤਾ ਸਮਾਂ ਆਪ ਜੀ ਲੰਗਰ ਦੀ ਸੇਵਾ ਵਿੱਚ ਰਹਿਆ ਕਰਦੇ ਸਨ ਅਤੇ ਵਿਹਲਾ ਸਮਾਂ ਬਾਉਲੀ ਦੀ ਕਾਰ ਸੇਵਾ ਜਾਂ ਆਪਣੇ ਗੁਰੂ ਦੀ ਸੇਵਾ ਵਿੱਚ ਬਿਤਾਇਆ ਕਰਦੇ ਸਨ। ਗੁਰੂ ਅਮਰਦਾਸ ਜੀ ਦਾ ਧਰਮ ਕੋਈ ਸੰਪਰਦਾਈ ਧਰਮ ਨਹੀਂ ਸੀ ਅਤੇ ਨ ਹੀ ਆਪ ਨਿਰੇ ਜੋਗੀਆਂ ਵਾਂਗ ਧਾਰਮਕ ਪ੍ਰਚਾਰਕ ਹੀ ਸਨ ਜੋ ਕਿਸੇ ਸ਼ਿਵ ਜਾਂ ਸ਼ਾਕਤ ਮੱਤ ਦੇ ਨਾਲ ਜੁੜੇ ਹੋਏ ਸਨ, ਸਗੋਂ ਆਪ ਜੀ ਤਾਂ ਸਮਾਜ ਦੇ ਕ੍ਰਾਂਤੀਕਾਰੀ ਨੇਤਾ ਸਨ। ਆਪ ਜੀ ਨੇਂ ਸੱਤੀ ਰ ਵਰਗੀ ਭੈੜੀ ਰਸਮ ਨੂੰ ਖ਼ਤਮ ਕਰਨ ਲਈ ਇਸਦੇ ਵਿਰੁਧ ਕਰੜੀ ਆਵਾਜ਼ ਉਠਾਈ।

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥

ਸਲੋਕ ਮਹਲਾ ੩
(ਪੰਨਾਂ ੭੮੭) ਆਦਿ ਗ੍ਰੰਥ

ਆਪ ਜੀ ਨੇ ਸੂਤਕ, ਜ਼ਾਤ ਪਾਤ, ਅਤੇ ਹੋਰ ਵੀ ਸਮਾਜਕ ਕੁਰੀਤੀਆਂ ਬਾਰੇ ਆਵਾਜ਼ ਉਠਾਈ। *੧*

ਇਹ ਆਵਾਜ਼ ਨਿਰੀ ਆਵਾਜ਼ ਹੀ ਨਹੀਂ ਸੀ ਸਗੋਂ ਬੁਰਾਈਆਂ ਨੂੰ ਦੂਰ ਕਰਨ ਦਾ ਹਠ ਸੀ। ਬੁਰਾਈ ਨੂੰ ਬੁਰਾਈ ਕਹਿਣ ਵਾਲਾ ਨਿਰਾ ਹਵਾ ਵਿੱਚ ਤਲਵਾਰਾਂ ਮਾਨ ਵਾਲਾ ਹੋਇਆ ਕਰਦਾ ਹੈ ਪਰ ਬੁਰਾਈ ਨੂੰ ਬੁਰਾਈ ਕਹਿਕੇ ਨਾਲ ਚੰਗਿਆਈ ਦੀ ਸੇਧ ਦੇਣ ਵਾਲਾ ਸਮਾਜ ਉਸਰੇਈਆ ਹੋਇਆ ਕਰਦਾ। ਸੋ ਆਪ ਜੀ ਇਸ ਸਮਾਜ ਉਸਰੇਈਏ ਵਾਲੇ ਪੜਾ ਉਤੇ ਆ ਖਲੋਂਦੇ ਹਨ। ਆਪ ਜੀ ਦੇ ਬੁਰਾਈਆਂ ਦੇ ਖਿਲਾਫ ਨਾਹਰੇ ਨੇ ਮਨੁੱਖੀ ਸਮਾਜ ਨੂੰ ਇੱਕ ਸੇਧ ਦਿੱਤੀ। ਆਪ ਜੀ ਦੇ ਖਿਲਾਫ, ਮਨ-ਮਤੀਆਂ ਨੇ ਆਪਣੀਆਂ ਹੋਛੀਆਂ ਕਾਰਵਾਈਆਂ ਅਤੇ ਰਾਜਸੀ ਪੱਧਰ ਤੇ ਜੋ ਵੀ ਵਿਰੋਧਤਾਵਾਂ ਕੀਤੀਆਂ, ਉਹ ਸਾਰੀਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਸਾਹਮਣੇ ਹੀ ਹੋਈਆਂ। ਗੁਰੂ ਅਮਰਦਾਸ ਜੀ ਨੇ ਜਿਥੇ ਬਾਬਾ ਫ਼ਰੀਦ ਜੀ ਜਾਂ ਦੂਜੇ ਭਗਤਾਂ ਦੀ ਬਾਣੀ ਵਿੱਚ ਕੋਈ ਵਿਰੋਧੀ ਪੱਖ ਜਾਂ ਕੋਈ ਕੰਮਜ਼ੋਰੀ ਵੇਖੀ, ਤਾਂ ਉਸ ਦੇ ਮੁਕਾਬਲੇ ਆਪਣੀ ਬਾਣੀ ਉਚਾਰੀ ਅਤੇ ਜਨਤਾ ਦੇ ਭੁਲੇਖਿਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਜਿਵੇਂ ਕਿ

ਬਾਬਾ ਫ਼ਰੀਦ ਜੀ — ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥

ਗੁਰੂ ਅਮਰਦਾਸ ਜੀ — ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ
ਜੇ ਕੋ ਚਿਤਿ ਕਰੇ॥

(ਪੰਨਾਂ ੧੩੭੮) ਆਦਿ ਗ੍ਰੰਥ

ਗੁਰੂ ਅਮਰਦਾਸ ਸਾਹਿਬ ਜੀ ਨੇ ੨੨ ਮੰਜੀਆਂ ਕਾਇਮ ਕੀਤੀਆਂ ਅਤੇ ਇਸ ਦੀ ਕਾਇਮੀ ਦੀ ਮਹੱਤਤਾ ਤੋਂ ਵੀ ਗੁਰੂ ਰਾਮਦਾਸ ਸਾਹਿਬ ਨੂੰ ਭਲੀ ਪ੍ਰਕਾਰ ਜਾਣੂ ਕਰਵਾ ਦਿੱਤਾ ਗਇਆ ਸੀ। ਆਪ ਜੀ ਨੂੰ ਸੁਲਝੇ ਹੋਏ ਗਿਆਨੀ ਅਤੇ ਗੁਰਮਤ ਵੇਤਾ ਹੋਣ ਦੀ ਸ਼ਕਲ ਵਿੱਚ ਹੀ ਬ੍ਰਾਹਮਣ ਸ੍ਰੇਣੀ ਵਲੋਂ ਉਠਾਏ ਗਏ ਕੁਧਰਮੀ ਪ੍ਰਸ਼ਨਾਂ ਦਾ ਉਤਰ ਦੇਣ ਲਈ ਅਕਬੱਰ ਦੇ ਰਾਜਦਰਬਾਰ ਵਿੱਚ ਭੇਜਿਆ ਗਇਆ ਸੀ। ਮਕਾਲਿਫ਼ ਨੇ ਇਸ ਵਿਚਾਰ ਦੀ ਪੁਸ਼ਟੀ ਬੜੇ ਸੋਹਣੇ ਵਾਰਤਾਲਾਪੀ

---

*੧* ਪੰਜਾਬੀ ਸਾਹਿਤ ਦਾ ਇਤਿਹਾਸ ਕ੍ਰਿਤ ਡਾ: ਗੋਪਾਲ ਸਿੰਘ ਦਰਦੀ। ਪੰਨਾਂ ੮੨

ਗੁਰ ਅਮਰਦਾਸ:-(੧੪੭੯-੧੫੭੪) ਜੀ ਨੇ ਮਨੁੱਖ ਮਾਤਰ ਦੀ ਏਕਤਾ ਤੇ ਗੁਰਬਾਣੀ ਦੀ ਪਰਮ ਸਚਿਆਈ ਬਾਰੇ ਬਾਣੀ ਰਚੀ ਹੈ। ਛੁਤ ਛਾਤ, ਜ਼ਾਤ ਪਾਤ, ਸੁਤਕ, ਸਤੀ, ਮਨਮੁਖ, ਆਦਿਕ ਵਿਰੁਧ ਆਪ ਨੇ ਕਾਫੀ ਬਾਣੀ ਉਚਾਰੀ ਹੈ। ਤੇ ਮਨੁੱਖ ਦੀ ਵਡਿਆਈ ਤੇ ਸਮਾਨਤਾ ਨੂੰ ਦਰਸਾਇਆ ਹੈ।

ਢੰਗ ਨਾਲ ਕੀਤੀ ਹੈ।*੧*

ਇਹ ਸਾਰਾ ਬ੍ਰਿਤਾਂਤ ਆਪ ਜੀ ਦੇ ਤਜਰਬੇ ਅਤੇ ਸੁਲਝੀ ਹੋਈ ਸੂਖਸੀਅਤ ਦਾ ਚਾਨਣਾ ਪਾਉਂਦਾ ਹੈ। ਆਪ ਜੀ ਇੱਕ ਮਹਾਨ ਗਿਆਨੀ ਸਨ। ਗੁਰਮਤ ਦਾ ਜੋ ਗਿਆਨ ਆਪ ਜੀ ਪਾਸੋ ਸੀ, ਸ਼ਾਇਦ ਹੀ ਕਿਸੇ ਹੋਰ ਪਾਸ ਹੋਵੇ। ਆਪ ਜੀ ਨੂੰ ਤਾਂ ਧੁਰੋਂ ਹੀ ਇਸ ਗੁਰਗ-ਦੀ ਦੀ ਸੇਵਾ ਲਈ ਭੇਜਿਆ ਗਇਆ ਸੀ। (ਇਸ ਪਹਿਰੇ ਵਿੱਚ "ਆਪ ਜੀ" ਸ੍ਰੀ ਗੁਰੁ ਰਾਮਦਾਸ ਸਾਹਿਬ ਲਈ ਵਰਤਿਆ ਗਇਆ ਹੈ।)

ਜਬ ਬਰਦਾਨ ਸਮਾ ਵਹੁ ਆਵਾ
ਰਾਮਦਾਸ ਤਬ ਗੁਰੁ ਕਹਾਵਾ॥

ਗੁਰੁ ਗੋਬਿੰਦ ਸਿੰਘ ਜੀ
ਬਚ੍ਰਿਤ੍ਰ ਨਾਟਕ।

ਇਸ ਵਰਦਾਨ ਦੇ ਪਿਛੇ ਇੱਕ ਵਡੀ ਕਹਾਣੀ ਕੰਮ ਕਰਦੀ ਹੈ, ਜਿਸਦਾ ਬਿਆਨ ਪਿਛੇ ਗੁਰੁ ਸਾਹਿਬ ਨੂੰ ਗੁਰਿਆਈ ਮਿਲਣ ਵਾਲੇ ਅਧਿਆਏ ਵਿੱਚ ਕੀਤਾ ਜਾ ਚੁਕਾ ਹੈ।

ਗੁਰੁ ਰਾਮਦਾਸ ਸਾਹਿਬ ਜੀ ਨੇਂ ਇਸ ੩੨ ਸਾਲ ਦੀ ਸੇਵਾ ਦੇ ਸਮੇਂ ਵਿੱਚ ਮਹਾਨ ਤਜਰਬੇ ਨੂੰ ਗ੍ਰਹਿਣ ਕੀਤਾ ਅਤੇ ਮੁੜ ੭ ਕੁ ਸਾਲ ਦੀ ਗੁਰਿਆਈ ਸਮੇਂ ਸਿਖ ਜਗਤ ਦੇ ਭੇਟ ਕੀਤਾ। ਆਪ ਜੀ ਦੀ ਉਚ ਕਰਜੇ ਦੀ ਕਵਿਤਾ ਇਸ ਤਜਰਬੇ ਦਾ ਹੀ ਪ੍ਰਤੀਬਿੰਬ ਹੈ।

## ੩. ਵਿਚਾਰ ਸੋਮੇਂ। (Inspirations)

ਟੀ. ਐਸ. ਈਲੀਅਟ ਦਾ ਕਹਿਣਾ ਹੈ ਕਿ "ਉਤਮ ਕਲਾ ਪਰੇਰੇ

---

*1* THE SIKH RELIGION VOL.II. By M.A.MACAULIFFE. P. 107

The Guru replied, " I am too old to go anyshere. My son Mohan is absorbed in divine meditation and my other son Mohri says he has never seen a court. . .... The Guru instructed Jetha," Thou art in mine image. Guru Nanak will be with thee, and none shall prevail against ~~three~~ thee.

ਮਨ ਦਾ ਪਕੇਰਾ ਪ੍ਰਗਟਾਓ ਹੈ", ਜਗਦੀਸ਼ ਸਿੰਘ ਅਨੁਸਾਰ ਉਸਦੇ ਲੇਖ "ਗੁਰੂ ਰਾਮਦਾਸ ਸਾਹਿਬ ਦੀ ਬਾਣੀ ਵਿੱਚ ਜੀਵਨ ਅਤੇ ਰਚਨਾਂ ਦਾ ਸੁਮੇਲ" ਗੁਰੂ ਸਾਹਿਬ ਦੀ ਬਾਣੀ ਉਤੇ ਠੀਕ ਢੁਕਦੇ ਹਨ। ਇਸਦਾ ਭਾਵ ਇਹ ਕਿ ਪਕੇਰੇ ਪ੍ਰਗਟਾਓ ਲਈ ਪਹਿਲਾਂ ਪਕੇਰੇ ਮਨ ਦੀ ਲੋੜ ਹੈ। ਸੋ ਪਹਿਲਾਂ ਮਨ ਤਿਆਰ ਕੀਤਾ ਜਾਵੇ ਫੇਰ ਉਸ ਤੋਂ ਪ੍ਰਗਟਾਓ ਦੀ ਆਸ ਕੀਤੀ ਜਾਵੇ। ਮਨ ਕਿਵੇਂ ਬਣਦਾ ਹੈ? ਡਾਃ ਰੌਸ਼ਨ ਲਾਲ ਆਹੂਜਾ ਅਨੁਸਾਰ ਇਹ ਪਕੇਰਾ ਅਤੇ ਮਹਾਨ ਮਨ ਬਣ ਜਾਂਦਾ ਹੈ ਬਣਾਇਆ ਨਹੀਂ ਜਾਂਦਾ। ਇਸ ਮਨ ਉਤੇ ਪ੍ਰਕ੍ਰਿਤੀ ਆਪਣਾ ਅਸਰ ਛਡਦੀ ਹੈ।*੧*। ਸੋ ਅਸੀਂ ਗੁਰੂ ਸਾਹਿਬ ਦੇ ਸਬੰਧ ਵਿੱਚ ਵੇਖਣਾ ਹੈ ਕਿ ਉਨ੍ਹਾਂ ਨੇਂ ਕਵਿਤਾ ਰਚਣ ਤੋਂ ਪਹਿਲਾਂ ਕਿਸ ਭਾਂਤ ਦੀ ਪ੍ਰਕ੍ਰਿਤੀ ਤੋਂ ਭਾਵ ਗ੍ਰਹਿਣ ਕੀਤੇ ਅਤੇ ਉਨ੍ਹਾਂ ਦਾ ਮਨ ਕਿਸ ਵਾਤਾਵਰਣ ਨੇਂ ਪੈਦਾ ਕੀਤਾ? ਪ੍ਰੋਃ ਪੂਰਨ ਸਿੰਘ ਜੀ ਦੇ ਵਿਚਾਰ ਵਿੱਚ ਗੁਰੂ ਰਾਮਦਾਸ ਜੀ ਦੀ ਕਵਿਤਾ ਪਿਆਰ ਦੀ ਇੱਕ ਨਿਰੰਤਰ ਵਗਦੀ ਝਨਾਂ ਹੈ।*੨*।

ਸੁਨਿਆਰਾਂ ਦੀ ਇੱਕ ਵਿਗਿਆਨਕ ਸਚਾਈ ਹੈ ਕਿ ਸੋਨਾਂ ਜਿਤਨੀ ਵਾਰੀ ਕੁਠਾਲੀ ਵਿੱਚ ਪਾਇਆ ਜਾਵੇ ਉਤਨੀ ਵਾਰੀ ਨਿਖਰਵੇਂ ਰੰਗ ਰੂਪ ਵਿੱਚ ਢਲ ਕੇ ਬਾਹਰ ਆਉਂਦਾ ਹੈ। ਕੁਠਾਲੀ ਦੀ ਦਘਦੀ ਹੋਈ ਅੱਗ ਉਸ ਵਿਚਲੀ ਮੈਲ ਨੂੰ ਸਾੜਦੀ ਹੈ। ਗੁਰਮੁਖਾਂ ਅਨੁਸਾਰ ਪ੍ਰਭੂ ਅਤੇ ਆਤਮਾਂ

---

*੧* ਕਾਵਿ ਆਲੋਚਨਾ ਪ੍ਰਕਾਸ਼ਕ (ਭਾਸ਼ਾ) ਵਿਭਾਗ ਪੰਜਾਬ ਪਟਿਆਲਾ।
ਉਚੇਰੀ ਕਵਿਤਾ ( ਲੇਖ) ਲੇਖਕ ਡਾਃ ਰੌਸ਼ਨ ਲਾਲ ਆਹੂਜਾ।
ਪਰ ਮਹਾਨ ਮਨ ਪ੍ਰਕਿਰਤੀ ਦੇ ਬਣਾਏ ਹੁੰਦੇ ਹਨ, ਸ਼ਰਧਾਲੂਆਂ ਜਾਂ ਮਿਤਰਾਂ ਦੇ ਬਣਾਏ ਨਹੀਂ ਬਣ ਜਾਂਦੇ।

*2* TEN MASTERS By PURAN SINGH
P.53

The poetry of Ram Das flows like a stream of love whose cooling melody yearns for the Beloved and sings of the magic spell of His glance. It is put in the mouth of the bride of God who pines in her longing for one more glimpses of Him and still one more. The Master's divine music thrills the soul of a whole people and his song makes everyone pure.

ਵਿਚਕਾਰ ਵਿਛੋੜੇ ਨੂੰ ਵਧਾਉਣ ਅਤੇ ਮਿਲਾਪ ਨੂੰ ਰੋਕਣ ਵਾਲਾ ਹਉਮੈਂ ਦਾ ਪੜਦਾ ਹੈ। ਜਿਸ ਨੇਂ ਇਹ ਪੜਦਾ ਗੁਰ ਦੀ ਸਹਾਇਤਾ ਨਾਲ ਪਾੜ ਲਇਆ ਉਹ ਮੁਕਤੀ ਪ੍ਰਾਪਤ ਕਰਕੇ ਆਪਣੇ ਪ੍ਰਭੂ ਨੂੰ ਜਾ ਮਿਲਦਾ ਹੈ। ਸੁਨਿਆਰ ਦੀ ਕੁਠਾਲੀ ਦੇ ਮੁਕਾਬਲੇ, ਮਨੁੱਖੀ ਆਤਮਾਂ ਰੁਪੀ ਸੋਨੇਂ ਲਈ, ਗੁਰੂ ਦੇ ਸ਼ਬਦ ਅਤੇ ਗੁਰੂ ਹੀ ਅਸਲ ਕੁਠਾਲੀ ਹਨ। ਜਿਹੜਾ ਇਸ ਕੁਠਾਲੀ ਦੀ ਅੱਗ ਵਿੱਚ ,ਇੱਕ ਵਾਰੀ ਪੈ ਜਾਂਦਾ ਹੈ, ਉਸਦੀ ਬੁਰਾਈਆਂ ਦੀ ਮੈਲ ਸੜ ਜਾਂਦੀ ਹੈ। ਉਹ ਮਨੁੱਖ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ "ਜਲ ਮਹਿ ਕਵਲ ਨਿਰਾਲਮ" ਦਾ ਜੀਵਨ ਜੀਉਂਦਾ ਹੈ।

ਗੁਰੂ ਅਮਰਦਾਸ ਸਾਹਿਬ ਦੇ ਸਮੇਂ ਜਿਵੇਂ ਕਿ ਅਸੀਂ ਪਹਿਲਾਂ ਵੀ ਕਹਿ ਚੁਕੇ ਹਾਂ ਕਿ ਗੋਇੰਦਵਾਲ ਤੱਕਸ਼ਿਲਾ ਅਤੇ ਕਾਸ਼ੀ ਵਾਂਗ ਬ੍ਰਹਮ ਗਿਆਨ ਦਾ ਕੇਂਦਰ ਬਣ ਚੁਕਾ ਸੀ।*੧*। ਗੁਰੂ ਰਾਮਦਾਸ ਸਾਹਿਬ ਨੇਂ ਇਸ ਗੁਰੂ ਕੀ ਕਾਸ਼ੀ ਵਿੱਚ ਪੂਰੇ ਤ੩੨ ਸਾਲ ਅਧਿਆਤਮਵਾਦ ਅਤੇ ਰੱਬੀ ਖੋਜ ਦੀ ਵਿਦਿਆ ਪ੍ਰਾਪਤ ਕੀਤੀ। ਇਸ ਅਧਿਐਨ ਦੇ ਸਮੇਂ ਕੋਮਲ ਮਨ ਦੀ ਧਰਤੀ ਵਿੱਚ ਬ੍ਰਹਮ ਗਿਆਨ ਦਾ ਜੋ ਬੀਜ ਪੈ ਚੁਕਾ ਸੀ, ਇੱਕ ਵੱਡੇ ਬੋਹੜ ਦੇ ਰੂਪ ਵਿੱਚ ਪ੍ਰਫੁਲਤ ਹੋਇਆ ਜਿਸਨੇਂ ਸਰਬਤ ਦੇ ਦੋਖੀਆਂ-ਦੁਖੀਆਂ ਨੂੰ ਸੁਖ ਦੀ ਛਾਂ ਪ੍ਰਦਾਨ ਕੀਤੀ।

---

*੧* "ਗੁਰੂ ਰਾਮਦਾਸ ਜੀ ਦੀ ਕਵਿਤਾ" ਖੋਜ ਪੱਤ੍ਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ। ਲੇਖਕ ਡਾ: ਤ੍ਰਿਲੋਚਨ ਸਿੰਘ ਪੰਨਾਂ ੪

ਗੋਇੰਦਵਾਲ ਉਸ ਸਮੇਂ ਸਚਾਈ ਦੀ ਖੋਜ ਦਾ ਇਕ ਮਹਾਨ ਕੇਂਦਰ ਬਣ ਚੁਕਾ ਸੀ। ਏਥੇ ਗੁਰੂ ਅਮਰਦਾਸ ਦੀ ਦਿਬ ਵਿਅਕਤੀ ਦੇ ਸਥਾਪਤ ਕੀਤੇ ਸਤਿਸੰਗ ਤੋਂ ਲਾਭ ਪ੍ਰਾਪਤ ਕਰਨ ਲਈ, ਵਿਦਵਾਨ, ਪੰਡਤ, ਕਲਾਕਾਰ, ਸੰਗੀਤ-ਵੇਤਾ, ਸ਼ਿਲਪ-ਕਾਰ ਤੇ ਮੁਸਲਮਾਨ ਫਕੀਰ ਆਦਿ ਇੱਕਠੇ ਹੋਇਆ ਕਰਦੇ ਸਨ ਅਤੇ ਇਹ ਅਨੋਖਾ ਆਸ਼ਰਮ ਇਕ ਨਵਾਂ ਤਕਸ਼ਿਲਾ ਬਣ ਗਿਆ ਸੀ। ਇਸ ਗੁਰਮਤ ਤਕਸ਼ਿਲਾ ਵਿਖੇ ਬ੍ਰਹਮ ਗਿਆਨ ਦੇ ਗੁਣਾਂ ਦੇ ਭੌਰੇ ਜੇਠਾ ਜੀ ਨੇਂ ਹਰ ਕੋਮਲ ਹੁਨਰ ਬੜੀ ਰੀਝ ਨਾਲ ਸਿਖਿਆ। ਗੁਰੂ ਰਾਮਦਾਸ ਜੀ ਆਪ ਲਿਖਦੇ ਹਨ:"ਸਤ ਸੰਗਤਿ ਸਤਿਗੁਰ ਚਟਸਾਲ ਹੈ ਜਿਤ ਹਰ ਗੁਣ ਸਿਖਾ।" ਇਸ ਚਟਸਾਲ ਦੇ ਵਿਚ ਉਨ੍ਹਾਂ ਨੇਂ ਸਾਹਿਤ, ਸੰਗੀਤ, ਸਹਿਜ ਜੋਗ, ਤੇ ਪ੍ਰਚਲਤ ਮਤ ਮਤਾਂਤਰਾਂ ਦੀ ਪੂਰੀ ਦਾਰਸ਼ਨਿਕ ਜਾਣਕਾਰੀ ਵੀ ਪ੍ਰਾਪਤ ਕੀਤੀ।

ਸੋ ਆਪ ਜੀ ਦਾ ਮਨ ਇਸ ਪ੍ਰਕਾਰ ਪਕੇਰਾ ਹੋਇਆ ਅਤੇ ਉਸ ਪਕੇਰੇ ਮਨ ਨੇ ਪਕੇਰੀ ਬਾਣੀ ਵੀ ਰੱਚੀ ਜਿਸ ਵਿੱਚੋਂ ਮਨੁੱਖਤਾ ਦੇ ਤਤਵ ਗੁਣ ਉਜਾਗਰ ਹੋਏ। ਸੋ ਗੁਰਮੱਤ ਅਤੇ ਸੂਫ਼ੀ ਮੱਤ ਦੀ ਅਮੀਰ ਪ੍ਰਕ੍ਰਿਤੀ ਨੇ ਆਪ ਜੀ ਦੀ ਸ਼ਖਸੀਅਤ ਨੂੰ ਪ੍ਰਭਾਵਤ ਕੀਤਾ ਅਤੇ ਆਪ ਮਨੁੱਖਤਾ ਦੇ ਗਾਡੀ ਰਾਹ ਦੇ ਪੰਥ ਪ੍ਰਦਰਸ਼ਕ ਬਣੇ।

## 4. ਕਾਵਿਕ ਗੁਣ ( ਪ੍ਰਤਿਭਾ) ( Poetic talent)

ਡਾ: ਤਾਰਨ ਸਿੰਘ ਨੇ ਗੁਰੂ ਰਾਮਦਾਸ ਸਾਹਿਬ ਜੀ ਦੀ ਪ੍ਰਤਿਭਾ ਦੇ ਵਿਕਾਸ਼ ਉਤੇ ਵਿਚਾਰ ਕਰਦਿਆਂ, ਵਿਕਾਸ਼ ਦਾ ਸਾਧਨ ਨਾਮ ਭਗਤੀ ਦਸਿਆ ਹੈ।*੧*। ਪ੍ਰੋ: ਕੁਲਬੀਰ ਸਿੰਘ ਕਾਂਗ ਅਨੁਸਾਰ ਗੁਰੂ ਰਾਮਦਾਸ ਸਾਹਿਬ ਨੇ ਸਹਿਜ ਅਵਸਥਾ ਵਿੱਚ ਪ੍ਰਵੇਸ਼ ਕੀਤਾ ਹੋਇਆ ਸੀ।*੨*। ਸਹਿਜ ਅਵਸਥਾ ਕੀ ਹੈ ਅਤੇ ਇਹ ਕਿਵੇਂ ਪ੍ਰਾਪਤ ਹੁੰਦੀ ਹੈ? ਇਹ ਇੱਕ ਵੱਖਰਾ ਅਧਿਆਤਮਵਾਦੀ ਵਿਸ਼ਾ ਹੈ ਜਿਸ ਉਤੇ ਅਣਗਿਣਤ ਪੁਸਤਕਾਂ ਲਿਖੀਆਂ ਗਈਆਂ ਹਨ ਅਤੇ ਲਿਖੀਆਂ ਜਾ ਸਕਦੀਆਂ ਹਨ। ਇਸ ਸਮੇਂ ਇਹ ਵਿਸ਼ਾ ਸਾਡੇ ਘੇਰੇ ਤੋਂ ਬਾਹਰ ਹੈ। ਸੋ ਸਹਿਜ ਸਅਵਥਾ ਨੂੰ ਪੁਜੇ ਹੋਏ ਕਾਮਲ ਮਨੁੱਖ ਅਤੇ ਪਕੇਰੀ ਕਵਿਤਾ ਦੇ ਮਾਲਕ ਦੀ ਰਚਨਾਂ ਨੂੰ ਇਸੇ ਕਰਕੇ "ਕਵਿਤਾ" ਦੀ ਥਾਂ "ਬਾਣੀ" ਦਾ ਨਾਂ ਦਿੱਤਾ ਗਇਆ ਹੈ। ਆਪ ਜੀ ਦੀ ਪ੍ਰਤਿਭਾ ਤੋਂ ਪ੍ਰਭਾਵਤ ਹੋ ਕੇ ਆਪ ਜੀ ਦੇ ਸਮਕਾਲੀ ਕਵੀਆਂ ਵਿੱਚੋਂ "ਕਲ੍ਹ" ਦੇ ਸ਼ਬਦਾਂ ਵਿੱਚ ਆਪ

---

*੧* ਪੰਜਾਬੀ ਦੁਨੀਆਂ ਪ੍ਰਕਾਸ਼ਕ ਭਾਸ਼ਾ ਵਿਭਾਗ ਪੰਜਾਬ ਪਟਿਆਲਾ, ਅਕਤੂਬਰ ਨਵੰਬਰ - ੬੨
ਗੁਰੂ ਰਾਮਦਾਸ ਜੀ ਦੀ ਬਾਣੀ (ਲੇਖ) ਲੇਖਕ ਡਾ: ਤਾਰਨ ਸਿੰਘ
ਪੰਨਾਂ੭੩ ਆਪ ਜੀ ਦੀ ਪ੍ਰਤਿਭਾ ਦੇ ਵਿਕਾਸ਼ ਦੇ ਕਈ ਕਾਰਨ ਤੇ ਸਾਧਨ ਉਪਰ ਗਿਣੇ ਹੋਏ ਹਨ ਪਰ ਅਸਲ ਸਾਧਨਾ ਦਾ ਸਾਧਨ ਨਾਮ ਭਗਤੀ ਹੀ ਸੀ।

*੨* ਉਪਰਲੀ ਪੁਸਤਕ। ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਬੌਧਕਤਾ ਤੇ ਕਲਪਣਾ (ਲੇਖ) ਲੇਖਕ ਪ੍ਰੋ: ਕੁਲਬੀਰ ਸਿੰਘ ਕਾਂਗ ਪੰਨਾਂ ੫੪
.....ਪ੍ਰਤੀਤ ਹੁੰਦਾ ਹੈ ਕਿ ਗੁਰੂ ਰਾਮਦਾਸ ਇਕ ਉਚ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਚੁਕੇ ਸਨ।

ਜੀ ਰਾਜ ਜੋਗ ਦੇ ਮਾਲਕ ਸਨ।

੧. ਇਹੁ ਰਾਜ ਜੋਗ ਕੁਰ ਰਾਮਦਾਸ ਤੁਮ ਹੂ ਰਸੁ ਜਾਣੋ॥

੨. ਅਕਥ ਕਥਾ ਅਮਰਾਪੁਰੀ ਜਿਸੁ ਦੇਇਸੁ ਪਾਵੈ॥

ਇਹ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਣ ਆਵੈ॥

(ਪੰਨਾਂ ੧੩੯੮ ) ਆਦਿ ਗ੍ਰੰਥ

ਅਤੇ ਨਲ੍ਹ ਦੇ ਸ਼ਬਦਾਂ ਵਿੱਚ

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥

(ਪੰਨਾਂ ੧੩੯੯) ਆਦਿ ਗ੍ਰੰਥ

ਭਾਈ ਨੰਦ ਲਾਲ ਜੀ ਨੇਂ ਵੀ ਗੁਰੂ ਸਾਹਿਬ ਨੂੰ ਸਿਦਕ ਦੇ ਮਾਲਕ ਅਤੇ ਸਰਬਤ ਦਾ ਸਿਰਤਾਜ ਆਖਿਆ ਹੈ।

ਗੁਰੂ ਰਾਮਦਾਸ ਆਂ ਅਤੁਅ-ਉਲ- ਵਰਾ

ਜਹਾਂ ਬਾਨਿ ਅਕਲੀਮ ਸਿਦਕੋ ਸਫਾ॥

(ਤੌਸੀਫੋ-ਸਨਾ ੯੯)

ਇਥੋਂ ਤੱਕ ਵੀ ਆਖਿਆ ਗਇਆ ਹੈ ਕਿ ਗੁਰੂ ਰਾਮਦਾਸ ਸਾਹਿਬ ਨੂੰ ਅਟੱਲ ਅਮਰ ਪਦ ਦੀ ਪ੍ਰਾਪਤੀ ਵੀ ਸੀ।

ਗੁਰ ਰਾਮਦਾਸ ਕਲ੍ਹਚਰੈ ਤੈਂ ਅਟਲ ਅਮਰ ਪਦੁ ਪਾਇਓ॥

(ਪੰਨਾਂ ੧੩੯੭) ਆਦਿ ਗ੍ਰੰਥ

ਉਸ ਅਨਾਦੀ ਅਤੇ ਅਨੰਤ ਪ੍ਰਭੂ, ਜਿਸ ਦੀ ਹੋਂਦ ਬਾਰੇ ਕੋਈ ਵੀ ਨਹੀਂ ਜਾਣਦਾ ਅਤੇ ਜਿਸਦੀ ਪਾਰਬ੍ਰਹਮਤਾ, ਸੋਚ ਸ਼ਕਤੀ ਦੇ ਘੇਰਿਆਂ ਤੋਂ ਬਾਹਰ ਸੀ ਉਸਦੇ ਜਾਣੀਜਾਣ ਅਤੇ ਸਮਝਣਹਾਰ, ਗੁਰੂ ਰਾਮਦਾਸ ਜੀ ਸਨ।

ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ॥

......ਸ੍ਰੀ ਸਤਿਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ॥

ਮਥੁਰਾ

( ਪੰਨਾਂ ੧੪੦੪) ਆਦਿ ਗ੍ਰੰਥ

ਇਥੇ ਹੀ ਬਸ ਨਹੀਂ ਇਨ੍ਹਾਂ ਸਮਕਾਲੀ ਭਟ ਕਵੀਆਂ ਨੇਂ ਆਪ ਜੀ ਦੀ ਸ਼ਖਸੀਅਤ ਵਿੱਚ ਸਹਿਜ ਕਲਾ ਦੇ ਨਵੇਂ ਝਲਕਾਰੇ ਵੇਖੇ ਅਤੇ ਇਸ ਗਿਆਨ ਦੇ

ਬ੍ਰਿਛ ਨੂੰ ਨਿਰਗੁਣ ਕਾਵਿ ਧਾਰਾ ਅਤੇ ਗੁਰਤਾ ਦੇ ਨਵੇਂ ਫਲ ਲਗੇ ਹੋਏ ਮਹਿਸੂਸ ਕੀਤੇ।

ਸਹਿਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ॥

ਕਲ੍ਯ

(ਪੰਨਾਂ ੧੩੯੭) ਆਦਿ ਗ੍ਰੰਥ

ਭਾਈ ਗੁਰਦਾਸ ਆਪਣੀਆਂ ਵਾਰਾਂ ਵਿੱਚ ਗੁਰੂ ਸਾਹਿਬ ਨੂੰ ਗੁਰੂ ਨਾਨਕ, ਗੁਰੂ ਅੰਗਦ ਅਤੇ ਗੁਰੂ ਅਮਰਦਾਸ ਸਾਹਿਬ ਤੁਲ ਬਿਆਨ ਕਰਦੇ ਹਨ।

ਪਿਓ ਦਾਦੇ ਜੇਵੇਹਿਆ ਪੜਦਾਦੇ ਪਰਵਾਣ ਪੜੋਤਾ॥

ਵਾਰ ੨੪-੨੫
ਭਾਈ ਗੁਰਦਾਸ।

ਭਾਈ ਗੁਰਦਾਸ ਜੀ ਦੇ ਇਹ ਵਿਚਾਰ ਭਟ ਕਵੀਆਂ ਦੇ ਵਿਚਾਰਾਂ ਨਾਲ ਰਲਦੇ ਹਨ।

ਗੁਰੂ ਸਾਹਿਬ ਦੀ ਪ੍ਰਤਿਭਾ ਦੀ ਚਮਕ ਬਿਆਨ ਕਰਦਿਆਂ ਉਨ੍ਹਾਂ ਦੇ ਸਮਕਾਲੀ ਸਾਹਿਤਕਾਰਾਂ ਦੀ ਇੱਕੋ ਰਾਏ ਹੈ। ਇਸ ਬਾਰੇ ਸਾਨੂੰ ਕੋਈ ਦੋ ਰਾਵਾਂ, ਕਾਇਮ ਹੋਈਆਂ ਨਹੀਂ ਮਿਲਦੀਆਂ, ਕਿ ਨਿਰਗੁਣ ਧਾਰਾ ਭਗਤੀ ਸਾਹਿਤ ਵਿੱਚ ਗੁਰੂ ਸਾਹਿਬ ਦੀ ਰਚਨਾਂ ਇੱਕ ਮੀਲ ਪੱਥਰ ਹੈ।

ਇਸਦੇ ਨਾਲ ਹੀ ਅਸੀਂ ਆਪ ਜੀ ਦੀ ਪ੍ਰਤਿਭਾ ਨੂੰ ਸਾਹਿਤਕ ਪਰਖ ਦੀ ਕਸੌਟੀ ਉਤੇ ਵੀ ਆਜ਼ਮਾ ਕੇ ਵੇਖਦੇ ਹਾਂ, ਜਿਹੜੀ ਇਸ ਪ੍ਰਕਾਰ ਹੈ।

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ੩੧ ਰਾਗਾਂ ਵਿੱਚ ਲਿਖੀ ਹੋਈ ਮਿਲਦੀ ਹੈ। ਇਹਨਾਂ ਰਾਗਾਂ ਵਿੱਚ ਅੰਕਿਤ ਬਾਣੀ, ਆਪ ਜੀ ਤੋਂ ਪਹਿਲੇ ਗੁਰੂ ਸਾਹਿਬਾਂ ਨੇਂ ਆਪਣੀ ਬਾਣੀ ਰਚਣ ਲਈ ਇਸ ਕ੍ਰਮ ਵਿੱਚ ਰਾਗਾਂ ਦੀ ਵਰਤੋਂ ਕੀਤੀঃ-

| | | |
|---|---|---|
| | ਗੁਰੂ ਨਾਨਕ ਦੇਵ ਜੀ | ੧੯ ਰਾਗ |
| | ਗੁਰੂ ਅਮਰਦਾਸ ਜੀ | ੧੭ ਰਾਗ ( ਸਾਰੇ ਪਹਿਲੇ ਰਾਗ ਵਰਤੇ) |
| ਅਤੇ ਆਪ | ਗੁਰੂ ਰਾਮਦਾਸ ਜੀ ਨੇਂ | ੩੦ ਰਾਗ( ੧੧ ਨਵੇਂ ਰਾਗ ਜੋੜੇ) |
| ਆਪ ਤੋਂ ਮਗਰੋਂ | ਗੁਰੂ ਅਰਜਨ ਦੇਵ ਜੀ | ੩੦ ਰਾਗ( ਸਾਰੇ ਪਹਿਲੇ ਰਾਗ ਵਰਤੇ) |
| | ਗੁਰੂ ਤੇਗ ਬਹਾਦਰ ਜੀ | ੯ ਰਾਗ ( ੮ ਪਹਿਲੇ ਰਾਗ ਅਤੇ ਇੱਕ ਨਵਾਂ ਰਾਗ ਜੋੜਿਆ)। |

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਆਪ ( ਸ੍ਰੀ ਗੁਰੂ ਰਾਮਦਾਸ ਜੀ) ਰਾਗ ਵਿਦਿਆ ਵਿੱਚ ਪ੍ਰਬੀਨ ਅਤੇ ਸੋਝੀ ਦੇ ਮਾਲਕ ਸਨ। ਸੰਸਕ੍ਰਿਤ ਵਿਦਵਾਨਾਂ ਦਾ ਵਿਚਾਰ ਹੈ ਕਿ ਰਾਗ ਰੰਗ ਤੋਂ ਪੈਦਾ ਹੋਇਆ ਹੈ। " ਰੰਗਿਯਤੀ ਇਤ ਰਾਗਾ"। ਰਾਗ ਉਹ ਜੋ ਮਨੁੱਖ ਦੀ ਸੁਧ ਬੁਧ ਨੂੰ ਕੀਲ ਲਵੇ। ਇਹ ਬਹੁਤੇ ਵਿਚਾਰ ਸਾਡੇ ਅਜੋਕੇ ਵਿਗਿਆਨਕ ਯੁਗ ਦੇ ਹਨ। ਅੱਜ ਅਸੀਂ ਰਾਗ ਦੀ ਮਹੱਤਤਾ ਆਪਣੇ ਜੀਵਨ ਦੇ ਹਰ ਖੇਤਰ ਵਿੱਚ ਸਿੱਧ ਕਰਦੇ ਹਾਂ। ਰਾਗ ਨਾਲ ਮਾਹਰਾਂ ਅਤੇ ਵਿਗਿਆਨੀਆਂ ਨੇਂ ਪਸ਼ੂਆਂ ਅਤੇ ਫ਼ਸਲਾਂ ਉਤੇ ਤਜਰਬੇ ਕੀਤੇ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਭਲੀ ਸਫ਼ਲਤਾ ਪ੍ਰਾਪਤ ਹੋਈ। ਪਰ ਉਸ ਮਹਾਨ ਵਿਅਕਤੀ ਦੀ ਪ੍ਰਤਿਭਾ ਵੇਖੋ ਜਿਸ ਨੇਂ ਅੱਜ ਤੋਂ ਕੋਈ ੪੦੦ ਸਾਲ ਪਹਿਲਾਂ ੩੦ ਵੱਖਰੇ ਵੱਖਰੇ ਰਾਗਾਂ ਵਿੱਚ ਆਪਣੀ ਬਾਣੀ ਰੱਚ ਕੇ ਇਹ ਸਿਧ ਕੀਤਾ ਕਿ ਫਲਸਫੇ ਦੇ ਔਖੇ ਅਤੇ ਲਿੱਖਣ ਵਿਸ਼ਿਆਂ ਨੂੰ ਇੰਜ ਸਾਧਾਰਨ ਸਮਝ ਗੋਚਰਾ ਕੀਤਾ ਜਾ ਸਕਦਾ ਹੈ। ਇਸ ਆਸ਼ੇ ਵਿੱਚ ਆਪ ਜੀ ਨੂੰ ਪੂਰਨ ਸਫ਼ਲਤਾ ਪ੍ਰਾਪਤ ਹੋਈ। ਇਹੋ ਹੀ ਕਾਰਨ ਹੈ ਕਿ ਆਪ ਜੀ ਦੀ ਬਾਣੀ ਦਾ ਹਰ ਵਿਸ਼ਾ ਸੁਤੇ ਸਿਧ ਮਨ ਦੀਆਂ ਡੂੰਘਾਈਆਂ ਵਿੱਚ ਉਤਰ ਜਾਂਦਾ ਹੈ। ਰਾਗ ਅਸਲ ਵਿੱਚ ਹੈ ਹੀ ਅਜਿਹੀ ਵਸਤ ਜਿਹੜੀ ਮਨ ਦੀਆਂ ਡੂੰਘਾਈਆਂ ਵਿੱਚ ਉਤਰ ਆਪਣਾ ਅਜਿਹਾ ਘਰ ਕਰਦੀ ਹੈ ਕਿ ਮੁੜ ਉਸ ਦਾ ਅਸਲ ਸਹਿਜੇ ਨਹੀਂ ਹਟਦਾ। ਇਸੇ ਨੂੰ ਦੂਜੇ ਸ਼ਬਦਾਂ ਵਿੱਚ ਰਾਗ ਉਹ ਜਿਹੜਾ ਮਨ ਨੂੰ ਰੰਗ ਚਾੜ੍ਹੇ, ਕਹਿਆ ਜਾਂਦਾ ਹੈ। *੧*

---

*1*     RAGAS AND RAGINIS     By  O.C.GANGOLY

A raga is generally mistranslated as tune, air or key. It is, in fact, a peculiar conception having no exact parallel in any other system of music. Literally, raga is something that colours or tinges the mind with some definite feeling..... a wave of passion or emotion. Rangyati it ragah: that which colours is raga.

A)

What is a raga., It is an atmosphere, a musical colouring. This colouring is axxodiated with a mood of feeling and sentiment. It is often also axxodiated with the time of the day.

(Philippe Sterne   Le Musique Hindoue)

N.B. The above quotations are from Dr. TrilochanSingh's Research paper"Guru Ram Das Ji di Kavita)

ਪ੍ਰੋਫੈਸਰ ਪੂਰਨ ਸਿੰਘ ਅਜਿਹੀ ਕਵਿਤਾ ਨੂੰ ਕਾਮਲ ਕਵਿਤਾ ਕਹਿੰਦੇ ਹਨ ਅਤੇ ਸ਼ੈਲੇ ਅਨੁਸਾਰ ਕਾਮਲ ਕਵੀ ਦੀ ਕਵਿਤਾ ਦੇ ਘੇਰੇ ਵਿੱਚ ਜੋ ਵੀ ਆ ਜਾਂਦਾ ਹੈ ਉਹ ਅਮਰ ਹੋ ਜਾਂਦਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ੭ ਕੁ ਸਾਲ ਦੇ ਛੋਟੇ ਜਹੇ ਰਚਨਕਾਲ ਵਿੱਚ ਕਾਵਿ ਸਾਹਿਤ ਦੇ ਹਰ ਪੱਖ ਜਿਵੇਂ ਕਿ ਦੁਪਦੇ, ਤਿਪਦੇ, ਚਉਪਦੇ, ਪੰਚਪੰਦੇ, ਛਿਪਦੇ, ਅਸ਼ਟਪਦੀਆਂ, ਕਾਫੀਆਂ, ਪੜਤਾਲ, ਛੰਤ, ਪਹਿਰੇ, ਵਣਜਾਰਾ, ਕਰਹਲੇ, ਘੋੜੀਆਂ, ਸੋਲਹੇ, ਪਉੜੀਆਂ, ਵਾਰਾਂ ਅਤੇ ਸਲੋਕ ਆਦਿਕ ਨੂੰ ਪੂਰਨ ਸਫ਼ਲਤਾ ਨਾਲ ਛੋਹਿਆ ਅਤੇ ਸਿਰੇ ਚਾੜ੍ਹਿਆ। ਜਿਥੇ ਤਾਂ ਕੋਈ ਪ੍ਰੰਪਰਾ ਮੌਜੂਦ ਸੀ, ਆਪ ਜੀ ਨੇ ਉਸ ਨੂੰ ਗੁਰਮਤ ਦੇ ਅਸੂਲਾਂ ਅਨੁਸਾਰ ਅਪਣਾਇਆ ਪਰ ਜਿਥੇ ਕੋਈ ਪ੍ਰੰਪਰਾ ਨਹੀਂ ਸੀ, ਉਥੇ ਆਪ ਜੀ ਨੇ ਜਿਵੇਂ ਕਿ " ਵਾਰ ਸਲੋਕਾਂ ਨਾਲ" ਇੱਕ ਨਵੀਂ ਪ੍ਰੰਪਰਾ ਤੋਰੀ। ਇਹ ਪ੍ਰੰਪਰਾ ਆਉਂਦੇ ਪੰਜਾਬੀ ਸਾਹਿਤ ਦੇ ਪਿਆਰਿਆਂ ਲਈ ਇੱਕ ਗਾਡੀ ਰਾਹ ਬਣਿਆ ਜਿਸ ਤੋਂ ਉਹਨਾਂ ਨੇ ਅਨੇਕ ਪ੍ਰਕਾਰ ਦੇ ਲਾਭ ਪ੍ਰਾਪਤ ਕੀਤੇ। ਆਪ ਜੀ ਨ ਤਾਂ ਨੇ ਨਿਰੀ ਨਿਰਗੁਣ ਧਾਰਾ ਦੀ ਕਵਿਤਾ ਹੀ ਰਚੀ ਅਤੇ ਨ ਹੀ ਜੀਵਨ ਜੋਉਂਦੇ ਸੰਸਾਰ ਨੂੰ ਤਲਾਂਜਲੀ ਦੇ ਕੇ ਜੰਗਲਾਂ ਅਤੇ ਕੰਦਰਾਂ ਵਿੱਚ ਵਾਸਾ ਕਰਨ ਬਾਰੇ ਚੀਕਾਂ ਮਾਰੀਆਂ, ਸਗੋਂ ਜਨਤਾ ਨੂੰ ਹਰ ਪੱਖ ਤੋਂ ਅਗਵਾਈ ਦਿੱਤੀ। ਸ੍ਰੀ ਰਾਮਧਾਰੀ ਸਿੰਘ ਦਿਨਕਰ ਦੇ ਸ਼ਬਦਾਂ ਵਿੱਚ " ਜਲਕਰ ਚੀਖ ਉਠਾ ਵਹਿ ਕਵੀ ਥਾ" ਗੁਰੂ ਸਾਹਿਬ ਦੀ ਕਵਿਤਾ ਅਤੇ ਕਵੀ ਹੋਣ ਬਾਰੇ ਠੀਕ ਢੁਕਦੇ ਹਨ। ਕਵਿਤਾ ਅਤੇ ਕਵੀ ਦੀ ਪਰਖ ਦੀ ਇਹ ਬਹੁਤ ਸੋਹਣੀ ਕਸੌਟੀ ਹੈ। ਆਪ ਜੀ ਦੀ ਕਵਿਤਾ ਦਾ ਮੁਖ ਵਿਸ਼ਾ ਪ੍ਰਭੂ ਮਿਲਾਪ, ਪਿਆਰ ਅਤੇ ਤੜਪ ਹੈ।

5. ਵਿਰਸਾ ( Heritage)

ਵਿਰਾਸਤ ਵਿੱਚ ਜਾਂ ਤਾਂ ਮਾਪਿਆਂ ਪਾਸੋਂ ਅਤੇ ਜਾਂ ਫਿਰ ਮਾਪਿਆਂ ਤੋਂ ਮਗਰੋਂ ਦੇ ਵਾਰਸਾਂ ਪਾਸੋਂ ਕੁਝ ਪ੍ਰਾਪਤ ਹੋਇਆ ਕਰਦਾ ਹੈ। ਇਹ ਹੈ ਵਿਰਾਸਤ ਬਾਰੇ ਆਮ ਮੌਤ। ਪਰ ਭਾਈ ਜੇਠਾ ਜੀ ਨੂੰ ਇਸ ਵਿਚਾਰ ਦੇ ਉਲਟ ਆਪਣੇ ਮਾਪਿਆਂ ਅਤੇ ਵਾਰਸਾਂ ਦੋਹਾਂ ਪਾਸੋ ਵਿਰਾਸਤ ਵਿੱਚ ਗਰੀਬੀ ਅਤੇ ਭੁਖ-ਨੰਗ ਮਿਲੀ। ਪਰ ਜਦੋਂ ਗੁਰੂ ਵਾਰਸ ਤੋਂ ਪਹਿਲੀ ਵਿਰਾਸਤ ਵਿੱਚ ਨਿਮਰਤਾ,

ਪਿਆਰ, ਸੇਵਾ ਅਤੇ ਸਹਿਨਸ਼ੀਲਤਾ ਆਦਿਕ ਗੁਣ ਰਲੇ ਤਾਂ ਇਹ ਇੱਕ ਅਮੀਰ ਵਿਰਸਾ ਬਣ ਗਇਆ। ਮਾਪਿਆਂ ਦੇ ਅਕਾਲ ਚਲਾਣਾ ਕਰਨ ਮਗਰੋਂ ਇਹੋ ਭੁਖ ਨੰਗ ਅਤੇ ਗਰੀਬੀ ਦਾ ਬਾਣਾ ਪਾਈ ਆਪ, ਇੱਕ ਅਮੀਰ ਅਤੇ ਧਨਾਢ, ਮਾਣ ਹੁੰਦੇ ਹੋਏ ਨਿਮਾਣਾ ਅਤੇ ਤਾਣ ਹੁੰਦੇ ਹੋਏ ਨਿਤਾਣਾ ਅਤੇ ਤ੍ਰੈ-ਲੋਕੀ ਦਾ ਮਾਲਕ ਹੁੰਦੇ ਹੋਏ ਵੀ ਉਸ ਨੂੰ ਨ ਜਤਲਾਉਣ ਵਾਲੇ ਸੁਨਹਿਰੀ ਅਸੂਲਾਂ ਉਤੇ ਚਲਣ ਵਾਲੇ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸਰਪ੍ਰਸਤੀ ਵਿੱਚ ਆ ਟਿਕੇ। ਇਸ ਤੋਂ ਮਗਰੋਂ ਆਪ ਜੀ ਦੀ ਵਿਰਾਸਤ ਨਾਲ ਦੋ ਲੰਮੀਆਂ ਕਹਾਣੀਆਂ ਜੁੜੀਆਂ ਹੋਈਆਂ ਹਨ। ਇੱਕ ਤਾਂ ਪ੍ਰਾਚੀਨ ਧਾਰਮਕ ਇਤਿਹਾਸ ਵਿੱਚੋਂ ਹੈ ਅਤੇ ਦੂਜੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਜੀਵਨੀ ਵਿੱਚੋਂ ਹੈ।

ੳ) ਪ੍ਰਾਚੀਨ ਧਾਰਮਕ ਇਤਿਹਾਸ।

---

ਗੁਰੂ ਗੋਬਿੰਦ ਸਿੰਘ ਜੀ ਦੇ ਬਚਿਤ੍ਰ ਨਾਟਕ ਤੋਂ ਸਾਨੂੰ ਪੈਤਾ ਲਗਦਾ ਹੈ ਕਿ ਪ੍ਰਾਚੀਨ ਕਾਲ ਵਿੱਚ ਸ੍ਰੀ ਰਾਮਚੰਦਰ ਜੀ ਦੇ ਦੋ ਪੁਤਰ ਲਵ ਅਤੇ ਕੁਸ਼ ਹੋਏ ਸਨ। ਇਹਨਾਂ ਦੋਹਾਂ ਦੀ ਸੰਤਾਨ ਵਿੱਚ ਫੇਰ ਚਿਰੂ ਪਿਛੋਂ ਰਾਜ ਤਾਜ ਦੀ ਪ੍ਰਾਪਤੀ ਲਈ ਘੋਰ ਯੁਧ ਹੋਏ। ਜਿਨ੍ਹਾਂ ਵਿਚੋਂ ਇੱਕ ਤਾਂ ਆਪਣੇ ਟਿਕਾਣੇ ਮਧੁਰ ਦੇਸ਼ ਵਿੱਚ ਟਿਕ ਗਏ ਪਰ ਦੂਜੇ ਭਜ ਕੇ ਕਾਸ਼ੀ ਜੀ ਜਾ ਵੜੇ। ਕੁਝ ਸਮੇਂ ਬਾਅਦ ਵੇਦਾਂ ਸ਼ਾਸਤਰਾਂ ਦਾ ਪਾਠ ਸਿਖਣ ਮਗਰੋਂ ਜਦ ਉਹ ਮਧੁਰ ਦੇਸ਼ ਨੂੰ ਪਰਤੇ ਤਾਂ ਉਥੋਂ ਦੇ ਰਾਜਾ ਨੇਂ ਵੇਦਾਂ ਦੇ ਸੁਣਨ ਦੀ ਇਛਾ ਪ੍ਰਗਟ ਕੀਤੀ। ਵੇਦਾਂ ਦੇ ਪਾਠੀਆਂ ਨੂੰ ਵੇਦੀ ਜਾਂ ਬੇਦੀ ਆਖਿਆ ਜਾਂਦਾ ਸੀ। ਬੇਦੀਆਂ ਦੇ ਮੁਖੋਂ ਪਾਠ ਸੁਣ ਕੇ ਰਾਜਾ ਨੇਂ ਰਾਜ ਤਿਆਗ ਕੇ ਵੇਦੀਆਂ ਦੇ ਹਵਾਲੇ ਕਰ ਦਿੱਤਾ।

ਬੇਦੀ ਭਯੋ ਪ੍ਰਸੰਨ ਰਾਜ ਕਹਿ ਪਾਇਕੇ।।

ਬਚਿਤ੍ਰ ਨਾਟਕ

ਪਰ ਬੇਦੀਆਂ ਨੇਂ ਵਾਹਦਾ ਕੀਤਾ ਕਿ " ਕਲਜੁਗ ਵਿੱਚ ਗੁਰੂ ਨਾਨਕ ਦੀ ਤੀਜੀ ਪੀੜੀ ਮਗਰੋਂ ਚੌਥੇ ਜਾਮੇਂ ਵਿੱਚ ਅਸੀਂ ਇਹ ਰਾਜ ਤੁਹਾਨੂੰ ਵਾਪਸ ਕਰ ਦੇਵਾਂਗੇ"। ਇਹੋ ਰਾਜ ਚੌਥੇ ਜਾਮੇ ( ਗੁਰੂ ਨਾਨਕ ਜੋਤ) ਵਿੱਚ ਗੁਰੂ ਰਾਮਦਾਸ ਸਾਹਿਬ ( ਭਾਈ ਜੇਠਾ) ਜੀ ਨੂੰ ਪ੍ਰਾਪਤ ਹੋਇਆ। ਆਪ ਜੀ ਨੂੰ ਵਿਰਸੇ ਵਿੱਚ

ਪ੍ਰਾਪਤ ਹੋਈ ਗੁਰਗਦੀ ਨਾਲ ਜੁੜੀ, ਪੂਰਬ ਕਾਲ ਦੀ ਇਹ ਕਹਾਣੀ ਹੈ। ਇਹ ਕਹਾਣੀ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਗੁਰਦਾਸ ਜੀ ਦੀਆਂ ਗਵਾਹੀਆਂ ਦੇ ਆਧਾਰ ਉਤੇ ਉਸਾਰੀ ਗਈ ਹੈ। ਇਸ ਨੂੰ ਵਿਸਤਰਤ ਰੂਪ ਵਿੱਚ ਬਿਆਨ ਨ ਕਰਨ ਦਾ ਕਾਰਨ ਇਹ ਹੈ ਕਿ"ਗੁਰਤਾ"ਦੇ ਅਧਿਆਏ ਵਿੱਚ ਇੱਕ ਵਾਰ ਬਿਆਨ ਕੀਤਾ ਜਾ ਚੁਕਾ ਹੈ।

ਅ) ਦੂਜੀ ਕਹਾਣੀ।

ਇਹ ਕਹਾਣੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਆਪਣਾ ਜੀਵਨ ਹੈ। ਗੁਰੂ ਸਾਹਿਬ ਨੇਂ ਆਪਣੀ ਪਾਰਸ ਛੁਹ ਨਾਲ ਪਹਿਲਾਂ ਭਾਈ ਜੇਠਾ ਜੀ ਨੂੰ ਕਚ ਤੋਂ ਕੰਚਨ ਬਣਾਇਆ। (ਗੁਰੂ ਅਮਰਦਾਸ ਜੀ ਨੇਂ) ਬੁਢੀ ਆਯੂ ਵਿੱਚ ਗੁਰਗਦੀ ਪ੍ਰਾਪਤ ਕਰਨ ਵਾਲੇ ਨੇਂ ਜੋ ਗੁਰਸੇਵਾ ਅਤੇ ਅਟੁਟ ਘਾਲ ਜੋ ਆਪਣੇ ਜੀਵਨ ਵਿੱਚ ਘਾਲੀ, ਉਹੀ ਹਲੀਮੀਂ, ਨਿਵ ਚਲਣ, ਨਿਰਹੰਕਾਰ, ਅਨਿਨ ਸੇਵਾ ਅਤੇ ਆਪਣੇ ਮੁਰਸ਼ਦ ਤੋਂ ਬਿਨਾਂ ਹੋਰ ਸਭ ਝੂਠ ਅਤੇ ਕੱਚ-ਸੱਚ ਵਾਲੀ ਭਾਵਨਾਂ ਦੀ ਜੋਤ, ਇੱਕ ਯਤੀਮ ਭਾਈ ਜੇਠਾ ਵਿੱਚ ਵੀ ਭਰ ਦਿੱਤੀ। ਇਸ ਤੋਂ ਵੱਧ ਜਦੋਂ ਆਪ ਜੀ ਨੇਂ ਆਪਣੀ ਘਾਲ ਨੂੰ ਸਿਰੇ ਚੜ੍ਹਦਾ ਵੇਖਿਆ ਅਤੇ ਆਪਣੇ ਦਾਸ ਨੂੰ ਤ੍ਰੈ-ਲੋਕੀ ਦਾ ਭਾਰ ਉਠਾਣ ਦੇ ਕਾਬਲ ਸਮਝਿਆ ਤਾਂ ਗੁਰਿਆਈ ਬਖਸ਼ ਦਿੱਤੀ। ਸੋ ਕਵੀ, ਸੇਵਕ ਅਤੇ ਗੁਰੂ

ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰਿ ਮਿਟਹਿ ਖਿਨੁ॥

ਬਲ੍ਯ

(ਪੰਨਾਂ ੧੪੦੫) ਆਦਿ ਗ੍ਰੰਥ

ਹੋਣ ਦੀ ਦਾਤ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੂੰ ਸ੍ਰੀ ਗੁਰੂ ਅਮਰਦਾਸ ਸਾਹਿਬ ਤੋਂ ਵਿਰਸੇ ਵਿੱਚ ਪ੍ਰਾਪਤ ਹੋਈ ਸੀ। ਇਸਦੇ ਨਾਲ ਹੀ ਆਪ ਜੀ ਨੂੰ ਕਵਿਤਾ ਦੀ ਦਾਤ ਵੀ ਮਿਲੀ ਸੀ। ਕਾਵਿ ਸਾਹਿਤ ਦੀ ਰਚਨਾਂ ਬਾਰੇ ਅਤੇ ਵਿਚਾਰ ਕੀਤੀ ਜਾਵੇਗੀ।

ਰਚਨਾਂ (Out-put)

ਸਾਹਿਤਕ ਖੇਤਰ ਵਿੱਚ ਵੀ ਗੁਰੂ ਰਾਮਦਾਸ ਸਾਹਿਬ ਜੀ ਦੀ ਮਹਾਨ ਦੇਣ ਹੈ। ਆਪ ਜੀ ਨੂੰ ਗੁਰਤਾ ਦਾ ਤਕਰੀਬਨ ੭ ਕੁ ਸਾਲ ਦਾ ਥੋੜਾ ਜਹਿਆ ਸਮਾਂ ਮਿਲਿਆ ਸੀ ਜਿਸ ਵਿੱਚ ਆਪ ਜੀ ਨੇਂ ਕੁਲ ੬੭੯ ਸ਼ਬਦ

ਰਚੇ। ਆਪ ਜੀ ਦੇ ਸ਼ਬਦਾਂ ਵਿੱਚੋਂ ਸਾਨੂੰ ਹਰ ਪ੍ਰਕਾਰ ਦੇ ਭਾਵ ਮਿਲਦੇ ਹਨ। ਧਾਰਮਕ, ਸਮਾਜਕ ਅਤੇ ਰਾਜਨੀਤਕ ਖੇਤਰ ਨਾਲ ਸਬੰਧਤ ਹਰ ਪ੍ਰਕਾਰ ਦੀ ਟੀਕਾ ਟਿਪਣੀ ਅਤੇ ਨਵੀਂ ਸੋਚ ਸੁਕਤੀ ਦੀ ਇੱਕ ਲੀਹ ਮਿਲਦੀ ਹੈ। ਜੇ ਪਹਿਲੇ ਅਤੇ ਪਿਛਲੇ ਗੁਰੂ ਸਾਹਿਬਾਂ ਦੇ ਸਿਰਜਨਾਤਮਕ ਕਾਲ ਨੂੰ ਸਾਹਮਣੇ ਰੱਖਿਆ ਜਾਵੇ ਤਾਂ ਪੱਤਾ ਲਗਦਾ ਹੈ ਕਿ ੪੦ ਵਰ੍ਹਿਆਂ ਵਿੱਚਃ-

ਗੁਰੂ ਨਾਨਕ ਦੇਵ ਜੀ ਨੇਂ ੨੫ ਸ਼ਬਦ ਪ੍ਰਤੀ ਵਰ੍ਹਾ,
ਗੁਰੂ ਅਮਰਦਾਸ ਜੀ ਨੇਂ ੪੨ ਸ਼ਬਦ ਪ੍ਰਤੀ ਵਰ੍ਹਾ,
ਗੁਰੂ ਅਰਜਨ ਦੇਵ ਜੀ ਨੇਂ ੭੩ ਸ਼ਬਦ ਪ੍ਰਤੀ ਵਰ੍ਹਾ,
ਅਤੇ ਗੁਰੂ ਰਾਮਦਾਸ ਜੀ ਨੇਂ ੧੧੧ ਸ਼ਬਦ ਪ੍ਰਤੀ ਵਰ੍ਹਾ ਰਚੇ। ਇਸ ਤੋਂ ਪੱਤਾ ਲਗਦਾ ਹੈ ਕਿ ਆਪ ਜੀ ਨੇਂ ਇਤਨੇਂ ਥੋੜੇ ਸਮੇਂ ਵਿੱਚ ਇਤਨੀ ਮਹਾਨ ਰਚਨਾਂ ਕੀਤੀ ਸੀ।

ਜੇਕਰ ਬਹੁਪਖੀ ਪੁਜਾਬੀ ਜੀਵਨ ਦਾ ਦਰਸ਼ਨ ਕਰਨਾਂ ਹੋਵੇ ਤਾਂ ਆਪ ਜੀ ਦੀ ਕਵਿਤਾ ਦਾ ਅਧਿਐਨ ਕਰਨਾਂ ਚਾਹੀਦਾ ਹੈ। ਆਪ ਜੀ ਦੀ ਕਵਿਤਾ ਜੀਵਨ ਦਾ ਸਹੀ ਦਰਪਣ ਹੈ। "ਸ਼ੈਲੀ"ਦੇ ਵਿਚਾਰ ਅਨੁਸਾਰ ਇੱਕ ਕਵਿਤਾ ਜੀਵਨ ਦੀ ਅਮਰ ਸਚਾਈ ਨੂੰ ਯਥਾਰਥਵਾਦੀ ਰੂਪ ਵਿੱਚ ਪ੍ਰਗਟ ਕਰਦੀ ਹੈ। ਸੰਸਾਰ ਵਿੱਚ ਜੋ ਵੀ ਕੀਮਤੀ ਅਤੇ ਸੁਹਣੀ ਵਸਤੂ ਹੈ, ਉਸ ਨੂੰ ਕਵਿਤਾ ਅਮਰ-ਤਾਈ ਪ੍ਰਦਾਨ ਕਰਦੀ ਹੈ।*੧*। ਆਪ ਜੀ ਨੇਂ ਪੰਜਾਬ ਦੀ ਤਸਵੀਰ ਅਜਿਹੇ ਰੰਗਾਂ ਨਾਲ ਬਣਾਈ ਹੈ ਕਿ ਜਿਹੜੇ ਸਦੀਆਂ ਦੇ ਉਤਾਰ ਚੜ੍ਹਾਵਾਂ ਨਾਲ ਵੀ ਫ਼ਿਕੀ ਨਹੀਂ ਪੈ ਸਕਦੀ ਸਗੋਂ ਸਮੇਂ ਦੇ ਗੁਜ਼ਰਨ ਨਾਲ ਇਸ ਦੇ ਰੰਗ ਵਿੱਚ ਹੋਰ ਵੀ ਚਮਕ ਆਵੇਗੀ। ਪੰਜਾਬ ਇੱਕ ਨਹੀਂ ਲੱਖ ਟੁਕੜਿਆਂ ਵਿੱਚ ਕਿਉਂ ਨ ਵੰਡਿਆ ਜਾਵੇ ਪੰਜਾਬ ਦਾ ਸਹੀ ਦਰਪਣ ਸਾਨੂੰ ਇਹਨਾਂ ਦੀ ਬਾਣੀ ਵਿੱਚੋਂ ਮਿਲਦਾ ਰਹੇਗਾ।

---

*1* IN DEFENCE OF POETRY. By SHELLY

A poem is the very image of life expressed in its external truth........ poetry makes immortal all that is best and beautiful in the world.

ਗੁਰੂ ਗ੍ਰੰਥ ਸਾਹਿਬ ਵਿੱਚ ਸਾਰੀ ਬਾਣੀ ੩੧ ਰਾਗਾਂ ਵਿੱਚ ਲਿਖੀ ਹੋਈ ਮਿਲਦੀ ਹੈ ਜਿਸਦਾ ਵੇਰਵਾ ਇਸ ਪ੍ਰਕਾਰ ਹੈ। ਹੇਠ ਦਿੱਤੇ ਵੇਰਵੇ ਵਿੱਚ ਇੱਕ ਗਲ ਧਿਆਨ ਵਿੱਚ ਰੱਖਣ ਵਾਲੀ ਇਹ ਹੈ ਕਿ ਹਰ ਰਾਗ ਦੇ ਸਾਹਮਣੇ ਕਰਮ ਵਾਰ ਮਹਲੇ ਦਾ ਅੰਕ ਦਰਜ ਹੈ, ਜਿਸਤੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਮੌਲਕਤਾ ਦਾ ਅੰਦਾਜ਼ਾ ਲਗਾਇਆ ਜਾ ਸਕੇਗਾ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੇਰਵਾ।

| ਨੰ: | ਰਾਗੁ | ਮਹਲਾ | |
|---|---|---|---|
| ੧. | ਸਿਰੀ ਰਾਗੁ | ੧,੩,੪,੫ | |
| ੨. | ਰਾਗੁ ਮਾਝ | ੧,੩,੪,੫ | |
| ੩. | ਰਾਗੁ ਗਉੜੀ | ੧,੩,੪,੫,੯ | |
| ੪. | ਰਾਗੁ ਆਸਾ | ੧,੩,੪,੫,੯ | |
| ੫. | ਰਾਗੁ ਗੂਜਰੀ | ੧,੩,੪,੫ | |
| ੬. | ਰਾਗੁ ਦੇਵਗੰਧਾਰੀ | ੪,੫,੯ | ਨਵੀਂ ਦੇਣ |
| ੭. | ਰਾਗੁ ਬਿਹਾਗੜਾ | ੪,੫,੯ | ਨਵੀਂ ਦੇਣ |
| ੮. | ਰਾਗੁ ਵਡਹੰਸੁ | ੧,੩,੪,੫ | |
| ੯. | ਰਾਗੁ ਸੋਰਠਿ | ੧,੩,੪,੫,੯ | |
| ੧੦. | ਰਾਗੁ ਧਨਾਸਰੀ | ੧,੩,੪,੫,੯ | |
| ੧੧. | ਰਾਗੁ ਜੈਤਸਰੀ | ੪,੫,੯ | ਨਵੀਂ ਦੇਣ |
| ੧੨. | ਰਾਗੁ ਟੋਡੀ | ੪,੫,੯ | ਨਵੀਂ ਦੇਣ |
| ੧੩. | ਰਾਗੁ ਬੈਰਾੜੀ | ੪,੫ | ਨਵੀਂ ਦੇਣ |
| ੧੪. | ਰਾਗੁ ਤਿਲੰਗ | ੧, ੪,੫,੯ | |
| ੧੫. | ਰਾਗੁ ਸੂਹੀ | ੧,੩,੪,੫ | |
| ੧੬. | ਰਾਗੁ ਬਿਲਾਵਲੁ | ੧,੩,੪,੫,੯ | |
| ੧੭. | ਰਾਗੁ ਗੋਂਡ | ੪,੫ | ਨਵੀਂ ਦੇਣ |
| ੧੮. | ਰਾਗੁ ਰਾਮਕਲੀ | ੧,੩,੪,੫,੯ | |

## ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੇਰਵਾ

| ਨੰ: | ਰਾਗੁ | ਮਹਲਾ | |
|---|---|---|---|
| ੧੯. | ਰਾਗੁ ਨਟ ਨਾਰਾਇਨ | ੪,੫ | ਨਵੀਂ ਦੇਣ |
| ੨੦. | ਰਾਗੁ ਮਾਲੀ ਗਉੜਾ | ੪,੫ | ਨਵੀਂ ਦੇਣ |
| ੨੧. | ਰਾਗੁ ਮਾਰੂ | ੧,੩,੪,੫,੯ | |
| ੨੨. | ਰਾਗੁ ਤੁਖਾਰੀ | ੧, ੪,੫ | |
| ੨੩. | ਰਾਗੁ ਕੇਦਾਰਾ | ੪,੫ | ਨਵੀਂ ਦੇਣ |
| ੨੪. | ਰਾਗੁ ਭੈਰਉ | ੧,੩,੪,੫ | |
| ੨੫. | ਰਾਗੁ ਬਸੰਤ | ੧,੩,੪,੫,੯ | |
| ੨੬. | ਰਾਗੁ ਸਾਰੰਗ | ੧,੩,੪,੫,੯ | |
| ੨੭. | ਰਾਗੁ ਮਲਾਰ | ੧,੩,੪,੫ | |
| ੨੮. | ਰਾਗੁ ਕਾਨੜਾ | ੪,੫ | ਨਵੀਂ ਦੇਣ |
| ੨੯. | ਰਾਗੁਕਲਿਆਨ | ੪,੫ | ਨਵੀਂ ਦੇਣ |
| ੩੦. | ਰਾਗੁ ਪ੍ਰਭਾਤੀ | ੧,੩,੪,੫ | |
| ੩੧. | ਰਾਗੁ ਜੈਜਾਵੰਤੀ | ੯ | |

ਕੁਲ ਜੋੜ =੧੧

ਸੋ ਗੁਰੂ ਨਾਨਕ ਦੇਵ ਜੀ ਨੇਂ ਆਪਣੀ ਬਾਣੀ ੧੯ ਰਾਗਾਂ ਵਿੱਚ ਲਿਖੀ ਅਤੇ ਗੁਰੂ ਅਮਰਦਾਸ ਸਾਹਿਬ ਜੀ ਨੇਂ ਗੁਰੂ ਨਾਨਕ ਦੇਵ ਜੀ ਦੇ ਵਰਤੇ ਹੋਏ ਰਾਗਾਂ ਵਿੱਚੋਂ ਰਾਗੁ ਤਿਲੰਗ ਅਤੇ ਰਾਗੁ ਤੁਖਾਰੀ ਛਡ ਦਿੱਤੇ ਅਤੇ ਆਪਣੀ ਬਾਣੀ ਬਾਕੀ ਦੇ ੧੭ ਰਾਗਾਂ ਵਿੱਚ ਰਚੀ। ਗੁਰੂ ਤੇਗਬਹਾਦਰ ਸਾਹਿਬ ਨੇਂ ਆਪਣੀ ਬਾਣੀ ਲਈ ਵਰਤੇ ਜਾ ਚੁਕੇ ੩੦ ਰਾਗਾਂ ਵਿੱਚੋਂ ੧੪ ਰਾਗੁ ਚੁਣੇ ਅਤੇ ਰਾਗਮਾਲਾ (ਰਾਗਾਂ ਦੀ ਲੜੀ)ਵਿੱਚ ਰਾਗੁ ਜੈਜਾਵੰਤੀ ਜੋੜ ਕੇ ਰਾਗਮਾਲਾ ( ਰਾਗਾਂ ਦੀ ਲੜੀ) ਨੂੰ ਸੰਪੂਰਨ ਕਰਦਿਆਂ ਹੋਇਆਂ ਆਪਣੀ ਬਾਣੀ ਕੁਲ ੧੫ ਰਾਗਾਂ ਵਿੱਚ ਰਚੀ। ਗੁਰੂ ਰਾਮਦਾਸ ਸਾਹਿਬ ਨੇਂ ਆਪਣੇ ਬਜ਼ੁਰਗਾਂ ਦੇ ਵਰਤੇ ਜਾ ਚੁਕੇ ੧੯ ਰਾਗਾਂ ਵਿੱਚ ੧੧ ਨਵੇਂ ਰਾਗੁ ਜੋੜੇ ਅਤੇ ਸਭ ਤੋਂ ਵੱਧ ੩੦ ਰਾਗਾਂ ਵਿੱਚ ਆਪਣੀ ਸਾਰੀ ਬਾਣੀ

ਰਚੀ। ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਪਿਤਾ ਜੀ ਵਾਂਗ ੩੦ ਰਾਗਾਂ ਵਿੱਚ ਹੀ ਆਪਣੀ ਬਾਣੀ ਦਾ ਦਰਸ਼ਨ ਕਰਵਾਇਆ। ਸ੍ਰੀ ਗੁਰੂ ਰਾਮਦਾਸ ਜੀ ਅਤੇ ਗੁਰੂ ਤੇਗ਼ਬਹਾਦਰ ਸਾਹਿਬ ਤੋਂ ਬਿਨਾਂ ਕਿਸੇ ਨੇ ਵੀ ਗੁਰੂ ਨਾਨਕ ਸਾਹਿਬ ਦੇ ਅੰਕਤ ਰਾਗਾਂ ਵਿੱਚ ਵਾਧਾ ਨਹੀਂ ਕੀਤਾ।

ਗੁਰੂ ਰਾਮਦਾਸ ਸਾਹਿਬ ਦਾ ਰਾਗ ਵਿਦਿਆ ਵਿੱਚ ਇਸ ਹੱਦ ਤਕ ਕਾਬਲ ਹੋਣਾ ਇਹ ਸਾਬਤ ਕਰਦਾ ਹੈ ਕਿ ਗੋਇੰਦਵਾਲ(ਗੁਰੂ ਕੀ ਕਾਸ਼ੀ) ਵਿਖੇ ਜਿਥੇ ਆਪ ਜੀ ਬ੍ਰਹਮ ਗਿਆਨ ਦੇ ਸ਼ਿਸ਼ ਬਣੇ ਉਥੇ ਆਪ ਜੀ ਨੇ ਇਸ ਦੁਨਿਆਵੀ ਗਿਆਨ ਪ੍ਰਬੀਨਤਾ ਦਾ ਸ਼ਿਸ਼ ਹੋਣਾ ਵੀ ਕਬੂਲਿਆ। ਜੇਕਰ ਆਪ ਜੀ ਨੇ ਉਸ ਸਮੇਂ ਰਾਗ ਵਿਦਿਆ ਆਦਿਕ ਦਾ ਅਧਿਐਨ ਨ ਕੀਤਾ ਹੋਇਆ ਹੁੰਦਾ ਤਾਂ ਸ਼ਾਇਦ ਹੀ ਆਪ ਜੀ ਸਾਨੂੰ ਰਾਗ ਦੇ ਇਸ ਵਿਰਾਟ ਰੂਪ ਦਾ ਦਰਸ਼ਨ ਕਰਵਾ ਸਕਦੇ। ਕਿਉਂਜੋ ਗੋਇੰਦਵਾਲ ਪੁਜਣ ਤੋਂ ਪਹਿਲਾਂ ਤਾਂ ਆਪ ਜੀ ਨੇ ਕਿਸੇ ਪਾਠਸ਼ਾਲਾ ਆਦਿਕ ਵਿੱਚ ਕਿਸੇ ਵੀ ਭਾਂਤ ਦੀ ਵਿਦਿਆ ਪ੍ਰਾਪਤ ਨਹੀਂ ਸੀ ਕੀਤੀ। ਇਹਨਾਂ ਰਾਗਾਂ ਵਿੱਚ ਰਚੀ ਗਈ ਬਾਣੀ(ਕਵਿਤਾ) ਦਾ ਪਿੰਗਲ ਰੂਪ, ਸ਼ਬਦਾਵਲੀ, ਅਤੇ ਬਿੰਬਾਵਲੀ ਆਦਕ ਦੀ ਵਿਸ਼ਾਲਤਾ ਵੀ ਇਸ ਗੁਰੂ ਕੀ ਕਾਸ਼ੀ ਦਾ ਹੀ ਪ੍ਰਭਾਵ ਹੈ।

ਮਧ-ਕਾਲ ਨੂੰ ਰਾਜਵਾੜਾ-ਸ਼ਾਹੀ ਦਾ ਯੁਗ ਆਖਿਆ ਜਾਂਦਾ ਹੈ। ਵਾਰ ਇਸ ਸਮੇਂ ਦਾ ਅਤਿ ਪਿਆਰਾ ਕਾਵਿ ਰੂਪ ਸੀ। ਵਾਰਾਂ ਰਾਹੀਂ ਰਾਜਿਆਂ, ਮਹਾਰਾਜਿਆਂ ਅਤੇ ਜਾਗੀਰਦਾਰਾਂ ਦੀਆਂ ਸਿਫ਼ਤਾਂ ਗਾਈਆਂ ਜਾਂਦੀਆਂ ਸਨ। ਜਿਥੇ ਇੱਕ ਰਾਜੇ ਦੀ ਸਿਫ਼ਤ ਗਾਈ ਜਾਂਦੀ ਸੀ ਉਥੇ ਉਸਦੇ ਵਿਰੋਧੀ ਪੱਖ ਦੀ ਨਿੰਦਿਆ ਵੀ ਕੀਤੀ ਜਾਂਦੀ ਸੀ। ਨੇਕੀ ਅਤੇ ਬਦੀ ਦਾ ਟਾਕਰਾ ਕਰਦੇ ਹੋਏ ਅੰਤ ਜਿਤ ਨੇਕੀ ਦੀ ਹੀ ਦਰਸਾਈ ਜਾਂਦੀ ਸੀ।

ਗੁਰੂ ਰਾਮਦਾਸ ਸਾਹਿਬ ਜੀ ਨੇ ਵਾਰਾਂ ਦੇ ਕਾਵਿ ਰੂਪ ਵਿੱਚ ਪੈਦਾ ਹੋ ਚੁਕੀ ਲੋਕਾਂ ਦੀ ਦਿਲਚਸਪੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਵਾਂਗ ਅਧਿਆਤਮਕ ਵਾਰਾਂ ਵਲ ਖਿਚਿਆ। ਰਾਜਿਆਂ ਮਹਾਰਾਜਿਆਂ ਅਤੇ ਜਾਗੀਰਦਾਰਾਂ ਦੀ ਥਾਂ 'ਏਕ ਪਿਤਾ ਏਕਸ ਕੇ ਹਮ ਬਾਰਕ' ਦੀਆਂ ਸਿਫ਼ਤਾਂ ਦਾ ਗਾਇਨ ਸ਼ੁਰੂ ਕੀਤਾ। ਇਸਦੇ ਵਿਰੋਧੀ ਤੱਤ ਝੂਠ, ਪਾਪ, ਕਾਮ, ਕ੍ਰੋਧ, ਲੋਭ , ਮੋਹ

ਅਤੇ ਹੰਕਾਰ ਦੀ ਨਿੰਦਿਆ ਸ਼ੁਰੂ ਕੀਤੀ। ਇਥੋਂ ਤੱਕ ਕਿ ਕਰਮ ਕਾਂਡੀਆਂ ਦੀ ਵੀ ਨਿੰਦਾ ਕੀਤੀ ਗਈ। ਇਹਨਾਂ ਕਰਮ ਕਾਂਡੀਆਂ ਦੇ ਪੰਜੇ ਵਿਚੋਂ ਨਿਕਲਣ ਅਤੇ ਪ੍ਰਭੂ ਪ੍ਰਾਪਤੀ ਦੇ ਸਹੀ ਰਸਤੇ ਉਤੇ ਚਲਣ ਲਈ ਜਨਤਾ ਨੂੰ ਪ੍ਰੇਰਿਆ ਗਇਆ। ਇਸ ਨੇਕੀ ਅਤੇ ਬਦੀ ਦੇ ਟਾਕਰੇ ਵਿੱਚ ਜਿਤ ਅੰਤ ਵਿੱਚ ਮਹਾਨ ਸ਼ਕਤੀ ਦੀ ਹੀ ਦਰਸਾਈ ਗਈ। ਕਈ ਵਾਰੀ ਗੁਰਮੁਖ ਅਤੇ ਮਨਮੁਖ ਦੀ ਟੱਕਰ ਵਿੱਚ " ਗੁਰਮੁਖ ਜਿਤਾ ਮਨਮੁਖ ਹਾਰਿਆ" ਸਾਬਤ ਕੀਤਾ ਗਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੀਆਂ ੨੨ ਵਾਰਾਂ ਲਿਖੀਆਂ ਮਿਲਦੀਆਂ ਹਨ ਅਤੇ ਇਹਨਾਂ ਵਿੱਚ ਵਰਤੇ ਗਏ ਰਾਗ ੧੭ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ। ਇਸ ਵੇਰਵੇ ਤੋਂ ਵੀ ਗੁਰੂ ਗ੍ਰੰਥ ਸਾਹਿਬ ਦੀ ਸ਼ਖਸੀਅਤ ਅਤੇ ਪ੍ਰਤਿਭਾ ਦਾ ਅੰਦਾਜ਼ਾ ਲਗਾਇਆ ਜਾ ਸਕੇਗਾ।

## ਗੁਰੂ ਗ੍ਰੰਥ ਸਾਹਿਬ ਵਿੱਚ ਅੰਕਤ ਵਾਰਾਂ ਦਾ ਵੇਰਵਾ

| ਨੰ: | ਰਾਗੁ | ਮਹਲਾ |
|---|---|---|
| ੧. | ਸਿਰੀ ਰਾਗੁ | ੪ |
| ੨. | ਰਾਗੁ ਮਾਝ | ੧ |
| ੩. | ਰਾਗੁ ਗਉੜੀ | ੪,੫ |
| ੪. | ਰਾਗੁ ਆਸਾ | ੧ |
| ੫. | ਰਾਗੁ ਗੂਜਰੀ | ੩,੫ |
| ੬. | ਰਾਗੁ ਬਿਹਾਗੜਾ | ੪ |
| ੭. | ਰਾਗੁ ਵਡਹੰਸ | ੪ |
| ੮. | ਰਾਗੁ ਸੋਰਠਿ | ੪ |
| ੯. | ਰਾਗੁ ਜੈਤਸਰੀ | ੫ |
| ੧੦. | ਰਾਗੁ ਸੂਹੀ | ੩ |
| ੧੧. | ਰਾਗੁ ਬਿਲਾਵਲ | ੪ |
| ੧੨. | ਰਾਗੁ ਰਾਮਕਲੀ | ੩,੫, ਸਤਾ-ਬਲਵੰਡ |
| ੧੩. | ਰਾਗੁ ਮਾਰੂ | ੩,੫ |
| ੧੪. | ਰਾਗੁ ਬਸੰਤ | ੫ |
| ੧੫. | ਰਾਗੁ ਸਾਰੰਗ | ੪ |
| ੧੬. | ਰਾਗੁ ਮਲਾਰ | ੧ |
| ੧੭. | ਰਾਗੁ ਕਾਨੜਾ | ੪ |

ਪਿਛੇ ਦਿੱਤੇ ਗਏ ਵੇਰਵੇ ਅਨੁਸਾਰ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਸਾਰੀਆਂ ੮ ਵਾਰਾਂ ਲਿਖੀਆਂ ਹਨ। ਬਾਕੀ ਗੁਰੂ ਸਾਹਿਬਾਨ ਦੀਆਂ ਰਚਿਤ ਵਾਰਾਂ ਦੀ ਗਿਣਤੀ ਇਸ ਪ੍ਰਕਾਰ ਹੈ।

| | |
|---|---|
| ਗੁਰੂ ਨਾਨਕ ਦੇਵ ਜੀ | ੩ ਵਾਰਾਂ |
| ਗੁਰੂ ਅਮਰਦਾਸ ਜੀ | ੪ ਵਾਰਾਂ |
| ਗੁਰੂ ਅਰਜਨ ਦੇਵ ਜੀ | ੬ ਵਾਰਾਂ। |

ਗੁਰੂ ਰਾਮਦਾਸ ਜੀ ਨੇ ਜਿਨ੍ਹਾਂ ਰਾਗਾਂ ਦੀ ਵਾਰਾਂ ਵਿੱਚ ਵਰਤੋਂ ਕੀਤੀ ਹੈ ਉਨ੍ਹਾਂ ਦੀ ਪਹਿਲੇ ਗੁਰੂ ਸਾਹਿਬਾਂ ਨੇ ਵਰਤੋਂ ਨਹੀਂ ਸੀ ਕੀਤੀ। ਸਗੋਂ ਆਪ ਜੀ ਨੇ ਵਾਰ ਰਚਨਾਂ ਲਈ ੨ ਨਵੇਂ ਰਾਗ ਬਿਹਾਗੜਾ ਅਤੇ ਕਾਨੜਾ ਵਰਤੇ ਹਨ। ਬਾਕੀ ਦੇ ਛੇਂ ਰਾਂਗਾਂ ਵਿੱਚ, ਪਹਿਲੇ ਗੁਰੂ ਸਾਹਿਬਾਂ ਨੇ ਜੇ ਵਾਰਾਂ ਨਹੀਂ ਰਚੀਆਂ ਤਾਂ ਕਵਿਤਾ ਜ਼ਰੂਰ ਲਿਖੀ ਹੋਈ ਹੈ।

ਇਹ ਇੱਕ ਸਾਹਿਤਕ ਸਚਾਈ ਹੈ ਕਿ ਪਹਿਲਾਂ ਵਾਰਾਂ ਪਉੜੀਆਂ ਵਿੱਚ ਹੀ ਲਿਖੀਆਂ ਜਾਂਦੀਆਂ ਸਨ ਕਿਉਂ ਜੋ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਸਮੇਂ ਪਉੜੀਆਂ ਨਾਲ ਵਿਸ਼ੇ ਨੂੰ ਸਪੱਸ਼ਟ ਕਰਨ ਲਈ ਸਲੋਕ ਜੋੜੇ ਸਨ। ਆਪ ਜੀ ਦੀਆਂ ੮ ਵਾਰਾਂ ਵਿੱਚੋਂ ਕੇਵਲ ਵਾਰ ਕਾਨੜਾ ਨਾਲ ਕਿਸੇ ਹੋਰ ਗੁਰੂ ਵਿਅਕਤੀ ਦਾ ਸਲੋਕ ਨਹੀਂ ਸਗੋਂ ਆਪ ਜੀ ਦੇ ਆਪਣੇ ਹੀ ਸਲੋਕ ਹਨ। ਜਿਹੜੇ ਇਹ ਸਾਬਤ ਕਰਦੇ ਹਨ ਕਿ ਵਾਰਾਂ ਨਾਲ ਸਲੋਕਾਂ ਦੀ ਪ੍ਰੰਥਾ ਵੀ ਆਪ ਜੀ ਨੇ ਹੀ ਚਲਾਈ ਸੀ।

ਦੂਸਰਾ ਨਵਾਂ ਕਾਵਿ ਰੂਪ ਆਪ ਜੀ ਨੇ ਛੱਕਿਆਂ ਦਾ ਦਿੱਤਾ ਹੈ। ਹਰ ਛੱਕਾ ੬ ਛੰਦਾਂ ਦਾ ਇੱਕ ਗੁਟ ਹੈ। ਆਪ ਜੀ ਨੇ ੪ ਛੱਕੇ ਦੁਪਦਿਆਂ ਅਤੇ ਤਿਪਦਿਆਂ ਵਿੱਚ ੧੦ ਛੱਕੇ ਚਉਪਦਿਆਂ ਵਿੱਚ ਅਤੇ ੪ ਛਕੇ ਅਸ਼ਟਪਦੀਆਂ ਵਿੱਚ ਰਚੇ ਹਨ।

ਗੁਰੂ ਰਾਮਦਾਸ ਸਾਹਿਬ ਜੀ ਨੇ ਵਜ਼ਨ ਅਤੇ ਤੋਲ ਦੀ ਵੀ ਖੁਲ ਲਈ ਹੈ। ਕਿਸੇ ਨਿਯਮ ਦੇ ਅਧੀਨ ਹੋ ਕੇ ਆਪ ਨੇ ਆਪਣੇ ਵਿਚਾਰਾਂ ਨੂੰ ਕੈਦ ਨਹੀਂ ਕੀਤਾ। ਸ਼ਾਇਦ ਪੂਰਨ ਸਿੰਘ ਨੇ ਆਪ ਜੀ ਤੋਂ ਹੀ ਪ੍ਰਭਾਵਤ ਹੋ ਕੇ ਆਖਿਆ ਹੋਣਾ ਹੈ ਕਿ ਉਸ ਨੂੰ ਨਵਾਬੀ ਜੁਤੀ ਦੀ ਕੈਦ ਨਹੀਂ ਚਾਹੀਦੀ। ਆਪ ਜੀ ਦੀ ਵਾਰਤਕ-ਮਈ ਕਵਿਤਾ ਆਮ ਵਾਰਤਾਲਾਪ ਦੀ ਸ਼ੈਲੀ ਵਿੱਚ ਲਿਖੀ ਮਿਲਦੀ ਹੈ

ਪਰ ਉਸ ਵਿੱਚ ਵੀ ਸੰਗੀਤਕ ਰਸ ਹੈ। ਲੈ ਅਤੇ ਤਾਲ ਅਖੋਂ ਓਹਲੇ ਨਹੀਂ ਕੀਤਾ ਹੋਇਆ। ਸੋ ਇਸ ਤਰ੍ਹਾਂ ਆਪ ਜੀ ਨੇ ਵਾਰਤਕ ਕਵਿਤਾ ਦੀ ਵਾਲਟ ਵਿਟ੍ਹਮੈਨ ਤੇ ਐਲਫਰਡ ਮੂਸਾ ਤੋਂ ਢੇਰ ਚਿਰ ਪਹਿਲਾਂ ਹੀ ਨੀਂਹ ਰੱਖ ਛਡੀ ਸੀ। ਵਾਰਤਾਲਾਪੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ।

ਜਾ ਕੈ ਭਾਗੁ
ਤਿਨਿ ਲੀਓ ਰੀ ਸੁਹਾਗੁ
ਹਰਿ ਹਰਿ ਹਰੇ ਹਰੇ
ਗੁਨ ਗਾਵੈ ਗੁਰਮਤਿ ਹਉ ਬਲਿ ਬਲੇ
ਹਉ ਬਲਿ ਬਲੇ
ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ॥

ਕਾਨੜਾ ਮਹਲਾ ੪
(ਪੰਨਾਂ ੧੨੯੬) ਆਦਿ ਗ੍ਰੰਥ

ਸ਼ਬਦਾਂ ਦੇ ਦੁਹਰਾ ਨਾਲ ਵੀ ਸੰਗੀਤਕ ਲੈ ਪੈਦਾ ਕੀਤੀ ਗਈ ਹੈ। ਜਿਵੇਂ ਕਿਃ-

ਸਾਸ ਸਾਸ ਸਾਸ ਹੈ ਜੇਤੇ
ਮੈ ਗੁਰਮਤਿ ਨਾਮੁ ਸਮਾਰੇ॥

ਨਟ ਮਹਲਾ ੪
( ਪੰਨਾਂ ੯੮੧) ਆਦਿ ਗ੍ਰੰਥ

ਆਪ ਜੀ ਨੇ ਪੰਜਾਬੀ ਸਾਹਿਤ ਨੂੰ ਸ਼ਬਦਾਂ ਦੀ ਵੀ ਨਵੀਂ ਮਾਲਾ ਪਹਿਨਾਈ ਹੈ। "ੜ" ਦੀ ਵਰਤੋਂ ਜਿਵੇਂ ਕਿ ਸਾਹੁਰੜੇ, ਪੇਈਅੜੇ, ਤੁਠੜਾ, ਵੁਠੜਾ, ਆਦਿਕ ਭਾਵੇਂ ਪਹਿਲਾਂ ਵੀ ਕੀਤੀ ਜਾਂਦੀ ਸੀ, ਪਰ ਆਪ ਜੀ ਨੇ ਖੁਲੇ ਤੌਰ ਉਤੇ ਅਤੇ ਕਿਸੇ ਖਾਸ ਅੰਦਾਜ਼ ਨਾਲ ਕਰਦਿਆਂ ਹੋਇਆਂ, ਐਂਜ ਮਹਿਸੂਸ ਕਰਵਾਇਆ ਹੈ, ਕਿ ਇਹ ਨਵੀਂ ਹੀ ਪਰਪਾਟੀ ਤੋਰੀ ਗਈ ਹੈ। ਸ਼ਬਦਾਂ ਨੂੰ ਤ੍ਰੋੜਨਾਂ ਮ੍ਰੋੜਨਾਂ ਤਾਂ ਆਪ ਜੀ ਦੀ ਕਲਾਕਾਰੀ ਦਾ ਸਬੂਤ ਹੈ। ਇਉਂ ਪ੍ਰਤੀਤ ਹੁੰਦਾ ਜਿਵੇਂ ਸ਼ਬਦ ਆਪ ਜੀ ਦੇ ਹੱਥਾਂ ਵਿੱਚ ਮੋਮ ਦੀਆਂ ਬੱਤੀਆਂ ਵਾਂਗ ਸਨ ਅਤੇ ਆਪ ਜੀ ਦਾ ਜਿਵੇਂ ਜੀਅ ਆਇਆ ਉਸ ਨੂੰ ਮਨ ਮਰਜ਼ੀ ਦਾ ਰੂਪ ਦੇ ਦਿੱਤਾ।

ਆਪ ਜੀ ਦੀ ਸਾਹਿਤਕ ਦੇਣ ਦਾ ਵਿਸਤਾਰ ਪੂਰਬਕ ਵਿਚਾਰ ਅਗਲੇ ਅਧਿਆਏ ਵਿੱਚ ਕੀਤਾ ਜਾਵੇਗਾ।

# CHAPTER VI.

## A Study of his works.

Thought-contents, Analysis of Themes, Philosophy, Various influences, Poetic Art, Style & Language and its aspects, Prosody, Rythem, Music, Image and symbols.
A comparative study with the works of earlier Gurus and contemporary sufi saints etc. etc.

# ਅਧਿਆਏ ਛੇਵਾਂ

## ਰਚਨਾਂ ਦਾ ਅਧਿਐਨ।

ਵਿਸ਼ਾ ਅਤੇ ਵਸਤੂ, ਦਰਸ਼ਨ, ਵੱਖਰੇ ਵੱਖਰੇ ਪ੍ਰਭਾਵ, ਕਾਵਿ ਕਲਾ, ਬੋਲੀ ਅਤੇ ਸ਼ੈਲੀ, ਪਿੰਗਲ, ਲੈ, ਸੰਗੀਤ, ਬਿੰਬ ਅਤੇ ਪ੍ਰਤੀਕ।

ਪੂਰਬਲੇ ਗੁਰੂਆਂ ਦੀ ਅਤੇ ਸਮਕਾਲੀਨ ਸੂਫ਼ੀਆਂ ਦੀ ਬਾਣੀ ਦਾ ਤੁਲਨਾਤਮਕ ਅਧਿਐਨ।

-: ਢੂਢ :-

ਗੁਰੂ ਰਾਮਦਾਸ ਜੀ ਦੀ ਕਵਿਤਾ ( ਬਾਣੀ) ਦੇ ਵੱਖਰੇ ਵੱਖਰੇ ਤੱਤਾਂ ਦੀ ਛਾਣ ਬੀਣ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਕਵਿਤਾ ਕੀ ਹੈ ਅਤੇ ਕਵਿਤਾ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?

ਸਾਹਿਤਕਾਰਾਂ ਦਾ ਇਹ ਮਤ ਹੈ ਕਿ ਕਵਿਤਾ ਸਾਹਿਤ ਦਾ ਇੱਕ ਅੰਗ ਹੈ। ਪਰ ਜਦੋਂ ਇਸਦੀ ਪਛਾਣ ਦਾ ਸਵਾਲ ਉਠਦਾ ਹੈ ਤਾਂ ਓਹਨਾਂ ਦਾ ਮਤ ਅਨੇਕ ਦਿਸ਼ਾਵਾਂ ਵਿੱਚ ਵੰਡਿਆ ਜਾਂਦਾ ਹੈ। ਕੁਝ ਕੁ ਵਿਚਾਰਵਾਨਾਂ ਦਾ ਕਹਿਣਾ ਹੈ ਕਿ ਕਵਿਤਾ ਸਾਹਿਤ ਦਾ ਉਹ ਰੂਪ ਹੈ ਜਿਹੜਾ ਛੰਦਾਬੰਦੀ ਵਿੱਚ ਲਿਖਿਆ ਗਇਆ ਹੋਵੇ। ਸੋ ਇਸੇ ਤਰ੍ਹਾਂ ਕੁਝ ਕੁ ਭਾਰਤੀ ਸਾਹਿਤ ਕਾਰਾਂ ਦੇ ਵਿਚਾਰ ਇਸਤਰ੍ਹਾਂ ਹਨ।

੧. ਰਮਣੀਕ ਅਰਥ ਦਾ ਪਰਗਟਾਊ ਵਾਕ, ਕਾਵਿ ਹੈ।

(ਰਾਜ ਗੰਗਾਧਰ)

੨. ਜੋ ਵਾਕ ਨਿਰਦੋਸ਼, ਗੁਣ ਅਲੰਕਾਰ ਸਹਿਤ ਅਤੇ ਰਸਾਤਮਕ ਹੋਵੇ ਉਸ ਨੂੰ ਕਾਵਿ ਕਹਿੰਦੇ ਹਨ।

( ਚੰਦ੍ਰਾਲੋਕ)

੩. ਗੁਣ ਤੇ ਅਲੰਕਾਰ ਭਰੀ ਨਿਰਦੋਸ਼ ਰਚਨਾ ਨੂੰ ਕਵਿਤਾ ਕਿਹਾ ਜਾਂਦਾ ਹੈ।

(ਮਹਾਰਾਜਾ ਭੋਜ)

੪. ਸ਼ਬਦ ਤੇ ਅਰਥ ਦਾ ਨਿਰਦੋਸ਼ ਤੇ ਗੁਣ ਸਹਿਤ ਹੋਣਾ, ਅਲੰਕਾਰ ਦਾ ਹੋਣਾ ਕਿਤੇ ਨਾ ਹੋਣਾ ਕਵਿਤਾ ਹੈ।

( ਰੁਦ੍ਰਟ)

ਇਸ ਦੇ ਨਾਲ ਹੀ ਪਛਮੀ ਸਾਹਿਤਕਾਰਾਂ ਦੇ ਕਵਿਤਾ ਬਾਰੇ ਵਿਚਾਰ ਵੀ ਅੰਕਤ ਕੀਤੇ ਜਾਂਦੇ ਹਨ।

੧. ਕਲਪਣਾ ਤੇ ਜਜ਼ਬਿਆਂ ਦੀ ਜ਼ੁਬਾਨ ਕਵਿਤਾ ਹੈ।

(ਹੈਜ਼ਲਿਟ)

੨. ਕਵਿਤਾ ਤੇ ਬੁਧੀ ਦੁਆਰਾ ਸੱਚ ਤੇ ਖ਼ੁਸ਼ੀ ਨੂੰ ਮਿਲਾਉਣ ਵਾਲੀ ਕਲਾ ਕਵਿਤਾ ਹੈ।

( ਜੌਨਸਨ)

੩. ਕਵਿਤਾ ਵਰਤਮਾਨ ਤੇ ਨਿਕਟ ਦੀ ਅਸੰਤੁਸ਼ਟਤਾ ਦਾ ਨਾਂ ਹੈ।

(ਡੌਇਲ)

੪. ਸਚਾਈ ਛੰਦਾਬੰਦੀ ਵਿੱਚ ਆ ਕੇ ਲਿਸ਼ਕਣ ਲਗ ਪੈਂਦੀ ਹੈ।

(ਪੋਪ)

ਸੋ ਇਸ ਸਾਰੀ ਵਿਚਾਰ ਤੋਂ ਤਾਂ ਇਹੋ ਹੀ ਸਿਧ ਹੁੰਦਾ ਹੈ ਕਿ ਹਰ ਕਵੀ ਜਾਂ ਆਲੋਚਕ, ਕਵਿਤਾ ਦੇ ਲਛਣਾਂ ਨੂੰ ਆਪਣੇ ਧਿਆਨ ਅਨੁਸਾਰ ਹੀ ਵੇਖਦਾ ਹੈ। ਇਹਨਾਂ ਉਪਰ ਦਸੇ ਚੋਣਵੇਂ ਲੇਖਕਾਂ ਨੇਂ ਕਵਿਤਾ ਦੀ ਕੋਈ ਖਾਸ ਸ਼ਕਲ ਨਹੀਂ ਸੀ। ਜਿਵੇਂ ਕਿ ਪ੍ਰੋ: ਪੂਰਨ ਸਿੰਘ ਦਾ ਵਿਚਾਰ ਹੈ ਕਿ:-

"ਪਿਆਰ ਵਿੱਚ ਮੋਏ ਬੰਦਿਆਂ ਦੇ ਬਚਨ ਹੀ ਕਵਿਤਾ ਹਨ।"

ਇਹ ਬਚਨ ਕੀ ਹਨ ਤੇ ਕਿਵੇਂ ਅੰਕਤ ਕੀਤੇ ਗਏ ਹਨ? ਇਸ ਬਾਰੇ ਪ੍ਰੋ: ਪੂਰਨ ਸਿੰਘ ਚੁਪ ਹਨ। ਸੋ ਇਸੇ ਤਰ੍ਹਾਂ, ਇਸ ਮਤ ਅਨੁਸਾਰ ਕਿ ਕਵਿਤਾ ਸਾਹਿਤ ਦਾ

ਉਹ ਰੂਪ ਹੈ ਜਿਹੜਾ ਛੰਦਾ ਬੰਦੀ ਵਿੱਚ ਲਿਖਿਆ ਹੋਵੇ , ਇਹ ਨਹੀਂ ਦਸਦਾ ਕਿ ਛੰਦਾ ਬੰਦੀ ਜਾਂ ਤੁਕਬੰਦੀ ਨਿਰੀ ਤੁਕਬੰਦੀ ਹੀ ਹੋਵੇ ਜਾਂ ਕਿ ਉਸਵਿੱਚ ਕੋਈ ਰਸ ,ਤੋਲ ਅਤੇ ਲੈ ਆਦਿਕ ਵੀ ਹੋਵੇ। ਇਸ ਫਾਰਮੂਲੇ ਅਨੁਸਾਰ ਹਿਸਾਬ ਜਾਂ ਵਿਗਿਆਨ ਦੀ ਸ਼ਬਦਾਵਲੀ ਨੂੰ ਵੀ ਕਿਸੇ ਤਰ੍ਹਾਂ ਛੰਦ-ਬਧ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਕਵਿਤਾ ਦਾ ਰੂਪ ਦਿੱਤਾ ਜਾ ਸਕਦਾ ਹੈ। ਮਿਸਾਲ ਦੇ ਤੌਰ ਉਤੇ ਅਸੀਂ ਬੱਚਿਆਂ ਦੀਆਂ ਆਪੋ ਵਿੱਚ ਦੀਆਂ ਸਾਧਾਰਨ ਗਲਾਂ ਜਾਂ ਕਹਾਣੀਆਂ, ਜਿਨ੍ਹਾਂ ਵਿੱਚ ਛੰਦ ਚਾਲ ਵੀ ਕਾਇਮ ਹੁੰਦੀ ਹੈ, ਜਿਵੇਂ ਕਿ

ਇੱਕ ਰੁੱਖ ਹੇਠਾਂ ਸੀ ਬੈਠਾ,
ਵਨ ਇਟ ਆਈ ਘੁਮੇਂਦੀ।
ਜੇ ਮੈਂ ਹੈਡ ਪਰ੍ਹੇ ਨ ਕਰਦਾ ,
ਟੋਟਣ ਵਿੱਚ ਪੜੇਂਦੀ।

ਨੂੰ ਵੀ ਤਾਂ ਕਵਿਤਾ ਦਾ ਨਾਂ ਦਿੱਤਾ ਜਾ ਸਕਦਾ ਹੈ।ਇਸੇ ਪ੍ਰਕਾਰ,ਬੋਲੀ ਦਾ ਵਿਆਕਰਣ ਪੜ੍ਹਾਉਣ ਲਈ ਵੀ ਕਈ ਪ੍ਰਕਾਰ ਦੇ ਦੋਹੇ ਆਦਿਕ ਜੋੜੇ ਜਾਂਦੇ ਸਨ। ਜਿਵੇਂ ਕਿ:-

ਫ਼ਾਰਸੀ ਮਜ਼ਦਰ ਕਾ ਜਾਨੋ ਯੇਹ ਨਿਸ਼ਾਂ,
ਆਖਰ ਉਸ ਕੇ 'ਤਨ' ਯਾ 'ਦਨ' ਹੋਤਾ ਹੈ ਮੇਰੀ ਜਾਂ।

ਸੋ ਛੰਦਾ ਬੰਦੀ ਦਾ ਇਹ ਅਸੂਲ ਕਵਿਤਾ ਨੂੰ ਨਿਸਚਤ ਰੂਪ ਦੇਣ ਵਿੱਚ ਅਸਮਰੱਥ ਹੈ।

ਇਸ ਦੇ ਨਾਲ ਹੀ ਇਹ ਮਤ ਵੀ ਪੇਸ਼ ਕੀਤਾ ਜਾਂਦਾ ਹੈ ਕਿ ਕਵਿਤਾ ਦੀ ਕਲਪਣਾ ਅਤੇ ਸੋਚ ਉਡਾਰੀ ਹੋਵੇ। ਕਵਿਤਾ ਉਹ ਜਿਸ ਵਿੱਚ ਕਲਪਣਾ ਇਸ ਹੱਦ ਤੱਕ ਪੁਜੀ ਹੋਵੇ ਕਿ ਪਾਠਕ ਦੇ ਹਿਰਦੇ ਵਿੱਚ ਛੇਦ ਕਰਦੀ ਹੋਈ ਉਸ ਨੂੰ ਆਪਣੇ ਹੀ ਵਹਿਣਾ ਵਿੱਚ ਵਹਾ ਕੇ ਲੈ ਜਾਵੇ। ਕਵਿਤਾ ਦਾ ਕੰਮ ਸਾਡੇ ਤੱਕ ਕੋਈ ਸੁਨੇਹਾ ਪੁਚਾਣਾ ਨਹੀਂ ਜਾਂ ਕਿਸੇ ਅਸਲੀਅਤ ਨੂੰ ਬਿਆਨ ਕਰਨਾਂ ਨਹੀਂ, ਕਵਿਤਾ ਤਾਂ ਪਾਠਕ ਨੂੰ ਅਸਲੀਅਤ ਵਲ ਪ੍ਰੇਰਦੀ ਹੈ। ਜਿਵੇਂ ਕਿ

" ਬੁਲਾਂ ਦੇ ਲਾਲੀ ਖ਼ੂਨ ਦੀ , ਗਲ੍ਹਾਂ ਤੇ ਰੰਗ ਗੁਲਾਬ ਦਾ।
ਘਰ ਘਰ ਢੰਢੋਰਾ ਪਿਟ ਗਇਆ, ਇਹ ਹੁਸਨ ਜੇ ਪੰਜਾਬ ਦਾ।

ਇਥੇ ਇਸ ਕੁੜੀ ਦੀ ਯਥਾਰਥਕ ਸੁਦੰਰਤਾ ਨੂੰ ਬਿਆਨ ਨਹੀਂ ਕੀਤਾ ਜਾ ਰਹਿਆ ਸਗੋਂ ਉਸ ਦੀ ਸੁੰਦਰਤਾ ਨੂੰ ਫੁਲ ਦੀ ਸੁੰਦਰਤਾ ਨਾਲ ਉਪਮਾਂ ਦੇ ਕੇ ਸਾਨੂੰ ਉਸ ਸੁੰਦਰਤਾ ਗਲ ਪ੍ਰੇਰਿਆ ਜਾ ਰਹਿਆ ਹੈ।

ਆਮ ਤੌਰ ਉਤੇ ਕਵਿਤਾ ਨੂੰ ਦੋ ਹਿਸਿਆਂ ਵਿੱਚ ਵੰਡਿਆ ਜਾਂਦਾ ਹੈ। ਜਿਵੇਂ ਕਿ

ਨਿਰਜੀਵ ਅਤੇ

ਸੁਜੀਵ।

ਕਵਿਤਾ ਦਾ ਨਿਰਜੀਵ ਰੂਪ ਉਹ ਹੈ ਜਿਸ ਵਿੱਚ ਤੁਕ-ਬੰਦੀ ਅਤੇ ਕਵਿਤਾ ਦੇ ਰੂਪ ਦਾ ਮੂਲ ਭਾਂਡਾ ਤਿਆਰ ਕਰਨ ਮਗਰੋਂ ਉਸ ਵਿੱਚ ਕਵਿਤਾ ਦਾ ਵਿਸ਼ਾ ਭਰ ਦਿੱਤਾ ਜਾਵੇ ਅਤੇ

ਸੁਜੀਵ ਰੂਪ ਉਹ ਹੈ ਜਿਸ ਦਾ ਵਸਤੂ ਤਾਂ ਪਹਿਲਾਂ ਹੀ ਤਿਆਰ ਹੋਵੇ ਪਰ ਰੂਪ ਸਮੇਂ ਦੀਆਂ ਲੋੜਾਂ ਅਨੁਸਾਰ ਆਪ ਹੀ ਤਿਆਰ ਹੁੰਦਾ ਰਹੇ। ਅਜਿਹੀ ਸੁਜੀਵ ਕਿਰਤ ਉਸ ਸਮੇਂ ਹੋਂਦ ਵਿੱਚ ਆਉਂਦੀ ਹੈ ਜਦੋਂ ਲੇਖਕ ਦੇ ਮਨ ਨੇਂ ਜਿਧਰ ਅਤੇ ਜਿਵੇਂ ਵੀ ਮੂੰਹ ਮੋੜ ਲਇਆ, ਲੇਖਕ ਨੇਂ ਖਿਆਲਾਂ ਦੇ ਉਸ ਵੇਗ ਨੂੰ ਆਪਣੇ ਸ਼ਬਦਾਂ ਵਿੱਚ ਅੰਕਤ ਕਰਦਿੱਤਾ। ਇਸ ਭਾਂਤ ਦੀ ਕਿਰਤ ਦਾ ਰੂਪ ਰੁਬਾਈ, ਚੌਪਈ, ਦੋਹਰਾ ਆਦਿਕ ਕੁਝ ਵੀ ਹੋ ਸਕਦਾ ਹੈ। ਕਵਿਤਾ ਤਾਂ ਓਦੋਂ ਵੀ ਹੋਂਦ ਵਿੱਚ ਆਈ ਜਦੋਂ ਇਸਦਾ ਕੋਈ ਰੂਪ ਬਣਿਆ ਹੀ ਨਹੀਂ ਸੀ। ਮਿਸਾਲ ਵਜੋਂ ਅਸੀਂ "ਹੀਰ" ਵਾਰਸ ਲੈ ਲੈਂਦੇ ਹਾਂ। ਵਾਰਸ ਨੇਂ "ਹੀਰ" ਗਿਆਨੀ ਜਾਂ ਐਮ.ਏ. ਪੰਜਾਬੀ ਦੇ ਕੋਰਸਾਂ ਲਈ ਨਹੀਂ ਲਿਖੀ ਸੀ। ਉਸ ਨੇਂ ਤਾਂ ਆਪਣੀ ਕਲਪਣਾ, ਅਨੁਭਵ ਜਾਂ ਯਥਾਰਥ ਨੂੰ ਹੀ ਲਿਖਤੀ ਰੂਪ ਦਿੱਤਾ ਸੀ। ਉਸ ਨੇਂ ਤਾਂ ਆਪਣੀ ਰੂਹ ਦੀ ਲੋਚਾ ਨੂੰ ਪੂਰਿਆ ਸੀ। ਇਸ ਦੇ ਉਲਟ ਅਸੀਂ ਇੱਕ ਲੋੜ ਮਹਿਸੂਸ ਕਰਦਿਆਂ ਹੋਇਆਂ, ਇਸ ਕਿਰਤ ਨੂੰ ਆਪਣੇ ਕੋਰਸਾਂ ਵਿੱਚ ਲਗਾ ਲਇਆ ਅਤੇ ਆਪਣੀ ਆਲੋਚਨਾਂ ਦਾ ਨਿਸ਼ਾਨਾ ਮਿਥ ਲਇਆ। ਵਾਰਸ ਜਾਂ ਦਮੋਦਰ ਨੇਂ ਸਮੇਂ ਦੀ ਕਾਵਿਕ ਚਾਲ ਨੂੰ ਅਪਣਾਦਿਆਂ ਹੋਇਆਂ ਆਪਣੇ ਵਿਚਾਰਾਂ ਨੂੰ ਸ਼ਬਦਾਂ ਦਾ ਜਾਮਾ ਪਵਾ ਦਿੱਤਾ। ਹਾਂ ਇਤਨਾਂ ਜ਼ਰੂਰ ਸੀ ਕਿ ਉਨ੍ਹਾਂ ਲੋਕਾਂ ਨੇਂ "ਲੈ" ਨੂੰ ਆਪਣੇ ਧਿਆਨ ਵਿੱਚ ਅਵਸ਼ ਹੀ ਰਖਿਆ ਸੀ। "ਲੈ" ਕਵਿਤਾ ਦੀ ਜਿੰਦ ਜਾਨ ਹੈ। "ਲੈ" ਜਿਸ ਨੂੰ ਅੰਗ੍ਰੇਜ਼ੀ

"ਰਿਦਮ"ਵੀ ਆਖਦੇ ਹਨ, ਵੱਖ ਵੱਖ ਸ਼ਬਦਾਂ ਦੀਆਂ ਧੁਨੀਆਂ ਨੂੰ ਅਜਿਹੇ ਤਰੀਕੇ ਨਾਲ ਮੇਲਿਆ ਜਾਂਦਾ ਹੈ ਕਿ ਇੱਕ ਧੁਨੀ ਦੂਜੀ ਧੁਨੀ ਨਾਲੋਂ ਅਜਿਹੀ ਵਿਥ ਉਤੇ ਰੱਖੀ ਜਾਂਦੀ ਹੈ ਕਿ ਉਹ ਸਾਡੇ ਮਨ ਵਿੱਚ ਧੁਨੀ ਰੇਖਾਵਾਂ ਨਾਲ ਕਵੀ ਦੇ ਕਿਸੇ ਮੂਰਤ ਬਾਰੇ ਅਮੂਰਤੀਮਾਨ ਭਾਵਾਂ ਨੂੰ ਮੁੜ ਜੋੜ ਕੇ ਇੱਕ ਮੂਰਤ ਸਾਕਾਰ ਰੂਪ ਵਿੱਚ, ਸਾਡੇ ਸਾਹਮਣੇ ਲਿਆ ਖੜੀ ਕਰਦੀਆਂ ਹਨ। ਇਹੋ ਧੁਨੀਪ੍ਰਬੰਧ ਜਾਂ ਲੈ ਕਵਿਤਾ ਨੂੰ ਵਾਰਤਕ ਨਾਲੋਂ ਨਿਖੇੜਦੀ ਹੈ। ਪ੍ਰੋ: ਸੇਨਿਨ ਦੇ ਵੀ ਰਿਦਮ ਦੀ ਸਿਫ਼ਤ ਬਾਰੇ ਵਿਚਾਰ ਹਰਬਰਟ ਰੀਡ ਨੇ ਕਥਨ ਇਉਂ ਅੰਕਿਤ ਕੀਤੇ ਹਨ। *੧*

ਸੋ ਕਵਿਤਾ ਦੀ ਅਸਲੀਅਤ ਬਾਰੇ ਇਉਂ ਕਿਹਾ ਜਾ ਸਕਦਾ ਹੈ ਕਿ ਹਰ ਤੁਕ ਦਾ ਦੂਜੀ ਤੁਕ ਨਾਲ ਲੈ ਵਿੱਚ ਹੋਣਾ ਹੀ ਕਵਿਤਾ ਹੈ ਹੋਰ ਕੁਝ ਨਹੀਂ। ਇਸ ਦੇ ਨਾਲ ਹੀ ਡਾ: ਸ਼ੇਰ ਸਿੰਘ ਅਨੁਸਾਰ"ਲੈ" ਦੇ ਨਾਲ ਨਾਲ ਜਜ਼ਬਾ, ਕਲਪਣਾ, ਅਨੁਭਵ ਅਤੇ ਛੰਦਾਬੰਦੀ ਦਾ ਹੋਣਾ ਵੀ ਅਤਿ ਜ਼ਰੂਰੀ ਹੈ। ਜਿਸ ਸਾਹਿਤਕ ਕਿਰਤ ਵਿੱਚ ਇਹ ਸਾਰੇ ਗੁਣ ਹਨ ਉਨ੍ਹਾਂ ਨੂੰ ਕਵਿਤਾ ਕਹਿਆ ਜਾ ਸਕਦਾ ਹੈ।

ਪ੍ਰੋ: ਪੂਰਨ ਸਿੰਘ ਦੀ ਕਵਿਤਾ ਨੂੰ ਵੀ ਕਵਿਤਾ ਆਖਿਆ ਜਾ ਸਕਦਾ ਹੈ ਭਾਵੇਂ ਉਸ ਵਿੱਚ ਛੰਦ ਵਾਲੀ ਮੌਜੂਦ ਨਹੀਂ, ਪਰ ਬਾਕੀ ਗੁਣਾ ਦੇ ਨਾਲ ਨਾਲ ਛੰਦ ਛਡ ਕੇ ਲੈ ਜ਼ਰੂਰ ਮਿਲਦੀ ਹੈ। ਉਹ ਖੁਲਾ ਛੰਦ ਹੈ ਅਤੇ ਗੁਰੂ ਰਾਮਦਾਸ ਜੀ ਦੀ ਕਵਿਤਾ ਜਿਸ ਵਿੱਚ ਤੁਕਾਂ ਲਮੇਰੀਆਂ ਜਾਂ ਛੁਟੇਰੀਆਂ ਮਿਲਦੀਆਂ ਹਨ, ਦਾ ਵਿਸਤਰਿਤ ਰੂਪ ਹੈ। ਭਾਵੇਂ ਛੰਦ ਅਤੇ ਤੋਲ ਨਹੀਂ ਪਰ ਭਾਵ, ਇੱਕ ਲੈ ਵਿੱਚ ਤੁਰਦੇ ਹਨ। ਜਦੋਂ ਬਾਕੀ ਦੇ ਸਾਰੇ ਗੁਣ ਮੌਜੂਦ ਹਨ ਤਾਂ ਉਹ ਸਹੀ ਕਵਿਤਾ ਹੈ।

ਅਸੀਂ ਤੋਲ ਤੁਕਾਂਤ ਨੂੰ ਤਾਂ ਮਿਥੇ ਹੋਏ ਪੈਮਾਨਿਆਂ ਅਤੇ ਨਾਪਾਂ ਨਾਲ ਨਾਪ ਸਕਦੇ ਹਾਂ ਪਰ ਲੈ ਨੂੰ ਨ ਤਾਂ ਕਿਸੇ ਨਿਸਚਤ ਫੁਟੇ ਨਾਲ ਨਾਪਿਆ ਜਾ ਸਕਦਾ ਹੈ ਅਤੇ ਨਹੀ ਕਿਸੇ ਸਥਿਰ ਨਾਪ ਨਾਲ ਨਾਪਿਆ ਜਾ ਸਕਦਾ ਹੈ। ਇਹ ਤਾਂ ਅੰਦਰਲੇ ਦੀ ਆਵਾਜ਼ ਹੈ।

## ਵਿਸ਼ਾ ਵਸਤੂ ( Thought-contents & Analysis of themes)

ਕਿਸੇ ਵੀ ਸਾਹਿਤਕ ਰਚਨਾਂ ਵਿੱਚ ਵਿਸ਼ੇ ਅਤੇ ਵਸਤੂ ਦਾ ਗੂੜਾ ਸਬੰਧ ਹੋਇਆ ਕਰਦਾ ਹੈ। ਵਿਸ਼ਾ ਅਤੇ ਵਸਤੂ ਦੇ ਸੁਮੇਲ ਤੋਂ ਬਿਨਾਂ ਕੋਈ ਵੀ ਰਚਨਾਂ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਉਸਾਰੀ ਜਾ ਸਕਦੀ। ਦੋਨਾਂ ਨੂੰ ਇੱਕ ਦੂਜੇ ਦੇ

ਅਨੁਕੂਲ ਹੋਣਾ ਅਤਿ ਜ਼ਰੂਰੀ ਹੈ। ਕਵੀ ਦੀ ਕਵਿਤਾ ਦਾ ਆਲੋਚਨਾਤਮਕ ਅਧਿਐਨ ਕਰਦੇ ਸਮੇਂ ਵਿਸ਼ੇ ਅਤੇ ਵਸਤੂ ਦਾ ਸੁਮੇਲ ਹਰ ਹਾਲਤ ਵਿੱਚ ਪਰਖਿਆ ਜਾਂਦਾ ਹੈ। ਜੇਕਰ ਇਹ ਸੁਮੇਲ, ਪਰਖ ਦੀ ਕਸੌਟੀ ਉਤੇ ਠੀਕ ਉਤਰੇ ਤਾਂ ਰਚਨਾਂ ਨੂੰ ਪਹਿਲੇ ਦਰਜੇ ਦਾ ਮੰਨਿਆ ਜਾਂਦਾ ਹੈ ਜੇ ਨਹੀਂ ਤਾਂ ਉਹ ਰਚਨਾਂ ਘਟੀਆ ਮੰਨੀ ਜਾਂਦੀ ਹੈ।

ਗੁਰੂ ਸਾਹਿਬ ਦੇ ਸਮੇਂ ਜਿਵੇਂ ਕਿ ਅਸੀਂ ਪਹਿਲੇ ਵਾ ਆਖਿਆ ਹੈ ਕਿ ਧਰਮ ਸਮਾਜ ਅਤੇ ਰਾਜਨੀਤੀ ਅਧੋਗਤੀ ਦੀ ਹਾਲਤ ਵਿੱਚੋਂ ਲੰਘ ਰਹੇ ਸਨ। ਇਸ ਅਧੋਗਤੀ ਵਿੱਚ ਸਰਬ ਭਾਰਤੀ ਸਮਾਜ ਦਾ ਕੋਈ ਇੱਕ ਹਿਸਾ ਨਹੀਂ ਸਗੋਂ ਹਰ ਕੋਈ ਗ੍ਰਸਿਆ ਹੋਇਆ ਸੀ। ਮੁਢਲੇ ਤੌਰ ਉਤੇ ਸਮਾਜ ਦੇ ਦੋ ਹਿਸੇ ਸਨ। ਹਾਕਮ ਅਤੇ ਜਨਤਾ। ਹਾਕਮ ਸ਼੍ਰੇਣੀ ਵਿੱਚ ਰਾਜੇ ਮਹਾਰਾਜੇ, ਮੌਲਵੀ, ਪੰਡਤ ਅਤੇ ਜਾਗੀਰਦਾਰ ਸਨ। ਬਾਕੀ ਦਾ ਹਿਸਾ ਆਮ ਜਨਤਾ ਸੀ। ਪਹਿਲੀ ਸ਼੍ਰੇਣੀ ਇਸ ਕਰਕੇ ਗ੍ਰਸੀ ਹੋਈ ਸੀ ਕਿ ਉਨ੍ਹਾਂ ਨੂੰ ਆਤਮਕ ਸ਼ਾਂਤੀ ਦਾ ਸਹੀ ਰਸਤਾ ਨਹੀਂ ਸੀ ਪਤਾ। ਜਨਤਾ ਇਸ ਲਈ ਗ੍ਰਸੀ ਹੋਈ ਸੀ ਕਿ ਉਨ੍ਹਾਂ ਲੋਕਾਂ ਨੂੰ ਰਸਤਾ ਦਸਣ ਵਾਲਾ ਕੋਈ ਨਹੀਂ ਸੀ।

ਸਿਖ ਧਰਮ, ਨਿਧੜਕ ਅਤੇ ਸ਼ਾਂਤੀਵਾਦੀ ਕ੍ਰਾਂਤੀਕਾਰੀ ਧਰਮ ਸੀ, ਇਸ ਲਈ ਉਸਦੇ ਸੰਚਾਲਕਾਂ ਨੇਂ ਜਨਤਕ ਵਿਰੋਧਤਾ ਅਤੇ ਪਹਿਲੀ ਸ਼੍ਰੇਣੀ ਦੀ ਕ੍ਰੋਪੀ ਦੀ ਪ੍ਰਵਾਹ ਨ ਕਰਦੇ ਹੋਏ ਗਾਡੀ ਰਾਹ ਨੂੰ ਉਜਾਗਰ ਕਰਨ ਉਤੇ ਲਕ ਬੰਨ੍ਹ ਲਇਆ ਸੀ। ਇਸ ਪ੍ਰਚਾਰ ਦਾ ਕਵਿਤਾ ਸਭ ਤੋਂ ਚੰਗਾ ਮਾਧਿਅਮ ਸੀ। ਸੋ ਗੁਰੂ ਸਾਹਿਬ ਦੀ ਕਵਿਤਾ ਦਾ ਉਨ੍ਹਾਂ ਦੇ ਪਿਤਾ ਗੁਰੂਆਂ ਵਾਂਗ, ਸਮੇਂ ਦੇ ਰਾਜਸੀ ਅਤੇ ਸਮਾਜਕ ਹਾਲਾਤ, ਮਨੁੱਖ, ਆਤਮਾਂ ਅਤੇ ਪ੍ਰਮਾਤਮਾਂ, ਵਿਸ਼ਾ ਵਸਤੂ ਬਣੇ। ਲੋਕ ਹਿਤੂ ਅਤੇ "ਮੈਂ ਮਰਾਂ ਜਗ ਜੀਵੇ" ਵਾਲੀ ਸਿਖ ਰੁਚੀ ਦੇ ਮਾਲਕ ਗੁਰੂਆਂ ਨੇਂ ਜਨਤਾ ਨੂੰ ਇੱਕ ਸੇਧ ਪ੍ਰਦਾਨ ਕੀਤੀ। ਇਸ ਕਾਰਜ ਲਈ ਓਹਨਾਂ ਨੇਂ ਆਪਣੇ ਵਿਸ਼ਾ ਵਸਤੂ ਦੇਘੇਰੇ ਨੂੰ ਚੁੜੇਰਾ ਕਰਦੇ ਹੋਏ ਅਤੇ ਇਕ ਮਿਕਤਾ ਪੈਦਾ ਕਰਦੇ ਹੋਏ ਉਚ ਕੋਟੀ ਦਾ ਸਾਹਿਤ ਰਚਿਆ।

ਗੁਰੂ ਸਾਹਿਬ ਨੇ ਸਮਾਜ ਵਿੱਚ ਮਨੂ ਦੇ ਪੈਦਾ ਕੀਤੇ ਹੋਏ ਜਾਤੀ ਵਿਤਕਰੇ ਦਾ ਕਰੜਾ ਨਿਖੇਧ ਕੀਤਾ।

ਜਾਤਿ ਨਜਾਤਿ ਦੇਖ ਮਤ ਭਰਮਹੁ
ਸੁਕ ਜਨਕ ਪਗੀ ਲਗੁ ਧਿਆਵੈਗੋ॥ ਕਾਨੜਾ ਕੀ ਵਾਰ ਮ:੪
(ਪੰਨਾ ੧੬੦੯) ਆਦਿ ਗ੍ਰੰਥ

ਜਿਵੇਂ ਕਿ ਵਿਗਿਆਨਕ ਤੱਤ ਅਨੁਸਾਰ ਇਸ ਧਰਤੀ ਉਪਰ ਉਠਦੇ ਹੋਏ ਪੁਲਾੜ ਵਿੱਚ ਸਾਰਾ ਹਨੇਰਾ ਹੈ ਤਿਵੇਂ ਗੁਰ ਕਾਲ ਵਿੱਚ ਇਹ ਧਰਤੀ ਹਨੇਰੇ ਦੀ ਲਪੇਟ ਵਿੱਚ ਸੀ। ਹਨੇਰੇ ਤੋਂ ਸਾਡਾ ਭਾਵ ਵਿਸ਼ਿਆਂ ਵਿਕਾਰਾਂ ਦਾ ਹਨੇਰਾ ਸੀ। ਸੱਚ ਅਤੇ ਸਰੂਪ ਦਾ ਚਾਨਣ ਅਲੋਪ ਸੀ। ਮਨੁੱਖੀ ਆਤਮਾਂ ਇਸ ਝੂਠ, ਪਾਪ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਗੂੜ੍ਹੇ ਹਨੇਰੇ ਅਤੇ ਸੱਚ, ਨੇਕੀ ਅਤੇ ਧਰਮ ਦੇ ਚਾਨਣ ਦੀ ਅਣਹੋਂਦ ਕਾਰਨ, ਭਟਕ ਰਹੀ ਸੀ। ਗੁਰੂ ਸਾਹਿਬ ਨੇਂ ਇਸ ਵਿਸ਼ੇ ਨੂੰ ਕਲਾਤਮਕ ਬ੍ਰਿਤੀ ਨਾਲ ਛੋਹਿਆ।

ਕੂੜ ਠਗੀ ਗੁਝੀ ਨ ਰਹੈ ਮੁਲੰਮਾ ਪਾਜ ਲਹਿ ਜਾਇ॥

ਵਾਰ ਗਉੜੀ ਮ:੪

(ਪੰਨਾਂ ੩੦੩) ਆਦਿ ਗ੍ਰੰਥ

ਇਸੇ ਹੀ ਸਮੇਂ ਹਿੰਦੂ ਅਤੇ ਬੁਧ ਮਤ ਦੇ ਨਾਲ ਨਾਲ ਜੈਨ ਮਤ ਵੀ ਪ੍ਰਧਾਨ ਹੋਣ ਦੀ ਰੁਚੀ ਰਖਦਾ ਸੀ। ਜਿਥੇ ਬੁਧ ਅਤੇ ਜੈਨ ਮਤ ਨੇਂ ਵੇਦਾਂ ਨੂੰ ਮਨਣੋਂ ਇਨਕਾਰ ਕੀਤਾ ਉਥੇ ਉਹ ਆਪ ਕਈ ਕਰਮ ਕਾਂਡਾਂ ਵਿੱਚ ਫਸ ਕੇ ਉਲਝ ਗਇਆ। ਗੁਰੂ ਸਾਹਿਬ ਨੇਂ ਇਸਦਾ ਕਰੜਾ ਖੰਡਨ ਕੀਤਾ ਹੈ।

ਉਪਜੀ ਤਰਕ ਦਿਗੰਬਰ ਹੋਆ ਮਨੁ ਦਹ ਦਿਸ
ਚਲਿ ਚਲਿ ਗਵਨੁ ਕਰਦੀਆ॥

ਬਿਲਾਵਲ ਕੀ ਵਾਰ ਮ:੪
(ਪੰਨਾਂ ੮੩੫) ਆਦਿ ਗ੍ਰੰਥ

ਇਹਨਾਂ ਸਮਾਜਕ ਕੁਰੀਤੀਆਂ ( ਕਰਮ ਕਾਂਡ) ਦੇ ਨਾਲ ਨਾਲ ਸਮਾਜ ਰੱਬ ਦੀ ਸਮੁਚੀ ਹੋਂਦ ਤੋਂ ਵੀ ਇਨਕਾਰੀ ਸੀ। ਹਰ ਥਾਂ ਛੋਟੇ ਛੋਟੇ ਦੇਵੀ ਦੇਵਤਿਆਂ ਨੂੰ ਪ੍ਰਭੂ ਦਾ ਅਵਤਾਰ ਬਣਾ ਦਿੱਤਾ ਗਇਆ ਸੀ। ਅੰਧ ਵਿਸ਼ਵਾਸ਼ੀ ਵਿਚਾਰ ਇਸ ਹੱਦ ਤੱਕ ਪਕੇ ਹੋ ਚੁਕੇ ਸਨ ਕਿ ਅਮੂਰਤ ਅਤੇ ਅਰੇਖ ਰੱਬ ਦੀ ਥਾਂ ਉਹ ਅਕਾਰ-ਬਧ ਅਤੇ ਨਾਸ਼ਮਾਨ ਮਨੁੱਖਾਂ ਨੂੰ ਹੀ ਰੱਬ ਸਮਝਣ ਲਗ ਪਏ ਸਨ। ਸ਼ਿਵ ਅਤੇ ਸ਼ਾਕਤ ਮਤੀਆਂ ਨੇਂ ਸੰਪਰਦਾਵਾਂ ਦਾ ਮੁਢ ਬੰਨ੍ਹ ਦਿੱਤਾ ਸੀ। ਇਸ ਵਿਸ਼ੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇਂ ਵੀ ਆਪਣੇ ਵਿਚਾਰਾਂ ਦੀ ਵਸਤੂ ਨਾਲ ਜੋੜਿਆ ਸੀ। ਉਹਨਾਂ ਨੇਂ ਜਨਤਾ ਨੂੰ ਇੱਕ ਨਵਾਂ ਰਸਤਾ ਦਸਿਆ ਜਿਹੜਾ ਪ੍ਰਮਾਰਥ ਦਾ ਸਹੀ ਸਰੂਪ ਸੀ। ਆਪ ਜੀਤੋਂ ਮਗਰੋਂ ਗੁਰੂ ਰਾਮਦਾਸ ਜੀ ਨੇਂ ਵੀ ਆਖਿਆ

ਠਾਕੁਰ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ॥

ਭੈਰਉ ਮ:੪

( ਪੰਨਾਂ ੧੧੩੮) ਆਦਿ ਗ੍ਰੰਥ

ਰੱਬ ਕੀ ਹੈ? ਰੱਬ ਕਦੋਂ ਹੋਂਦ ਵਿੱਚ ਆਇਆ? ਇਸ ਮਤ ਉਤੇ ਅਨੇਕ ਪ੍ਰਕਾਰ ਦੀਆਂ ਗਲਤ-ਫ਼ਹਿਮੀਆਂ ਪੇਸ਼ ਕੀਤੀਆਂ ਜਾਂਦੀਆਂ ਸਨ। ਕੋਈ ਕਹਿੰਦਾ ਸੀ ਉਹ ਅਸੀਮ ਹੈ। ਕੋਈ ਕਹਿੰਦਾ ਸੀ ਕਿ ਵਿਸ਼ਵ ਰਚਨਾਂ ਵਿੱਚ ਸਭ ਤੋਂ ਪਹਿਲਾਂ ਆਦਮ ਅਤੇ ਹਵਾ ਹੋਂਦ ਵਿੱਚ ਆਏ। ਸੋ ਅਨੇਕ ਪ੍ਰਕਾਰ ਦੇ ਅਜਿਹੇ ਪ੍ਰਸ਼ਨਾਂ ਨੂੰ ਸੁਲਝਾਂਦਿਆਂ ਹੋਇਆਂ ਆਪ ਜੀ ਨੇਂ ਦਸਿਆ ਕਿ ਵਿਸ਼ਵ ਰਚਨਾਂ ਸਮੇਂ ਸੁੰਨ ਦਾ ਵਰਤਾਰਾ ਸੀ। ਕੋਈ ਵਸਤੂ ਹੋਂਦ ਵਿੱਚ ਨਹੀਂ ਸੀ ਆ ਚੁਕੀ। ਵਿਗਿਆਨ ਵੀ ਇਸੇ ਹੀ ਵਿਚਾਰ ਦਾ ਧਾਰਨੀ ਹੈ।

ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾ ਹਰਿ।।

ਬਿਹਾਗੜੇ ਕੀ ਵਾਰ ਮ:੪
(ਪੰਨਾਂ 444) ਆਦਿ ਗ੍ਰੰਥ

ਵੇਦਾਂ ਦੇ ਕਾਰਸੁਨਕ ਵਿਚਾਰ ਭਾਵੇਂ ਕੁਝ ਵੀ ਕਿਉਂ ਨ ਹੋਣ, ਸਾਡਾ ਇਸ ਨਾਲ ਕੋਈ ਵਿਰੋਧ ਨਹੀਂ। ਇਹ ਵੀ ਠੀਕ ਹੈ ਕਿ ਅਸੀਂ ਵੇਦਾਂ ਦੀ ਵਿਚਾਰ ਪ੍ਰਣਾਲੀ ਨਾਲ ਸਹਿਮਤ ਨਹੀਂ ਪਰ ਕਿਸੇ ਚੰਗੇ ਅਸੂਲ ਨੂੰ ਹੀਰੇ ਮੋਤੀ ਵਾਂਙ ਚੁਣ ਕੇ ਆਪਣਾ ਬਣਾਉਣ ਅਤੇ ਅਪਣਾਉਂਣ ਵਿੱਚ ਕੋਈ ਦੋਸ਼ ਨਹੀਂ। ਵੇਦਾਂਤ ਨੂੰ ਜੋ ਵੇਦਾਂ ਦੇ ਅੰਤ ਵਿੱਚ ਵੇਦਾਂ ਦੇ ਤੱਤ ਦੇ ਰੂਪ ਵਿੱਚ ਲਿਖਿਆ ਗਇਆ ਹੈ, ਉਸਦੀ ਵਿਆਖਿਆ ਕਰਨ ਵਾਲਾ ਸਭ ਤੋਂ ਵਡਾ ਗੁਣੀ ਸ਼ੰਕਰਾਚਾਰੀਆ ਹੈ। ਸ਼ੰਕਰਾਚਾਰੀਆ ਅਨੁਸਾਰ ਕੇਵਲ ਬ੍ਰਹਮ ਹੀ ਇੱਕ ਅਸਲੀਅਤ ਹੈ। ਉਸ ਤੋਂ ਬਿਨਾਂ ਸਭ ਕੁਝ ਝੂਠ ਅਤੇ ਭੁਲੇਖਾ ਹੈ। ਉਹ ਅਸਲੀਅਤ ਹੈ। ਉਸ ਉਤੇ ਮੁਲ੍ਹਮੇਂ ਦਾ ਕੋਈ ਪੜਦਾ ਨਹੀਂ। ਗੁਰੂ ਸਾਹਿਬਾਂ ਨੇਂ ਇਸ ਵਿਚਾਰ ਦੀ ਪੁਸ਼ਟੀ ਕੀਤੀ ਹੈ।

ਤੇਰਾ ਸਰੀਕ ਕੋਨਾਹੀ ਜਿਸਨੋ ਲਵੈ ਲਾਇ ਸੁਣਾਇਆ।।

ਗਉੜੀ ਕੀ ਵਾਰ ਮ:੪
( ਪੰਨਾਂ੩੦੧) ਆਦਿ ਗ੍ਰੰਥ

ਇਸ ਵਿਸ਼ੇ ਨੂੰ ਛੋਹਣ ਦੀ ਲੋੜ ਤਾਂ ਪਈ ਕਿ ਪਹਿਲਾਂ ਇਸ ਨੂੰ ਹਨੇਰੇ ਵਿੱਚ ਰਖ ਕੇ ਲੋਕਾਂ ਨੂੰ ਗਲਤ ਰਾਹ ਦਸਿਆ ਜਾਂਦਾ ਰਹਿਆ ਸੀ।

ਸ਼ੰਕਰਾਚਾਰੀਆ ਅਨੁਸਾਰ ਜੀਵ ਆਤਮਾਂ ਉਸ ਪ੍ਰਭੂ ਦਾ ਹੀ ਪ੍ਰਛਾਵਾਂ ਹੈ। ਜਦੋਂ ਇਹ ਉਸ ਵਿੱਚ ਮਿਲ ਜਾਂਦੀ ਹੈ ਤਾਂ ਇਸ ਆਤਮਾਂ ਦੀ ਵਿਅਕਤੀਗਤ

ਪੱਧਰ ਖ਼ਤਮ ਹੋ ਜਾਂਦੀ ਹੈ। ਆਤਮਾਂ-ਪ੍ਰਮਾਤਮਾਂ ਦਾ, ਸਮੁੰਦਰ ਅਤੇ ਉਸ ਵਿਚਲੀਆਂ ਲਹਿਰਾਂ ਦਾ ਸਬੰਧ ਹੈ। ਲਹਿਰ ਭਾਵੇਂ ਸਮੁੰਦਰ ਦੇ ਵਿਰਾਟ ਰੂਪ ਵਿੱਚ ਵੱਖਰੀ ਜਹੀ ਭਾਸਦੀ ਹੈ ਪਰ ਕੰਢੇ ਉਤੇ ਆਕੇ ਮੁੜ ਉਸੇ ਹੀ ਪਾਣੀ ਵਿੱਚ ਸਮਾ ਜਾਂਦੀ ਹੈ। ਗੁਰੂ ਸਾਹਿਬ ਨੇਂ ਇਸ ਵਿਸ਼ੇ ਨੂੰ ਵੀ ਛੋਹ ਕੇ ਅਮਰ ਕਰ ਦਿੱਤਾ ਹੈ।

ਏਕੋ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕ ਕੀਜੈ।।

ਕਲਿਆਨ ਮः੪
(ਪੰਨਾਂ ੧੩੨੫) ਆਦਿ ਗ੍ਰੰਥ

ਭਾਰਤੀ ਸਮਾਜ ਵਿੱਚ ਹਿੰਦੂ ਮਤ ਮੁਕਤੀ ਪ੍ਰਾਪਤੀ ਲਈ, ਘਰ ਬਾਹਰ ਛਡ ਕੇ ਜੰਗਲੀਂ ਵਾਸ ਕਰਨ ਅਤੇ ਅਨੇਕ ਪ੍ਰਕਾਰ ਦੀਆਂ ਤੱਪ ਸਾਧਨਾਵਾਂ ਉਤੇ ਜ਼ੋਰ ਦਿੰਦਾ ਸੀ। ਗੁਰੂ ਸਾਹਿਬ ਇਸ ਹੱਕ ਵਿੱਚ ਨਹੀਂ ਸਨ। ਓਹਨਾਂ ਅਨੁਸਾਰ ਇਹ ਬਰਬਾਦੀ ਦਾ ਵਿਚਾਰ ਸੀ, ਜਿਥੇ ਕਿ ਉਹ ਆਪ ਆਬਾਦੀ ਦੇ ਵਿਚਾਰਾਂ ਦੇ ਹਾਮੀ ਸਨ। ਉਨ੍ਹਾਂ ਅਨੁਸਾਰ ਅੰਮ੍ਰਿਤਸਰ ਦਾ ਵਸਾਣਾ ਅਤੇ ਆਪ ਗ੍ਰਿਹਸਤ ਵਿੱਚ ਪ੍ਰਵੇਸ਼ ਕਰਨਾਂ ਇੱਸ ਵਿਚਾਰ ਦੀ ਪ੍ਰੋੜ੍ਹਤਾ ਕਰਨਾਂ ਹੈ। ਲਾਵਾਂ ਲਿਖ ਕੇ ਆਪ ਜੀ ਨੇਂ ਨਵਿਰਤੀ ਦੀ ਥਾਂ ਪ੍ਰਵਿਰਤੀ ਦੇ ਵਿਚਾਰ ਤਕੜੇ ਕੀਤੇ।

ਹਰਿ ਪਹਿਲੜੀ ਲਾਵ ਪ੍ਰਵਿਰਤੀ ਕਰਮ ਦ੍ਰਿੜਾਇਆ

ਸੂਹੀ ਮः ੪
( ਪੰਨਾਂ੭੭੩) ਆਦਿ ਗ੍ਰੰਥ

ਜੀਵਨ ਨੂੰ ਚਾਰ ਹਿਸਿਆਂ ਵਿੱਚ ਵੰਡਣ ਦੀ ਕੋਈ ਲੋੜ ਨਹੀਂ। ਪ੍ਰਭੂ ਇਨਾਂ ਕਰਮ ਕਾਂਡਾ ਨਾਲ ਤਾਂ ਨਹੀਂ ਰੀਝਦਾ। ਗ੍ਰਿਹਸਤ ਵਿੱਚ ਰਹਿੰਦਾ ਹੋਇਆ ਮਨੁੱਖ ਵੀ ਉਦਾਸੀ ਧਾਰਨ ਕਰ ਸਕਦਾ ਹੈ। ਜੰਗਲਾਂ ਵਿੱਚ ਰਹਿਣ ਨਾਲ ਤਾਂ ਮਨੁੱਖ ਪੰਜਾਂ ਦੀ ਜਕੜ ਵਿੱਚੋਂ ਨਹੀਂ ਛਟ ਸਕਦਾ। ਈਮਾਨਦਾਰ ਦੀ ਈਮਾਨਦਾਰੀ ਓਦੋਂ ਹੀ ਪਤਾ ਲਗਦੀ ਹੈ ਜਦੋਂ ਬੇਈਮਾਨੀ ਉਸ ਦੇ ਸਾਹਮਣੇ ਹੋਵੇ। ਬਹਾਦਰ ਦੀ ਬਹਾਦਰੀ ਓਦੋਂ ਹੀ ਪਤਾ ਲਗਦੀ ਹੈ ਜਦੋਂ ਉਸਨੂੰ ਲੜਨ ਦਾ ਸਮਾਂ ਦਿੱਤਾ ਜਾਵੇ। ਇਕੱਲੇ ਸ਼ਬਦਾਂ ਨਾਲ ਅਸਲੀਅਤ ਦਾ ਪੱਤਾ ਨਹੀਂ ਲਗ ਸਕਦਾ। ਸੋ ਪੰਜਾਂ ਦੀ ਜਲ ਧਾਰਾ ਵਿੱਚ ਰਹਿੰਦੇ ਹੋਏ ਇਹਨਾਂ ਦੀ ਲਾਗ ਤੋਂ ਬੱਚਣਾ ਹੀ ਕਮਾਲ ਹੈ। ਸੋ ਗੁਰੂ ਸਾਹਿਬ ਨੇਂ ਗ੍ਰਿਹਸਤੀ ਜੀਵਨ ਜੀਓਣ ਬਾਰੇ ਪੱਕੀ ਕੀਤੀ

ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ਵਿਚੇ ਗ੍ਰਿਹਸਤ ਉਦਾਸ ਰਹਾਈ।।

ਗੂਜਰੀ ਮः੪
(ਪੰਨਾਂ ੪੯੪) ਆਦਿ ਗ੍ਰੰਥ

ਸੋ ਠਾਕੁਰ ਨੂੰ ਛੋੜ ਕੇ ਦਾਸੀ ਨੂੰ ਚਿਮਟਣ ਵਾਲੇ ਅਤੇ ਉਦਾਸੀਆਂ ਨੂੰ ਧਾਰਨ ਕਰਨ ਵਾਲੇ ਕਦੀ ਵੀ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਦੇ। ਇਹ ਤਾਂ ਪਾਣੀ ਰਿੜਕਣ ਵਾਲੀ ਗਲ ਹੈ ਕਿ ਜਿਥੋਂ ਕੁਝ ਹੱਥ ਪਲੇ ਨਹੀਂ ਪੈ ਸਕਦਾ।

ਭਰਮਿ ਭੂਲਾ ਸਾਕਤੁ ਫਿਰਤਾ ਨੀਰੁ ਵਿਰੋਲੈ ਖਪਿ ਖਪਿ ਮਰਤਾ।।

ਸੂਹੀ ਮ: ੪
(ਪੰਨਾਂ ੭੩੯ ) ਆਦਿ ਗ੍ਰੰਥ

ਇਹਨਾਂ ਉਦਾਸੀਆਂ ਦੀ ਥਾਂ ਗੁਰੂ ਸਾਹਿਬ ਨੇਂ ਸਤਿਸੰਗਤ ਅਤੇ ਸਾਧ ਸੰਗਤਿ ਦੀ ਸ਼ਰਨ ਲੈਣ ਲਈ ਪ੍ਰੇਰਿਆ। ਸਾਧ ਸੰਗਤ ਵੀ ਸ਼ੁਕਰਾਚਾਰੀਆ ਦੇ ਮੱਠਾਂ ਵਾਂਝ ਇੱਕ ਮੱਠ ਹੀ ਸੀ ਜਿਥੇ ਪ੍ਰਭੂ ਦੀ ਆਰਾਧਨਾਂ ਅਤੇ ਉਸਦੇ ਵਿਰਾਟ ਰੂਪ ਬਾਰੇ ਵਿਚਾਰ ਕੀਤੀ ਜਾਇਆ ਕਰਦੀ ਸੀ।

ਸਤਿ ਸੰਗਤ ਸਤਗੁਰੂ ਚਾਟਸਾਲ ਹੈ ਜਿਤੁ ਹਰਿ ਗੁਣ ਸਿਖਾ।।

ਵਾਰ ਕਾਨੜਾ ਮ:੪
(ਪੰਨਾਂ ੧੩੧੬ ) ਆਦਿ ਗ੍ਰੰਥ

ਇਸ ਚਟਸਾਲ ਵਿੱਚ ਨਿਮਰਤਾ, ਹਲੀਮੀ ਅਤੇ ਦਾਸਨ-ਦਾਸ ਹੋਣ ਦੀ ਸਿਖਿਆ ਦਿੱਤੀ ਜਾਂਦੀ ਸੀ। ਜਿਸ ਮਨ ਨੇਂ ਇਹ ਸਿਖ ਲਇਆ ਉਸ ਨੇਂ ਜਾਣੋ ਪ੍ਰਭੂ ਪ੍ਰਾਪਤ ਕਰ ਲਇਆ ਸੀ। ਜੇ ਇਹ ਉਸ ਸਮੇਂ ਸੱਚ ਸੀ ਤਾਂ ਹੁਣ ਵੀ ਸੱਚ ਦੀ ਉਸੇ ਹੀ ਪੱਧਰ ਉਤੇ ਬਿਰਾਜਮਾਨ ਹੈ।

ਜਿਉ ਭਾਵੈ ਤਿਉ ਰਾਖਿ ਲੈ।।

ਆਸਾ ਮ: ੪
( ਪੰਨਾਂ ੪੫੦) ਆਦਿ ਗ੍ਰੰਥ

ਇਹ ਸੇਵਾ ਵਾਲਾ ਅਤੇ ਨਿਮਰਤਾ ਵਾਲਾ ਅਸਰ ਸਾਧਾਂ ਦੀ ਸੰਗਤ ਵਿੱਚ ਰਹਿਣ ਦਾ ਹੀ ਨਤੀਜਾ ਹੈ। ਜਿਵੇਂ ਚੰਦਨ ਦੇ ਨੇੜੇ ਵਸਣ ਵਾਲੇ ਦੂਜੇ ਬੂਟਿਆਂ ਵਿੱਚ ਵੀ ਚੰਦਨ ਵਾਸ ਭਰ ਜਾਂਦੀ ਹੈ ਤਿਵੇਂ ਸਾਧ ਸੰਗਤ ਵਿੱਚ ਵਿਚਰਨ ਨਾਲ ਵੀ ਮਨੁੱਖ ਨੂੰ ਸੰਤਾਂ ਦੀ ਬ੍ਰਿਤੀ ਵਾਲੀ ਵਾਣ ਚੜ੍ਹ ਜਾਂਦੀ ਹੈ।

ਜਿਉਂ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉਂ ਸਤਿ ਸੰਗਤ ਮਿਲਿ ਪਤਿਤ ਪਰਵਾਣੁ।।

ਗੋਂਡ ਮ:੪
(ਪੰਨਾਂ ੮੬੧) ਆਦਿ ਗ੍ਰੰਥ

ਆਤਮਕ ਸ਼ਾਂਤੀ ਅਤੇ ਮੁਕਤੀ ਪ੍ਰਾਪਤੀ ਲਈ ਇਹ ਉਪਰ ਦਸੀ ਹੀ

ਮਹਾਨ ਵਿਧੀ ਹੈ। ਸਮਾਜ ਵਿੱਚ ਧੜੇ ਬਾਜ਼ੀ ਪੈਦਾ ਕਰਨ ਨਾਲ ਮਨੁੱਖ ਨੂੰ ਸ਼ਾਂਤੀ ਨਹੀਂ ਮਿਲ ਸਕਦੀ ਸਗੋਂ ਉਹ ਅਸ਼ਾਂਤੀ ਨੂੰ ਵਧਾਉਂਦਾ ਹੈ। ਮਾਨਸਕ ਦਫਾੜ ਨਾਲ ਨ ਤਾਂ ਉਹ ਆਪ ਚੰਗੀ ਬ੍ਰਿਤੀ ਨਾਲ ਕੰਮ ਕਰ ਸਕਦਾ ਹੈ ਅਤੇ ਨ ਆਪਣੇ ਨੇੜੇ ਵਸਣ ਵਾਲੇ ਮਨੁੱਖਾਂ ਵਿੱਚ ਖੇੜਾ ਲਿਆ ਸਕਦਾ ਹੈ। ਜਿਹੜਾ ਮਨੁੱਖ ਉਸ ਪ੍ਰਭੂ ਨਾਲ ਆਪਣਾ ਧੜਾ ਬਣਾ ਲੈਂਦਾ ਹੈ, ਉਸ ਨੂੰ ਸਦਾ ਹੀ ਸੁਖ ਮਿਲਦਾ ਹੈ, ਕਿਉਂ ਜੋ ਉਹ ਪ੍ਰਭੂ ਆਪ ਸਰਬ ਵਾਸ਼ਨਾਵਾਂ ਤੋਂ ਉਚਾ ਹੈ। ਉਹ ਸਰਬ ਸ਼ਕਤੀ ਮਾਨ ਪ੍ਰਭੂ ਤਾਂ ਸਾਨੂੰ ਆਪਣੇ ਆਪ ਵਿੱਚ ਮਿਲਾਣਾ ਚਾਹੁੰਦਾ ਹੈ। ਇਹ ਤਾਂ ਸਾਡੀ ਮਨੁੱਖ ਬ੍ਰਿਤੀ ਹੈ ਜਿਹੜੀ ਹਉਮੈ ਦੇ ਭਾੜੇ ਪੜਦੇ ਕਾਰਨ ਉਸ ਤੋਂ ਬਹੁਤ ਦੂਰ ਹੈ। ਸੋ ਮਨੁੱਖ ਨੂੰ ਚਾਹੀਦਾ ਹੈ ਕਿ ਆਪਣਾ ਧੜਾ ਉਸ ਅਪਾਰ ਸ਼ਕਤੀ ਨਾਲ ਹੀ ਬਣਾਵੇ।

ਜਨ ਨਾਨਕ ਕਾ ਹਰਿ ਧੜਾ ਧਰਮ ਸਭ ਸ੍ਰਿਸਟਿ ਜਿਣਿ ਆਵੈ॥

ਆਸਾ ਮਹਲਾ ੪
( ਪੰਨਾਂ ੩੬੬ )

ਗੁਰੂ ਸਾਹਿਬ ਨੇ ਸਮਾਜ ਉਸਰੇਈਏ ਹੋਣ ਦੇ ਨਾਤੇ ਨਿਕੇ ਤੋਂ ਨਿਕੇ ਅਤੇ ਸੂਖਮ ਵਿਸ਼ੇ ਨੂੰ ਵੀ ਛੋਹਿਆ ਅਤੇ ਆਪਣੇ ਮਹਾਨ ਵਿਚਾਰਾਂ ਦਾ ਵਸਤੂ ਪ੍ਰਦਾਨ ਕਰਕੇ ਉਸ ਨੂੰ ਅਮਰ ਬਣਾ ਦਿੱਤਾ ਹੈ। ਮਹਾਤਮਾਂ ਬੁਧ ਦੇ ਇਸ ਅਸੂਲ ਨੂੰ ਕਿ "ਕਿਸੇ ਦਾ ਬੁਰਾ ਨ ਚਿਤਵੇ" ਦੀ ਗੁਰੂ ਸਾਹਿਬ ਨੇਂ ਆਪਣੀ ਬਾਣੀ ਵਿੱਚ ਪ੍ਰੋੜ੍ਤਾ ਕੀਤੀ ਹੈ।

ਜਿਸ ਅੰਦਰਿ ਤਾਤਿ ਪਰਾਈ ਹੋਵੈ ਤਿਸਦਾ ਕਦੇ ਨ ਹੋਵੈ ਭਲਾ॥

ਵਾਰ ਗਉੜੀ ਮ:੪
(ਪੰਨਾਂ ੩੦੮) ਆਦਿ ਗ੍ਰੰਥ

ਅਜਿਹੀ ਪਰਾਈ ਤਾਤ ਦੀ ਸਹਿਹੋਂਦ ਵਾਲਾ ਮਨੁੱਖ ਆਪਣੇ ਜੀਵਨ ਨੂੰ ਨਸ਼ਟ ਕਰਦਾ ਹੈ।

ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ॥

ਗੂਜਰੀ ਮਹਲਾ ੪
(ਪੰਨਾਂ ੫੦੭) ਆਦਿ ਗ੍ਰੰਥ

ਬੋਲ ਕਬੋਲ ਵੀ ਤਾਂ ਮਾੜੇ ਹਨ। ਸਰਬ ਗੁਣਾ ਦਾ ਮਾਲਕ ਜੋ ਮਿਠ-ਬੋਲਾ

ਨਹੀਂ ਤਾਂ ਕਿਸ ਕੰਮ ਦਾ। ਸੋ ਗੁਰ ਸਾਹਿਬ ਨੇਂ ਝੂਠ ਬੋਲਣ ਅਤੇ ਕੌੜਾ ਬੋਲਣ ਤੋਂ ਵੀ ਵਰਜਿਆ ਹੈ।

ਕੂੜਿਆਰ ਪਿਛਾਹਾ ਸਟੀਅਨ ਕੂੜ ਹਿਰਦੈ ਮਹਾ ਦੁਖ ਪਾਵੈ॥

ਵਾਰ ਗਉੜੀ ਮ:੪

(ਪੰਨਾਂ੩੦੨) ਆਦਿ ਗ੍ਰੰਥ

ਗੁਰ ਸਾਹਿਬ ਅਨੁਸਾਰ ਜੇ ਕੋਈ ਸ੍ਰੇਸ਼ਟ ਵਸਤੂ ਹੈ ਤਾਂ ਉਹ ਇਨਸਾਫ਼ ਹੈ। ਮਨੁੱਖ ਨੂੰ ਇਨਸਾਫ਼ ਨਾਲ ਪਿਆਰ ਹੋਣਾ ਚਾਹੀਦਾ ਹੈ। ਧੋਖੇ ਵਾਲਾ ਆਪਣੀ ਆਤਮਾਂ ਨੂੰ ਵੀ ਮਾਰਦਾ ਹੈ ਅਤੇ ਦੂਜਿਆਂ ਨੂੰ ਵੀ ਦੁਖੀ ਕਰਦਾ ਹੈ। ਜਿਥੇ ਕਿ ਇਨਸਾਫ਼ ਕਰਨ ਵਾਲਾ ਮਨੁੱਖ ਆਤਮਕ ਸ਼ਾਂਤੀ ਦੇ ਘੇਰੇ ਵਿੱਚ ਪ੍ਰਵੇਸ਼ ਕਰਦਾ ਹੋਇਆ ਦੂਜਿਆਂ ਨੂੰ ਵੀ ਸੁਖ ਅਤੇ ਸ਼ਾਂਤੀ ਦਿੰਦਾ ਹੈ। ਇਨਸਾਫ਼ ਤਾਂ ਰੱਬੀ ਗੁਣ ਹੈ। ਪ੍ਰਭੂ ਨਾਲ ਇੱਕ-ਮਿਕਤਾ ਪ੍ਰਾਪਤ ਕਰਨ ਲਈ ਇਨਸਾਫ਼ ਦਾ ਧਾਰਨੀ ਹੋਣਾ ਬੜਾ ਜ਼ਰੂਰੀ ਹੈ।

ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ॥

ਵਾਰ ਗਉੜੀ ਮ:੪

(ਪੰਨਾਂ ੩੦੮) ਆਦਿ ਗ੍ਰੰਥ

ਧੋਖਾ, ਦਗਾ ਅਤੇ ਫ਼ਰੇਬ ਵਾਲੇ ਮਨੁੱਖ ਨੂੰ ਗੁਰ ਸਾਹਿਬ ਨੇਂ ਕੁੱਤਾ ਤੱਕ ਵੀ ਆਖਿਆ ਹੈ। ਗੁਰ ਸਾਹਿਬ ਨੇਂ ਕਵਿਤਾ ਵਿੱਚ ਅਜਿਹੇ ਸ਼ਬਦ ਵਰਤਣ ਦੀ ਖੁਲ ਗੁਰ ਨਾਨਕ ਸਾਹਿਬ ਤੋਂ ਹੀ ਪ੍ਰਾਪਤ ਕੀਤੀ ਹੈ। ਗੁਰ ਸਾਹਿਬ ਨੇਂ ਤਾਂ ਇਥੋਂ ਤੱਕ ਵੀ ਆਖਿਆ ਹੈ ਕਿ ਅਜਿਹੀ ਭਾਂਤ ਦੇ ਮਨੁੱਖ ਦਾ ਵਿਸਾਹ ਵੀ ਨ ਕੀਤਾ ਜਾਵੇ, ਕਿਉਂਜੋ ਉਸ ਨੇਂ ਹਰ ਕਦਮ ਉਤੇ ਆਪਣਾ ਹੀ ਫ਼ਾਇਦਾ ਲਭਣਾ ਹੈ। ਉਹ ਆਪਣੇ ਆਲੇ ਦੁਆਲੇ ਨੂੰ ਗੰਦਾ ਕਰਦਾ ਹੈ ਅਤੇ ਉਸਦੇ ਅੰਦਰ ਦੁਰਮਤਿ ਕੁਟ ਕੁਟ ਕੇ ਭਰੀ ਪਈ ਹੈ।

ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲ ਭਰੀਜੈ॥

ਕਲਿਆਨ ਮਹਲਾ ੪

(ਪੰਨਾਂ ੧੩੨੬) ਆਦਿ ਗ੍ਰੰਥ

ਇਹਨਾਂ ਧਾਰਮਕ ਵਿਸ਼ਿਆਂ ਨੂੰ ਅਪਣਾਉਣ ਦੇ ਨਾਲ ਨਾਲ ਗੁਰ

ਸਾਹਿਬ ਨੇਂ ਰਾਜਨੀਤਕ ਵਿਸ਼ਿਆਂ ਨੂੰ ਵੀ ਅਪਣਾਇਆ ਹੈ। ਰਾਜ ਅਤੇ ਰਾਜਿਆਂ ਦੇ ਮਾਣ ਦਾ ਡਰ ਅਤੇ ਰਾਜਿਆਂ ਦੀ ਸੂਪ੍ਰਸਤੀ ਨੂੰ ਪਾਉਣ ਦੀ ਇਛਾ ਨੂੰ ਵੀ ਆਪ ਜੀ ਨੇਂ ਨਿਰਮੂਲ ਹੀ ਦਸਿਆ ਹੈ।

ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ॥

ਵਾਰ ਸਾਰੰਗ ਮਃ ੪
( ਪੰਨਾਂ ੧੨੪੯) ਆਦਿ ਗ੍ਰੰਥ

ਸੋ ਗੁਰੂ ਸਾਹਿਬ ਇਹ ਸਮਾਜਕ, ਧਾਰਮਕ ਅਤੇ ਰਾਜਨੀਤਕ ਵਿਸ਼ੇ ਅਪਣਾ ਕੇ ਜਨਤਾ ਨੂੰ ਸੁਰਜੀਤ ਕੀਤਾ ਅਤੇ ਓਹਨਾਂ ਵਿੱਚ ਚੇਤੰਨਤਾ ਦਾ ਨਵਾਂ ਲਹੂ ਭਰ ਦਿੱਤਾ। ਨਵੇਂ ਖੂਨ ਵਾਲੇ ਨਵੇਂ ਦੌਰ ਨੇਂ ਨਵੀਆਂ ਲੀਹਾਂ ਪੈਦਾ ਕਰ ਦਿੱਤੀਆਂ।

ਇਸਦੇ ਨਾਲ ਹੀ ਗੁਰੂ ਸਾਹਿਬ ਨੇਂ, ਪ੍ਰਭੂ ਪ੍ਰਾਪਤੀ ਲਈ ਆਪਣੀ ਯਾਚਨਾਂ ਨੂੰ ਵੀ ਅਭਿਵਿਅਕਤ ਕੀਤਾ ਹੈ। ਪ੍ਰੇਮ, ਪ੍ਰੇਮ ਦੀ ਤਲਾਸ਼ ਅਤੇ ਪ੍ਰੇਮਾ ਭਗਤੀ ਆਪ ਜੀ ਦੀ ਬਾਣੀ ਦਾ ਮਹਾਨ ਅਤੇ ਕੇਂਦਰੀ ਵਿਸ਼ਾ ਹਨ। ਪ੍ਰਭੂ ਪ੍ਰੇਮ ਲਈ ਆਪ ਵਿੱਚ ਮਿਠਾ ਮਿਠਾ ਦਰਦ ਹੈ, ਚੀਸ, ਪੀੜ ਅਤੇ ਕੁਰਲਾਹਟ ਹੈ। ਪਰ ਇਸ ਦਰਦ ਦੀਆਂ ਪਾਗਲਾਂ ਵਾਂਙ ਕੂਕਾਂ ਨਹੀਂ ਮਾਰੀਆਂ ਹੋਈਆਂ ਅਤੇ ਨ ਹੀ ਮੁਲਾਮਤੀ ਸੂਫੀਆਂ ਵਾਂਙ ਨਾਚ ਪਾਏ ਗਏ ਹਨ। ਪਿਆਰੇ ਦੀ ਪ੍ਰਾਪਤੀ ਲਈ ਥਾਂ ਥਾਂ ਕਿਸੇ ਮਹਾਨ ਵਿਅਕਤੀ ਦੀ ਭਾਲ ਹੈ।

ਮੇਰੇ ਸੁੰਦਰ ਕਹਹੁ ਮਿਲੈ ਕਿਤੁ ਗਲੀ॥

ਦੇਵਗੰਧਾਰੀ ਮਹਲਾ ੪
( ਪੰਨਾਂ ੫੨੭) ਆਦਿ ਗ੍ਰੰਥ

ਜੇ ਉਹ ਪ੍ਰੀਤਮ ਨੂੰ ਮਿਲਾ ਦੇਵੇ ਤਾਂ ਆਪ ਜੀ ਉਸ ਤੋਂ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਤਿਆਰ ਹਨ

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ ਪਿਆਰਾ
ਹਉ ਤਿਸੁ ਪਹਿ ਆਪੁ ਵੇਚਾਈ॥

ਸੂਹੀ ਮਹਲਾ ੪
(ਪੰਨਾਂ ੭੫੭) ਆਦਿ ਗ੍ਰੰਥ

ਪਿਆਰੇ ਦੀ ਪਿਆਰ ਪ੍ਰਾਪਤੀ ਬਾਰੇ ਪ੍ਰਬਲ ਚੀਸਾਂ ਨਿਕਲਦੀਆਂ ਹਨ। ਜਿਹੜਾ ਪ੍ਰੀਤਮ

ਨਾਲ ਮਿਲਾ ਦੇਵੇ, ਉਸ ਤੋਂ ਆਪਾ ਤਾਂ ਕੀ ਵੇਚਣਾ, ਆਪ ਜੀ ਉਸਦੇ ਉਮਰ ਭਰ ਗੁਲਾਮ ਬਣਨ ਨੂੰ ਤਿਆਰ ਹਨ।

ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸੁ ਕੀ ਗੁਲ ਗੋਲੀਐ॥

ਅਤੇ

ਦੇਵਗੰਧਾਰੀ ਮ:੪
(ਪੰਨਾਂ ੫੨੭) ਆਦਿ ਗ੍ਰੰਥ

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ॥

ਵਡਹੰਸੁ ਮਹਲਾ ੪

( ਪੰਨਾਂ ੫੬੧) ਆਦਿ ਗ੍ਰੰਥ

ਆਪ ਆਪਣੇ ਪ੍ਰੀਤਮ ਨੂੰ ਮਿਲਾਣ ਵਾਲੇ ਪਾਸ ਮਨ ਤਨ ਵੇਚਣ ਅਤੇ ਉਸਦਾ ਗੁਲਾਮ ਬਣਨ, ਅਤੇ ਇਥੋਂ ਤੱਕ ਉਸ ਲਈ ਪ੍ਰਾਨ ਤਿਆਗਣ ਲਈ ਵੀ ਤਿਆਰ ਹਨ। ਪ੍ਰੇਮ ਪ੍ਰਾਪਤੀ ਦੇ ਭਾਵਾਂ ਦੀਆਂ ਛਲਾਂ ਪੁਨਿਆਂ ਦੀ ਰਾਤ ਵਾਂਙ ਸੁਹ ਸਾਗਰ ਦੀਆਂ ਵਲਗਣਾਂ ਤੋਂ ਬਾਹਰ ਉਛਾਲੇ ਲੈਂਦੀਆਂ ਹਨ।

ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿਨਾਮੁ ਦ੍ਰਿੜਾਵੈ॥

ਗੂਜਰੀ ਮਹਲਾ ੪

(ਪੰਨਾਂ੪੯੪) ਆਦਿ ਗ੍ਰੰਥ

ਇਥੋਂ ਤੱਕ ਕਿ ਇਸ ਪ੍ਰੇਮ ਦੀ ਪ੍ਰਾਪਤੀ ਲਈ ਆਪ ਸਦਾ ਉਸ( ਪ੍ਰਭੂ) ਦੇ ਨਾਮ ਦਾ ਜਾਪੁ ਕਰਦੇ ਰਹਿੰਦੇ ਹਨ।

ਹਰਿਜਨ ਪ੍ਰੀਤਿ ਜਪੈ ਨਿਰੰਕਾਰਾ॥

ਗਉੜੀ ਗੁਆਰੇਰੀ ਮ:੪

(ਪੰਨਾਂ੧੬੪) ਆਦਿ ਗ੍ਰੰਥ

ਜਦੋਂ ਕਿਸੇ ਨੇ ਇਸ ਸਾਧਨਾਂ ਅਤੇ ਵਾਸਤਿਆਂ ਦਾ ਕਾਰਨ ਪੁਛਿਆ ਤਾਂ ਆਪ ਜੀ ਨੇਂ ਕੁਰਲਾ ਕੇ ਉਤਰ ਦਿੱਤਾ ਕਿ ਭਾਈ ਜਿਸ ਤਨ ਲਗਦੀ ਹੈ ਸੋਈ ਜਾਣਦਾ ਹੈ।

ਜਿਸੁ ਲਾਗੀ ਪੀਰ ਪ੍ਰਿਮ ਕੀ ਸੁ ਜਾਣੈ ਜਰੀਆ॥

ਆਸਾ ਮਹਲਾ ੪ ਛੰਤ

(ਪੰਨਾਂ ੪੪੯) ਆਦਿ ਗ੍ਰੰਥ

ਜਦੋਂ ਪ੍ਰੀਤਮ ਦੇ ਮਿਲਾਪ ਦੀ ਸਾਧਨਾਂ ਵਿੱਚ ਸਾਰੇ ਕਰਮ ਨਿਹਫਲ

ਹੋ ਗਏ ਤਾਂ ਆਪ ਜੀ ਸਿਧੇ ਪ੍ਰਭੂ ਪ੍ਰੀਤਮ ਨੂੰ ਸੰਬੋਧਨ ਕਰਕੇ ਵਾਸਤੇ ਪਾਂਦੇ ਹਨ ਅਤੇ ਆਪਣੀ ਵੇਦਨਾਂ ਦਾ ਪ੍ਰਗਟਾਵਾ ਕਰਦੇ ਹਨ।

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ॥
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ॥

ਆਸਾ ਮਹਲਾ ੪
(ਪੰਨਾਂ ੪੪੯) ਆਦਿ ਗ੍ਰੰਥ

ਅਤੇ

ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ॥

ਆਸਾ ਮਹਲਾ ੪ ਛੰਤ
(ਪੰਨਾਂ ੪੫੧) ਆਦਿ ਗ੍ਰੰਥ

ਅੰਤ ਪ੍ਰੀਤ ਪ੍ਰਾਪਤੀ ਲਈ ਆਪ ਜੀ ਨੇਂ ਗੁਰੂ ਦਾ ਹੀ ਸਹਾਰਾ ਲਇਆ ਹੈ। ਜੇ ਗੁਰੂ ਦੀ ਮਿਹਰ ਹੋ ਜਾਵੇ ਤਾਂ ਉਹ ਪ੍ਰਭੂ ਪ੍ਰੀਤਮ ਮੇਲ ਕਰਵਾ ਸਕਦਾ ਹੈ।

ਸਤਿਗੁਰ ਮੈਡਾ ਮਿਤੁ ਹੈ ਜੇ ਮਿਲੈ ਤ ਇਹੁ ਮਨੁ ਵਾਰਿਆ॥

ਸਲੋਕ ਮਹਲਾ ੪
( ਪੰਨਾਂ ੧੪੨੧) ਆਦਿ ਗ੍ਰੰਥ

ਜਦੋਂ ਗੁਰੂ ਨੇਂ ਆਪਣੀ ਮਿਹਰ ਕਰਕੇ ਮਿਲਾਪ ਦਾ ਰਾਹ ਦਸਿਆ ਤਾਂ ਹਰ ਪਾਸੇ ਅਨੰਦ ਛਾ ਜਾਂਦਾ ਹੈ। ਪਿਆਰੇ ਨੂੰ ਮਿਲਣ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ।

ਮਿਲੈ ਪਿਆਰੇ ਸਭ ਦੁਖ ਤਿਆਗੀ॥
ਗੁਰਸਿਖ ਪ੍ਰੀਤਿ ਗੁਰ ਮੁਖਿ ਲਾਗੀ॥

ਗਉੜੀ ਗੁਆਰੇਰੀ ਮਹਲਾ ੪
( ਪੰਨਾਂ ੧੬੪) ਆਦਿ ਗ੍ਰੰਥ

ਇਸ ਪ੍ਰੀਤ ਦੀ ਝਾਕ ਬਿਹਬਲਤਾ, ਕੂਕ ਪੁਕਾਰ, ਚਸਕਾਂ ਅਤੇ ਨਾਸੂਰ ਦੇ ਮਿਠੇ ਦਰਦਾਂ ਮਗਰੋਂ ਜਦੋਂ ਇਹ ਪ੍ਰੀਤ ਪ੍ਰਾਪਤ ਹੋਈ ਤਾਂ ਆਪ ਗਦ ਗਦ ਹੋ ਉਠਦੇ ਹਨ। ਹੁਣ ਜਦੋਂ ਕਿਸੇ ਨੇ ਇਸ ਪ੍ਰੀਤ ਦਾ ਸੁਆਦ ਪੁਛਿਆ ਤਾਂ ਪਹਿਲੇ ਵਾਂਙ ਹੀ ਉਤਰ ਦਿੱਤਾ ਕਿ ਭਾਈ ਜਿਸ ਨੂੰ ਇਹ ਪ੍ਰਾਪਤ ਹੋ ਜਾਂਦਾ ਹੈ ਓਹੀ ਇਸ ਦੇ ਰਸ ਨੂੰ ਮਾਣਦਾ ਹੈ।

ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥

ਸੋਰਠਿ ਮਹਲਾ ੪
( ਪੰਨਾਂ ੬੦੮) ਆਦਿ ਗ੍ਰੰਥ

## ੨. ਦਰਸ਼ਨ (Philosophy)

ਗੁਰੂ ਸਾਹਿਬ ਦਾ ਦਾਰਸ਼ਨਕ ਸਿਧਾਂਤ ਕੋਈ ਫੋਕਟ ਬਹਿਸ ਮਬਾਹਸੇ ਉਤੇ ਆਧਾਰਤ ਨਹੀਂ। ਇਹ ਤਾਂ ਯਥਾਰਥ ਅਤੇ ਅਖੀਂ ਡਿਠਾ, ਮਾਣਿਆ ਜਾ ਸਕਣ ਵਾਲਾ ਤਜਰਬਾ ਹੈ। ਧਾਰਮਕ, ਰਾਜਨੀਤਕ ਅਤੇ ਸਮਾਜਕ ਖੇਤਰ ਵਿੱਚ ਆਪ ਜੀ ਦੀ ਵਿਚਾਰਧਾਰਾ ਨੇਂ ਇੱਕ ਕ੍ਰਾਂਤੀ ਲਿਆ ਦਿੱਤੀ ਸੀ। ਆਪ ਜੀ ਦਾ ਗੁਰਮਤ ਰਹਸਵਾਦ ਯਥਾਰਥਕ ਹੈ। ਇਸ ਯਥਾਰਥ ਬਾਰੇ ਆਪ ਜੀ ਨੇਂ ਸਪੱਸ਼ਟ ਤੌਰ ਉਤੇ ਆਖਿਆ ਹੈ ਕਿ

ਜੇਹਾ ਡਿਠਾ ਮੈ ਤੇਹੋ ਕਹਿਆ॥
ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ॥

ਮਾਝ ਮਹਲਾ ੫
( ਪੰਨਾਂ ੯੭) ਆਦਿ ਗ੍ਰੰਥ

ਇਸੇ ਹੀ ਯਥਾਰਥਕ ਰਹਸਵਾਦ ਦੀ ਮਿਹਰਬਾਨੀ ਹੈ ਕਿ ਮਹਾਤਮਾਂ ਬੁਧ ਅਤੇ ਜੁਲਾਹਿਆਂ ਨੇਂ ਸੰਸਾਰ ਦੀ ਇਸ਼ਟਤਾਈ ਪ੍ਰਾਪਤ ਕੀਤੀ ਹੈ।

ਰਹਸਵਾਦ ਦਾ ਵਿਰੋਧੀ ਪੱਖ ਪਦਾਰਥਵਾਦ ਜਾਂ ਭੌਤਕਵਾਦ ਹੈ। ਪਦਾਰਥਵਾਦੀ ਜਾਂ ਭੌਤਕਵਾਦੀ ਮਨੁੱਖ, ਖੁਦਗਰਜ਼, ਕਮੀਨੇ ਅਤੇ ਕਰਿਝਣ ਵਾਲੇ ਹੁੰਦੇ ਹਨ। ਉਹ ਨਿੰਦਕ ਅਤੇ ਦੂਜੇ ਦਾ ਬੁਰਾ ਸੋਚਣ ਵਾਲੇ ਹੁੰਦੇ ਹਨ। ਆਪ ਜੀ ਦੇ ਖੇਤਰ ਵਿੱਚ ਇਸ ਪ੍ਰਕਾਰ ਦੇ ਲੋਕਾਂ ਦੀ ਕੋਈ ਥਾਂ ਨਹੀਂ।

ਰਹਸਵਾਦ ਦਾ ਪ੍ਰਭਾਵ ਆਪ ਜੀ ਨੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਜੀਵਨ ਤੋਂ ਹੀ ਪ੍ਰਾਪਤ ਕੀਤਾ ਜਾਪਦਾ ਹੈ। ਆਪ ਜੀ ਦੀ ਬਹੁਤੀ ਬਾਣੀ ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਦਾ ਟੀਕਾ ਹੀ ਲਗਦੀ ਹੈ। ਪੁਰਾਤਨਤਾ ਵਿੱਚ ਆਪ ਜੀ ਨੇਂ ਜੋ ਨਵੀਨਤਾ ਭਰੀ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਆਪ ਜੀ ਦੀ ਵਾਰ ਕਾਨੜਾ ਦੀਆਂ ੬,੭,੮, ਪੌੜੀਆਂ, ਜਪੁ ਜੀ ਦੀਆਂ ਸੁਣੀਐ ਦੀਆਂ ਪੌੜੀਆਂ ਨਾਲ ਰਲਦੀਆਂ ਹਨ। ਅਤੇ ਇਸੇ ਹੀ ਵਾਰ ਦੀਆਂ ੯,੧੦,੧੧,੧੨ ਪੌੜੀਆਂ ਮੰਨੀਐ ਦੀਆਂ ਪੌੜੀਆਂ ਨਾਲ ਰਲਦੀਆਂ ਹਨ। ਇਸ ਤਰ੍ਹਾਂ ਦੀ ਵਿਆਖਿਆ ਆਪ ਜੀ ਨੂੰ ਧਿਆਨ, ਕਰਮ ਅਤੇ ਰਹਸਵਾਦ ਵਿੱਚ ਆਪਣੇ ਪਿਤਾ ਗੁਰੂਆਂ ਨਾਲ ਜਾ ਮਿਲਾਂਦੀ ਹੈ। ਇਸ ਤਰ੍ਹਾਂ ਵਾਰ ਮਾਝ ਅਤੇ

ਸ੍ਰੀ ਰਾਗੁ ਦੀਆਂ ਵਾਰਾਂ ਪਹਿਲੀਆਂ ਅਤੇ ਅਖੀਰਲੀਆਂ ਪੌੜੀਆਂ ਆਪੋ ਵਿੱਚ ਰਲਦੀਆਂ ਹਨ। ਬਾਣੀ ਦਾ ਮੁਕਾਬਲਾ ਵੇਖੋ

ਗੁਰੂ ਨਾਨਕ ਦੇਵ ਜੀ

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤਨਾਮੁ ਭੋਜਨੁ ਆਇਆ॥ ਵਾਰ ਮਾਝ ਮ:੧(ਪੰਨਾਂ੧੫੦) ਆਦਿ ਗ੍ਰੰਥ

ਗੁਰੂ ਰਾਮਦਾਸ ਜੀ

ਹਉ ਢਾਢੀ ਹਰਿਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿਨਾਮੁ ਧਿਆਇਆ॥
ਹਰਿ ਦਾਤੇ ਹਰਿਨਾਮੁ ਜਪਾਇਆ ਨਾਨਕੁ ਪੈਨਾਇਆ॥

ਵਾਰ ਸਿਰੀ ਰਾਗੁ ਮ:੪
(ਪੰਨਾਂ ੯੧) ਆਦਿ ਗ੍ਰੰਥ

ਗੁਰੂ ਰਾਮਦਾਸ ਜੀ ਦੀ ਜੀਵਨ ਫਿਲਾਸਫੀ ਨਿਰਾਸ਼ਾਵਾਦੀ ਨਹੀਂ ਸਗੋਂ ਆਸ਼ਾਵਾਦੀ ਹੈ। ਆਪ ਜੀਵਨ ਨੂੰ ਇੱਕ ਬੰਧਨ ਨਹੀਂ ਸਮਝਦੇ ਸਗੋਂ ਇੱਕ ਦੁਰਲਭ ਦਾਤ ਸਮਝਦੇ ਹਨ। ਅਤੇ ਇਸ ਦਾਤ ਨੂੰ ਜੰਗਲਾਂ ਅਤੇ ਪਹਾੜਾਂ ਵਿੱਚ ਗਵਾਉਣ ਦੀ ਥਾਂ ਚੰਗਾ ਸਿਹਤਮੰਦ ਜੀਵਨ (ਸਮਾਜਕ ਜੀਵਨ) ਜੀਊ ਕੇ ਇਸ ਤੋਂ ਲਾਹਾ ਖਟਣ ਲਈ ਆਖਿਆ। ਜੀਵਨ ਦਾ ਅਸਲੀ ਲਾਹਾ ਪ੍ਰਭੂ ਦੀ ਨਾਮ ਭਗਤੀ ਹੈ।

ਸੋ ਗੁਰੂ ਸਾਹਿਬ ਦਾ ਫਲਸਫਾ ਯਥਾਰਥਵਾਦੀ ਹੈ। ਇਸ ਦੇ ਸਹਾਰੇ ਜੀਵਨ ਜੀਵਿਆ ਅਤੇ ਮਾਣਿਆ ਜਾ ਸਕਦਾ ਹੈ।

## ३. ਗੁਰੂ ਰਾਮਦਾਸ ਜੀ ਉਤੇ ਵੱਖਰੇ ੨ ਪ੍ਰਭਾਵ। (Various Influences)

ਕਵਿਤਾ( ਬਾਣੀ) ਰਚਦੇ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਨੇਂ, ਕਵਿਤਾ ਦੇ ਰੂਪ ਵਿਸ਼ੈ ਜਾਂ ਵਸਤੂ ਬਾਰੇ, ਕਿਸੇ ਵਿਅਕਤੀ ਦਾ ਕਿਸੇ ਪ੍ਰਕਾਰ ਦਾ ਕੋਈ ਪ੍ਰਭਾਵ ਗ੍ਰਹਿਣ ਨਹੀਂ ਕੀਤਾ। ਇਹ ਗੁਰੂ ਸਾਹਿਬ ਦੀ ਆਪਣੀ ਨਿਜੀ ਦੇਣ ਹੈ। ਇਹ ਗਲ ਵਖਰੀ ਹੈ ਕਿ ਅਜੋਕੇ ਆਲੋਚਕ ,ਆਪਣੀ ਸੋਭਾ ਪ੍ਰਾਪਤੀ ਲਈ ਅਤੇ ਲਿਆਕਤ ਦੇ ਮੀਲ ਪੱਥਰ ਲਗਾਣ ਲਈ ਕੋਈ ਨਵੀਆਂ ਮਨ-ਘੜਤ ਕਹਾਣੀਆਂ ਘੜਨ ਦੀ ਕੋਸ਼ਿਸ਼ ਕਰਨ। ਗੁਰੂ ਵਿਅਕਤੀਆਂ ਨੂੰ ਤਾਂ ਧੁਰੋਂ ਅਵੇਸ਼ ਸੀ, ਉਨ੍ਹਾਂ ਲਈ ਇਹ ਰੱਬੀ ਫੁਰਮਾਨ ਸੀ ਅਤੇ ਉਨ੍ਹਾਂ ਦੀ ਬਾਣੀ"ਧੁਰ ਕੀ ਬਾਣੀ ਸੀ।" ਅਜਿਹੀ ਬਾਣੀ ਰਚਨਾਂ ਬਾਰੇ ਇਹ ਕਿਸੇ ਹੱਦ ਤੱਕ ਵੀ ਨਹੀਂ ਆਖਿਆ ਜਾ ਸਕਦਾ ਕਿ ਉਨ੍ਹਾਂ ਨੇਂ ਆਪਣੀ ਰਚਨਾਂ ਕਿਸੇ ਹੋਰ ਵਿਅਕਤੀ ਦੇ ਪ੍ਰਭਾਵ ਹੇਠ ਆ ਕੇ ਰਚੀ ਸੀ। ਗੁਰੂ ਸਾਹਿਬ ਦਾ ਆਪਣਾ ਬਿਆਨ ਹੈ ਕਿ

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥

ਤਿਲੰਗ ਮਃ੧
( ਪੰਨਾਂ ੭੨੨) ਆਦਿ ਗ੍ਰੰਥ

ਨਾਨਕ ਜੋਤ ਵਿੱਚ ਜਜ਼ਬਾ ਸੀ , ਦਿਲ ਸੀ ਅਤੇ ਕਾਵਿਕ ਪ੍ਰਤਿਭਾ ਸੀ। ਸੋ ਉਨ੍ਹਾਂ ਨੂੰ ਕਿਸੇ ਦਾ ਅਸਰ ਕਬੂਲਣ ਦੀ ਕੋਈ ਲੋੜ ਹੀ ਨਹੀਂ ਸੀ। ਅਸਰਾਂ ਦੀ ਕਬੂਲਤਾ ਲਈ ਤਾਂ ਉਹ ਝੋਲੀ ਅਡਦਾ ਫਿਰੇ ਜਿਸਨੇਂ ਕਵੀ ਬਣਨਾਂ ਹੋਵੇ ਪਰ ਜਿਹੜਾ ਧੁਰਹੁੰ ਹੀ ਫੁਰਮਾਨ ਲੈ ਕੇ ਆਇਆ ਹੋਵੇ ਉਸ ਨੂੰ ਕਿਸ ਦਰ ਦੀ ਝਾਕ ਹੈ।

ਗੁਰੂ ਸਾਹਿਬ ਉਤੇ ਜੇ ਕੋਈ ਪ੍ਰਭਾਵ ਪਇਆ ਤਾਂ ਉਹ ਦੋ ਸੋਮਿਆਂ ਤੋਂ ਸੀ। ਇੱਕ ਸੋਮਾਂ ਸੀ ਗੁਰੂ ਘਰ ( ਗੁਰਬਾਣੀ) ਅਤੇ ਦੂਜਾ ਸੋਮਾਂ ਸਮੇਂ ਦੀਆਂ ਪ੍ਰਵਿਰਤੀਆਂ ਸਨ। ਕਵੀ ਚਿਤ ਕੋਮਲ ਹੋਇਆ ਕਰਦਾ ਹੈ। ਇਹ ਭਾਵੇਂ ਕਿਸੇ ਵੀ ਜਾਤੀ ਜਾਂ ਵਰਣ ਦਾ ਕਿਉਂ ਨ ਹੋਵੇ, ਮੂਲਕ ਤੌਰ ਉਤੇ ਉਹ ਮਨੁੱਖ-ਵਾਦੀ ਹੋਇਆ ਕਰਦਾ ਹੈ। ਉਸਦਾ ਧਰਮ ਜਾਂ ਜਾਤ ਮਨੁੱਖਤਾ ਹੋਇਆ ਕਰਦਾ ਹੈ। ਇਸ ਸਿਤਾਰ ਦੀਆਂ ਤਾਰਾਂ ਪਾਸੋਂ ਜੇ ਰਤਾ ਵੀ ਕੋਈ ਤੇਜ਼ ਹਵਾ ਇਨ੍ਹਾਂ

ਵਿੱਚੋਂ ਆਪ ਮੁਹਾਰੇ ਹੀ ਰਾਗ ਛਿੜ ਪੈਂਦਾ ਹੈ।

ਆਪ ਜੀ ਦੇ ਮਾਮਲੇ ਵਿੱਚ ਸਮਕਾਲੀਨ ਸਮਾਜਕ, ਰਾਜਨੀਤਕ ਅਤੇ ਧਾਰਮਕ ਅਧੋਗਤੀ ਦੀਆਂ ਤੇਜ਼ ਹਵਾਵਾਂ ਨੇਂ, ਇਸ ਸੁਰਬਧ ਵੀਣਾਂ ਦੀਆਂ ਤਾਰਾਂ ਨੂੰ ਛੋਹਿਆ, ਜਿਸ ਨੇਂ ਮੁੜ ਅਨੇਕ ਪ੍ਰਕਾਰ ਦੇ ਰਾਗਾਂ ਅਤੇ ਕਾਵਿ ਟੋਟਿਆਂ ਨੂੰ ਜਨਮ ਦਿੱਤਾ। ਸੋ ਆਪ ਜੀ ਉਤੇ ਕਿਸੇ ਸੰਪਰਦਾਇ ਆਦਿਕ ਦਾ ਕੋਈ ਪ੍ਰਭਾਵ ਨਹੀਂ ਦਿਸ ਆਉਂਦਾ।

## ੪. ਕਾਵਿ ਕਲਾ। **Poetic Art.**

ਸ੍ਰੀ ਗੁਰੂ ਰਾਮਦਾਸ ਜੀ ਇੱਕ ਮਹਾਨ ਕਵੀ ਸਨ। 'ਮਹਾਨ' ਸ਼ਬਦ ਅਸੀਂ ਤਕਰੀਬਨ ਹਰ ਇੱਕ ਲਈ ਵਰਤ ਲੈਂਦੇ ਹਾਂ। ਇਹ ਸ਼ਬਦ ਕਈਆਂ ਦੀ ਖ਼ੁਸ਼ਾਮਦੀ ਲਈ ਵਰਤਿਆ ਜਾਂਦਾ ਹੈ ਅਤੇ ਕਈਆਂ ਪ੍ਰਤੀ ਸ਼ਰਧਾ ਦਰਸਾਂਦੇ ਹੋਏ ਵਰਤਿਆ ਜਾਂਦਾ ਹੈ। ਪਰ ਗੁਰੂ ਰਾਮਦਾਸ ਜੀ ਦੇ ਸਬੰਧ ਵਿੱਚ ਨ ਤਾਂ ਇਹ ਸ਼ਬਦ ਖ਼ੁਸ਼ਾਮਦੀ ਕਰਕੇ ਅਤੇ ਨ ਹੀ ਸ਼ਰਧਾ ਭਾਵਾਂ ਦੀ ਤੀਬਰਤਾ ਕਰਕੇ ਵਰਤਿਆ ਜਾ ਰਹਿਆ ਹੈ। ਉਹ ਪਰਖ ਦੀ ਕਸੌਟੀ ਉਤੇ ਅਸਲੋਂ ਮਹਾਨ ਕਵੀ ਸਨ। ਆਪ ਜੀ ਦੀ ਕਵਿਤਾ ਵਿੱਚ ਕਾਵਿਕ ਗੁਣ ਤਾਂ ਜ਼ਰੂਰ ਮਿਲਦੇ ਹਨ ਪਰ ਕਾਵਿਕ ਦੋਸ਼ ਕੋਈ ਨਹੀਂ ਮਿਲਦੇ। ਜੇ ਆਪ ਜੀ ਨੇਂ ਵਾਰ ਲਿਖਣੀ ਸ਼ੁਰੂ ਕੀਤੀ ਤਾਂ ਇਥੋਂ ਤੱਕ ਕਿ ਅਜੋਕਾ ਆਲੋਚਕ ਵੀ ਆਪ ਜੀ ਦੀ ਨਿਪੁਨਤਾ ਦੇ ਸਾਹਮਣੇ ਆਪਣਾ ਸਿਰ ਨਿਵਾ ਦਿੰਦਾ ਹੈ। ਜਿਥੇ ਜਿਥੇ ਵੀ ਕਾਵਿਕ ਇਨਸਾਫ ਦੀ ਲੋੜ ਭਾਸਦੀ ਹੈ ਉਹ ਮੌਜੂਦ ਹੈ। ਦੁਪਦੇ, ਤਿਪਦੇ, ਚੌਪਦੇ, ਪੰਚ ਪਦੇ, ਛਿਪਦੇ, ਅਸ਼ਟਪਦੀਆਂ ਵਾਰ, ਸਲੋਕ, ਕਰਹਲੇ, ਆਦਿਕ ਕਿਧਰੇ ਵੀ ਕਿੰਤੂ ਕਰਨ ਦੀ ਹਿਮਤ ਨਹੀਂ ਪੈਂਦੀ। ਦੋਸ਼ ਨੂੰ ਦੋਸ਼ ਕਹਿਣ ਵਿੱਚ ਤਾਂ ਹਿਮਤ ਪੈ ਜਾਂਦੀ ਹੈ ਪਰ ਨਿਰਦੋਸ਼ ਨੂੰ ਦੋਸ਼ੀ ਕਹਿਣਾ ਕੋਈ ਸੌਖੀ ਗਲ ਨਹੀਂ ਹੁੰਦੀ।

ਬਿਰਹੋਂ, ਪਿਆਰ, ਮਿਲਾਪ ਦੀ ਤੜਪ, ਵਿਛੋੜੇ ਦਾ ਦਰਦ, ਮਿਲਾਪ ਦੀ ਖ਼ੁਸ਼ੀ, ਸੁਖ ਅਤੇ ਸ਼ਾਂਤੀ, ਆਤਮਾਂ ਨੂੰ ਸੋਝੀ ਆਦਿਕ ਹਰ ਭਾਵ ਆਪ ਜੀ ਦੀ ਕਵਿਤਾ ਵਿੱਚ ਮਿਲ ਜਾਂਦਾ ਹੈ। ਇਹਨਾਂ ਭਾਵਾਂ ਦੇ ਨਾਲ ਸਾਨੂੰ ਅਨੇਕ ਪ੍ਰਕਾਰ ਦੀ ਬੋਲੀ ਵੀ ਮਿਲ ਜਾਂਦੀ ਹੈ। ਆਪ ਜੀ ਦੀ ਸ਼ਬਦਾਵਲੀ ਦਾ

ਬੜਾ ਵਿਰਾਟ ਰੂਪ ਮਿਲਦਾ ਹੈ ਜਿਵੇਂ ਕਿ ਅਰਬੀ, ਫ਼ਾਰਸੀ, ਸੰਸਕ੍ਰਿਤ, ਮੁਲਤਾਨੀ, ਅਤੇ ਸਿੰਧੀ ਆਦਿਕ। ਇਹ ਨਹੀਂ ਆਖਿਆ ਜਾ ਸਕਦਾ ਕਿ ਇਹਨਾਂ ਸ਼ਬਦਾਂ ਦਾ ਪ੍ਰਯੋਗ ਬੜੇ ਧਿਆਨ ਮਗਰੋਂ ਕੀਤਾ ਗਇਆ ਹੈ। ਸਗੋਂ ਇਹ ਕਿ ਆਪ ਜੀ ਦੇ ਨਿਜੀ ਸ਼ਬਦ ਭੰਡਾਰ ਅਤੇ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਵਿੱਚ ਇਹ ਸ਼ਬਦ ਪਹਿਲਾਂ ਹੀ ਸਮਾ ਚੁਕੇ ਸਨ। ਸੋ ਇਹਨਾਂ ਸ਼ਬਦਾਂ ਦੀ ਵਰਤੋਂ ਆਪ ਜੀ ਦੀ ਮੰਗਵੀਂ ਰੁਚੀ ਨਹੀਂ ਸਗੋਂ ਵਿਦਵਤਾ ਦਾ ਸਬੂਤ ਹੈ। ਸ਼ਬਦਾਂ ਨੂੰ ਤ੍ਰੋੜਨਾਂ ਮ੍ਰੋੜਨਾਂ ਤਾਂ ਆਪ ਜੀ ਦੀ ਕਲਾ ਕੌਸ਼ਲਤਾ ਦਾ ਇੱਕ ਨਮੂਨਾ ਹੈ। ਹਰ ਜਜ਼ਬੇ ਨੂੰ ਉਭਾਰਨ ਲਈ ਬੜੇ ਯੋਗ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਕਿਸੇ ਵੀ ਸ਼ਬਦ ਦੀ ਥਾਂ ਕੋਈ ਹੋਰ ਸ਼ਬਦ ਪਾਣ ਨਾਲ ਇੰਜ ਲਗਦਾ ਹੈ ਕਿ ਸਾਰਾ ਭਾਵ ਹੀ ਖ਼ਤਮ ਹੋ ਗਇਆ ਹੈ। ਆਮ ਕਰਕੇ ਵਾਕਾਂ ਦੇ ਅੰਤ ਵਿੱਚ ਆਪ ਜੀ ਨੇਂ ਲੰਬੀ ਸੁਰ ਪੈਦਾ ਕਰਨ ਲਈ ਆ, ਏ, ਈ, ਉ, ਇਆ, ਈਆ, ਏਈਆ ਵਾਲੇ ਸਵੱਰ ਵਰਤੇ ਹਨ। ਇਸ ਹੇਕ ਨਾਲ ਇੱਕ ਅਨੂਠਾ ਰਸ ਪੈਦਾ ਹੁੰਦਾ ਹੈ ਅਤੇ ਕਵਿਤਾ ਪਾਠਕ ਆਪਣੀਆਂ ਪਲਕਾਂ ਦੀਆਂ ਛਾਵਾਂ ਵਿੱਚ ਮਿਠੀ ਗੂੜ੍ਹੀ ਨੀਂਦ ਸਵਾਂ ਲੈਂਦੀ ਹੈ। ਇਸਤਰ੍ਹਾਂ ਦੇ ਸਵੱਰ, ਜਜ਼ਬਿਆਂ ਨੂੰ ਤੀਬਰ ਕਰ ਦਿੰਦੇ ਹਨ।

ਜਿਵੇਂ ਕਿ ਅਸੀਂ ਪਹਿਲਾਂ ਵੀ ਦਸਿਆ ਹੈ ਕਿ ਆਪ ਜੀ ਨੇਂ ਆਪਣੀ ਸਾਰੀ ਬਾਣੀ ਗੁਰ ਗ੍ਰੰਥ ਸਾਹਿਬ ਵਿੱਚ ਅੰਕਤ ੩੦ ਰਾਗਾਂ ਵਿੱਚ ਰੱਚੀ ਹੈ। ਰਾਗ ਦੀ ਮਹੱਤਤਾ ਬਾਰੇ ਆਪ ਜੀ ਦੇ ਵਿਚਾਰ ਇਸ ਪ੍ਰਕਾਰ ਹਨ:-

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥

ਸਲੋਕ ਮਹਲਾ ੪
( ਪੰਨਾਂ ੧੪੨੩)ਆਦਿ ਗ੍ਰੰਥ

ਆਪ ਜੀ ਦੇ ਇਸੇ ਹੀ ਵਿਚਾਰ ਨੂੰ ਮੁਖ ਰੱਖਦਿਆਂ ਹੋਇਆਂ ਅਸੀ ਆਪ ਜੀ ਦੀ ਰਾਗਾਂ ਵਿੱਚ ਰਚੀ ਹੋਈ ਬਾਣੀ ਦਾ ਸਰਵੇਖਣ ਕਰਦੇ ਹਾਂ।

ਸ੍ਰੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੬ ਚਉਪਦੇ, ੧ਛੰਤ, ੧ ਪਹਿਰਾ, ੧ ਵਣਜਾਰਾ ਅਤੇ ੨੧ ਪਉੜੀਆਂ ਰਚੀਆਂ ਹਨ ਜਿਨ੍ਹਾਂ ਦਾ ਸਾਰਾ ਜੋੜ ੩੦ ਬਣਦਾ ਹੈ। ਬਡਹੰਸ, ਟੱਕ, ਗਉੜੀ ਤਿਨਾਂ ਨੂੰ ਮਿਲਾ ਕੇ ਇਹ ਰਾਗ ਸੰਪੂਰਨ ਕੀਤਾ ਜਾਂਦਾ

ਹੈ। ਇਸ ਰਾਗ ਦੇ ਗਾਉਣ ਦਾ ਸਮਾਂ ਢਲਦੀਆਂ ਦੁਪਹਿਰਾਂ ਹੈ। ਇਸ ਰਾਗ ਨੂੰ ਆਮ ਤੌਰ ਉਤੇ ਤਪਸਵੀ ਲੋਕ ਜੰਗਲਾਂ ਅਤੇ ਬਨਾਂ ਵਿੱਚ ਜੇਠ ਹਾੜ ਅਤੇ ਮਾਘ ਦੇ ਮਹੀਨੇ ਗਾਂਵਿਆ ਕਰਦੇ ਹਨ। ਇਸ ਰਾਗ ਦੇ ਗਾਉਣ ਨਾਲ ਅਨੰਦ ਅਤੇ ਖੁਸ਼ੀ ਪਰਗਟ ਹੁੰਦੀ ਹੈ।

ਗੁਰ ਸਾਹਿਬ ਨੇਂ ਵੀ ਇਸ ਰਾਗੁ ਵਿੱਚ"ਹਰਿ ਕੀ ਵਡਿਆਈ ਵਡੀ ਹੈ" ਗਾ ਕੇ ਆਪਣੇ ਹਿਰਦੇ ਦੇ "ਬਿਰਹੋਂ ਅਤਿ ਅਗਲਾ" ਨੂੰ ਸ਼ਾਂਤ ਕੀਤਾ ਹੈ। ਭਾਵੇਂ ਇਸ ਰਾਗ ਦਾ ਮੁਖ ਵਿਸ਼ਾ ਹਰਿ ਕੀ ਵਡਿਆਈ ਹੀ ਹੈ। ਪਰ ਵਿਸ਼ੇ ਨੂੰ ਉਭਾਰਨ ਲਈ ਰਾਗੁ ਦੀ ਠੀਕ ਵਰਤੋਂ ਕੀਤੀ ਗਈ ਹੈ।

## ਮਾਝ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ੭ ਚਉਪਦੇ, ੧ ਅਸ਼ਟਪਦੀ, ਅਤੇ ੨ ਮਹਲੇ ਰਚੇ ਹਨ, ਜਿਨ੍ਹਾਂ ਦਾ ਸਾਰਾ ਜੋੜ ੧੦ ਬਣਦਾ ਹੈ। ਇਹ ਰਾਗ ਵੀ ਸ੍ਰੀ ਰਾਗ ਵਾਂਙ ਮਿਸ਼ਰਣ ਰਾਗ ਹੈ। ਜਿਵੇਂ ਕਿ ਬੁਧ ਪ੍ਰਕਾਸ਼ ਦਰਪਨ ਵਿੱਚ ਆਖਿਆ ਗਇਆ ਹੈ:-

ਦੋਹਰਾ। ਸਿਰੀ ਰਾਗ, ਮਧੁ ਮਾਧਵੀ, ਅਰ ਮਲਾਰ ਸੁਰ ਜਾਨ॥
ਇਨ ਮਿਲ ਮਾਝ ਬਖਾਨਹੀ ਲੀਜਹੁ ਗੁਨਜਨ ਮਾਨ॥

ਇਸ ਰਾਗ ਨੂੰ ਵੀ ਦੁਪਹਿਰ ਤੋਂ ਪਿਛੋਂ ਹੀ ਗਾਇਆ ਜਾਂਦਾ ਹੈ।

ਗੁਰ ਸਾਹਿਬ ਨੇਂ ਇਸ ਰਾਗੁ ਵਿੱਚ ਪ੍ਰੀਤਮ ਨੂੰ ਮਿਲਣ ਦੀ ਤਾਂਘ ਵਾਲੀ ਬਾਣੀ " ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ" ਦਾ ਗਾਇਨ ਕੀਤਾ ਹੈ।

## ਗਉੜੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੩੦ ਚਉਪਦੇ, ੨ ਪੰਚਪਦੇ,੨ ਕਰਹਲੇ, ੧੯ ਸਲੋਕ, ੨੭ ਮਹਲੇ, ਅਤੇ੨੮ ਪਉੜੀਆਂ ਰਚੀਆਂ ਹਨ ਜਿਨ੍ਹਾਂ ਦਾ ਜੋੜ ੧੧੫ ਬਣਦਾ ਹੈ। ਗੌੜੀ ਨੂੰ ਗੌਰੀ ਵੀ ਆਖਿਆ ਜਾਂਦਾ ਹੈ। ਇਸ ਨੂੰ ਸ੍ਰੀ ਰਾਗ ਦੀ ਇਸਤ੍ਰੀ ਵੀ ਆਖਿਆ ਜਾਂਦਾ ਹੈ। ਮੰਦਰ, ਮਧਯ, ਮਾਰ ਇਹਨਾਂ ਤਿੰਨਾਂ ਵਿੱਚ ਇਸਦੀ ਇਸਥਿਤੀ ਅਖੰਡਤ ਹੁੰਦੀ ਹੈ। ਇਹ ਰਾਗਣੀ ਦਿੰਨ ਦੇ ਤੀਜੇ ਪਹਿਰ ਗਾਵੀ ਜਾਂਦੀ ਹੈ।

ਗੁਰੂ ਸਾਹਿਬ ਨੇਂ ਇਸ ਰਾਗ ਵਿੱਚ ਸਤਿਗੁਰੂ ਦੀ ਅਪਾਰ ਮਹਿਮਾਂ ਦਾ ਗਾਇਨ ਕੀਤਾ ਹੈ। ਸਾਵਣ ਦੀ ਰੁਤ ਵਿੱਚ ਪ੍ਰਭੂ ਦੇ ਮਿਲਾਪ ਦੇ ਤਰਲੇ ਪਾਏ ਹਨ ਅਤੇ ਆਪਣੇ ਆਪ ਨੂੰ ਨਿਮਾਣਾ( ਕਿਛੁ ਰੂਪੁ ਨਹੀਂ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ) ਅਤੇ'ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ' ਦਾ ਪ੍ਰਗਟਾਵਾ ਕੀਤਾ ਹੈ।

ਆਸਾ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੨ ਦੁਪਦੇ, ੧੧ ਚਉਪਦੇ, ੧ ਪੰਚਪਦਾ, ਕਾਫ਼ੀਆਂ ਵਿੱਚ ੨ ਚਉਪਦੇ ਅਤੇ ੧੪ ਛੰਤ ਰਚੇ ਹਨ। ਇਨ੍ਹਾਂ ਦੀ ਸਾਰੀ ਗਿਣਤੀ ੩੦ ਹੈ। ਇਹ ਰਾਗਣੀ ਮਲਾਰ, ਪਰਜ ਅਤੇ ਬਸੰਤ ਦਾ ਮਿਸ਼੍ਰਣ ਹੈ। ਆਮ ਕਰਕੇ ਇਸਦੇ ਦੋ ਭੇਦ ਮੰਨੇ ਜਾਂਦੇ ਹਨ ਸੁਧ ਆਸਾਵਰੀ ਅਤੇ ਜੋਗੀਆ ਆਸਾਵਰੀ।

ਇਸ ਰਾਗਣੀ ਨੂੰ ਹੇਮੰਤ ਰੁਤ ਵਿੱਚ ਦਿੰਨ ਦੇ ਪਹਿਲੇ ਪਹਿਰ ਸਮੇਂ ਗਾਂਵਿਆ ਜਾਂਦਾ ਹੈ। ਗਾਉਣ ਵਾਲੇ ਲਈ ਕਹਿਆ ਜਾਂਦਾ ਹੈ ਕਿ ਬੇਅੰਤ ਖੁਸ਼ੀ ਪੈਦਾ ਹੁੰਦੀ ਹੈ। ਰਾਗ ਸ਼ਾਸਤਰਾਂ ਅਤੇ ਰਾਗਮਾਲਾ ਦੇ ਆਧਾਰ ਉਤੇ ਇਸ ਨੂੰ ਮੇਘ ਰਾਗ ਦੀ ਇਸਤ੍ਰੀ ਮੰਨਿਆ ਗਇਆ ਹੈ।

ਗੁਰੂ ਸਾਹਿਬ ਨੇਂ ਇਸ ਰਾਗ ਦਾ ਵਿਸ਼ਾ ਪਿਆਰੇ ਦਾ ਮਿਲਾਪ ਅਤੇ ਉਸ ਤੋਂ ਇੱਕ ਪਲ ਵੀ ਅੱਡ ਨ ਰਹਿਣਾ ਲਇਆ ਹੈ।"ਜੈਸੇ ਹੰਸੁ ਸਰਵਰ ਬਿਨੁ ਰਹਿ ਸ ਸਕੈ ਤੈਸੇ ਹਰਿ ਜਨ ਕਿਉ ਰਹੈ ਹਰਿ ਸੇਵਾ ਬਿਨੁ"। ਅਤੇ ਆਪਣਾ ਧੜਾ ਉਸ ਪ੍ਰਭੂ ਨਾਲ ਦਰਸਾਇਆ ਹੈ। "ਗੁਰ ਸਿਖ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ" ਵਾਲੇ ਭਾਵ, ਇਸ ਰਾਗ ਦੀ ਗਾਈ ਹੋਈ ਖੁਸ਼ੀ ਤੋਂ ਹੀ ਪੈਦਾ ਹੋਏ ਜਾਪਦੇ ਹਨ।

ਗੂਜਰੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੬ ਚਉਪਦੇ, ੧ ਪੰਚਪਦਾ, ੧ ਅਸ਼ਟਪਦੀ ਰਚੀ ਹੈ। ਇਨ੍ਹਾਂ ਦਾ ਸਾਰਾ ਜੋੜ ੮ ਬਣਦਾ ਹੈ। ਲਲਿਤ ਅਤੇ ਰਾਮਕਲੀ ਦੀ ਇਹ ਮਿਸ਼੍ਰਣ ਰਾਗਣੀ ਹੈ। ਨਾਦ ਬਿਨੋਦ ਵਿੱਚ ਗੂਜਰੀ ਨੂੰ ਭੈਰਉ ਦੀ ਇਸਤ੍ਰੀ ਲਿਖਿਆ ਗਇਆ ਹੈ ਪਰ ਹਨੂਮੰਤ ਮਤ, ਬੁਧ ਪ੍ਰਕਾਸ਼ ਦਰਪਣ ਅਤੇ ਗੁਰਮਤ ਅਨੁਸਾਰ

ਇਸ ਨੂੰ ਦੀਪਕ ਰਾਗ ਦੀ ਇਸਤ੍ਰੀ ਮੰਨਿਆ ਗਇਆ ਹੈ। ਇਸ ਰਾਗਣੀ ਨੂੰ ਦਿੰਨ ਦੇ ਪਹਿਲੇ ਪਹਿਰ ਵਿਚ ਗਾਇਆ ਜਾਂਦਾ ਹੈ।

ਗੁਰੂ ਸਾਹਿਬ ਨੇਂ ਇਸ ਰਾਗ ਵਿੱਚ "ਪਰਗਾਸਿ" ਦੀ ਦਾਤ ਮੰਗੀ ਹੈ। ਇਸ ਦਾਤ ਦੀ ਪ੍ਰਾਪਤੀ ਨਾਲ ਹੀ ਪ੍ਰਭੂ ਨਾਲ ਪ੍ਰੀਤ ਬਣਦੀ ਹੈ। ਗੁਰੂ ਸਾਹਿਬ ਨੇਂ ਇਸ ਰਾਗਣੀ ਦੇ ਪਦਿਆਂ ਵਿੱਚ ਪ੍ਰੇਮ ਦੀ ਤੀਬਰਤਾ ਦਰਸਾਈ ਹੈ।

"ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ।"

## ਦੇਵ ਗੰਧਾਰੀ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ਕੇਵਲ ੬ ਦੁਪਦੇ ਹੀ ਲਿਖੇ ਹਨ। ਭੈਰੋ ਅਤੇ ਨਟ ਦੇ ਮਿਲਣ ਕਾਰਨ ਹੀ ਦੇਵ ਗੰਧਾਰੀ ਬਣਿਆ ਹੈ।

ਨਾਦ ਬਿਨੋਦ ਵਿੱਚ ਇਸ ਨੂੰ ਭੈਰੋਂ ਦਾ ਪੁਤਰ ਲਿਖਿਆ ਗਇਆ ਹੈ ਪਰ ਸੰਗੀਤ ਬਿਨੋਦ , ਰਾਗ ਦੀਪਕਾ ਅਤੇ ਗੁਰਮਤ ਅਨੁਸਾਰ ਰਾਗ ਮਾਲਕੌਂਸ ਦੀ ਇਸਤ੍ਰੀ ਮੰਨਿਆ ਗਇਆ ਹੈ। ਇਸ ਦਾ ਗੋਇਨ ਸਵੇਰ ਵੇਲੇ ਕੀਤਾ ਜਾਂਦਾ ਹੈ ਅਤੇ ਇਸ ਤੋਂ ਖੁਸ਼ੀ ਉਗਮਦੀ ਹੈ।

ਗੁਰੂ ਸਾਹਿਬ ਨੇਂ ਇਸ ਰਾਗਣੀ ਵਿੱਚ ਪ੍ਰਧਾਨ ਵਿਸ਼ਾ " ਸੇਵਕ ਜਨ ਬਨੇ ਠਾਕੁਰ ਲਿਵ ਲਾਗੇ " ਹੈ।

## ਬਿਹਾਗੜਾ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੬ ਛੰਤ, ਇੱਕ ਵਾਰ ਦੇ ੧ ਸਲੋਕ, ੧ ਮਹਲਾ ਅਤੇ ੨੧ ਪਉੜੀਆਂ ਰਚੀਆਂ ਹਨ ਜਿਨ੍ਹਾਂ ਦਾ ਸਾਰਾਜੋੜ ੨੯ ਬਣਦਾ ਹੈ। ਇਸ ਰਾਗ ਦਾ ਰਾਗਮਾਲਾ ਵਿੱਚ ਕੋਈ ਜ਼ਿਕਰ ਨਹੀਂ ਆਉਂਦਾ। ਪਰ ਸੁਰ ਤਾਲ ਵਿੱਚ ਮਹਿਸੂਸ ਕੀਤਾ ਜਾਂਦਾ ਹੈ ਕਿ ਇਹ ਸਿਰੀ ਰਾਗ ਦਾ ਪੁਤਰ ਹੈ।

ਇਹ ਰਾਗ ਹੇਮੰਤ ਰੁਤ ਵਿੱਚ ਅੱਧੀ ਰਾਤ ਸਮੇਂ ਗਾਂਵਿਆ ਜਾਂਦਾ ਹੈ। ਇਸ ਨਾਲ ਬਹੁਤਾ ਕਰਕੇ ਉਦਾਸੀ ਦੇ ਹੀ ਵਿਚਾਰ ਉਤਪਨ ਹੁੰਦੇ ਹਨ।ਉਦਾਸੀ ਦੇ ਨਾਲ ਨਾਲ ਵਿਸਮਾਦ ਦੇ ਭਾਵ ਵੀ ਉਜਾਗਰ ਹੁੰਦੇ ਹਨ।

ਗੁਰੂ ਸਾਹਿਬ ਨੇਂ ਬਿਹਾਗੜੇ ਦੀ ਵਾਰ ਵਿੱਚ" ਆਪੇ ਸੂਖਮੁ ਭਾਲੀਐ

ਆਪੇ ਪਾਸਾਰੁ" ਵਾਲੇ ਭਾਵਾਂ ਨੂੰ ਉਜਾਗਰ ਕੀਤਾ ਹੈ। ਇਸ ਵਿੱਚ ਉਦਾਸੀ ਵੀ ਹੈ ਅਤੇ ਵਿਸਮਾਦ ਵੀ।

ਵਡਹੰਸ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੧ ਚਉਪਦਾ, ੧ ਪੰਚਪਦਾ, ੧ ਛੇਪਦਾ ੪ ਛੰਤ, ਦੋ ਘੋੜੀਆਂ, ਇੱਕ ਵਾਰ ਦੀਆਂ ੨੧ ਪਉੜੀਆਂ ਰਚੀਆਂ ਹਨ ਜਿਨ੍ਹਾਂ ਦਾ ਸਾਰਾ ਜੋੜ ੩੦ ਬਣਦਾ ਹੈ।

ਵਿਚਾਰ ਕੀਤੀ ਜਾਂਦੀ ਹੈ ਕਿ ਦੇਵ ਗਿਰੀ, ਗੌਰੀ, ਮਾਲਵ, ਸੰਕੀਰਣ ਪੂਰੀਆਂ ਧਨਾਸਰੀ ਮਿਲਕੇ ਹੀ ਵਡਹੰਸ ਬਣਿਆ ਹੈ। ਪਰ ਰਾਗਮਾਲਾ ਵਿੱਚ ਇਸ ਦਾ ਨਾਂ ਨਹੀਂ ਆਉਂਦਾ। ਇਹ ਆਪਣੇ ਆਪ ਵਿੱਚ ਸੰਪੂਰਨ ਰਾਗ ਹੈ। ਇਸ ਨੂੰ ਸਰਦੀ ਦੀ ਰੁਤ ਵਿੱਚ ਦੁਪਹਿਰ ਵੇਲੇ ਗਾਂਵਿਆ ਜਾਂਦਾ ਹੈ। ਸੁਰ ਤਾਲ ਸੰਬ੍ਰਹ ਵਿੱਚ ਇਸ ਨੂੰ ਮਾਲਕੌਂਸ ਦਾ ਪੁਤ੍ਰ ਕਰਕੇ ਵੀ ਲਿਖਿਆ ਗਇਆ ਹੈ।

ਇਸ ਰਾਗ ਦਾ ਗਾਇਨ ਕਰਨ ਨਾਲ ਵੈਰਾਗ ਅਤੇ ਬਿਰਹਾ ਉਤਪਨ ਹੁੰਦੇ ਹਨ।

ਪਰ ਗੁਰੂ ਸਾਹਿਬ ਨੇਂ ਹੋਰ ਪਦਿਆਂ ਵਾਂਙ ਇਸ ਵਿਚਲੇ ਪਦਿਆਂ ਵਿੱਚ ਤਾਂ ਵੈਰਾਗ ਅਤੇ ਬਿਰਹਾ ਦੇ ਭਾਵ ਅੰਕਤ ਕੀਤੇ ਹਨ ਪਰ ਵਾਰ ਵਿੱਚ ਗੁਰੂ ਮਹਿਮਾਂ ਦਾ ਗਾਇਨ ਹੀ ਕੀਤਾ ਹੈ।

ਸੋਰਠਿ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀਨੇਂ ੮ ਚਉਪਦੇ, ੧ ਪੰਚਪਦਾ, ਇੱਕ ਵਾਰ ਦੇ ੩ ਸਲੋਕ, ੪ ਮਹਲੇ ਅਤੇ ੨੯ ਪਉੜੀਆਂ ਰਚੀਆਂ ਹਨ ਜਿਨ੍ਹਾਂ ਦਾ ਸਾਰਾ ਜੋੜ ੪੫ ਬਣਦਾ ਹੈ।

ਰਾਗਮਾਲਾ ਵਿੱਚ ਇਸ ਨੂੰ ਮੇਘ ਰਾਗ ਦੀ ਇਸਤ੍ਰੀ ਆਖਿਆ ਗਇਆ ਹੈ। ਇਹ ਰਾਗਣੀ ਆਪਣੇ ਆਪ ਵਿੱਚ ਸੰਪੂਰਨ ਹੈ। ਇਸ ਨੂੰ ਪਹਿਰ ਗਈ ਰਾਤ ਸਮੇਂ ਗਾਂਵਿਆ ਜਾਂਦਾ ਹੈ।

ਗੁਰੂ ਸਾਹਿਬ ਨੇਂ ਇਸ ਵਿੱਚ ਤਕਰੀਬਨ ਬਿਹਾਗੜੇ ਦੀ ਵਾਰ ਵਾਲਾ ਹੀ ਵਿਸ਼ਾ ਲਇਆ ਹੈ। ਆਪ ਜੀ ਨੇਂ ਪ੍ਰਭੂ ਨੂੰ ਹਰ ਥਾਂ ਪਸਰਿਆ ਹੋਇਆ ਦਸਿਆ

ਹੈ। ਉਸ ਅਦ੍ਰਿਸ਼ਟ ਪ੍ਰਭੂ ਦੀ ਪਹਿਚਾਨ ਦਾ ਤਰੀਕਾ ਵੀ ਦਰਸਾਇਆ ਗਇਆ ਹੈ।

ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ॥

ਇਹ ਪ੍ਰੇਮ ਦੀ ਲਾਗ ਗੁਰੂ ਹੀ ਲਗਾ ਸਕਦਾ ਹੈ ਅਤੇ ਉਸਦੀ ਸੇਵਾ ਨਾਲ ਇਸ ਰਸਤੇ ਤੇ ਤੁਰਿਆ ਜਾ ਸਕਦਾ ਹੈ।

## ਧਨਾਸਰੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੬ ਦੁਪਦੇ, ੭ ਚਉਪਦੇ ਅਤੇ ੧ ਛੰਤ ਰਚੇ ਹਨ ਜਿਨ੍ਹਾਂ ਦੀ ਸਾਰੀ ਗਿਣਤੀ ੧੪ ਬਣਦੀ ਹੈ।

ਰਾਗਮਾਲਾ ਵਿੱਚ ਇਸ ਨੂੰ ਮਾਲਕੌਂਸ ਦੀ ਇਸਤ੍ਰੀ ਕਰਕੇ ਲਿਖਿਆ ਗਇਆ ਹੈ। ਹੇਮੰਤ ਰੁਤ ਵਿੱਚ ਇਸ ਦਾ ਦਿੰਨ ਦੇ ਤੀਜੇ ਪਹਿਰ ਸਮੇਂ ਗਾਇਨ ਕੀਤਾ ਜਾਂਦਾ ਹੈ। ਇਸ ਦੇ ਗਾਇਨ ਤੋਂ ਵਿਯੋਗ ਅਤੇ ਉਦਾਸੀ ਉਤਪਨ ਹੁੰਦੇ ਹਨ।

ਗੁਰੂ ਸਾਹਿਬ ਦਾ ਇਸ ਰਾਗ ਵਿੱਚ ਪ੍ਰਧਾਨ ਵਿਸ਼ਾ ਗੁਰੂ ਦੇ ਬਚਨਾਂ ਉਤੇ ਤੁਰਨ ਦਾ ਹੈ। ਅਤੇ ਛੰਤਾਂ ਵਿੱਚ ' ਹਰਿ ਜੀਉ ਕ੍ਰਿਪਾ ਕਰੇ' ਦੀ ਧਾਰਨਾਂ ਹੈ।

## ਜੈਤਸਰੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੧੧ ਚਉਪਦੇ ਹੀ ਰਚੇ ਹਨ।

ਸੁਰ ਤਾਲ ਸਮੂਹ ਵਿੱਚ ਇਸ ਨੂੰ ਮਾਲਕੌਂਸ ਦੀ ਨੂੰਹ ਅਤੇ ਇਸਦੇ ਗਾਉਣ ਦਾ ਸਮਾਂ ਤੀਜਾ ਪਹਿਰ ਦਿਨ ਅਤੇ ਮੌਸਮ ਮਿਸਰ ਰਿਤੁ ਦਿੱਤਾ ਗਇਆ ਹੈ।ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਇਸ ਦੇ ਗਾਉਣ ਨਾਲ ਖੁਸ਼ੀ ਅਤੇ ਹੁਲਾਸ ਪੈਦਾ ਹੁੰਦੇ ਹਨ। ਕਈ ਥਾਵਾਂ ਤੇ ਇਸਦੇ ਗਾਇਨ ਕਰਨ ਦਾ ਸਮਾਂ ਰਾਤ ਦਾ ਪਹਿਲਾ ਹਿਸਾ ਵੀ ਲਿਖਿਆ ਮਿਲਦਾ ਹੈ।

ਗੁਰੂ ਸਾਹਿਬ ਨੇਂ ਇਸ ਰਾਗ ਵਿੱਚ ਗੁਰੂ ਦੀ ਕ੍ਰਿਪਾ ਅਤੇ ਉਮਾਹਾ ਨੂੰ ਆਪਣਾ ਵਿੱਸ਼ਾ ਬਣਾ ਕੇ ਉਸਦਾ ਗਾਇਨ ਕੀਤਾ ਹੈ।

ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤ ਸੰਗਿ ਉਮਾਹਾ ਰਾਮ॥

ਟੋਡੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ਕੇਵਲ ੧ ਚਉਪਦਾ ਉਚਾਰਿਆ ਹੈ। ਰਾਗਮਾਲਾ ਵਿੱਚ ਇਸ ਨੂੰ ਦੀਪਕ ਰਾਗ ਦੀ ਇਸਤ੍ਰੀ ਆਖਿਆ ਗਇਆ ਹੈ। ਇਸ ਦੇ ਕਈ ਭੇਦ ਮਿਲਦੇ ਹਨ ਜਿਵੇਂ ਕਿ (੧ਮੁਾਰਗ) ਟੋਡੀ, ਬਰਾਲੀ ਟੋਡੀ, ਛਾਯਾ ਟੋਡੀ, ਪੁਠਾਕੀ ਟੋਡੀ, ਤਾਨ ਸੈਨੀ ਟੋਡੀ, ਸੰਧਰੋਆ ਟੋਡੀ ਆਦਿਕ। ਕਾਫੀ ਟੋਡੀ ਵੀ ਇਸੇ ਪ੍ਰਕਾਰ ਦਾ ਇੱਕ ਭੇਦ ਹੈ।

ਇਸ ਰਾਗਣੀ ਦਾ ਸਰਦੀ ਦੀ ਰੁਤ ਵਿੱਚ ਪਹਿਰ (ਦਿੰਨ) ਚੜ੍ਹੇ, ਗਾਇਨ ਕੀਤਾ ਜਾਂਦਾ ਹੈ। ਇਹ ਵਿਚਾਰ ਵੀ ਕੀਤਾ ਜਾਂਦਾ ਹੈ ਕਿ ਇਸ ਦੇ ਗਾਇਨ ਤੋਂ ਵਿਜੋਗ ਦੇ ਭਾਵ ਪੈਦਾ ਹੁੰਦੇ ਹਨ।

ਗੁਰ ਸਾਹਿਬ ਦੇ ਇਸ ਵਿਚਲੇ ਪਦੇ ਦਾ ਵਿਸ਼ਾ" ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ"ਹੈ

ਬੈਰਾੜੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ਕੇਵਲ ੬ ਦੁਪਦੇ ਹੀ ਰਚੇ ਹਨ। ਰਾਗਮਾਲਾ ਅਤੇ ਸੰਗੀਤ ਬਿਨੋਦ ਵਿੱਚ ਇਸ ਨੂੰ ਸ੍ਰੀ ਰਾਗ ਦੀ ਇਸਤ੍ਰੀ ਦਸਿਆ ਗਇਆ ਹੈ। ਕੁਝ ਕੁ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਨੂੰ ਸੰਧਿਆ ਵੇਲੇ ਗਾਇਆ ਜਾਵੇ ਅਤੇ ਕੁਝ ਦਾ ਇਹ ਕਹਿਣਾ ਹੈ ਕਿ ਇਸ ਰਾਗਣੀ ਨੂੰ ਤੀਜੇ ਪਹਿਰ ਗਾਇਆ ਜਾਵੇ।

ਗੁਰ ਸਾਹਿਬ ਨੇਂ ਇਸ ਰਾਗ ਵਿੱਚ " ਕਾਇਆ ਨਗਰਿ ਬਸਤ ਹਰਿ ਸੁਆਮੀ" ਨੂੰ ਆਪਣਾ ਵਿਸ਼ਾ ਬਣਾਇਆ ਹੈ।

ਤਿਲੰਗ ਰਾਗ ਦੀ ਬਾਣੀ।

ਆਪ ਜੀ ਨੇਂ ਇਸ ਰਾਗ ਵਿੱਚ ਕੇਵਲ ੨ ਦੁਪਦੇ ਹੀ ਲਿਖੇ ਹਨ। ਰਾਗਮਾਲਾ ਵਿੱਚ ਇਸ ਨੂੰ ਹਿੰਡੋਲ ਰਾਗ ਦੀ ਇਸਤ੍ਰੀ ਆਖਿਆ ਗਇਆ ਹੈ। ਰਾਗ ਦੇ ਵਿਦਵਾਨਾਂ ਦਾ ਵਿਚਾਰ ਹੈ ਕਿ ਸ੍ਰੀ ਰਾਗ, ਕਾਨੜਾ ਅਤੇ ਭੈਰੋ ਦਾ ਮਿਲਗੋਭਾ ਤਿਲੰਗ ਹੈ। ਬਰਖਾ ਦੀ ਰੁਤ ਵਿੱਚ ਅੱਧੀ ਰਾਤ ਸਮੇਂ ਗਾਉਣ ਨਾਲ ਇਸ ਵਿੱਚੋਂ ਵਿਯੋਗ ਦੀ ਤੀਬਰ ਹੂਕ ਪੈਦਾ ਹੁੰਦੀ ਹੈ।

ਗੁਰ ਸਾਹਿਬ ਨੇਂ ਇਸ ਰਾਗ ਵਿੱਚ ਸਮਾਜਕ ਭਾਈਚਾਰਕ ਅਤੇ ਰਾਜਨੀਤਕ ਕੁਰੀਤੀਆਂ ਵੇਖ ਕੇ ਮਨੁੱਖ ਨੂੰ ਚੇਤਾਵਨੀ ਕਰਵਾਈ ਹੈ ਕਿ ਉਹ ਉਸ ਪ੍ਰਭੂ ਦੇ ਹੁਕਮ ਨਾਲ ਹੀ ਸੰਸਾਰ ਵਿੱਚ ਆਇਆ ਹੈ ਸੋ ਉਸ ਨੂੰ ਸਦਾ ਆਪਣਾ ਪ੍ਰਭੂ ਚੇਤੇ ਰਖਣਾ ਚਾਹੀਦਾ ਹੈ।

## ਸੂਹੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ੧੪ ਚਉਪਦੇ, ੧ ਛਿਪਦਾ, ੨ ਅਸ਼ਟਪਦੀਆਂ ੬ ਛੰਤ ਰਚੇ ਹਨ ਜਿਨ੍ਹਾਂ ਦੀ ਸਾਰੀ ਗਿਣਤੀ ੨੩ ਬਣਦੀ ਹੈ।

ਰਾਗਮਾਲਾ ਅਤੇ ਬੁਧ ਪ੍ਰਕਾਸ਼ ਦਰਪਣ ਵਿੱਚ ਇਸ ਨੂੰ ਮੇਘਰਾਗ ਦੀ ਇਸਤ੍ਰੀ ਆਖਿਆ ਗਇਆ ਹੈ। ਇਸ ਨੂੰ ਮੌਸਮ ਬਹਾਰ ਵਿੱਚ ਹਰ ਸਮੇਂ ਪਰ ਖਾਸ ਕਰਕੇ ਦਿੰਨ ਦੇ ੧੦ਵਜੇ ਗਾਉਣ ਲਈ ਆਖਿਆ ਗਇਆ ਹੈ।

ਗੁਰ ਸਾਹਿਬ ਨੇਂ ਇਸ ਰਾਗ ਵਿੱਚ ਗੁਰ ਦੀ ਮਹੱਤਤਾ ਬਾਰੇ ਜ਼ੋਰ ਦਿੱਤਾ ਹੈ। ਅਤੇ ਛੰਤਾਂ ਵਿੱਚ ਪ੍ਰਭੂ ਦਾ ਮਿਲਾਪ ਅਤੇ ਮਿਲਾਪ ਤੋਂ ਉਪਜੇ ਭਾਵਾਂ ਦਾ ਕਲਾਤਮਕ ਢੰਗ ਨਾਲ ਬਿਆਨ ਕੀਤਾ ਹੈ।

## ਬਿਲਾਵਲ ਰਾਗ ਦੀ ਬਾਣੀ।

ਆਪ ਜੀ ਨੇਂ ਇਸ ਰਾਗ ਵਿੱਚ ੬ ਚਉਪਦੇ, ਪੜਤਾਲ ਹੇਠ ੧ ਦੁਪਦਾ, ੬ ਅਸ਼ਟਪਦੀਆਂ, ੨ ਛੰਤ ਅਤੇ ਛੰਤਾਂ ਵਿੱਚ ੧ ਸਲੋਕ, ਵਾਰ ਵਿੱਚ ੧ ਸਲੋਕ ਅਤੇ ੧੩ ਪਉੜੀਆਂ ਰਚੀਆਂ ਹਨ ਜਿਨ੍ਹਾਂ ਦਾ ਸਾਰਾ ਜੋੜ ੩੦ ਬਣਦਾ ਹੈ।

ਰਾਗ ਮਾਲਾ ਅਤੇ ਬੁਧ ਪ੍ਰਕਾਸ਼ ਦਰਪਣ ਵਿੱਚ ਇਸ ਨੂੰ ਭੈਰਵ ਰਾਗ ਦਾ ਪੁਤ੍ਰ ਆਖਿਆ ਗਇਆ ਹੈ। ਇਸ ਦੇ ਗਾਇਨ ਕਰਨ ਦਾ ਸਮਾਂ ਪਹਿਰ ਦਿੰਨ ਚੜ੍ਹੇ ਬਸੰਤ ਰੁਤ ਹੈ। ਇਸ ਦੇ ਗਾਇਨ ਤੋਂ ਵਿਯੋਗ ਪੈਦਾ ਹੋਇਆ ਦਸਿਆ ਜਾਂਦਾ ਹੈ।

ਗੁਰ ਸਾਹਿਬ ਨੇਂ ਬਿਲਾਵਲ ਦੇ ਪਦਿਆਂ ਵਿੱਚ ਤਾਂ ਸਫ਼ਲ ਯਾਤਰਾ ਦਾ ਵਿਸ਼ਾ ਲਇਆ ਹੈ, ਅਸ਼ਟਪਦੀਆਂ ਵਿੱਚ ਗੁਰੂ ਦੀ ਮਹਿਮਾਂ, ਛੰਤਾਂ ਵਿੱਚ ਪ੍ਰਭੂ ਨੂੰ ਮਿਲਣ ਦਾ ਮੰਤਵ ਅਤੇ ਕਰਤਵ ਅਤੇ ਵਾਰ ਵਿੱਚ ਗੁਰ ਦੀ ਸਮਰੱਥਾ ਦਸੀ ਹੈ।

ਗੌਂਡ ਰਾਗ ਦੀ ਬਾਣੀ।

ਆਪ ਜੀ ਨੇਂ ਇਸ ਰਾਗ ਵਿੱਚ ਕੇਵਲ ੬ ਚਉਪਦੇ ਹੀ ਉਚਾਰੇ ਹਨ। ਰਾਗਮਾਲਾ ਅਤੇ ਸੁਰਤਾਲ ਸਮੂਹ ਅਤੇ ਰਾਧਾ ਗੋਬਿੰਦ ਸੰਗੀਤ ਸਾਰ ਵਿੱਚ ਇਸ ਨੂੰ ਸ੍ਰੀ ਰਾਗ ਦਾ ਪੁਤ੍ਰ ਦਸਿਆ ਗਇਆ ਹੈ।

ਹੇਮੰਤ ਰੁਤ ਇਸ ਦਾ ਗਾਇਨ ਦਿਨ ਦੇ ਤੀਜੇ ਪਹਿਰ ਦਸਿਆ ਗਇਆ ਹੈ ਪਰ ਬਰਸਾਤ ਦੇ ਮੌਸਮ ਵਿੱਚ ਹਰ ਵੇਲੇ ਦੇ ਗਾਇਨ ਦਾ ਵਿਚਾਰ ਵੀ ਦਿੱਤਾ ਗਇਆ ਹੈ। ਇਸ ਰਾਗ ਨਾਲ ਸੰਜੋਗ ਅਤੇ ਖੁਸ਼ੀ ਦੇ ਭਾਵ ਪੈਦਾ ਹੁੰਦੇ ਹਨ।

ਗੁਰੂ ਸਾਹਿਬ ਨੇਂ ਇਹਨਾਂ ਚਉਪਦਿਆਂ ਵਿੱਚ ਮਨੁੱਖ ਦੀ ਥਾਂ ਪ੍ਰਭੂ ਦੀ ਆਸ ਕਰਨ ਬਾਰੇ ਗਿਆਨ ਦਿੱਤਾ ਹੈ ਕਿਉਂਜੋ ਉਹ ਸਰਬ ਕਲਾ ਸਮਰੱਥ ਹੈ। ਇਸ ਤੋਂ ਉਪਜਿਆ ਸੰਜੋਗ ਖੁਸ਼ੀ ਅਤੇ ਖੇੜਾ ਲਿਆਵੇਗਾ।

ਰਾਮਕਲੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੫ ਚਉਪਦੇ ਅਤੇ ੧ ਪੰਚਪਦਾ ਰਚਿਆ ਹੈ। ਇਨ੍ਹਾਂ ਦੀ ਸਾਰੀ ਗਿਣਤੀ ੬ ਬਣਦੀ ਹੈ।

ਨਾਦ ਬਿਨੋਦ ਵਿੱਚ ਇਸ ਨੂੰ ਭੈਰੋ ਦੀ ਰਾਗਨੀ ਕਹਿਆ ਗਇਆ ਹੈ ਪਰ ਸੁਰ ਤਾਲ ਸਮੂਹ ਵਿੱਚ ਇਸ ਨੂੰ ਹਿੰਡੋਲ ਦੀ ਰਾਗਨੀ ਮੰਨਿਆ ਗਇਆ ਹੈ। ਸਿਧ ਸਾਰਸਵਤ ਮਤ ਵਿੱਚ ਵੀ ਇਸ ਨੂੰ ਹਿੰਡੋਲ ਦੀ ਰਾਗਨੀ(ਇਸਤ੍ਰੀ) ਹੀ ਮੰਨਿਆ ਗਇਆ ਹੈ। ਇਸ ਦੇ ਗਾਇਨ ਦਾ ਸਮਾਂ ਤੀਜਾ ਪਹਿਰਾਤ ਜਾਂ ਪ੍ਰਾਤਾ-ਕਾਲ ਮੰਨਿਆ ਜਾਂਦਾ ਹੈ। ਮੌਸਮ ਬਸੰਤ ਮਿਥਿਆ ਗਇਆ ਹੈ।

ਗੁਰੂ ਸਾਹਿਬ ਨੇਂ ਇਹਨਾਂ ਪਦਿਆਂ ਵਡੇ ਭਾਗ ਦਰਸਾ ਕੇ ਬਹੁਤਾ ਜ਼ੋਰ 'ਹਰਿ ਹਰਿ ਨਾਮ ਧਿਆਵੈ" ਉਤੇ ਹੀ ਦਿੱਤਾ ਹੈ।

ਨਟ ਨਾਰਾਇਣ ਰਾਗ ਦੀ ਬਾਣੀ।

ਆਪ ਜੀ ਨੇਂ ਇਸ ਰਾਗ ਵਿੱਚ ੬ ਚਉਪਦੇ, ਪੜਤਾਲ ਹੇਠਾਂ ੩ ਦੁਪਦੇ, ਅਤੇ ਅਸ਼ਟਪਦੀਆਂ ਵਿੱਚ ੬ ਛਕੇ ਲਿਖੇ ਹਨ। ਇਨ੍ਹਾਂ ਦੀ ਸਾਰੀ ਗਿਣਤੀ ੧੫ ਬਣਦੀ

ਹੈ। ਰਾਗਮਾਲਾ ਵਿੱਚ ਇਸ ਨੂੰ ਮੇਘ ਰਾਗ ਦਾ ਪੁਤ੍ਰ ਕਰਕੇ ਦਸਿਆ ਗਇਆ ਹੈ ਜਿਥੇ ਰਾਧਾ ਗੋਬਿੰਦ ਸੰਗੀਤ ਵਿਚ ਇਸ ਨੂੰ ਪੂਰਨ ਰਾਗ ਆਖਿਆ ਗਇਆ ਹੈ। ਇਸ ਨੂੰ ਬਰਖਾ ਰੁਤ ਵਿੱਚ ਦਿਨ ਦੇ ਤੀਜੇ ਪਹਿਰ ਗਾਉਣ ਲਈ ਦਸਿਆ ਜਾਂਦਾ ਹੈ।

ਗੁਰੂ ਸਾਹਿਬ ਨੇਂ ਇਸ ਰਾਗ ਵਿੱਚ ਨਾਮ ਦੀ ਮਹਾਨਤਾ ਦਸੀ ਹੈ। ਉਨ੍ਹਾਂ ਅਨੁਸਾਰ ਨਾਮ ਸਾਡੇ ਸਾਰੇ ਪਾਪ ਧੋ ਦਿੰਦਾ ਹੈ। ਅਸ਼ਟਪਦੀਆਂ ਵਿੱਚ ਆਪ ਜੀ ਨੇਂ ਗੁਰੂ ਬਾਣੀ ਅਤੇ ਬਾਣੀ ਗੁਰੂ ਸਾਬਤ ਕੀਤਾ ਹੈ।

## ਮਾਲੀ ਗਉੜਾ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਦੇ ਸਿਰਫ ੬ ਚਉਪਦੇ ਹਨ। ਇਸ ਰਾਗ ਨੂੰ ਰਾਗ ਮਾਲਾ ਵਿੱਚ ਅੰਕਤ ਨਹੀਂ ਕੀਤਾ ਗਇਆ। ਇਸ ਰਾਗ ਬਾਰੇ ਬਹੁਤੀ ਚਰਚਾ ਵੀ ਨਹੀਂ ਕੀਤੀ ਗਈ।

ਇਸ ਰਾਗ ਦਾ ਗਾਇਨ ਕਰਨ ਬਾਰੇ ਕੋਈ ਇਕੜ ਦੁਕੜ ਰਾਵਾਂ ਮਿਲਦੀਆਂ ਹਨ। ਇਹ ਆਖਿਆ ਜਾਂ ਦਾ ਹੈ ਕਿ ਇਸ ਨੂੰ ਦੁਪਹਿਰ ਵੇਰੇ ਗਾਂਵਿਆ ਜਾਵੇ ਤਾਂ ਇਹ ਖੁਸ਼ੀ ਦੀ ਉਮੰਗ ਪੈਦਾ ਕਰਦਾ ਹੈ।

ਗੁਰੂ ਸਾਹਿਬ ਨੇਂ ਨਾਮ ਸਿਮਰਨ ਨਾਲ ਆਤਮਾਂ ਨੂੰ ਮਜੀਠੇ ਰੰਗ ਵਿੱਚ ਰੰਗੇ ਜਾਣ ਦੇ ਆਪਣੇ ਵਿਚਾਰ ਪੇਸ਼ ਕੀਤੇ ਹਨ।

## ਮਾਰੂ ਰਾਗ ਦੀ ਬਾਣੀ।

ਆਪ ਜੀ ਨੇਂ ਇਸ ਰਾਗ ਵਿੱਚ ੬ ਚਉਪਦੇ, ੨ ਪੰਚਪਦੇ, ੨ ਸੋਲਹੇ, ਵਾਰ ਵਿੱਚ ੧ ਸਲੋਕ ਅਤੇ ੩ ਮਹਲੇ ਲਿਖੇ ਹਨ ਜਿਨ੍ਹਾਂ ਦਾ ਸਾਰਾ ਜੋੜ ੧੪ ਬਣਦਾ ਹੈ।

ਰਾਗ ਮਾਲਾ ਅਤੇ ਸੁਰ ਤਾਲ ਸਮੂਹ ਅਤੇ ਰਾਗ ਦੀਪਕਾ ਵਿੱਚ ਅਤੇ ਰਾਗ ਬਿਨੋਦ ਵਿੱਚ ਇਸ ਰਾਗ ਨੂੰ ਮਾਲ ਕੌਂਸ ਦਾ ਪੁਤ੍ਰ ਹੀ ਲਿਖਿਆ ਗਇਆ ਹੈ। ਸਰਦ ਰੁਤ ਵਿੱਚ ਇਸ ਨੂੰ ਅੱਧੀ ਰਾਤ ਬੀਤੇ ਗਾਉਣ ਬਾਰੇ ਗਿਆਨ ਦਿੱਤਾ ਗਇਆ ਹੈ।

ਗੁਰੂ ਸਾਹਿਬ ਨੇਂ ਸੋਹਲਿਆਂ ਵਿੱਚ ਸਤਿਗੁਰੂ ਤੋਂ ਨਾਮ ਦੀ ਦਾਤ ਮੰਗੀ ਹੈ ਅਤੇ ਪਦਿਆਂ ਵਿੱਚ ਦਸਿਆ ਹੈ ਕਿ ' ਨਾਮ ਨਿਧਾਨ ' ਹੈ।

## ਤੁਖਾਰੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਦੇ ਕੇਵਲ ੪ ਛੰਤ ਲਿਖੇ ਹੋਏ ਮਿਲਦੇ ਹਨ। ਇਸ ਰਾਗ ਨੂੰ ਕਿਸੇ ਵੀ ਬੰਸਾਵਲੀ ਜਾਂ ਰਾਗ ਦੇ ਗ੍ਰੰਥ ਵਿੱਚ ਅੰਕਤ ਨਹੀਂ ਕੀਤਾ ਗਇਆ।

ਆਮ ਤੌਰ ਉਤੇ ਇਸਦੇ ਗਾਇਨ ਬਾਰੇ ਕਹਿਆ ਜਾਂਦਾ ਹੈ ਕਿ ਇਸ ਨੂੰ ਪ੍ਰਾਤਾਕਲ ਹੀ ਗਾਵਿਆ ਜਾਵੇ।

ਗੁਰੂ ਸਾਹਿਬ ਨੇਂ ਇਸ ਰਾਗੁ ਦੇ ਛੰਤਾਂ ਵਿੱਚ ਪ੍ਰਭੂ ਪ੍ਰੀਤਮ ਸਬੰਧੀ ਵਿਛੋੜੇ ਦੇ ਭਾਵਾਂ ਨੂੰ ਉਜਾਗਰ ਕੀਤਾ ਹੈ। ਇਹਨਾਂ ਵਿਚੋਂ ਹੀ ਇੱਕ ਛੰਤ ਗੁਰੂ ਅਮਰਦਾਸ ਸਾਹਿਬ ਦੀ ਤੀਰ-ਥ ਯਾਤਰਾ ਬਾਰੇ ਵੀ ਹੈ।

## ਕੇਦਾਰਾ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੧ ਦੁਪਦਾ ਅਤੇ ੧ ਚਉਪਦਾ ਰਚਿਆ ਹੈ। ਰਾਗ ਮਾਲਾ, ਰਾਧਾ ਗੋਬਿੰਦਾ ਸੰਗੀਤ ਸਾਰ ਅਤੇ ਬੁਧ ਪ੍ਰਕਾਸ਼ੁ ਦਰਪਣ ਵਿੱਚ ਇਸ ਨੂੰ ਮੇਘ ਦਾ ਪੁਤ੍ਰ ਲਿਖਿਆ ਗਇਆ ਹੈ।

ਇਸ ਦੇ ਗਾਇਨ ਕਰਨ ਦਾ ਸਮਾਂ ਗ੍ਰੀਖਮ ਰੁਤ ਵਿੱਚ ਅੱਧੀ ਰਾਤ ਨੂੰ ਹੈ। ਖੁਸ਼ੀ ਅਤੇ ਵਿਯੋਗ ਦੋਵੇਂ ਤਰ੍ਹਾਂ ਦੇ ਵਿਚਾਰ ਅਤੇ ਭਾਵ ਪੈਦਾ ਹੋ ਜਾਂਦੇ ਹਨ।

ਗੁਰੂ ਸਾਹਿਬ ਨੇਂ ਇਹਨਾਂ ਦੋਹਾਂ ਹੀ ਪਦਿਆਂ ਵਿੱਚ "ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ" ਦਾ ਵਿਸ਼ਾ ਲਇਆ ਹੈ।

## ਬਸੰਤ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੭ ਚਉਪਦੇ ਅਤੇ ੧ ਅਸ਼ਟਪਦੀ ਰਚੀ ਹੈ। ਸੁਰ ਤਾਲ ਸਮੂਹ ਵਿੱਚ ਇਸ ਰਾਗ ਸ੍ਰੀ ਰਾਗ ਦੀ ਰਾਗਣੀ ਕਰਕੇ ਬਿਆਨ ਕੀਤਾ ਗਇਆ ਪਰ ਰਾਗਮਾਲਾ ਅਤੇ ਰਾਧਾ ਗੋਬਿੰਦਾ ਸੰਗੀਤ ਸਾਰ, ਰਾਗ ਦੀਪਕਾ ਵਿੱਚ ਇਸ ਨੂੰ ਹਿੰਡੋਲ ਦਾ ਪੁਤ੍ਰ ਦਸਿਆ ਗਇਆ ਹੈ।

ਇਸ ਰਾਗ ਦਾ ਗਾਇਨ ਬਸੰਤ ਪੰਚਮੀ ਵਾਲੇ ਦਿੰਨ, ਪਹਿਲੇ ਪਹਿਰ ਹੀ ਕੀਤਾ ਜਾਂਦਾ ਹੈ। ਇਸਦਾ ਗਾਇਨ ਕਰਨ ਨਾਲ ਮਨ ਵਿੱਚ ਖੁਸ਼ੀ ਅਤੇ ਹੁਲਾਸ +ਪੈਦਾ ਹੁੰਦਾ ਹੈ।

ਗੁਰੂ ਸਾਹਿਬ ਨੇਂ ਇਸ ਰਾਗ ਵਿੱਚ ' ਏਕੋ ਹਰਿ ਰਵਿਆ ਸਰਬ ਥਾਈ' ਦਾ ਉਦੇਸ਼ ਦਿੱਤਾ ਹੈ। ਅਸ਼ਟਪਦੀ ਵਿੱਚ ਆਪ ਜੀ ਨੇਂ ਜਿਸ ਸਰੀਰ ਵਿੱਚ ਭਾਵ ਮਨ ਵਿੱਚ ਪ੍ਰਭੂ ਨਹੀਂ ਵਸਿਆ, ਨੂੰ ਮਿਰਤਕ ਕਹਿਕੇ ਪੁਕਾਰਿਆ ਹੈ।

ਭੈਰਉ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ਕੇਵਲ ੭ ਚਉਪਦੇ ਹੀ ਲਿਖੇ ਹਨ। ਰਾਗ ਮਾਲਾ ਵਿੱਚ ਇਸ ਰਾਗ ਨੂੰ ਪ੍ਰਥਮ ਸਥਾਨ ਦਿੱਤਾ ਗਇਆ ਹੈ।

ਇਸ ਰਾਗ ਦੇ ਗਾਇਨ ਦਾ ਸਮਾਂ ਸਵੇਰੇ ਭਾਵ ਪ੍ਰਾਤਾਕਾਲ ਹੈ। ਅਤੇ ਇਹ ਵਿਚਾਰ ਕੀਤੀ ਜਾਂਦੀ ਹੈ ਕਿ ਇਸ ਤੋਂ ਖੁਸ਼ੀ ਪਰਗਟ ਹੁੰਦੀ ਹੈ।

ਗੁਰੂ ਸਾਹਿਬ ਨੇਂ ਇਹਨਾਂ ਪਦਿਆਂ ਵਿੱਚ ਉਸੇ ਨੂੰ ਸਫਲ ਦਸਿਆ ਹੈ ਜਿਹੜਾ ਜਨ ਅਤੇ ਘਰ ਉਸ ਪ੍ਰਭੂ ਦਾ ਗਾਇਨ ਕਰਦਾ ਹੈ।

" ਧੰਨੁ ਸੁ ਵੰਸੁ ਧੰਨੁ ਸੋ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ।"

ਸਾਰੰਗ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੭ ਦੁਪਦੇ, ੪ ਚਉਪਦੇ , ੨ ਪੰਚਪਦੇ ੨ ਅਸ਼ਟਪਦੀਆਂ, ਇੱਕ ਵਾਰ ਦੇ ੩ ਸਲੋਕ, ੩ ਮਹਲੇ ਅਤੇ ੩੫ ਪਉੜੀਆਂ ਲਿਖੀਆਂ ਹਨ , ਜਿਨ੍ਹਾਂ ਦਾ ਸਾਰਾ ਜੋੜ ੫੬ ਬਣਦਾ ਹੈ।

ਰਾਗ ਮਾਲਾ ਅਤੇ ਰਾਗ ਦੀਪਕਾ ਵਿੱਚ ਇਸ ਨੂੰ ਸ੍ਰੀ ਰਾਗ ਦਾ ਪੁਤ੍ਰ ਦਸਿਆ ਗਇਆ ਹੈ। ਰਾਧਾ ਗੋਬਿੰਦ ਸੰਗੀਤ ਸਾਰ, ਸੁਰਤਾਲ ਸੰਮੂਹ ਅਤੇ ਬੁਧ ਪ੍ਰਕਾਸ਼ ਦਰਪਣ ਵਿੱਚ ਇਸ ਨੂੰ ਮੇਘ ਰਾਗ ਦਾ ਪੁਤਰ ਵੀ ਆਖਿਆ ਗਇਆ ਹੈ। ਅਤੇ ਨਾਦ ਬਿਨੋਦ ਵਿੱਚ ਇਸ ਨੂੰ ਮੇਘ ਰਾਗ ਦੀ ਰਾਗਣੀ ਵੀ ਦਸਿਆ ਗਇਆ ਹੈ।

ਇਸ ਰਾਗ ਨੂੰ ਬਰਖਾ ਰੁਤ ਵਿੱਚ ਦੁਪਹਿਰ ਸਮੇਂ ਗਾਉਣ ਲਈ ਆਖਿਆ ਗਇਆ ਅਤੇ ਵਿਚਾਰ ਕੀਤੀ ਗਈ ਹੈ ਕਿ ਇਸ ਦੇ ਗਾਇਨ ਨਾਲ ਖੁਸ਼ੀ ਪੈਦਾ ਹੁੰਦੀ

ਹੈ।

ਗੁਰੂ ਸਾਹਿਬ ਨੇਂ ਇਹਨਾਂ ਹੀ ਭਾਵਾਂ ਦੁਆਰਾ ਪ੍ਰਭੂ ਦਾ ਗਾਇਨ ਕਰਨ ਲਈ ਪ੍ਰੇਰਿਆ ਹੈ। ਕਿਉਂਕਿ ਉਸ ਦੇ ਗਾਇਨ ਨਾਲ ਸੁਖ ਅਤੇ ਸ਼ਾਂਤੀ ਮਿਲਦੀ ਹੈ। ' ਸਭ ਦੂਖਨ ਕੋ ਹੰਤਾ ਸਭ ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਉ' ਦੀ ਵਿਚਾਰਧਾਰਾ ਮਿਲਦੀ ਹੈ। ਜਦੋਂ ਇਸ ਗਾਇਨ ਦੁਆਰਾ ਅਜਿਹੇ ਪੁਰਖ ਨੂੰ ਧਿਆਇਆ ਜਾਂਦਾ ਹੈ ਤਾਂ ਮਨ ਆਪਣੇ ਵਸ ਆ ਜਾਂਦਾ ਹੈ। ਜਦੋਂ ਮਨ ਵਸ ਹੋ ਗਇਆ ਤਾਂ ਮਨੁੱਖ ਵਿੱਚੋਂ ਸਭ ਬੁਰਾਈਆਂ ਦੂਰ ਹੋ ਜਾਂਦੀਆਂ ਹਨ ਅਤੇ ਉਸ ਦੇ ਅੰਦਰ ਕੇਵਲ ਨਾਮ ਦਾ ਹੀ ਪਰਵੇਸ਼ ਹੁੰਦਾ ਹੈ।

ਮਲਾਰ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੬ ਚਉਪਦੇ, ੧ ਪੰਚਪਦਾ, ਪੜਤਾਲ ਹੇਠ ੧ ਦੁਪਦਾ ਅਤੇ ੧ ਚਉਪਦਾ ਰਚੇ ਹਨ। ਇਨ੍ਹਾਂ ਦੀ ਸਾਰੀ ਗਿਣਤੀ ੯ ਬਣਦੀ ਹੈ।

ਰਾਗ ਮਾਲਾ ਵਿੱਚ ਇਸ ਨੂੰ ਮੇਘ ਰਾਗ ਦੀ ਰਾਗਣੀ ਦਸਿਆ ਗਇਆ ਹੈ। ਸੁਰ ਤਾਲ ਸੰਮੁਹ ਵਿੱਚ ਇਸ ਦੇ ਗਾਇਨ ਦਾ ਸਮਾਂ ਖਾਸ ਕਰਕੇ ਅੱਧੀ ਰਾਤ, ਉਂਜ ਭਾਵੇਂ ਕੋਈ ਵੀ ਹੋਵੇ ਦਸਿਆ ਗਇਆ ਹੈ।ਅਤੇ ਮੌਸਮ ਬਰਖਾ ਦਾ ਹੈ।

ਗੁਰੂ ਸਾਹਿਬ ਨੇਂ ਇਸ ਰਾਗ ਵਿੱਚ ਸਾਧੂ ਦੀ ਮਹਾਨਤਾ ਦਰਸਾਈ ਹੈ। ' ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ' ਵਰਗਾ ਵਿਸ਼ਾ ਲਇਆ ਹੈ।

ਕਾਨੜਾ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੬ ਚਉਪਦੇ( ਛਕਾ), ਪੜਤਾਲ ਹੇਠ ੬ ਦੁਪਦੇ ( ਛਕਾ), ੬ ਅਸ਼ਟਪਦੀਆਂ, ਇੱਕ ਵਾਰ ਹੇਠ ੧੫ ਸਲੋਕ, ੧੫ ਮਹਲੇ ਅਤੇ ੧੫ ਪਉੜੀਆਂ ਰਚੀਆਂ ਹਨ । ਇਨ੍ਹਾਂ ਦਾ ਸਾਰਾ ਜੋੜ ੬੩ ਬਣਦਾ ਹੈ।

ਰਾਗ ਮਾਲਾ ਵਿੱਚ ਇਸ ਰਾਗ ਨੂੰ ਦੀਪਕ ਦਾ ਪੁਤ੍ਰ ਆਖਿਆ ਗਇਆ ਹੈ

ਭਾਵੇਂ ਰਾਧਾ ਗੋਬਿੰਦ ਸੰਗੀਤ ਸਾਰ ਵਿੱਚ ਇਸ ਨੂੰ ਮੇਘ ਰਾਗ ਦਾ ਪੁਤ੍ਰ ਦਸਿਆ ਗਇਆ ਹੈ। ਇਸ ਨੂੰ ਰਾਤ ਦੇ ਪਹਿਲੇ ਪਹਿਰ ਤੋਂ ਅੱਧੀ ਰਾਤ ਤੱਕ ਗਾਉਣ ਦੀ ਸੂਚਨਾ ਮਿਲਦੀ ਹੈ।

ਗੁਰ ਸਾਹਿਬ ਨੇਂ ਇਸ ਰਾਗ ਦੇ ਪਦਿਆਂ ਵਿੱਚ ਸੰਤਾਂ ਦੀ ਮਹਾਨਤਾ ਦਰਸਾਈ ਹੈ। " ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾ ਮਲੁ ਲਹੀਆ।" ਅਸ੍ਟਪਦੀਆਂ ਅਤੇ ਵਾਰ ਵਿੱਚ ਨਾਮ ਅਤੇ ਗੁਰੂ ਦੀ ਮਹਿਮਾਂ ਦਾ ਗਾਇਨ ਕੀਤਾ ਗਇਆ ਹੈ। ਗੁਰੂ ਨੂੰ ਤਾਂ ਭਗਤੀ ਦਾ ਉਛਲਦਾ ਸਰੋਵਰ ਦਸਿਆ ਗਇਆ ਹੈ ਜਿਵੇਂ ਕਿ

"ਭਗਤਿ ਸਰੋਵਰ ਉਛਲੈ ਸੁਭਰ ਭਰੇ ਵਹੰਨਿ" ਹੈ।

## ਕਲਿਆਨ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੧ ਦੁਪਦਾ, ੬ ਤਿਪਦੇ(ਛਕਾ) ਅਤੇ ੬ ਅਸ੍ਟਪਦੀਆਂ ( ਛਕਾ) ਰਚੇ ਹਨ ਜਿਨ੍ਹਾਂ ਦੀ ਗਿਣਤੀ ੧੩ ਹੈ।

ਰਾਗ ਮਾਲਾ ਵਿੱਚ ਇਸ ਨੂੰ ਦੀਪਕ ਰਾਗ ਦਾ ਪੁਤ੍ਰ ਆਖਿਆ ਗਇਆ ਹੈ ਜਿਥੇ ਕਿ ਸੁਰ ਤਾਲ ਸੰਮੂਹ ਵਿੱਚ ਮੇਘ ਰਾਗ ਦਾ ਪੁਤ੍ਰ ਦਸਿਆ ਗਇਆ ਹੈ। ਰਾਗ ਸ਼ਾਸਤਰਾਂ ਵਿੱਚ ਇਸਦੇ ਅਨੇਕ ਪ੍ਰਕਾਰ ਦੇ ਭੇਦ ਦਸੇ ਜਾਂਦੇ ਹਨ। ਬੁਧ ਪ੍ਰਕਾਸ਼ ਦਰਪਣ ਅਤੇ ਪਾਸਟਿਕ ਮਤ ਅਨੁਸਾਰ ਇਸ ਰਾਗ ਨੂੰ ਸ੍ਰੀ ਰਾਗ ਦਾ ਪੁਤ੍ਰ ਮੰਨਿਆ ਗਇਆ ਹੈ।

ਇਸ ਰਾਗ ਨੂੰ ਰਾਤ ਦੇ ਪਹਿਲੇ ਪਹਿਰ ਤੋਂ ਲੈਕ ਅੱਧੀ ਰਾਤ ਤੱਕ ਗਾਇਆ ਜਾਣਾ ਉਚਿਤ ਹੈ। ਇਸਦਾ ਮੌਸਮ ਬਰਖਾ ਰੁਤ ਦਾ ਹੈ ਅਤੇ ਖਿਆਲ ਕੀਤਾ ਜਾਂਦਾ ਹੈ ਕਿ ਇਸ ਦੇ ਗਾਇਨ ਨਾਲ ਖ਼ੁਸ਼ੀ ਪੈਦਾ ਹੁੰਦੀ ਹੈ।

ਗੁਰ ਸਾਹਿਬ ਨੇਂ ਇਸ ਰਾਗ ਦੇ ਪਦਿਆਂ ਵਿੱਚ ਨਾਮ ਕੀ ਹੈ? ਵਰਗੇ ਕਠਿਨ ਪ੍ਰਸ਼ਨ ਦਾ ਉਤਰ ਦਿੱਤਾ ਹੈ। ਅਤੇ ਅਸ੍ਟਪਦੀਆਂ ਵਿੱਚ ਨਾਮ ਦੀ ਪ੍ਰਾਪਤੀ ਦੇ ਸਾਧਨ ਦਰਸ਼ਾਏ ਹਨ। ਜਿਵੇਂ ਕਿ "ਰਾਮਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢ ਲਈਜੈ"।

## ਪ੍ਰਭਾਤੀ ਰਾਗ ਦੀ ਬਾਣੀ।

ਇਸ ਰਾਗ ਵਿੱਚ ਆਪ ਜੀ ਨੇਂ ੬ ਚਉਪਦੇ( ਛਕਾ) ਅਤੇ ਪੜਤਾਲ ਹੇਠ

੧ ਦੁਪਦਾ ਰਚਿਆ ਹੈ ਜਿਨ੍ਹਾਂ ਦਾ ਸਾਰਾ ਜੋੜ ੭ ਬਣਦਾ ਹੈ।

ਪ੍ਰਾਚੀਨ ਰਾਗ ਸ਼ਾਸਤਰਾਂ ਅਤੇ ਰਾਗਮਾਲਾ ਵਿੱਚ ਇਸ ਰਾਗ ਦਾ ਕੋਈ ਜ਼ਿਕਰ ਨਹੀਂ ਮਿਲਦਾ। ਗੁਰੂ ਸਾਹਿਬ ਨੇਂ ਕਿਤੇ ਕਿਤੇ ਇਸ ਰਾਗ ਨੂੰ 'ਪ੍ਰਭਾਤੀ ਵਿਭਾਸ' ਕਰਕੇ ਲਿਖਿਆ ਹੈ। ਸੁਰ ਤਾਲ ਸੰਮੂਹ ਵਿੱਚ ਇਸ ਰਾਗ ਨੂੰ ਹਿੰਡੋਲ ਦਾ ਪੁਤ੍ਰ ਦਸਿਆ ਗਇਆ ਹੈ।

ਇਸ ਰਾਗ ਨੂੰ ਰਾਤ ਦੇ ਚੌਥੇ ਪਹਿਰ ਵਿੱਚ ਗਾਂਵਿਆ ਜਾਂਦਾ ਹੈ। ਮੌਸਮ ਬਸੰਤ ਵਿੱਚ ਗਾਉਣ ਨਾਲ ਇਸ ਤੋਂ ਖੁਸ਼ੀ ਉਤਪਨ ਹੁੰਦੀ ਹੈ।

ਗੁਰੂ ਸਾਹਿਬ ਨੇਂ ਇਸ ਰਾਗ ਵਿੱਚ ਨਾਮ ਭਗਤੀ ਦੀ ਮਹਿਮਾਂ ਦਾ ਗਾਇਨ ਕੀਤਾ ਹੈ। ਅਤੇ ਇਹ ਵੀ ਦਸਿਆ ਹੈ ਕਿ ਇਹ ਨਾਮ ਭਗਤੀ ਗੁਰ ਭਗਤੀ ਵਿਚੋਂ ਹੀ ਪ੍ਰਾਪਤੀ ਹੁੰਦੀ ਹੈ।

ਰਾਗਾਂ ਤੋਂ ਬਾਹਰਲੀ ਬਾਣੀ।

ਰਾਗਾਂ ਦੀ ਇਸ ਲੜੀ ਤੋਂ ਬਾਹਰ ਗੁਰੂ ਸਾਹਿਬ ਨੇਂ ਹੇਠ ਲਿਖੇ ਪ੍ਰਕਰਣ ਵਿੱਚ ਰਚਨਾਂ ਕੀਤੀ ਹੈ।

ND

| | |
|---|---|
| ਸੋਦਰ ਦੇ ਸ਼ਬਦ | ੧ |
| ਸੋ ਪੁਰਖ ਦੇ ਸ਼ਬਦ | ੨ |
| ਸੋਹਲੇ ਦੇ ਸ਼ਬਦ | ੧ |
| ਜੋੜ = | ੪ |

ਰਾਗਾਂ ਤੋਂ ਬਾਹਰ ਆਪ ਜੀ ਦੇ ਕੇਵਲ ੪ ਸ਼ਬਦ ਹੀ ਮਿਲਦੇ ਹਨ।
ਰਾਗਾਂ ਦੀ ਅਨੁਕ੍ਰਮ [illegible]।

## ਵਾਰ

ਆਪ ਜੀ ਦੀ ਕਾਵਿ ਕਲਾ ਦਾ ਦੂਜਾ ਮਹੱਤਵ ਪੂਰਨ ਨਮੂਨਾ ਇਹ ਵਾਰਾਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸਾਰੀਆਂ ੨੨ ਵਾਰਾਂ ਲਿਖੀਆਂ ਗਈਆਂ ਹਨ। ਇਹਨਾਂ ਵਿੱਚੋਂ ਸਭ ਤੋਂ ਵੱਧ ੮ ਵਾਰਾਂ ਗੁਰੂ ਰਾਮਦਾਸ ਸਾਹਿਬ ਜੀ ਨੇਂ ਲਿਖੀਆਂ ਹਨ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਸਾਹਿਬ ਵਾਂਗ ਆਪ ਜੀ ਨੇਂ ਵੀ ਵਾਰਾਂ ਦੇ ਬੀਰ ਕਾਵਿ ਨੂੰ ਅਧਿਆਤਮਕ ਪ੍ਰਚਾਰ ਲਈ ਵਰਤਿਆ ਹੈ। ਆਪ ਜੀ ਨੇਂ ਵਾਰ ਦੀ ਬੀਰ ਰਸੀ ਪ੍ਰੰਪਰਾ ( ਜੋਤ ਅ ਤੇ ਸਰੂਪ) ਨੂੰ ਕਾਇਮ ਰਖਦਿਆਂ ਹੋਇਆਂ ਇੱਸ ਵਿੱਚ ਅਧਿਆਤਮਵਾਦੀ ਆਧਾਰ ਉਤੇ ਨੇਕੀ ਅਤੇ ਬਦੀ ਦਾ ਟਾਕਰਾ ਕੀਤਾ। ਨੇਕੀ ਨੂੰ ਜਿਤਦਾ ਅਤੇ ਬਦੀ ਨੂੰ ਹਾਰਦਾ ਹੋਇਆ ਦਰਸਾ ਕੇ ਲੋਕਾਂ ਦੇ ਨੇਕੀ, ਧਰਮ ਅਤੇ ਭਗਤੀ ਵਲ

ਭਾਵ ਦ੍ਰਿੜ ਕਰਵਾਏ।

ਗੁਰੂ ਸਾਹਿਬ ਦੇ ਸਬੰਧ ਵਿੱਚ ਵਾਰਾਂ ਦੀ ਬਣਤਰ ਅਤੇ ਵਿਕਾਸ਼ ਬਾਰੇ ਡਾ: ਸੁਰਿੰਦਰ ਸਿੰਘ ਕੋਹਲੀ ਨੇਂ ਆਪਣੇ ਥੀਸਿਸ ਵਿੱਚ ਖੁਲੀ ਚਰਚਾ ਕੀਤੀ ਹੈ ਜਿਸ ਨੂੰ ਮੁੜ ਦੁਹਰਾਣਾ ਠੀਕ ਨਹੀਂ ਲਗਦਾ। ਇਥੇ ਕੇਵਲ ਨਾਂ ਮਾਤਰ ਹੀ ਜਾਣਕਾਰੀ ਦਿੱਤੀ ਜਾਂਦੀ ਹੈ।

| ਵਾਰ ਦਾ ਨਾਂ ਅਤੇ ਨੰ: | ਪਉੜੀ ਦੀਆਂ ਤੁਕਾਂ ਦਾ ਵਜ਼ਨ |
|---|---|
| ੧. ਸ੍ਰੀ ਰਾਗ ਕੀ ਵਾਰ। | ੧੫+੧੦ ਮਾਤਰਾ ਹੈ। |
| ੨. ਗਉੜੀ ਕੀ ਵਾਰ। | ੧੫+੧੦, ੧੪+੧੦, ੧੩+੧੦ ਮਾਤਰਾ ਹੈ। |
| ੩. ਬਿਹਾਗੜੇ ਕੀ ਵਾਰ। | ੧੩+੧੧, ੧੩+੯, ੧੩+੧੦ ਮਾਤਰਾ ਹੈ। |
| ੪. ਵਡਹੰਸ ਕੀ ਵਾਰ। | ੧੬+੧੦, ੧੫+੧੪, ੧੫+੧੦ ਮਾਤਰਾ ਹੈ। |
| ੫. ਸੋਰਠਿ ਕੀ ਵਾਰ। | ੧੩+੯, ੧੩+੧੧, ੧੬+੧੨ ਮਾਤਰਾ ਹੈ। |
| ੬. ਬਿਲਾਵਲ ਕੀ ਵਾਰ। | ੧੪+੯, ੧੪+੧੦, ੧੪+੧੨ ਮਾਤਰਾ ਹੈ। |
| ੭. ਸਾਰਗ ਕੀ ਵਾਰ। | ੧੩+੧੦, ੧੩+੧੧, ੧੩+੯ ਮਾਤਰਾ ਹੈ। |
| ੮. ਕਾਨੜੇ ਕੀ ਵਾਰ। | ੧੬+੧੫, ੧੬+੧੪, ੧੬+੧੩ ਮਾਤਰਾ ਹੈ। |

ਇਹਨਾਂ ੮ ਵਾਰਾਂ ਵਿੱਚ ਗੁਰੂ ਸਾਹਿਬ ਨੇਂ ਵਜ਼ਨ ਦੀ ਥਾਂ ਰਾਗ, ਲੈ ਤੇ ਭਾਵ ਵਲ ਵਧੇਰੇ ਜ਼ੋਰ ਦਿੱਤਾ ਹੈ।

ਸੋ ਇਹ ਸਿਧ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਇੱਕ ਵਿਲੱਖਣ ਕਾਵਿਕ ਪ੍ਰਤਿਭਾ ਦੇ ਮਾਲਕ ਸਨ ਅਤੇ ਉਨ੍ਹਾਂ ਆਪਣੀ ਕਾਵਿਕ ਕਲਾ ਦੇ ਵੱਖੋ ਵੱਖਰੇ ਨਮੂਨੇ ਪੇਸ਼ ਕੀਤੇ ਹਨ। ਹਰ ਨਮੂਨਾਂ ਆਪਣੇ ਆਪ ਵਿੱਚ ਇੱਕ ਇੱਕਾਈ ਹੈ।

## ੫. ਬੋਲੀ ਅਤੇ ਸ਼ੈਲੀ। (Style & Language and its aspects)

ਕਵਿਤਾ ਦੇ ਖੇਤਰ ਵਿੱਚ ਬੋਲੀ ਅਤੇ ਸ਼ੈਲੀ ਦਾ ਧਰਤੀ ਅਤੇ ਬੀਜ ਵਾਲਾ ਸਬੰਧ ਹੋਇਆ ਕਰਦਾ ਹੈ। ਚੰਗੇ ਫਲ ਦੀ ਓਦੋਂ ਹੀ ਆਸ ਕੀਤੀ ਜਾ ਸਕਦੀ ਹੈ ਜਦੋਂ ਕਿ ਧਰਤੀ ਅ ਤੇ ਬੀਜ ਦੋਵੇਂ ਹੀ ਚੰਗੀ ਭਾਂਤ ਦੇ ਹੋਣ। ਇੱਕਲਾ ਚੰਗਾ ਬੀਜ ਜਾਂ ਇੱਕਲੀ ਚੰਗੀ ਧਰਤੀ, ਚੰਗੇ ਫਲ ਦੀ ਦਾਹਵੇਦਾਰ ਨਹੀਂ ਹੋ ਸਕਦੀ।

ਗੁਰੂ ਸਾਹਿਬ ਦੀ ਬਾਣੀ ਵਿੱਚ ਭਾਵ ਅਤੇ ਵਸਤੂ ਤਾਂ ਪਹਿਲੇ ਪਿਤਾ

ਪਰਖੀ ਗੁਰੂਆਂ ਵਾਲੇ ਹੀ ਹਨ ਪਰ ਆਪ ਜੀ ਕਵਿਤਾ ਵਿੱਚ ਵਰਤੀ ਗਈ ਬੋਲੀ ਅਤੇ ਸ਼ੈਲੀ ਉਨ੍ਹਾਂ ਦੀ ਆਪਣੀ ਅਤੇ ਨਿਜੀ ਹੈ।

ਆਪ ਜੀ ਦੀ ਬੋਲੀ ਦੀ ਵਡੀ ਵਿਸ਼ੇਸ਼ਤਾਈ ਇਹ ਕਿ ਸ਼ਬਦਾਂ ਨੂੰ ਅਨਗਿਣਤ ਵਾਰੀ ਦੁਹਰਾਇਆ ਗਇਆ ਹੈ। ਪਰ ਇਹ ਸ਼ਬਦਾਂ ਦੀ ਦੁਹਰਾਈ ਨ ਤਾਂ ਭਾਰੀ ਲਗਦੀ ਹੈ ਅਤੇ ਨਹੀ ਭਾਵ ਦੀ ਉਜਾਗਰਤਾ ਵਿੱਚ ਕੋਈ ਤਰੁਟੀ ਲਿਆਉਂਦੀ ਹੈ। ਸਗੋਂ ਦੁਹਰਾਇਆ ਹੋਇਆ ਸ਼ਬਦ ਹਰ ਵਾਰ ਨਵੇਂ ਅਰਥਾਂ ਨਾਲ ਪ੍ਰਵੇਸ਼ ਕਰਦਾ ਹੈ।

ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ॥

ਸ੍ਰੀ ਰਾਗ ਕੀ ਵਾਰ ਮ:੪
(ਪੰਨਾਂ ੮੫) ਆਦਿ ਗ੍ਰੰਥ

ਇਸ ਤੋਂ ਵੱਧ ਇੱਕੋ ਸ਼ਬਦ ਦਾ ਇੱਕੋ ਸਾਹ ੫ ਵਾਰ ਉਚਾਰਣ ਵੇਖੋ।

ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮ
ਲੈ ਲਾਹਾ ਹੀਰ ਮਨਿ ਹਸੀਐ॥

ਗਉੜੀ ਪੂਰਬੀ ਮ:੪

ਅਤੇ ੨ ਵਾਰੀ ਇਜੇ ਵਰਤਿਆ ਹੈ:- (ਪੰਨਾਂ ੧੭੦) ਆਦਿ ਗ੍ਰੰਥ

ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ॥

ਸੋਰਠਿ ਮ: ੪
(ਪੰਨਾਂ ੬੦੫) ਆਦਿ ਗ੍ਰੰਥ

ਇੱਕੋ ਹੀ ਸ਼ਬਦ ਨੂੰ ਅਨੇਕਤਾ ਦੇ ਪ੍ਰਭਾਵ ਉਜਾਗਰ ਕਰਨ ਲਈ ਵੀ ਵਾਰ ਵਾਰ ਵਰਤਿਆ ਗਇਆ ਹੈ।

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ
ਹਰਿ ਅਨਿਕ ਅਨੇਕ ਅਨੰਤਾ॥

ਜਾਂ

ਤੂੰ ਪਾਰਬ੍ਰਹਮੁ ਬੇਅੰਤ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ॥

ਆਸਾ ਮਹਲਾ ੪

(ਪੰਨਾਂ ੧੧) ਆਦਿ ਗ੍ਰੰਥ

ਇਹੋ ਜਹੇ ਅਨਕੇ ਦੁਹਰਾਏ ਹੋਏ ਸ਼ਬਦ ਕਈ ਵਾਰੀ ਮੁਹਾਵਰਿਆਂ ਦਾ ਰੂਪ ਵੀ ਧਾਰਨ ਕਰ ਗਏ ਜਾਪਦੇ ਹਨ। ਜਿਵੇਂ ਕਿ ਰਾਮੋ ਰਾਮੁ, ਰਸਨ ਰਸਾਈ ਆਦਿਕ।

ਗੁਰ ਸਾਹਿਬ ਦੀ ਸਮੁੱਚੀ ਕਵਿਤਾ ਵਿੱਚ 'ੜ' ਦੀ ਖੁਲੀ ਵਰਤੋਂ ਕੀਤੀ ਗਈ ਹੈ। ਇਸ ਦੀ ਵਰਤੋਂ ਖਾਸ ਕਰਕੇ ਪਿਆਰ, ਅਪਣਤ ਅਤੇ ਸੁੰਦਰਤਾ ਦੇ ਪ੍ਰਗਟਾਵੇ ਲਈ ਕੀਤੀ ਜਾਂਦੀ ਹੈ। ਜਿਵੇਂ ਕਿ ਰਤਿਅੜੇ, ਬਾਝੜਿਅਹੁ, ਵਿਟੜਿਅਹੁ, ਚਿੰਦਿਅੜਾ, ਤੁਠੜਾ ਅਤੇ ਦਾਤੜੇ ਆਦਿਕ। ਸੋ ਆਪ ਜੀ ਨੇਂ 'ੜ' 'ਟ' 'ਡ' ਅਤੇ 'ਰ' ਆਦਿ ਦੀ ਵਰਤੋਂ ਓਹਨਾਂ ਦੇ ਆਪਣੇ ਥਾਂ ਬਦਲਾ ਕੇ ਕੀਤੀ ਹੈ।

ਪੰਜਾਬੀ ਕ੍ਰਿਆਵਾਂ ਵੀ ਆਪ ਜੀ ਨੇਂ ਅਨੋਖੇ ਢੰਗ ਨਾਲ ਸਾਜੀਆਂ ਹਨ। ਜਿਵੇਂ ਕਿ

| | |
|---|---|
| ਮਨੇਸਹਿ | ਮੰਨਦੇ ਹਨ। |
| ਪਰਾਖਾ | ਪਰਖਿਆ। |
| ਮਥਾਹਾ | ਮਥਦਾ ਹੈ। |
| ਲਈਜੈ | ਲਈ ਦਾ ਹੈ। ਇਤਿ ਆਦਿਕ। |

ਆਪ ਜੀ ਨੇਂ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਵੀ ਗ੍ਰਹਿਣ ਕੀਤੇ ਹਨ। ਇਥੇ ਇਹ ਨਹੀਂ ਆਖਿਆ ਜਾ ਸਕਦਾ ਕਿ ਗੁਰੂ ਸਾਹਿਬ ਨੇਂ ਇਹ ਸ਼ਬਦ ਉਧਾਰੇ ਲਏ ਸਨ। ਸਗੋਂ ਇਹ ਉਹ ਸ਼ਬਦ ਹਨ ਜਿਹੜੇ ਕਿ ਉਸ ਸਮੇਂ ਦੀ ਪੰਜਾਬੀ ਵਿੱਚ ਸਮਾ ਚੁਕੇ ਸ-ਨ। ਸ਼ਬਦਾਂ ਦੇ ਇਸ ਵਡੇ ਘੇਰੇ ਵਿੱਚ ਸਾਨੂੰ ਫ਼ਾਰਸੀ, ਅਰਬੀ, ਸੰਸਕ੍ਰਿਤ, ਲਹਿੰਦੀ, ਸਿੰਧੀ ਅਤੇ ਮੁਲਤਾਨੀ ਦੇ ਸ਼ਬਦ ਮਿਲਦੇ ਹਨ।

ਫ਼ਾਰਸੀ ਦੇ ਸ਼ਬਦ।

ਖੁਆਰੀ, ਨਾਪਾਕ, ਰਿਜ਼ਕ, ਖਾਕ, ਦਰ, ਸਾਖਤੀ, ਲਾਲਾ, ਦਿਵਾਨਾ, ਦੂ-ਲਾਲਾ ਤੋਂ ਚਲਲਾ, ਜ਼ੁਹਦ ਤੋਂ ਜੋਦੜੀ, ਜੰਦਾਲ ਤੋਂ ਜੰਦਾਰ, ਪੋਤਹ ਤੋਂ ਪੋਤੈ ਅਤੇ ਪੋਤਹਦਾਰ ਤੋਂ ਪੋਤੈਦਾਰ ਆਦਿਕ ਹਨ।

ਅਰਬੀ ਦੇ ਸ਼ਬਦ।

ਸਰਾਫ਼, ਨਫ਼ੂਰ, ਅਕਲ, ਗਰਜ਼, ਜਹਾਜ਼, ਤਪਾਵਸ ਤੋਂ ਤਫਾਹਸ ਅਤੇ ਮਸਲਹਤ ਤੋਂ ਮਸਲਤਿ ਆਦਕ।

ਸੰਸਕ੍ਰਿਤ ਦੇ ਸ਼ਬਦ।

ਸਲਿਲ, ਮਨੋਰਥ, ਨਿਰੰਤਰ, ਆਸਾ, ਗੋਪਾਲ, ਕੁਲ, ਕਮਲ, ਨੈਨ,

ਮੋਹ, ਲੋਭ , ਕੰਠ ਅਤੇ ਤਰਵਰ ਆਦਿਕ।

ਲਹਿੰਦੀ ਦੇ ਸ਼ਬਦ।

ਕੀਤੋ, ਗਾਲੀ, ਬਿਆ, ਪੇਈਅੜੇ, ਮੁੰਧ, ਪਿਰੀਆ, ਮਿੰਡਾ ਆਦਿਕ।

ਸਿੰਧੀ ਦੇ ਸ਼ਬਦ।

ਚਉਦਾ, ਧਣੀ, ਚਵਾ, ਭਿਤਿ ਆਦਿਕ।,

ਮੁਲਤਾਨੀ ਸ਼ਬਦ।

'ਡੇਹ' ਇਸਦੇ ਬਹੁਤੇ ਸ਼ਬਦ ਸਿੰਧੀ ਨਾਲ ਜਾ ਰਲੇ ਹਨ।

ਗੁਰੂ ਸਾਹਿਬ ਨੇਂ ਸਮਾਜਕ, ਅਤੇ ਵਿਵਹਾਰਕ ਸ਼ਬਦ, ਰਾਜਨੀਤਕ, ਪਰੀਵਾਰਕ ਅਤੇ ਮਨੋ ਵਿਗਿਆਨਕ ਸ਼ਬਦ ਵੀ ਪੂਰਨ ਸਫ਼ਲਤਾ ਨਾਲ ਵਰਤੇ ਹੋਨ। ਜਿਵੇਂ ਕਿ

ਸਮਾਜਕ ਅਤੇ ਵਿਵਹਾਰਕ ਸ਼ਬਦ।

ਘੋੜਾ, ਸਉਦਾ, ਕ੍ਰਿਸਾਣੀ, ਸਉਦਾਗਰ, ਅਤੇ ਵਣਜਾਰਾ ਆਦਿਕ।

ਰਾਜਨੀਤਕ ਸ਼ਬਦ।

ਚਉਧਰੀ, ਸਿਕਦਾਰ, ਨੀਸਾਨ, ਫੁਰਮਾਨ ਅਤੇ ਪਾਤਸ਼ਾਹ ਆਦਿਕ।

ਪਰੀਵਾਰਕ ਸ਼ਬਦ।

ਬਾਬਲ, ਜੰਞ, ਪੇਵਕੜੇ, ਸਾਹੁਰੜੇ, ਪਿਤਾ, ਸੋਹਾਗਣੀ ਅਤੇ ਦਾਜ ਆਦਿਕ।

ਮਨੋ ਵਿਗਿਆਨਕ ਸ਼ਬਦ।

ਬੁਧ, ਸੁਧ, ਕਾਮ, ਕਰੋਧ, ਭਰਮ, ਸੁਰਤੀ, ਅਤੇ ਪ੍ਰਤੀਤੀ ਆਦਿਕ।

ਆਪ ਜੀ ਦੀ ਬਾਣੀ ਵਿੱਚ ਕਾਵਿ ਮਈ ਸੰਧੀ ਪ੍ਰਯੋਗ ਵੀ ਮਿਲਦੇ ਹਨ। ਜਿਵੇਂ ਕਿਃ- ਸਲਲੈ ਸਲਲ, ਰੰਗੋਲਾ ਲਾਲਾ, ਬੁਲਗ ਬੁਲਾਗੀ , ਬਲਿ ਬਲਿਲੇ ਆਦਿਕ।

੬ ਪਿੰਗਲ

ਗੁਰੂ ਸਾਹਿਬ ਦੀ ਕਵਿਤਾ ਵਿੱਚ ਪਿੰਗਲ ਬਾਰੇ ਕੋਈ ਵਿਚਾਰ ਕਰਨ

ਦੀ ਲੋੜ ਨਹੀਂ ਭਾਸਦੀ। ਗੁਰੂ ਸਾਹਿਬ ਨੇਂ ਪਿੰਗਲ ਦੀਆਂ ਸਾਰੀਆਂ ਰਵਾਇਤਾਂ ਨੂੰ ਤੋੜ ਕੇ ਕਵਿਤਾ ਦੇ ਹਰ ਹਰਮਨ ਪਿਆਰੇ ਰੂਪ ਵਿੱਚ ਭਾਵ ਅਤੇ ਜਜ਼ਬੇ ਦੀ ਇਕਾਗਰਤਾ ਨੂੰ ਹੀ ਮੁਖ ਰੱਖਿਆ ਹੈ। ਸੋ ਇਸ ਚਾਨਣ ਵਿੱਚ ਪਿੰਗਲ ਵਿਚਾਰ ਕੋਈ ਜ਼ਰੂਰੀ ਨਹੀਂ ਭਾਸਦੀ।

2. ਲੈ (Rythem)

ਡਾ: ਸ਼ੇਰ ਸਿੰਘ ਜੀ ਅਨੁਸਾਰ ਕਵਿਤਾ ਦੇ ਕਿਸੇ ਟੋਟੇ ਵਿੱਚ ਛੰਦ ਹੋਵੇ ਜਾਂ ਨਾਂਹ ਪਰ ਉਸ ਵਿੱਚ ਜਜ਼ਬਾ, ਭਾਵ, ਕਲਪਣਾ ਅਤੇ ਲੈ ਜ਼ਰੂਰ ਹੋਵੇ। ਇਹ ਚਾਰੇ ਕਵਿਤਾ ਦੀ ਜਿੰਦ ਜਾਨ ਹਨ। ਇਹਨਾਂ ਬਿਨਾਂ ਸਾਹਿਤ ਵਿੱਚ ਕਵਿਤਾ ਅਤੇ ਵਾਰਤਕ ਦਾ ਨਿਖੇੜ ਹੀ ਨਹੀਂ ਕੀਤਾ ਜਾ ਸਕਦਾ। ਡਾ: ਸ਼ੇਰ ਸਿੰਘ ਹੋਰਾਂ ਨਾਲ ਕੀਤੀ ਇਸ ਜ਼ਬਾਨੀ ਚਰਚਾ ਨਾਲ ਅਸੀਂ ਸਹਿਮਤ ਹਾਂ।

ਸੋ ਗੁਰੂ ਸਾਹਿਬ ਦੀ ਕਵਿਤਾ ਵਿੱਚ ਜਿਥੇ ਕਵਿਤਾ ਦੇ ਬਾਕੀ ਸਾਰੇ ਤੱਤ ਮੌਜੂਦ ਹਨ ਉਥੇ ਲੈ ਇੱਕ ਪਰਧਾਨ ਅੰਗ ਹੈ। ਕਾਨੜਾ ਮਹਲਾ ੪ ਪੜਤਾਲ, ਪੰਨਾਂ ੧੨੯੬ ਆਦਿ ਗ੍ਰੰਥ ਉਤੇ ਇੱਕ ਸ਼ਬਦ ੧੩ ਮਾਤਰਾ ਤੋਂ ਸ਼ੁਰੂ ਹੁੰਦਾ ਹੈ ਪਰ ਖਤਮ ੨੫ ਮਾਤ੍ਰਾ ਉਤੇ ਹੁੰਦਾ ਹੈ। ਇਸ ਵਿੱਚ ਪਿੰਗਲ ਦੀ ਖੁਲ ਤਾਂ ਲਈ ਗਈ ਹੈ ਪਰ ਲੈ ਨੂੰ ਨਹੀਂ ਟੁਟਣ ਦਿੱਤਾ।

ਮਨ ਜਾਪਹੁ ਰਾਮ ਗੁਪਾਲ॥
ਹਰਿ ਰਤਨ ਜਵੇਹਰ ਲਾਲ॥

......

ਜਾਕੈ ਭਾਗੁ
ਤਿਨਿ ਲੀਓ ਰੀ ਸੁਹਾਗੁ।
ਹਰਿ ਹਰਿ ਹਰੇ ਹਰੇ
ਗੁਨ ਗਾਵੈ ਗੁਰਮਤਿ ਹਉ ਬਲਿ ਬਲੇ
ਹਉ ਬਲ ਬਲੇ
ਜਨ ਨਾਨਕ ਹਰਿ ਜਪਿ
ਭਈ ਨਿਹਾਲ ਨਿਹਾਲ ਨਿਹਾਲ॥

ਸੋ ਗੁਰੂ ਸਾਹਿਬ ਦੀ ਬਾਣੀ ਵਿੱਚੋਂ ਲੈ ਦਾ ਪ੍ਰਭਾਵ ਲਭਣ ਲਈ ਇਹ ਇੱਕੋ ਹੀ ਮਿਸਾਲ ਕਾਫ਼ੀ ਹੈ।

ੲ. ਸੰਗੀਤ (Music)

ਸੰਗੀਤ ਕੇਵਲ ਮਨੁੱਖ ਹੀ ਸੁਣਦਾ ਜਾਂ ਸੁਣਾਂਦਾ ਨਹੀਂ। ਮਨੁੱਖ ਨੂੰ ਘੜਨ ਵਾਲਾ ਅਤੇ ਮਨੁੱਖੀ ਮਨ ਵਿਗਸਤ ਕਰਨ ਵਾਲੀ ਕੁਦਰਤ ਵੀ ਸੰਗੀਤ ਸੁਣਦੀ ਅਤੇ ਸੁਣਾਦੀ ਹੈ। ਮਨੁੱਖ ਨੇਂ ਆਪਣੇ ਸੰਗੀਤ ਨੂੰ ਸਾਕਾਰ ਕਰਨ ਲਈ ਵੰਨ ਵੰਨਾਂ ਦੇ ਸਾਜ਼ ਬਣਾ ਲਏ ਪਰ ਕੁਦਰਤ ਦੇ ਘੇਰੇ ਵਿੱਚ ਉਸਦੇ ਸਾਜ਼ ਅਲੌਕਿਕ ਅਤੇ ਵਚਿਤ੍ਰ ਹਨ। ਸਾਨੂੰ ਭਾਵੇਂ ਇਹ ਸਾਜ਼ ਦਿਸਦੇ ਨਹੀਂ ਪਰ ਕੁਦਰਤ ਦੇ ਮਾਲਕ ਨੇਂ ਇਹ ਬੜੇ ਸੁਚੱਜੇ ਢੰਗ ਨਾਲ ਸਾਂਭੇ ਹੋਏ ਹਨ। ਹਵਾਵਾਂ ਦੀ ਤੇਜ਼ੀ ਅਤੇ ਮਧਮ ਚਾਲ ਦਾ ਵੱਖਰਾ ਸੰਗੀਤ ਹੈ, ਪਹਾੜਾਂ ਤੇ ਮੈਦਾਨਾਂ ਵਿੱਚੋਂ ਲੰਘਦੀ ਹੈ ਤਾਂ ਵੱਖਰਾ ਸੰਗੀਤ ਹੈ। ਜੇ ਬਦਲ ਹਸਦਾ ਹੈ ਤਾਂ ਵੱਖਰਾ ਸੰਗੀਤ ਅਲਾਪਦਾ ਹੈ। ਜੇ ਸਮੁੰਦਰ ਦੀਆਂ ਲਹਿਰਾਂ ਜਦੋਂ ਆਪਣੇ ਪੀਆ ਨਾਲ ਹੀ ਰਹਿਣਾ ਚਾਹੁੰਦੀਆਂ ਹਨ ਤਾਂ ਓਦੋਂ ਜੇ ਹਵਾਵਾਂ ਓਹਨਾਂ ਨੂੰ ਨਿਖੇੜਨਾ ਚਾਹੁਣ ਤਾਂ ਇੱਕ ਵੱਖਰਾ ਸੰਗੀਤ ਜਨਮ ਲੈਂਦਾ ਹੈ। ਸੋ ਇਹ ਕੁਦਰਤ ਦੇ ਸੰਗੀਤ ਦਾ ਇੱਕ ਵਿਰਾਟ ਰੂਪ ਹੈ, ਜਿਹੜਾ ਅਕੱਥ ਹੈ ਤੇ ਮਨੁੱਖੀ ਸਾਜ਼ਾਂ ਨੂੰ ਅਪਹੁੰਚ ਹੈ।

ਵਿਦਵਾਨਾਂ ਦਾ ਇਹ ਮਤ ਹੈ ਕਿ ਸਾਹਿਤਕ ਪ੍ਰਭਾਵਾਂ ਨੂੰ ਉਜਾਗਰ ਕਰਨ ਅਤੇ ਸਰੋਤੇ ਦੇ ਮਨ ਦੀਆਂ ਹੇਠਲੀਆਂ ਤਹਿਵਾਂ ਵਿੱਚ ਪੁਚਾਣ ਲਈ ਸੰਗੀਤ ਸਾਹਿਤ ਦਾ ਮਹਾਨ ਅੰਗ ਹੈ। ਗੁਰੂ ਸਾਹਿਬ ਦਾ ਸਮਾਂ ਜਿਵੇਂ ਅਸੀਂ ਪਹਿਲਾਂ ਵੀ ਕਹਿ ਚੁਕੇ ਹਾਂ, ਸੰਪਰਦਾਵਾਂ ਅਤੇ ਰਾਜਸੀ ਰੌਲਿਆਂ ਦਾ ਸਮਾਂ ਸੀ। ਇਸ ਸਮੇਂ ਭਾਵੇਂ ਵਿਦ੍ਰੋਹ ਤਾਂ ਨਹੀਂ ਹੋਏ ਪਰ ਮਾਨਸਕ ਪੱਧਰ ਉਤੇ ਸ਼ਾਂਤੀ ਲਭਿਆਂ ਨਹੀਂ ਸੀ ਲਭਦੀ। ਸੋ ਆਮ ਤੌਰ ਉਤੇ ਅਜਿਹੇ ਧਾਰਮਕ ਪ੍ਰਚਾਰਕ ਅਤੇ ਆਗੂ ਜਿਨ੍ਹਾਂ ਨੂੰ ਮਾਨਸਕ ਸ਼ਾਂਤੀ ਦੀ ਭਾਲ ਹੁੰਦੀ ਸੀ, ਸ਼ਹਿਰਾਂ ਨੂੰ ਛਡ ਕੇ ਜੰਗਲਾਂ, ਪਹਾੜਾਂ ਦੀਆਂ ਕੰਦਰਾਂ ਵਿੱਚ ਜਾ ਲੁਕਦੇ ਸਨ।

ਸੋ ਸਮਾਜਕ ਭਾਈਚਾਰੇ ਨੂੰ ਅਗਵਾਈ ਦੇਣ ਲਈ ਗੁਰੂ ਸਾਹਿਬ ਨੇਂ ਆਪਣਾ ਸਾਹਿਤ ਸੰਗੀਤ ਵਿੱਚ ਹੀ ਰੰਗਿਆ। ਕਿਉਂਕਿ ਹਰ ਭਾਵ ਨੂੰ ਆਮ ਜਨਤਾ ਵਿੱਚ ਸੰਗੀਤ

ਰਾਹੀਂ ਪੇਸ਼ ਕਰਕੇ ਉਸਦੇ ਪ੍ਰਭਾਵ ਨੂੰ ਪੱਕਾ ਕੀਤਾ ਜਾ ਸਕਦਾ ਸੀ। ਇਸ ਵਿੱਚ ਆਪ ਜੀ ਨੂੰ ਸਫ਼ਲਤਾ ਪ੍ਰਾਪਤ ਹੋਈ।

ਕਿਸੇ ਸਾਹਿਤਕ ਰਚਨਾਂ ਵਿੱਚ ਸੰਗੀਤ ਲਭਣ ਲਈ ਦੋ ਪ੍ਰਣਾਲੀਆਂ ਹਨ। ਇੱਕ ਹੈ ਕਿ ਅਸੀਂ ਉਸ ਰਚਨਾਂ ਦੇ ਸਿਰਲੇਖ ਉਤੇ ਅੰਕਤ ਰਾਗ ਨੂੰ ਮੰਨ ਲਈਏ ਅਤੇ ਦੂਜੀ ਹੈ ਸ਼ਬਦ ਰਾਹੀਂ ਉਜਾਗਰ ਕੀਤੇ ਹੋਏ ਭਾਵਾਂ ਦਾ ਅਧਿਐਨ ਕਰਨਾ। ਸਿਤਾਰ ਦੀਆਂ ਤਾਰਾਂ ਅਤੇ ਗਲੇ ਵਿੱਚੋਂ ਸੰਗੀਤ ਤਾਂ ਉਪਜਦਾ ਹੈ ਪਰ ਸੰਗੀਤ ਅਨੁਸਾਰ ਸ਼ਬਦਾਂ ਦੀ ਆਪਣੀ ਹੀ ਛਣਕਾਰ ਹੋਇਆ ਕਰਦੀ ਹੈ। ਰੇਖਾ ਚਿਤ੍ਰ ਵਾਂਗ ਸੰਗੀਤ ਦੀ ਤਸਵੀਰ ਧੁਨੀ ਰੇਖਾਵਾਂ ਨਾਲ ਚਿਤਰੀ ਜਾਂਦੀ ਹੈ। ਇਹ ਧੁਨੀ ਰੇਖਾਵਾਂ ਸ਼ਬਦਾਂ ਨਾਲ ਬਣਾਈਆਂ ਜਾਂਦੀਆਂ ਹਨ।

ਗੁਰੂ ਰਾਮਦਾਸ ਜੀ ਨੇਂ ਆਪਣੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਤ ੩੧ ਰਾਗਾਂ ਵਿੱਚੋਂ ੩੦ ਰਾਗਾਂ ਵਿੱਚ ਰਚੀ ਹੈ। ਸਿਖ ਧਰਮ ਵਿੱਚ ਗੁਰੂ ਸਾਹਿਬ ਨੂੰ ਸੰਗੀਤ ਦਾ ਮੋਢੀ ਆਖਿਆ ਜਾਂਦਾ ਹੈ। ਆਪ ਜੀ ਦਾ ਧੁਨੀ ਪ੍ਰਬੰਧ ਦਾ ਇੱਕ ਨਮੂਨਾਂ ਇਸ ਪ੍ਰਕਾਰ ਹੈ।

ਝਿਮ ਝਿਮ ਝਿਮ ਝਿਮ ਵਰਸੈ ਅੰਮ੍ਰਿਤਧਾਰਾ ਰਾਮ॥

ਆਸਾ ਮਹਲਾ ੪
(ਪੰਨਾਂ ੪੪੨) ਆਦਿ ਗ੍ਰੰਥ

ਸੰਗੀਤ ਸ਼ਾਸਤਰਾਂ ਅਨੁਸਾਰ ਹਰ ਰਾਗ ਵਿੱਚ ਕਿਸੇ ਨ ਕਿਸੇ ਪ੍ਰਭਾਵ ਨੂੰ ਉਜਾਗਰ ਕੀਤਾ ਜਾਂਦਾ ਹੈ ਅਤੇ ਉਸਦੇ ਗਾਉਣ ਦਾ ਖਾਸ ਸਮਾਂ ਨਿਸਚਤ ਹੁੰਦਾ ਹੈ। ਇਹਨਾਂ ਹੀ ਸੰਗੀਤ ਸ਼ਾਸਤਰਾਂ ਵਿੱਚ ਰਾਗਾਂ ਨੂੰ ਦਰਜੇ ਵਾਰ ਵੀ ਵੰਡਿਆ ਹੋਇਆ ਹੈ। ਹਨਵੰਤ ਮੱਤ ਅਨੁਸਾਰ ਭੈਰਵ ਰਾਗ ਨੂੰ ਪ੍ਰਥਮ ਸਥਾਨ ਮਿਲਿਆ ਹੈ। ਪਰ ਗੁਰੂ ਸਾਹਿਬ ਨੇਂ ਬਹੁਤਾ ਜ਼ੋਰ ਸ੍ਰੀ ਰਾਗ ਉਤੇ ਹੀ ਦਿੱਤਾ ਹੈ। ਅਤੇ ਇਸ ਨੂੰ ਹੀ ਮੋਢੀ ਮੰਨਿਆ ਹੈ। ਇਸ ਆਧਾਰ ਉਤੇ ਕੁਝ ਵਿਦਵਾਨ ਸ਼ਿਵ ਮਤ ਨੂੰ ਸਿਖ ਸੰਗੀਤ ਦਾ ਮੁਢ ਮੰਨਦੇ ਹਨ। ਇਹ ਗਲ ਕੋਈ ਜਚਦੀ ਨਹੀਂ। ਕਿਉਂਕਿ ਸਿਖ ਮਤ ਉਤੇ ਕਿਸੇ ਪ੍ਰਕਾਰ ਦਾ ਕੋਈ ਪ੍ਰਭਾਵ ਨਹੀਂ ਅਤੇ ਨਾਹੀ ਸਿਖ ਮਤ ਨੇਂ ਕਿਸੇ ਵੀ ਖੇਤਰ ਵਿੱਚ ਕਿਸੇ ਮਤ ਨੂੰ ਆਪਣਾ ਆਧਾਰ ਲਇਆ ਹੈ। ਇਸਦੇ ਨਾਲ ਹੀ ਗੁਰੂ ਸਾਹਿਬ ਨੇਂ ਸੰਗੀਤ ਨੂੰ ਕੇਵਲ ਆਪਣੇ ਸਾਹਿਤ ਪ੍ਰਗਟਾਵੇ ਦਾ ਇੱਕ ਮਾਧਿਅਮ ਹੀ ਮਿਥਿਆ ਹੈ। ਸਾਹਿਤ ਵਾਰਤਕ ਵਿੱਚ ਵੀ ਲਿਖਿਆ ਜਾ ਸਕਦਾ ਸੀ। ਪਰ ਰਾਗ ਸੰਗੀਤ ਅਤੇ ਕਵਿਤਾ ਵਿੱਚ ਲਿਖਣ ਦਾ ਕਾਰਨ ਜਿਵੇਂ ਕਿ ਅਸੀਂ ਪਹਿਲਾਂ ਵੀ ਆਖਿਆ ਹੈ, ਵਿਚਾਰਾਂ ਨੂੰ ਪ੍ਰਪਕਤਾ ਦੇਣੀ ਅਤੇ ਜਜ਼ਬਿਆਂ ਨੂੰ ਉਭਾਰਨਾਂ ਸੀ।

ਸੋ ਗੁਰ ਸਾਹਿਬ ਨੇਂ ਆਪਣੀ ਗੁਰਿਆਈ ਦੇ ੭ ਕੁ ਸਾਲਾਂ ਦੇ ਥੋੜੇ ਜਹੇ ਸਮੇਂ ਵਿੱਚ ਸੰਗੀਤ ਦੇ ਮਹਾਨ ਸਮੁੰਦਰ ਨੂੰ ਵਿਰੋਲ ਕੇ ੩੦ ਚੋਣਵੇਂ ਹੀਰੇ ਸਿਖ ਜਗਤ ਦੇ ਹਵਾਲੇ ਕੀਤੇ। ਗੁਰੂ ਅਰਜਨ ਦੇਵ ਜੀ ਨੇਂ ਇਹਨਾਂ ਦੀ ਆਤਮਾਂ ਅਤੇ ਆਭਾ ਨੂੰ ਸੁਰਜੀਤ ਰੱਖਿਆ ਅਤੇ ਗੁਰੂ ਤੇਗਬਹਾਦਰ ਸਾਹਿਬ ਨੇਂ ਇੱਕ ਹੋਰ ਜੋੜ ਕੇ ੩੧ ਰਾਗਾਂ ਦੀ ਲੜੀ ਨੂੰ ਸੰਪੂਰਨ ਕੀਤਾ।

## ੬. ਬਿੰਬ ਅਤੇ ਪ੍ਰਤੀਕ (Image and Symbol)

ਗੁਰੂ ਸਾਹਿਬ ਨੇਂ ਆਪਣੇ ਵਿਸ਼ੇ ਦੀ ਪ੍ਰਗਟਾਈ ਲਈ ਆਪਣੇ ਸਮੁਚੇ ਜੀਵਨ ਅਤੇ ਰਾਜਸੀ ਜੀਵਨ, ਸਮਾਜਕ ਅਤੇ ਪ੍ਰਕ੍ਰਿਤਕ ਜੀਵਨ ਵਿੱਚੋਂ ਬਿੰਬਾਂ ਅਤੇ ਪ੍ਰਤੀਕਾਂ ਦੀ ਚੋਣ ਕੀਤੀ ਹੈ। ਭਾਵੇਂ ਇਹ ਪ੍ਰਭੂ ਮਿਲਾਪ ਦੀ ਯਾਚਨਾ ਸੀ ਅਤੇ ਭਾਵੇਂ ਮਿਲਾਪ ਦੀ ਖੁਸ਼ੀ ਸੀ। ਆਪ ਜੀ ਦਾ ਬਿੰਬ ਵਿਧਾਨ ਬੜਾ ਹੀ ਵਿਸ਼ਾਲ ਹੈ। ਇਸ ਬਿੰਬ ਵਿਧਾਨ ਨੂੰ ਸੁਜੀਵ ਆਖਿਆ ਜਾ ਸਕਦਾ ਹੈ ਨਿਰਜੀਵ ਨਹੀਂ। ਕਾਵਿ ਸਾਹਿਤ ਵਿੱਚ ਜਿਥੇ ਕਿਧਰੇ ਕੋਈ ਬਿੰਬ ਜਾਂ ਪ੍ਰਤੀਕ ਵਰਤਿਆ ਗਇਆ ਹੈ ਉਹ ਭਾਵਾਂ ਨੂੰ ਉਜਾਗਰ ਕਰਨ ਵਿੱਚ ਸਮਰੱਥ ਜਾਪਦਾ ਹੈ।

ਗੁਰੂ ਸਾਹਿਬ ਦੇ ਬਿੰਬ ਵਿਧਾਨ ਨੂੰ ਦੋ ਹਿਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲਾ ਹਿਸਾ ਕਾਦਰ ਦੀ ਕੁਦਰਤ ਹੈ ਅਤੇ ਦੂਜਾ ਘਰੇਲੂ ਜੀਵਨ। ਪਹਿਲੇ ਹਿਸੇ ਦੇ ਬਿੰਬ ਵਿਧਾਨ ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ।

ਮੀਂਹ ਅਤੇ ਹਨੇਰੀ।

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।। (ਸੂਹੀ ਮ:੪)
ਪੰਨਾਂ ੧੨੧

ਸਮੁੰਦਰ ਅਤੇ ਜਹਾਜ਼।

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ।।
(ਸੂਹੀ ਮ:੪)
ਪੰਨਾਂ ੧੨੪

ਪਾਣੀ ਅਤੇ ਤਲਾਉ।

ਜਿਉਂ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰ ਜਾਈ।।
(ਸੂਹੀ ਮ:੪)
ਪੰਨਾਂ ੧੨੬

ਪੰਛੀ ਆਦਿਕ।

ਜੈਸੇ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।।

ਓਹ ਰਾਖਿ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ॥
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰ ਸਿਖ ਰਖੈ ਜੀਅ ਨਾਲੀ॥
( ਗਉੜੀ ਬੈਰਾਗਣਿ ਮ:੪)
ਪੰਨਾਂ ੧੨੮ ਆਦਿ ਗ੍ਰੰਥ

ਦੂਜਾ ਹਿਸਾ। ( ਘਰੇਲੂ ਜੀਵਨ)

ਸਰੀਰ ਦੀ ਹਰਕਤ।

ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖਿ ਰਸਨਾ ਮਾਸ ਰਤੁ ਕੇਰੀ॥
ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ॥
ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ ਹਰਿ ਰਾਖਿ ਪੈਜ ਜਨ ਕੇਰੀ॥
ਗਉੜੀ ਬੈਰਾਗਣਿ ਮ:੪
-(ਪੰਨਾਂ ੧੩੩) ਆਦਿ ਗ੍ਰੰਥ

ਪ੍ਰੀਵਾਰਕ ਜੀਵਨ। ( ਮਾਤਾ ਪਿਤਾ ਅਤੇ ਬੱਚੇ)

੧. ਮਾਤਾ ਪ੍ਰੀਤਿ ਕਰੇ ਪੁਤ ਖਾਇ॥ ਮੀਨੇ ਪ੍ਰੀਤਿ ਭਈ ਜਲਿ ਨਾਇ॥
੨. ਜਿਉ ਜਨਨੀ ਸੁਤ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸ ਖਿਨੁ ਖਿਨੁ ਪੋਚਾਰਿ॥
ਤਿਉ ਸਤਿਗੁਰ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰ॥
ਗਉੜੀ ਬੈਰਾਗਣਿ ਮ:੪
- (ਪੰਨਾਂ ੧੩੭-੩੮) ਆਦਿ ਗ੍ਰੰਥ

ਵੀਵਾਹੁ ਆਦਿਕ।

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ॥
ਸ੍ਰੀ ਰਾਗੁ ਮ:੪
( ਪੰਨਾਂ ੧੩੯) ਆਦਿ ਗ੍ਰੰਥ

ਜਿਵੇਂ ਕਿ ਅਸੀਂ ਪਹਿਲਾਂ ਵੀ ਆਖਿਆ ਹੈ ਕਿ ਆਪ ਜੀ ਦਾ ਬ੍ਰਿੰਬ ਵਿਧਾਨ ਬੜਾ ਵਿਸ਼ਾਲ ਕਿ ਅਸੀਮ ਹੈ, ਸੋ ਇਹਨਾਂ ਦੋ ਵਡੇ ਹਿਸਿਆਂ ਤੋਂ ਬਾਹਰ ਵੀ ਕੁਝ ਬਿੰਬਾਵਲੀ ਮਿਲਦੀ ਹੈ। ਜਿਵੇਂ ਕਿ

ਕਾਨੂੰਨ

ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰ ਜਾਏ॥
ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ॥

ਵਾਰ ਗਉੜੀ ਮ:੪
( ਪੰਨਾਂ ੧੪੨) ਆਦਿ ਗ੍ਰੰਥ

ਕਈਆਂ ਥਾਵਾਂ ਤੇ ਬਿੰਬ ਅਤੇ ਪ੍ਰਤੀਕ ਮੁਕਾਬਲੇ ਦੀ ਰੁਚੀ ਨਾਲ ਵੀ ਪੇਸ਼ ਕੀਤੇ ਗਏ ਹਨ। ਜਿਵੇਂ ਕਿ

੧. ਜਿਉਂ ਚਾਤ੍ਰਿਕ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ॥
ਗੁਰਮੁਖਿ ਜਲ ਪਾਵੈ ਸੁਖ ਸਹਜੇ ਹਰਿਆ ਭਾਇ ਸੁ ਭਾਂਈ॥
੨. ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ॥

ਸੋਰਠਿ ਮਹਲਾ ੪
( ਪੰਨਾਂ ੧੪੯) ਆਦਿ ਗ੍ਰੰਥ

ਇਹਨਾਂ ਬਿੰਬਾ ਅਤੇ ਪ੍ਰਤੀਕਾਂ ਦੁਆਰਾ ਜਿਥੇ ਗੁਰੂ ਸਾਹਿਬ ਨੇਂ ਆਪਣੇ ਅੰਤਰ ਦੀ ਪੀੜ, ਜਨਤਾ ਦੀਆਂ ਕੁਰੀਤੀਆਂ, ਸਮਾਜ ਨੂੰ ਇੱਕ ਨਵਾਂ ਸਿਹਤਮੰਦ ਰਸਤਾ, ਰੱਬੀ ਏਕਤਾ, ਗੁਰੂ ਅਤੇ ਨਾਮ ਦੀ ਮਹੱਤਤਾ, ਕੂੜੇ ਵਿਖਾਵਿਆਂ ਦਾ ਨਿਖੇਧ, ਕਰਮ ਕਾਂਡ ਅਤੇ ਕਟੱੜ ਪੁਣੇ ਦੀ ਨਿੰਦਿਆ ਕੀਤੀ ਉਥੇ ਬਾਦਸ਼ਾਹ, ਦਰਬਾਰੀ, ਚਉਧਰੀ, ਕੈਦੀ, ਮੰਗਤੇ ਅਤੇ ਨੌਕਰਾਂ ਆਦਿਕ ਦੀਆਂ ਜਾਤੀਆਂ ਤੋਂ ਵੀ ਆਪ ਜੀ ਨੇਂ ਬਿੰਬ ਅਤੇ ਪ੍ਰਤੀਕ ਚੁਣੇ ਹਨ।

੧੧. ਆਪ ਜੀ ਤੋਂ ਪਹਿਲੇ ਗੁਰ ਸਾਹਿਬਾਂ ਦੀ ਬਾਣੀ ਨਾਲ ਤੁਲਨਾਤਮਕ ਅਧਿਐਨ ਅਤੇ ਸੂਫ਼ੀ ਕਵੀਆਂ
**A comparative study with the works of earlier Gurus and contemporary Sufi saints. etc.etc.**

ਪਿਛਲੇਰੇ ਪੰਨਿਆਂ ਵਿੱਚ ਇਹ ਸਿਧ ਕੀਤਾ ਜਾ ਚੁਕਾ ਹੈ ਕਿ ਗੁਰੂ ਰਾਮਦਾਸ ਜੀ ਨੇਂ ਗੁਰੂ ਅਮਰਦਾਸ ਜੀ ਦੀ ੩੨ ਸਾਲ ਸੇਵਾ ਕੀਤੀ ਸੀ। ਇਹਨਾਂ ੩੨ ਸਾਲਾਂ ਦੇ ਸਮੇਂ ਵਿੱਚ ਹੀ ਗੁਰੂ ਅਮਰਦਾਸ ਜੀ ਨੇਂ ਆਪਣੀ ਬਹੁਤੀ ਬਾਣੀ ਦਾ ਰਚਨਾਤਮਕ ਕਾਰਜ ਕੀਤਾ ਸੀ। ਭਾਈ ਜੇਠਾ ਜੀ ਨੇਂ ਗੁਰੂ ਸਾਹਿਬ ਦੀ ਸੇਵਾ ਵਿੱਚ ਰਹਿੰਦੇ ਹੋਏ ਉਸ ਗੁਰੂ ਕੀ ਕਾਸ਼ੀ ਵਿੱਚ ਹਰ ਪ੍ਰਕਾਰ ਦੀ ਵਿਦਿਆ ਪ੍ਰਾਪਤ ਕੀਤੀ ਸੀ।

ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਦਾ ਅਧਿਐਨ ਵੀ ਇਸ ਵਿਦਿਆ ਪ੍ਰਾਪਤੀ

ਦਾ ਇੱਕ ਅੰਗ ਸੀ। ਜਿਸ ਦਰਸ਼ਨ ਦਾ ਆਪ ਜੀ ਨੇਂ ਆਪਣੀ ਕਵਿਤਾ ਵਿੱਚ ਵਿਸਤਾਰ ਕੀਤਾ ਹੈ ਉਹ ਇਹ ਸਾਬਤ ਕਰਦਾ ਹੈ ਕਿ ਆਪ ਜੀ ਨੇਂ ਪਹਿਲੇ ਹੀ ਗੁਰੂ ਸਾਹਿਬਾਂ ਦੀ ਚਲਾਈ ਹੋਈ ਪ੍ਰਣਾਲੀ ਨੂੰ ਅਗੇ ਤੋਰਿਆ ਹੈ। ਇਥੋਂ ਤੱਕ ਵੀ ਵੇਖਿਆ ਗਇਆ ਹੈ ਕਿ ਆਪ ਜੀ ਨੇਂ ਆਪਣੀ ਬਾਣੀ ਵਿੱਚ ਤਕਰੀਬਨ ਪਹਿਲੇ ਗੁਰੂ ਸਾਹਿਬਾਂ ਦੀਆਂ ਤੁਕਾਂ ਦੀਆਂ ਹੀ ਦੁਹਰਾਈਆਂ ਹੋਈਆਂ ਹਨ। ਕਿਧਰੇ ਆਪ ਜੀ ਨੇਂ ਤੁਕ ਦਾ ਪਹਿਲਾ ਅੱਧ ਚੁਣ ਲਇਆ ਅਤੇ ਬਾਕੀ ਦਾ ਆਪਣਾ ਅੱਧ ਰਲਾ ਕੇ ਆਪਣੇ ਭਾਵ ਨੂੰ ਕਲਾਤਮਕ ਢੰਗ ਨਾਲ ਉਜਾਗਰ ਕੀਤਾ ਹੈ।

ਤੁਕਾਂ ਦਾ ਨਮੂਨਾ ਵੇਖੋ।

੧. ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥
ਜਗ ਜੀਵਨੁ ਦਾਤਾ ਪਾਇਆ॥ ਮ:੧ (ਪੰਨਾਂ ੪੬੬)

ਜਗ ਜੀਵਨੁ ਹਰਿ ਧਿਆਇ ਤਰਣੇ॥ ਭੈਰਉ ਮ:੪(ਪੰਨਾਂ ੧੧੩੫)

੨. ਜਨਕੀ ਟੇਕ ਹਰਿਨਾਮੁ ਟਿਕਈਆ ॥
ਸਤਿਗੁਰ ਕੀ ਧਰ ਲਾਗਾ ਜਾਵਾਂ ਗੁਰ ਕਿਰਪਾ ਹਰਿ ਦਰ ਲਹੀਆ॥ ਮ:੪ (ਪੰ:-੮੩੪)

ਜਨਕੀ ਟੇਕ ਹਰਿ ਨਾਮੁ ਹਰਿ ਬਿਨੁ ਨਾਵੈ ਠਵਰ ਨ ਠਾਉ॥
ਗੁਰਮਤੀ ਨਾਉ ਮਨਿ ਵਸੈ ਸਹਜੇ ਸਹਿਜ ਸਮਾਉ॥ ਮ:੩(ਪੰਨਾਂ ੧੪੧੫-੧੬)

੩. ਏ ਮਨ ਇਹੁ ਧਨੁ ਨਾਮੁ ਹੈ ਜਿਤੁ ਸਦਾ ਸਦਾ ਸੁਖੁ ਹੋਇ॥
ਤੋਟਾ ਮੂਲਿ ਨ ਆਵਈ ਲਾਹਾ ਸਦ ਹੀ ਹੋਇ॥ ਮ:੩(ਪੰਨਾਂ ੫੫੫)

ਤੋਟਾ ਮੂਲਿ ਨ ਆਵਈ ਲਾਹਾ ਹਰਿ ਭਾਵੈ ਸੋਇ॥

ਨਾਨਕ ਤਿਨ ਸਚੁ ਵਣਜਿਆ ਜਿਨਾ ਧੁਰਿ ਲਿਖਿਆ ਪਰਾਪਤਿ ਹੋਇ॥ ਮ:੪(ਪੰਨਾਂ੩੧੧)

੪. ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ ਮ:੨(ਪੰਨਾਂ੪੬੬)
ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰਧਾਰਿ॥ ਮ:੩( ਪੰਨਾਂ੫੮੯)
ਕ੍ਰਿਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ॥ ਮ:੪(ਪੰਨਾਂ ੬੫੨)

ਸਾਹਿਤਕ ਦ੍ਰਿਸ਼ਟੀ ਕੋਣ ਦੇ ਨਾਲ ਨਾਲ ਆਪ ਜੀ ਦਾ ਸਮਾਜਕ, ਸਾਹਿਤਕ ਅਤੇ ਦਾਰਸ਼ਨਿਕ ਦ੍ਰਿਸ਼ਟੀ ਕੋਣ ਪਹਿਲੇ ਗੁਰੂ ਸਾਹਿਬਾਨ ਨਾਲ ਮਿਲਦਾ ਹੈ। ਕੇਵਲ ਇਥੇ ਹੀ ਬਸ ਨਹੀਂ ਸਗੋਂ ਆਪ ਜੀ ਨੇ ਲਕੀਰ ਦੇ ਫ਼ਕੀਰ ਨ ਹੁੰਦੇ ਹੋਏ ਇਹਨਾਂ ਵਿੱਚ ਵਾਧਾ ਵੀ ਕੀਤਾ ਹੈ।

## ਗੁਰੂ ਸਾਹਿਬ ਦਾ ਸਮਕਾਲੀ ਸੂਫ਼ੀ ਕਵੀ ਸ਼ਾਹ ਹੁਸੈਨ।

ਸ਼ਾਹ ਹੁਸੈਨ ਬਾਰੇ ਅਗੇ ਵੀ ਕਹਿਆ ਜਾ ਚੁਕਾ ਹੈ ਕਿ ਉਹ ਗੁਰੂ ਘਰ ਦੇ ਬਹੁਤਾ ਨੇੜੇ ਸੀ। ਉਸਦੀ ਸ਼ਬਦਾਵਲੀ ਦੀਆਂ ਮਿਸਾਲਾਂ ਵੀ ਦਿੱਤੀਆਂ ਜਾ ਚੁਕੀਆਂ ਹਨ ਜਿਨ੍ਹਾਂ ਨੂੰ ਮੁੜ ਅੰਕਤ ਕਰਨਾ ਸੋਭਦਾ ਨਹੀਂ। ਇਥੋਂ ਤੱਕ ਵੀ ਆਖਿਆ ਜਾ ਚੁਕਾ ਹੈ ਕਿ ਸ਼ਾਹ ਹੁਸੈਨ ਦੀਆਂ ਤੁਕਾਂ ਦੀਆਂ ਤੁਕਾਂ ਗੁਰਬਾਣੀ ਨਾਲ ਮਿਲਦੀਆਂ ਹਨ। ਆਮ ਵਿਚਾਰ ਕੀਤਾ ਜਾਂਦਾ ਹੈ ਕਿ ਸ਼ਾਹ ਹੁਸੈਨ ਗੁਰੂ ਘਰ ਤੋਂ ਪ੍ਰਭਾਵਤ ਹੋਇਆ ਹੈ ਸਾਡਾ ਇਹ ਵੀ ਮਤ ਹੈ ਕਿ ਸ਼ਾਹ ਹੁਸੈਨ ਨਾਲ ਗੁਰੂ ਸਾਹਿਬ ਦਾ ਵੀ ਵਿਚਾਰ ਵਟਾਂਦਰਾ ਜ਼ਰੂਰ ਹੋਇਆ ਹੈ। ਜੇ ਗੁਰੂ ਸਾਹਿਬ ਨੇ ਸ਼ਾਹ ਹੁਸੈਨ ਤੋਂ ਕੋਈ ਪ੍ਰਭਾਵ ਗ੍ਰਹਿਣ ਨਹੀਂ ਕੀਤਾ ਤਾਂ ਪ੍ਰਭਾਵ ਪ੍ਰਸਾਰਣ ਬਾਰੇ ਕੁਝ ਨ ਕੁਝ ਜ਼ਰੂਰ ਗ੍ਰਹਿਣ ਕੀਤਾ ਹੋਵੇਗਾ।

ਸਾਡਾ ਇਹ ਕਹਿਣਾ ਕਿ ਕੇਵਲ ਸ਼ਾਹ ਹੁਸੈਨ ਨੇ ਗੁਰੂ ਘਰ ਤੋਂ ਪ੍ਰਭਾਵ ਗ੍ਰਹਿਣ ਕੀਤੇ ਹਨ, ਇਹ ਸਾਡੇ ਸੰਕੋਚ ਦੀ ਜਾਂ ਸ਼ਰਧਾ-ਵਾਦੀ ਰੁਚੀ ਦਾ ਹੀ ਨਤੀਜਾ ਹੋ ਸਕਦਾ ਹੈ। ਸਮੇਂ ਦੇ ਕਵੀਆਂ ਨੇ ਆਪਣੇ ਵਿਚਾਰਾਂ ਦਾ ਜ਼ਰੂਰ ਵਟਾਂਦਰਾ ਕੀਤਾ ਹੋਣਾ ਹੈ। ਸਾਹਿਤ ਬੰਦ ਕੋਠੀਆਂ ਅਤੇ ਭੋਰਿਆਂ ਵਿੱਚ ਨਹੀਂ ਸਗੋਂ ਖੁਲੀਆਂ ਹਵਾਵਾਂ ਵਿੱਚ ਵੱਧਿਆ ਫੁਲਿਆ ਕਰਦਾ ਹੈ। ਇਹ ਹਵਾ ਕਦੀ ਠੰਡੀ ਅਤੇ ਕਦੀ ਗਰਮ ਵੀ ਹੋ ਸਕਦੀ ਹੈ।

# CHAPTER VII

## A sum up.

His place in and influence on the life and Literature of the Land of Five Rivers.

# ਅਧਿਆਏ ਸਤਵਾਂ

## ਸਮੁਚੇ ਰੂਪ ਵਿੱਚ

ਸ੍ਰੀ ਗੁਰੂ ਰਾਮਦਾਸ ਜੀ ਦਾ ਪੰਜਾਬ ਦੇ
ਜੀਵਨ ਅਤੇ ਸਾਹਿਤ ਵਿੱਚ ਸਥਾਨ।

ਭਾਈ ਹਰਦਾਸ ਜੀ ਅਤੇ ਬੀਬੀ ਖੇਮ ਕੌਰ ਜੀ ਦੇ ਘਰ, ਕੱਤਕ ਵਧੀ ੨ ਬਿਕ੍ਰਮੀ ਸੰਮਤ ੧੫੮੭, ਨੂੰ ਚੂਨਾਮੰਡੀ ਲਾਹੌਰ ਵਿਖੇ ਇੱਕ ਬਾਲਕ ਨੇਂ ਜਨਮ ਲਇਆ। ਜਠੇਰਾ ਪੁਤ੍ਰ ਹੋਣ ਕਾਰਨ ਸੁਭਾਵਕ ਹੀ ਜੇਠਾ ਸਦਿਆ ਜਾਂਦਾ ਸੀ।

ਇਸ ਜਠੇਰੇ ਪੁਤ੍ਰ ਦੇ ਮਾਪੇ, ਇਸਦੀ ਛੋਟੀ ਉਮਰੇ ਹੀ ਅਕਾਲ ਚਲਾਣਾ ਕਰ ਗਏ ਸਨ। ਹੁਣ ਇਸ ਜਠੇਰੇ ਪੁਤ੍ਰ ਨੂੰ ਯਤੀਮਾਂ ਦੀ ਲੜੀ ਵਿੱਚ ਗਿਣਿਆ ਜਾਣ ਲਗਾ। ਦਾਦਕੇ ਟੱਬਰ-ਕਬੀਲੇ ਵਿੱਚ ਕਿਸੇ ਨੇਂ ਵੀ ਠਹੁਰ ਨ ਦਿੱਤੀ। ਨਾਨੀ ਨੇਂ ਆਪਣੀ ਧੀ ਦੀ ਨਿਸ਼ਾਨੀ ਜਾਣ ਕੇ ਇਸ ਯਤੀਮ ਨੂੰ ਆਪਣੇ ਪਿੰਡ ਬਾਸਰਕੇ ਲੈ ਆਂਦਾ। ਇਥੇ ਪਹੁੰਚਣ ਤੋਂ ਝਟ ਹੀ ਮਗਰੋਂ ਜਠੇਰੇ (ਭਾਈ ਜੇਠਾ) ਦਾ ਸੰਪਰਕ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨਾਲ ਹੋ ਗਇਆ।

ਜਿਵੇਂ ਕਿ ਦਸਿਆ ਜਾਂਦਾ ਹੈ ਕਿ ਆਪ ਜੀ ਬਚਪਨ ਤੋਂ ਹੀ ਸ਼ਾਂਤ ਸੁਭਾ, ਸੰਤ ਸੇਵੀ, ਵਡਿਆਂ ਦਾ ਆਦਰ ਕਰਨ ਵਾਲੇ ਆਦਿ ਚੰਗੇ ਗੁਣਾ ਦੇ ਮਾਲਕ ਸਨ। ਸੋ ਅਜਿਹੀ ਆਤਮਾਂ ਦਾ ਦੂਜੇ ਪਾਸੇ ਵੀ ਸੰਤੁਲਤ ਆਤਮਾਂ ਨਾਲ ਮੇਲ ਹੋ ਗਇਆ। ਕੱਚੇ ਰੰਗ ਨੂੰ ਮਜੀਠੇ ਰੰਗ ਦੀ ਪਾਣ ਚੜ੍ਹ ਗਈ। ਸੇਵਕ ਨੂੰ ਮਨਮਰਜ਼ੀ ਦਾ ਗੁਰੂ ਅਤੇ ਗੁਰੂ ਨੂੰ ਮਨ ਭਾਉਂਦਾ ਸੇਵਕ ਮਿਲ ਗਇਆ। ਸੇਵਕ ਅਤੇ ਗੁਰੂ ਦਾ ਇਹ ਰਿਸ਼ਤਾ ਤਕਰੀਬਨ ੩੨ ਸਾਲ ਚਲਦਾ ਰਹਿਆ। ਸੋ ਮਹਾਨ ਗੁਰੂ ਨੇ ਤਰੁਠ ਕੇ ਆਪਣੇ ਸੇਵਕ ਪਹਿਲਾਂ ਤਾਂ ਆਪਣੀ ਸਪੁਤ੍ਰੀ ਬੀਬੀ ਭਾਨੀ ਦਾ ਰਿਸ਼ਤਾ ਕਰ ਦਿੱਤਾ। ਇਹ ਘਟਨਾਂ ਇਸ ਸੇਵਾ ਦੇ ਮੁਢਲੇ ਸਾਲਾਂ ਵਿੱਚ ਭਾਵ ਬਿਕ੍ਰਮੀ ਸੰਮਤ ੧੫੯੯ ਨੂੰ ਬੀਤੀ। ਸ਼ਾਦੀ ਤੋਂ ਮਗਰੋਂ ਵੀ ਭਾਈ ਜੇਠਾ ਜੀ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਹੀ ਸੇਵਾ

ਕਰਦੇ ਰਹੇ। ਭਾਈ ਜੇਠਾ ਜੀ ਦੇ ਤਿਨੇਂ ਸਪੁਤ੍ਰ, ਪ੍ਰਿਥੀਆ, ਮਹਾਂਦੇਵ ਅਤੇ ਅਰਜਨ ਏਥੇ ਹੀ ਪੈਦਾ ਹੋਏ। ਪਤੀ ਪਤਨੀ ਨੇਂ ਗੁਰੂ ਅਮਰਦਾਸ ਜੀ ਦੀ ਅਟੁੱਟ ਸੇਵਾ ਕੀਤੀ। ਭਾਈ ਜੇਠਾ ਜੀ ਨੂੰ ਇਸ ਸੇਵਾ ਦਾ ਫਲ ਗੁਰਗਦੀ ਅਤੇ ਗੁਰੂ ਨਾਨਕ ਦਾ ਚੌਥਾ ਜਾਮਾਂ ਪ੍ਰਾਪਤ ਹੋਇਆ ਅਤੇ ਬੀਬੀ ਭਾਨੀ ਨੂੰ ਗੁਰਗਦੀ ਉਸਦੇ ਖਾਨਦਾਨ ਵਿੱਚ ਹੀ ਰਹਿਣ ਦਾ ਵਰ ਪ੍ਰਾਪਤ ਹੋਇਆ। ਭਾਈ ਜੇਠਾ ਜੀ ਨੂੰ ੬ ਸਾਲ ੧੧ ਮਹੀਨੇ ਅਤੇ ੧੮ ਦਿੰਨ ਦੀ ਆਯੂ ਵੀ ਸੇਵਾ ਦੇ ਫਲ ਵਜੋਂ ਹੀ ਮਿਲੀ ਸੀ। ਇਹ ਆਯੂ ਗੁਰੂ ਅਮਰਦਾਸ ਜੀ ਨੇਂ ਆਪਣੀ ਰਹਿੰਦੀ ਆਯੂ ਵਿੱਚ ਦਿਵਾਈ ਸੀ।

ਹੁਣ ਭਾਈ ਜੇਠਾ ਜੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਕਹਿਕੇ ਸੰਬੋਧਨ ਕੀਤਾ ਜਾਣ ਲਗਾ। ਸੇਵਾ ਦੇ ਨਾਲ ਨਾਲ ਆਪ ਜੀ ਪੂਰਬਲੇ ਕਰਮਾਂ ਕਾਰਨ ਵੀ ਗੁਰਗਦੀ ਦੇ ਹੱਕਦਾਰ ਸਨ। ਸੋ ਸੇਵਾ ਅਤੇ ਹੱਕ ਨੇਂ ਮਿਲ ਕੇ ਗੁਰਗਦੀ ਪ੍ਰਾਪਤੀ ਦੇ ਵਰ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾ ਦਿੱਤਾ। ਇਹ ਹੱਕ ਵਾਲੀ ਗਲ ਗੁਰੂ ਸਾਹਿਬ ਦੇ ਪੂਰਬਲੇ ਕਰਮਾਂ( ਲਵ ਅਤੇ ਕੁਸ਼ ਵਾਲੀ ਸਾਖੀ) ਨਾਲ ਜੋੜੀ ਜਾਂਦੀ ਹੈ। ਇਸ ਸਾਖੀ ਦੀ ਪ੍ਰੋੜਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਗੁਰਦਾਸ ਜੀ ਦੋਹਾਂ ਨੇਂ ਹੀ ਕੀਤੀ ਹੈ।

ਇਹਨਾਂ ੭ ਕੁ ਸਾਲਾਂ ਦੇ ਸਮੇਂ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇਂ ਮੁਖੀ ਤੌਰ ਉਤੇ ਦੋ ਕੰਮ ਕਰਨੇ ਸਨ। ਇੱਕ ਤਾਂ ਆਪਣੇ ਅਨੁਭਵ ਨੂੰ ਜਨਤਾ ਤੱਕ ਪੁਚਾਣਾ ਅਤੇ ਦੂਜਾ ਜਨਤਾ ਨੂੰ ਧਾਰਮਕ, ਰਾਜਨੀਤਕ ਅਤੇ ਆਰਥਕ ਪੱਖ ਤੋਂ ਸੁਰਜੀਤ ਕਰਨਾਂ।

ਆਪ ਜੀ ਨੇਂ ਇਹਨਾਂ ੭ ਕੁ ਸਾਲਾਂ ਦੇ ਸਮੇਂ ਵਿੱਚ ੬੭੯ ਸ਼ਬਦ ਰੱਚ ਕੇ ਸਿੱਖ ਧਰਮ ਦੇ ਹਵਾਲੇ ਕੀਤੇ। ਇਸੇ ਹੀ ਕਾਵਿ ਸਾਹਿਤ ਵਿੱਚ ਆਪ ਜੀ ਨੇਂ ਜਨਤਾ ਦੀ ਅਗਵਾਈ ਲਈ ਦਸੇ ਜਾ ਚੁਕੇ ਵਿਸ਼ਿਆਂ ਨੂੰ ਭਲੀ ਪ੍ਰਕਾਰ ਛੋਹਿਆ। ਆਪ ਜੀ ਦੀ ਰਚਨਾਂ ਸਾਹਿਤ ਦਾ ਇੱਕ ਅਟੁੱਟ ਅੰਗ ਬਣ ਚੁਕੀ ਹੈ। ਸਾਹਿਤ ਵਿੱਚ ਜਿਤਨੇ ਤਜਰਬੇ ਆਪ ਜੀ ਨੇਂ ਕੀਤੇ ਹਨ ਸ਼ਾਇਦ ਹੀ ਕਿਸੇ ਹੋਰ ਸਾਹਿਤਕ ਵਿਅਕਤੀ ਨੇਂ ਕੀਤੇ ਹੋਣ। ਅਸਲ ਵਿੱਚ ਇਹ ਤਜਰਬੇ ਗੁਰੂ ਸਾਹਿਬ ਦੀ ਬੌਧਕਤਾ ਦਾ ਭਾਰ ਪਾਉਣ ਦੀ ਰੁਚੀ ਨਾਲ ਨਹੀਂ ਕੀਤੇ ਗਏ ਸਗੋਂ ਬੌਧਕਤਾ ਦੇ ਮਾਲਕ ਤੋਂ ਸਮੇਂ ਨੇਂ ਆਪਣੀ ਮੰਗ ਅਨੁਸਾਰ ਆਪੇ ਹੀ ਕਰਵਾ ਲਏ ਹਨ। ਜੇ ਗੁਰੂ ਨਾਨਕ ਦੇਵ ਜੀ ਦੀਆਂ ਸਿਧ ਗੋਸ਼ਟਾਂ ਨੂੰ ਓਹਨਾਂ ਦੀ ਬੌਧਕਤਾ ਦਾ ਭਾਰ ਹੀ ਸਮਝ ਲਇਆ ਜਾਵੇ

ਤਾਂ ਇਹ ਸਰਾ ਸਰ ਗਲਤੀ ਹੋਵੇਗੀ। ਇਸ ਰਚਨਾਂ ਤੋਂ ਬੋਧਕਤਾ ਦਾ ਪ੍ਰਭਾਵ ਤਾਂ ਮਿਲਦਾ ਹੈ ਪਰ ਭਾਰ ਨਹੀਂ ਮਿਲਦਾ। ਜੇ ਗੁਰੂ ਕਾਲ ਵਿੱਚ ਬੀਰ ਰਸੀ ਵਾਰਾਂ ਨੂੰ ਅਧਿਆਤਮਕ ਵਾਰਾਂ ਵਿੱਚ ਬਦਲਿਆ ਗਇਆ ਤਾਂ ਇਹ ਕੋਈ ਕਾਵਿ ਕਲਾ ਦੇ ਨਮੂਨੇ ਵਿਖਾਣ ਦੀ ਰੁਚੀ ਨਹੀਂ ਸੀ ਸਗੋਂ ਉਸ ਅਤਿ ਪਿਆਰੇ ਰੂਪ ਵਿੱਚ, ਜਿਥੇ ਨੇਕੀ ਬਦੀ ਦਾ ਟਾਕਰਾ ਅਤੇ "ਗੁਰਮੁਖ ਜਿਤਾ ਮਨਮੁਖ ਹਾਰਿਆ" ਜਿਸ ਪ੍ਰਭਾਵ-ਸ਼ਾਲੀ ਢੰਗ ਨਾਲ ਵਿ-ਖਾਇਆ ਜਾ ਸਕਦਾ ਸੀ ਅਤੇ ਜਿਸ ਤਰੀਕੇ ਨਾਲ ਇਹ ਭਾਵ ਲੋਕਾਂ ਵਿੱਚ ਉਜਾਗਰ ਕੀਤੇ ਜਾ ਸਕਦੇ ਸਨ ਉਸ ਦੇ ਮੁਕਾਬਲੇ ਹੋਰ ਕੋਈ ਕਾਵਿ ਰੂਪ ਬਹੁਤਾ ਨਹੀਂ ਜਚਦਾ ਸੀ। ਇਹੋ ਹਾਲ ਗੁਰੂ ਰਾਮਦਾਸ ਜੀ ਦੀ ਕਾਵਿ ਕਲਾ ਅਤੇ ਉਨ੍ਹਾਂ ਦੇ ਕਾਵਿ ਰੂਪਾਂ ਦਾ ਹੈ। ਆਪ ਜੀ ਦੇ ਕਾਵਿ ਸਾਹਿਤ ਵਿੱਚ ਜੋ ਕਾਵਿ ਰੂਪਾਂ ਦੀ ਵਿਲੱਖਣਤਾ ਮਿਲਦੀ ਹੈ ਉਹ ਸਹਿਜੇ ਹੀ ਕੀਤੀ ਗਈ ਹੈ।

ਗੁਰੂ ਸਾਹਿਬ ਨੇਂ ਆਪਣੀ ਕਾਵਿ ਉਸਾਰੀ ਲਈ ਸਾਰਾ ਬਿੰਬ ਵਿਧਾਨ ਬਹੁਤਾ ਕਰਕੇ ਘਰੇਲੂ ਵਾਤਾਵਰਣ ਵਿੱਚੋਂ ਹੀ ਚੁਣਿਆ ਸੀ। ਪ੍ਰਭੂ ਅਤੇ ਭਗਤ ਦਾ ਪਿਆਰ ਦਸਣ ਲਈ ਆਪ ਜੀ ਨੇਂ ਗਊ ਅਤੇ ਵਛਾ, ਮਾਂ ਅਤੇ ਪੁਤਰ, ਪਤੀ ਅਤੇ ਪਤਨੀ ਆਦਿਕ ਦੇ ਬਿੰਬ ਵਰਤੇ ਹਨ। ਜਦੋਂ ਭਾਵ ਪ੍ਰਬਲ ਹੋਏ ਤਾਂ ਆਪ ਜੀ ਪਿੰਗਲ ਦੀਆਂ ਸਾਰੀਆਂ ਬੰਦਸ਼ਾਂ ਤੋੜ ਦਿੱਤੀਆਂ। ਇਥੇ ਆਪ ਜੀ ਦੀ ਸ਼ਾਹ ਹੁਸੈਨ ਨਾਲੋਂ ਇੱਕ ਵਿਲੱਖਣਤਾ ਹੈ ਕਿ ਜਿਥੇ ਸ਼ਾਹ ਹੁਸੈਨ ਨੇ ਸ਼ਰਾਹ ਨੂੰ ਤੋੜ ਕੇ ਆਪਣੇ ਆਪ ਨੂੰ ਮਲਾਮਤੀ ਸੂਫ਼ੀਆਂ ਵਿੱਚ ਗਿਣਵਾਇਆ ਉਥੇ ਗੁਰੂ ਸਾਹਿਬ ਨੂੰ ਮਹਾਨ ਸਾਹਿਤਕਾਰ ਗਿਣਿਆ ਜਾਂਦਾ ਹੈ।

ਇਸ ਦੇ ਨਾਲ ਹੀ ਆਪ ਤੋਂ ਮਗਰੋਂ ਸਾਹਿਤ ਵਿੱਚ ਨਿਰਭੈਤਾ ਦੀ ਪਰਪਾਟੀ ਤੁਰੀ। ਸਾਹਿਤਕਾਰਾਂ ਨੇਂ ਆਪਣੇ ਦਬੇ ਹੋਏ ਭਾਵਾਂ ਨੂੰ ਖੁਲ੍ਹੇ ਰੂਪ ਵਿੱਚ ਉਜਾਗਰ ਕਰਨਾ ਸ਼ੁਰੂ ਕੀਤਾ। ਕਵਿਤਾ ਅਤੇ ਸਾਹਿਤ ਨੂੰ ਨਵੀਆਂ ਲੀਹਾਂ ਮਿਲੀਆਂ। ਜੇ ਇਹ ਆਖਿਆ ਜਾਵੇ ਕਿ ਪੰਜਾਬੀ ਸਾਹਿਤ ਨੂੰ ਸੁਰਜੀਤ ਕਰਨ ਵਾਲੇ ਆਪ ਹੀ ਸਨ ਤਾਂ ਇਹ ਅਤਕੱਥਨੀ ਨਹੀਂ ਹੋਵੇਗੀ।

ਸਾਹਿਤ ਅਤੇ ਸਮਾਜ ਦਾ ਗੂੜ੍ਹਾ ਸੰਪਰਕ ਹੋਇਆ ਕਰਦਾ ਹੈ। ਸਮਾਜ ਸਾਹਿਤ ਦਾ ਜਨਮ ਦਾਤਾ ਗਿਣਿਆ ਜਾਂਦਾ ਹੈ। ਸਾਹਿਤਕਾਰ ਆਪਣੇ ਆਲੇ ਦੁਆਲੇ ਤੋਂ ਹੀ

ਪ੍ਰਭਾਵਤ ਹੋ ਕੇ ਸਾਹਿਤ ਸਿਰਜਨਾ ਕਰਿਆ ਕਰਦਾ ਹੈ। ਇਹੋ ਉਪਜਿਆ ਹੋਇਆ ਸਾਹਿਤ ਮੁੜ ਸਮਾਜ ਦੀ ਅਗਵਾਈ ਕਰਿਆ ਕਰਦਾ ਹੈ। ਸਾਹਿਤਕਾਰ ਸਮਾਜ ਦੀਆਂ ਕੁਰੀਤੀਆਂ ਅਤੇ ਚੰਗਿਆਈਆਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਆਪਣੇ ਵਿਤ ਮੁਤਾਬਕ ਪੇਸ਼ ਕਰਨ ਦੀ ਖੁਲ੍ਹ ਮਾਣਿਆ ਕਰਦਾ ਹੈ। ਇਹੋ ਪ੍ਰਗਟਾਵਾ ਸਮਾਜ ਦਾ ਇੱਕ ਗਾਡੀ ਰਾਹ ਬਣ ਜਾਇਆ ਕਰਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇਂ ਵੀ ਇਸ ਕਸੌਟੀ ਉਤੇ ਪੂਰਾ ਉਤਰਦਿਆਂ ਹੋਇਆਂ ਆਪਣੇ ਸਮਕਾਲੀਨ ਸਮਾਜ ਦਾ ਪੂਰਾ ਚਿਤ੍ਰਨ ਕੀਤਾ ਅਤੇ ਥੋਥੇ ਸਮਾਜ ਦੇ ਢਾਂਚੇ ਵਿੱਚ ਮੁੜ ਜਾਨ ਭਰੀ। ਲੋਕਾਂ ਵਿੱਚ ਵੀ ਨਿਰਭੈਤਾ ਦੀ ਜੋਤ ਉਜਾਗਰ ਹੋ ਗਈ।

ਆਪ ਜੀ ਦੀਆਂ ਵਾਰਾਂ ਨੇਂ ਜਨਤਾ ਨੂੰ ਧਾਰਮਕ ਖੇਤਰ ਵਿੱਚ, ਲਾਵਾਂ ਅਤੇ ਘੋੜੀਆਂ ਨੇਂ ਸਮਾਜਕ ਖੇਤਰ ਅਤੇ ਬਾਕੀ ਦੀ ਬਾਣੀ ਨੇਂ ਰੀਜਨੀਤਕ ਅਤੇ ਸਮੁਚੇ ਜੀਵਨ ਵਿੱਚ ਅਗਵਾਈ ਦਿੱਤੀ। ਗੁਰੂ ਅਰਜਨ ਸਾਹਿਬ ਨੇਂ ਇਸੇ ਹੀ ਬਾਣੀ ਦੇ ਆਧਾਰ ਉਤੇ ਆਪਣੇ ਆਪ ਨੂੰ ਕੁਰਬਾਨੀ ਲਈ ਤਿਆਰ ਕੀਤਾ ਹੋਵੇ। ||
ਜਿਸਦੇ ਆਪ ਹੀ ਸਿੱਖ ਧਰਮ ਦੇ [illegible] [illegible] [illegible] [illegible] ਸਿੱਖ [illegible] [illegible] ਵੀ [illegible]।

-- : : : : : : -

# B I B L I O G R A P H Y.


| | |
|---|---|
| 1. Das Gupta. | A History of Indian Philosophy Vol. I. Cambridge at the University Press 1957. |
| 2. Nicol Manicol. | The Religious quest of India ( Indian Theism |
| 3. Jack Finegan. | Archeology of World Religions Princeton University Press ,1952. |
| 4. Benson Y.Landis. | World Religions.E.P.Dutton & Company,Inc. New York 1957 |
| 5. J.B.Noss. | Man's Religions . Third Edition The Macmillon Company New York. 1963. |
| 6. Max Arthur Macauliffe. | The Sikh Religion Vol. I & II. S. Chand & Co. Delhi 1963. |
| 7. Teja Singh. | Essays in Sikhism. Sikh University Press Lahore 1944 |
| 8. Colonel Sir Wolseley Haig. | The Cambridge History of India Vol. IV. |
| 9. Dr. Edward C.Sachan. | Alberuni's India Vol.I. S.Chand & Co. 1964 } Delhi |
| 10. J.D.Cunnigham. | A History of the Sikhs. S.Chand & Co.1955 } |
| 11. W.H.Morelan. & A.C.Chatterjee. | A Short History of India. Longmans Green & Co. London. 1944 |
| 12. John Clark Archer. | The Sikhs. Princeton University Press London 1946. |
| 13. Henry Beveridge. | A Com-prehensive History of India Vol.II. Blackie & Sons, Glasgow 1872 |
| 14. R.C.Majumdar, H.C. Raychaudhuri etc. | An Advanced History of India Macmillan & Co. Ltd. New York |
| 15. Colonel H.S.Jarrett. | Ain-i-Akbari of Abul Fazl-i-Allami Royal Asiatic Society of Bengal,Calcutta 1948 |
| 16. Wm-Theodore de Barry etc. | Sources of Indian Tradition Moti Lal Banarsi Dass Delhi 1963 |
| 17. Dr. Gopal Singh. | Shri Guru Granth Sahib ( English Version) Gurdas Kapur & Sons pvt.Ltd. Delhi, 1960 |
| 18. K.M.Kapadia. | Marriage and family in India. Oxford University Press Bombay. 1959 |
| 19. G.S.Chhabra. | The Advanced Study in the History of the Panjab. VolI.Published by Sharnjit Jullundur City. |
| 20. D.Miles & E.Greenlw. | Literature and Life. Scott, Foresman and Co. Chicago 1936 ( Book II) |
| 21. Vincent A.Smith C.I.E, | Akbar The Great Mogul. Oxford University Press. 1926 |
| 22. Dr. Mohan Singh. | A History of Panjabi Literature. S.Raja Singh Sethi Katra Sahib Singh, Amritsar |
| 23. Syad Muhammad Latif. | History of the Panjab. Eurasia Publishing House Pvt. Ltd. New Delhi-1. |
| 24. A.M.A.Shushtery. | Outlinesof Islamic Culture. The Bangalore Printing & Publishing Co. Ltd. Mysore Road Bangalore City. 1954. |

25. UNESCO. Selections from the Sacred Writings of the Sikhs. Unesco 1960

26. M.L.Peace. Life and Light of Sikhism, Published by M.L.Peace, Jullundur 1963

27. J.Hastings. Encyclopedia of Religion& EthicsVoll. VII.

28. Duncan Greenlees. The Gospel of the Guru Granth Sahib The Theosophical Publishing House, Madras.1960

29. Dr. S.S.Kohli. A Critical Study of Adi Granth. The Punjabi Writers' Cooperative Industrial Society ltd. New Delhi, March,1961.

30. Henry Court. History of the Sikhs. Sushil Gupta(Pvt.) Ltd. Calcutta. 1959.

31. George Batley Scott. Religion and Short History of the Sikhs.

32. Robert E.Hume. The World's Living Religions New York. Charles Scribners Sons 1947

33. J.N.Farquhar. Modern Religious Movements in India. Macmillan and Co.London. 1929.

34. Nicon Macnical Living Religion of Indian People ( Chapter on Sikhism) Students Christian Movement Press Baloomsbury Street London.

35. Dr. Sher Singh. Philosophy of Sikhism . Sikh University Press Lahore, 1944

36. Gokal Chand Narang. Transformation of Sikhism New Book Agency, Lahore. 1946.

37. Hari Ram Gupta. A History of Sikhs Minerva Book Shop - 1952.

38. W.H.Hudson. An Introduction to the Study of Literature. George G. Harrap & Co. Ltd. London -1922.

## ਪੰਜਾਬੀ ਪੁਸਤਕਾਂ

੩੯. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

੪੦. ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ। ਮਹਾਨ ਕੋਸ਼। ਭਾਸ਼ਾ ਵਿਭਾਗ ਪੰਜਾਬ ਪਟਿਆਲਾ।

੪੧. ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤ ਸਰ। ਬਾਣੀ ਬਿਉਰਾ।

੪੨. ਮਹਿੰਦਰ ਸਿੰਘ ਰੰਧਾਵਾ। ਪੰਜਾਬ, ਭਾਸ਼ਾ ਵਿਭਾਗ ਪੰਜਾਬ ਪਟਿਆਲਾ 1960

੪੩. ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ। ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਜਿਲਦ 5 ਵਜ਼ੀਰ ਹਿੰਦ ~~ਖਾਲਸਾ ਸਮਾਚਾਰ~~ ਪ੍ਰੈਸ ਅੰਮ੍ਰਿਤ-ਸਰ। 1929.

੪੪. ਗਿਆਨੀ ਗਿਆਨ ਸਿੰਘ ਤਵਾਰੀਖ ਗੁਰ ਖਾਲਸਾ। ਭਾਈ ਬੂਟਾ ਸਿੰਘ ਸੌਦਾਗਰ ਅਖਬਾਰ ਅੰਮ੍ਰਿਤਸਰ। 1923.

੪੫. ~~ਪੰਥ ਪ੍ਰਕਾਸ਼~~ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਭਾਈ ਬੂਟਾ ਸਿੰਘ ਜੀਵਨ ਸਿੰਘ ਅੰਮ੍ਰਿਤਸਰ

| | |
|---|---|
| ੪੬. ਗਿਆਨੀ ਗਿਆਨ ਸਿੰਘ ਅਤੇ ਗਿਆਨੀ ਪ੍ਰਤਾਪ ਸਿੰਘ। | ਗੁਰੂ ਖਾਲਸਾ ਜੀ ਦੀ ਤਵਾਰੀਖ ਸ੍ਰੀ ਸੋਢੀ ਚੀਮਤਕਾਰ( ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ ਦਾ ਵਾਰਤਕ ਟੀਕਾ। ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ |
| ੪੭. | ਸ੍ਰੀਮਦ ਭਾਗਵਤ ਗੀਤਾ। |
| ੪੮. ਕਵਿ ਸੰਤ ਰੇਣ ਪ੍ਰੇਮ ਸਿੰਘ ਨਿਰਯਾਬ ( ਕੋਹਾਟ) | ਸੂਰਜ ਪ੍ਰਕਾਸ਼ ਅਰਥਾਤ ਸ੍ਰੀ ਗੁਰ ਪੁਰ ਪ੍ਰਕਾਸ਼ ਦਸਾਂ ਪਾਤਸ਼ਾਹੀਆਂ ਦਾ ਪੂਰਨ ਇਤਿਹਾਸ। |
| ੪੯. ਗਿਆਨੀ ਲਾਲ ਸਿੰਘ ਸੰਗਰੂਰ। | ਗੁਰਮਤ ਮਾਰਤੰਡ। ਜਨਰਲ ਪ੍ਰਿੰਟਰ ਤੀਜਾ ਸੰਸਕਰਣ 1949 |
| ੫੦. ਭਾਈ ਗੁਰਦਾਸ। | ਵਾਰਾਂ। ਖ਼ਾਲਸਾ ਸਮਾਚਾਰ ਅੰਮ੍ਰਿਤਸਰ 1951 (ਸੰਪਾਦਕ ਗਿਆਨੀ ਹਜ਼ਾਰਾ ਸਿੰਘ) |
| ੫੧. ਨਰਿੰਦਰ ਸਿੰਘ ਦੁਗਲ। | ਪੰਜਾਬੀ ਸਾਹਿਤ ਇੱਕ ਸੰਖੇਪ ਸਰਵੇਖਣ ਭਾਗ ੧। ਨਿਊ ਬੁਕ ਕੰਪਨੀ ਜਲੰਧਰ। ੧੯੫੬ |
| ੫੨. ਡਾ: ਸੁਰਿੰਦਰ ਸਿੰਘ ਕੋਹਲੀ। | ਪੰਜਾਬੀ ਸਾਹਿਤ ਦਾ ਇਤਿਹਾਸ ਲਾਹੌਰ ਬੁਕ ਸ਼ਾਪ ਲੁਧਿਆਣਾ। ੧੯੫੫ |
| ੫੩. ਡਾ: ਮੋਹਨ ਸਿੰਘ। | ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ। ਪੰਜਾਬ ਯੂਨੀਵਰਸਿਟੀ 1958. |
| ੫੪. ਭਾਸ਼ਾ ਵਿਭਾਗ ਪੰਜਾਬ। | ਪੰਜਾਬੀ ਸਾਹਿਤ ਦਾ ਇਤਿਹਾਸ( ਮਧ ਕਾਲ) 1963. |
| ੫੫. ਡਾ: ਗੋਪਾਲ ਸਿੰਘ। | ਪੰਜਾਬੀ ਸਾਹਿਤ ਦਾ ਇਤਿਹਾਸ। ੧੯੫੨ ਦੀ [illegible] ਪੰਜਾਬ ਪਬਲਿਸ਼ਰਜ਼ [illegible], ਦਿੱਲੀ। |


ਪੰਜਾਬੀ ਰਸਾਲੇ


| | |
|---|---|
| ੫੬. ਡਾ: ਤ੍ਰਿਲੋਚਨ ਸਿੰਘ। | ਗੁਰੂ ਰਾਮਦਾਸ ਜੀ ਦੀ ਕਵਿਤਾ( ਖੋਜ ਪੱਤਰ) ਪੰਜਾਬੀ ਵਿਭਾਗ ਪੰਜਾਬ ਪਟਿਆਲਾ। ੧੯੬੨ |
| ੫੭. ਮਹਿਕਮਾ ਪੰਜਾਬੀ ਪਟਿਆਲਾ। | ਕਾਵਿ ਆਲੋਚਨ। ਮਹਿਕਮਾਂ ਪੰਜਾਬੀ ਪਟਿਆਲਾ। ੧੯੫੬ |
| ੫੮. ਮਹਿਕਮਾ ਪੰਜਾਬੀ ਪਟਿਆਲਾ। | ਪੰਜਾਬੀ ਦੁਨੀਆ, ਅਗਸਤ ੧੯੫੩ |
| ੫੯. ਮਹਿਕਮਾ ਪੰਜਾਬੀ ਪਟਿਆਲਾ। | ਪੰਜਾਬੀ ਦੁਨੀਆ, ਅਕਤੂਬਰ-ਨਵੰਬਰ ੧੯੬੨ |


ਹੱਥ ਲਿਖਤਾਂ


| | |
|---|---|
| ੬੦. ਗੁਰ ਪ੍ਰਣਾਲੀ ਨੰ: ੯੬<br>੬੧. ਗੁਰ ਪ੍ਰਣਾਲੀ ਨੰ: ੩੮੮<br>੬੨. ਗੁਰ ਪ੍ਰਣਾਲੀ ਨੰ: ੧੧੫੫ | ਇਹ ਹੱਥ ਲਿਖਤਾਂ ਪੰਜਾਬ ਯੂਨੀਵਰਸਟੀ ਦੇ ਪੁਸਤਕਾਲੇ ਦੀ ਮਲਕੀਅਤ ਹਨ। |
| 63. ਡਾ: [illegible] ਸਿੰਘ ਜੀ। | [illegible]। ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ |